ਕਵੀ ਸੈਨਾਪਤਿ ਰਚਿਤ

# ਸ੍ਰੀ ਗੁਰ ਸੋਭਾ

ਸੰਪਾਦਕ

ਗੰਡਾ ਸਿੰਘ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ ਪਟਿਆਲਾ

GANDA SINGH DR.

ਕਵੀ ਸੈਨਾਪਤਿ ਰਚਿਤ

# ਸ੍ਰੀ ਗੁਰ ਸੋਭਾ

ਸੰਪਾਦਕ

**ਗੰਡਾ ਸਿੰਘ**

ਪਬਲੀਕੇਸ਼ਨ ਬਿਊਰੋ

ਪੰਜਾਬੀ ਯੂਨੀਵਰਸਿਟੀ, ਪਟਿਆਲਾ

©
ਪੰਜਾਬੀ ਯੂਨੀਵਰਸਿਟੀ, ਪਟਿਆਲਾ

SRI GUR SOBHA (*Punjabi*)

*edited by*

GANDA SINGH

ਪਹਿਲੀ ਵਾਰ, 1967
ਦੂਜੀ ਵਾਰ, 1980
ਤੀਜੀ ਵਾਰ, 1988 : 550
ਮੁੱਲ : 45-00

ਰਜਿਸਟ੍ਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਪ੍ਰਕਾਸ਼ਿਤ ਅਤੇ ਮੈ/ਸ. ਫੋਸਮੈਨ ਪ੍ਰਿੰਟਰਜ਼, ਪਟਿਆਲਾ ਦੁਆਰਾ ਮੁਦ੍ਰਿਤ ।

## ਵਿਸ਼ੈ-ਸੂਚੀ


ਸੰਪਾਦਕ ਵਲੋਂ (ix)

**ਸ੍ਰੀ ਗੁਰ ਸੋਭਾ ਸੰਬੰਧੀ** 1

ਸ੍ਰੀ ਗੁਰ ਸੋਭਾ ਦਾ ਕਰਤਾ 1

ਇਕ ਹੋਰ ਕਵੀ ਸੈਨਾਪਤਿ 4

ਇਸ ਦੇ ਲਿਖੇ ਜਾਣ ਦਾ ਸਮਾਂ 4

ਸ੍ਰੀ ਗੁਰ ਸੋਭਾ ਦਾ ਪਰਧਾਨ ਵਿਸ਼ਾ 6

ਸੈਨਾਪਤਿ ਦੀ ਇਤਿਹਾਸਕ ਸੂਝ-ਬੂਝ 7

ਸ੍ਰੀ ਗੁਰ ਸੋਭਾ ਦੀ ਇਤਿਹਾਸਕ ਵਿਸ਼ੇਸ਼ਤਾ 9

ਇਸ ਦੀ ਸਾਹਿੱਤਕ ਜਾਚ 10

**ਸ੍ਰੀ ਗੁਰ ਸੋਭਾ ਦੇ ਵੱਖ ਵੱਖ ਵਿਸ਼ਿਆਂ ਪਰ ਕੁਝ ਵਿਚਾਰ** 11

'ਪੰਥ ਪ੍ਰਗਾਸ' 11

ਭੰਗਾਣੀ ਦਾ ਯੁੱਧ 12

ਨਾਦੌਣ ਦੀ ਲੜਾਈ 16

ਖ਼ਾਨਜ਼ਾਦਾ ਅਤੇ ਹੁਸੈਨੀ (ਹੁਸੈਨ ਖ਼ਾਨ) 17

ਬਾਦਸ਼ਾਹਜ਼ਾਦਾ ਮੁਹੰਮਦ ਮੁਅੱਜ਼ਮ ਅਤੇ ਅਹਦੀਏ 17

'ਸੰਗਤਿ ਕੀਨੀ ਖ਼ਾਲਸਾ' 18

ਮਸੰਦਾਂ ਦਾ ਤਿਆਗ 19

ਬਸਾਖੀ ਸੰਮਤ ੧੭੫੬ ਨੂੰ 22

ਵਾਹਿਗੁਰੂ ਜੀ ਦਾ ਖਾਲਸਾ 22

ਖਾਲਸੇ ਦਾ ਉਦੇਸ਼ 24

ਖਾਲਸੇ ਦੀ ਰਹਿਤ 25

ਤੁਰਕਣੀ ਦਾ ਕੁਸੰਗ 25

ਖਾਲਸੇ ਦਾ ਵਿਰੋਧ 26

ਪਹਾੜੀ ਰਾਜਿਆਂ ਦੀ ਆਨੰਦਪੁਰ ਤੇ ਚੜ੍ਹਾਈ 29

ਨਿਰਮੋਹ, ਬਸਾਲੀ ਅਤੇ ਕਲਮੋਟ 30

ਆਨੰਦਪੁਰ ਦੇ ਜੁੱਧ 31

ਜੁੱਧ ਚਮਕੌਰ 32

ਸਾਹਿਬਜ਼ਾਦਿਆਂ ਸੰਬੰਧੀ ਭੁਲੇਖਾ 33
ਸਰਹੰਦ ਵਿਚ ਸਾਹਿਬਜ਼ਾਦਿਆਂ ਦੀ ਸ਼ਹੀਦੀ 35
ਵਿਚਾਰ ਦਾ ਸਿੱਟਾ 36
ਮੁਕਤਸਰ ਦਾ ਜੁੱਧ 37
ਗੁਰੂ ਸਾਹਿਬ ਦਾ ਦੱਖਣ ਨੂੰ ਕੂਚ—ਪਹਿਲੀ ਵਾਰੀ 39
ਵਿਆਹ ਦਾ ਜ਼ਿਕਰ 41
ਭਾਈ ਦਯਾ ਸਿੰਘ ਦੀ ਦੱਖਣੋਂ ਵਾਪਸੀ—
ਬਾਦਸ਼ਾਹ ਔਰੰਗਜ਼ੇਬ ਦਾ ਦਿਹਾਂਤ 43
ਬਹਾਦੁਰ ਸ਼ਾਹ ਦੀ ਸਹਾਇਤਾ 44
ਬਹਾਦੁਰ ਸ਼ਾਹ ਬਾਦਸ਼ਾਹ ਨਾਲ ਮੁਲਾਕਾਤ 45
ਬਹਾਦੁਰ ਸ਼ਾਹ ਨਾਲ ਦੱਖਣ ਨੂੰ 46
ਬਾਦਸ਼ਾਹੀ ਲਸ਼ਕਰ ਵਿਚ ਗੁਰੂ ਸਾਹਿਬ ਦੀ ਹੈਸੀਅਤ 47
ਨਾਂਦੇੜ ਵਿਚ ਜੋਤੀ ਜੋਤਿ ਸਮਾਉਣਾ 49
'ਬਖਸ਼ ਕੀਓ ਖ਼ਾਲਸ ਕੋ ਜਾਮਾ' 51
'ਸਤਿਗੁਰ ਹਮਾਰਾ...ਸ਼ਬਦ ਵਿਚਾਰ' 52
ਬੰਦਾ ਸਿੰਘ 55
'ਗੜ੍ਹ ਆਨੰਦ ਫੇਰ ਬਸਾਵਹਿਗੇ' 55
'ਨਮੋ ਨਾਥ ਨਾਥੇ' 58

## ਸ੍ਰੀ ਗੁਰ ਸੋਭਾ —ਮੂਲ

ਪੰਥ ਪ੍ਰਗਾਸ ਬਰਨਨੰ 63
ਤੇਗ ਪ੍ਰਗਾਸ —ਸ਼ਾਹ ਸੰਗ੍ਰਾਮ ਜੁਧ 68
ਰਾਜਨ ਹੇਤ ਸੰਗ੍ਰਾਮ 74
ਖ਼ਾਨਜ਼ਾਦੇ ਅਤੇ ਹੁਸੈਨੀ ਨਾਲ ਜੁਧ 76
ਬਚਨ ਪ੍ਰਗਾਸ 78
ਬਚਨ ਬਿਚਾਰ 88
ਰਹਿਤ ਪ੍ਰਗਾਸ 97
ਸੰਗ੍ਰਾਮ ਅਨੰਦਪੁਰ ਕਾ ਪਹਿਲਾ 102
ਜੁਧ ਨਿਰਮੋਹ ਕਾ 108
ਜੁੱਧ ਬਿਸਾਲੀ ਕਲਮੋਟ ਕਾ 113
ਆਨੰਦ ਗੜ੍ਹ ਦਾ ਦੂਸਰਾ ਜੁੱਧ 116
ਚਮਕੌਰ ਦਾ ਜੁੱਧ 123
ਕਲਾ ਪ੍ਰਗਾਸ 132

ਕੀਚਕ ਮਾਰ 141
ਜ਼ਿਕਰ ਬਾਦਸ਼ਾਹੀ 150
ਮੁਲਾਕਾਤ ਬਾਦਸ਼ਾਹ ਕੀ 153
ਸਾਹਿਬਜ਼ਾਦੇ ਕਾ ਜੁਧ ਅਰ ਜ਼ਿਕਰ ਰਾਹ ਕਾ 160
ਜੋਤੀ ਜੋਤਿ ਸਮਾਵਨਾ 165
ਆਗਮੰ ਪ੍ਰਗਾਸ 173
ਸਰਬ ਉਪਮਾ 175

**ਅੰਤਿਕਾ**

ਉੱਘੇ ਇਤਿਹਾਸਕ ਵਿਅਕਤੀ 187
ਇਤਿਹਾਸਕ ਸਥਾਨ 198
ਅਰਥਾਵਲੀ 205

**ਤਤਕਰਾ** 211

# ਦੂਜੇ ਸੰਸਕਰਣ ਸੰਬੰਧੀ

ਸ੍ਰੀ ਗੁਰ ਸੋਭਾ ਦਾ ਇਹ ਦੂਜਾ ਸੰਸਕਰਣ ਪਾਠਕਾਂ ਦੇ ਹੱਥਾਂ ਵਿਚ ਹੈ। ਇਸ ਦਾ ਪਹਿਲਾ ਸੰਸਕਰਣ ਡਾ. ਗੰਡਾ ਸਿੰਘ, ਅਧਿਅਕਸ਼, ਪੰਜਾਬ ਇਤਿਹਾਸ ਅਧਿਐਨ ਵਿਭਾਗ ਨੇ ਪਾਠਕਾਂ ਅਤੇ ਇਤਿਹਾਸ ਖੋਜੀਆਂ ਦੀ ਲੋੜ ਨੂੰ ਮੁੱਖ ਰਖ ਕੇ ਸੰਪਾਦਿਤ ਕੀਤਾ ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਇਸ ਨੂੰ ਸੰਨ 1967 ਵਿਚ ਛਾਪਿਆ।

ਦੂਜੇ ਸੰਸਕਰਣ ਨੂੰ ਨੇਪਰੇ ਚਾੜ੍ਹਨ ਵਿਚ, ਵਾਈਸ-ਚਾਂਸਲਰ, ਸਰਦਾਰ ਭਗਤ ਸਿੰਘ ਦਾ ਸਭ ਤੋਂ ਵੱਧ ਯੋਗਦਾਨ ਹੈ। ਹੋਰ ਵਿਦਿਅਕ ਰੁਝੇਵਿਆਂ ਦੇ ਬਾਵਜੂਦ ਡਾ. ਗੰਡਾ ਸਿੰਘ ਜੀ ਨੇ ਇਸ ਪੁਸਤਕ ਦੇ ਦੂਜੇ ਰੀਪ੍ਰਿੰਟ ਵਿਚ ਵਿਸ਼ੇਸ਼ ਰੁੱਚੀ ਲਈ ਹੈ।

ਇਸ ਦੀ ਛਪਾਈ ਵਿਚ ਮੇਰੇ ਵਿਭਾਗ ਦੇ ਸਰਦਾਰ ਅਜੀਤ ਸਿੰਘ ਅਤੇ ਸਰਦਾਰ ਕਿਰਪਾਲ ਸਿੰਘ ਨੇ ਬਹੁਤ ਹੱਥ ਵਟਾਇਆ ਹੈ ਤੇ ਉਹ ਪ੍ਰਸੰਸਾ ਦੇ ਹੱਕਦਾਰ ਹਨ।

ਅੰਤ ਵਿਚ ਸਾਨੂੰ ਇਹ ਗੱਲ ਪ੍ਰਗਟ ਕਰਦਿਆਂ ਬਹੁਤ ਖ਼ੁਸ਼ੀ ਹੋ ਰਹੀ ਹੈ ਕਿ **ਸ੍ਰੀ ਗੁਰ ਸੋਭਾ** ਜਿਹੋ ਜਿਹੀ ਮਹਾਨ ਰਚਨਾ ਸੀ ਉਸੇ ਸ਼ਾਨ ਮੁਤਾਬਿਕ ਇਹ ਦੂਜਾ ਸੰਸਕਰਣ ਪਾਠਕਾਂ ਦੀ ਸੇਵਾ ਵਿਚ ਪੇਸ਼ ਹੈ। ਆਸ ਹੈ ਕਿ ਪੰਜਾਬੀ ਪਾਠਕ ਇਹ ਸੇਵਾ ਪ੍ਰਵਾਨ ਕਰਕੇ ਸਾਡਾ ਉਤਸ਼ਾਹ ਵਧਾਉਣਗੇ।


ਪੰਜਾਬ ਇਤਿਹਾਸ ਅਧਿਐਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਸ. ਸ. ਬਲ**
ਡਾਇਰੈਕਟਰ

# ਸੰਪਾਦਕ ਵਲੋਂ

## (ਪਹਿਲਾ ਸੰਸਕਰਣ)

ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀਆਂ ਵਿਚੋਂ ਕੇਵਲ ਇਕ ਸੈਨਾਪਤਿ ਹੀ ਹੈ ਜਿਸ ਨੇ ਗੁਰੂ ਸਾਹਿਬ ਦੇ ਇਤਿਹਾਸਕ ਜੀਵਨ ਪਰ ਕੁਝ ਕੁ ਵਿਸਥਾਰ ਨਾਲ ਲਿਖਿਆ ਹੈ। ਜੇ ਕਿਧਰੇ ਹਜ਼ੂਰ ਦੇ ਦਰਬਾਰ ਦੇ ਦੋ ਚਾਰ ਹੋਰ ਲੇਖਕ ਭੀ ਇਸ ਦੀ ਤਰ੍ਹਾਂ ਇਨ੍ਹਾਂ ਦੇ ਜੀਵਨ ਦੇ ਵਾਕਿਆਤ ਪਰ ਕੁਝ ਲਿਖ ਜਾਂਦੇ ਤਾਂ ਉਨ੍ਹਾਂ ਦੀ ਸਹਾਇਤਾ ਨਾਲ ਇਕ ਖ਼ਾਸੀ ਅੱਛੀ ਅਤੇ ਭਰੋਸੇ ਯੋਗ ਇਤਿਹਾਸਕ ਜੀਵਨੀ ਲਿਖੀ ਜਾ ਸਕਣੀ ਕਾਫ਼ੀ ਸੌਖੀ ਹੋ ਜਾਂਦੀ, ਅਤੇ ਬਹੁਤ ਸਾਰੀਆਂ ਉਹ ਗੁੰਝਲਾਂ ਸਾਫ਼ ਹੋ ਜਾਂਦੀਆਂ ਜੋ ਹੁਣ ਇਸ ਵੇਲੇ ਇਤਿਹਾਸਕਾਰਾਂ ਨੂੰ ਖੋਲ੍ਹਣੀਆਂ ਮੁਸ਼ਕਲ ਹੋ ਰਹੀਆਂ ਹਨ।

ਪਰ ਗੁਰੂ ਸਾਹਿਬ ਦੇ ਦਰਬਾਰ ਵਿਚ ਇਕੱਠੇ ਹੋਏ ਵਿਦਵਾਨ ਸਭ ਕਵੀ ਸਨ, ਅਤੇ ਕਵੀਆਂ ਦੀ ਕਦਰ ਕੀਮਤ ਉਨ੍ਹਾਂ ਦੀ ਸ਼ਬਦਾਂ ਦੀ ਜਾਦੂਗਰੀ ਅਤੇ ਖ਼ਿਆਲੀ ਉਡਾਰੀਆਂ ਕਰਕੇ ਹੁੰਦੀ ਹੈ। ਪਰ ਇਹ ਕਲਾਕਾਰੀ ਇਤਿਹਾਸ-ਰਚਨਾ ਦੀ ਨਾ ਹੀ ਪ੍ਰੇਰਣਾ ਦੇ ਸਕਦੀ ਹੈ ਅਤੇ ਨਾ ਹੀ ਉਸ ਵਿਚ ਕੰਮ ਆਉਂਦੀ ਹੈ। ਇਸ ਲਈ ਇਨ੍ਹਾਂ ਕੋਲੋਂ ਇਤਿਹਾਸਕ ਦ੍ਰਿਸ਼ਟੀ ਵਾਲੇ ਲੇਖਾਂ ਦੀ ਬਹੁਤੀ ਆਸ ਭੀ ਨਹੀਂ ਸੀ ਹੋ ਸਕਦੀ। ਆਸਮਾਨਾਂ ਵਿਚ ਉਡਣ ਵਾਲੇ ਕਵੀ-ਮਨ ਭੋਇੰ ਤੇ ਨਹੀਂ ਉਤਰ ਸਕਦੇ ਜਿੱਥੇ ਦੀਆਂ ਗੱਲਾਂ ਉੱਚ-ਕਲਪਨਾ ਹੀਨ ਸਿੱਧੀ ਪੱਧਰੀ ਸਾਫ਼ ਬੋਲੀ ਵਿਚ ਕਰਨੀਆਂ ਪੈਣ। ਇਸ ਨੂੰ ਸ਼ਾਇਦ ਉਹ ਅਨਖਿੜੇ ਦਿਮਾਗ ਦੀ ਗੱਲ ਸਮਝਦੇ ਹੋਣ। ਪਰ ਜਿਹੜੇ ਪ੍ਰਾਚੀਨ ਹਿੰਦੂ ਗਣਿਤ ਅਤੇ ਜੋਤਿਸ਼ ਵਿੱਦਿਆ ਜਿਹੇ ਹਿਸਾਬੀ ਹੁਨਰਾਂ ਵਿਚ ਮਾਹਰ ਅਤੇ ਯਥਾਰਥਵਾਦੀ ਹੋਣ ਉਨ੍ਹਾਂ ਵਿਚ ਇਤਿਹਾਸਕਾਰਾਂ ਦਾ ਪੈਦਾ ਨਾ ਹੋਣਾ ਇਕ ਹੈਰਾਨੀ ਦੀ ਗੱਲ ਹੈ। ਪਰ ਕੁਝ ਭੀ ਹੋਵੇ, ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਪ੍ਰਾਚੀਨ ਭਾਰਤੀਆਂ ਵਿਚ ਯਥਾਰਥ-ਵਾਦੀ ਇਤਿਹਾਸ-ਰਚਨਾ ਦਾ ਹੁਨਰ ਪੈਦਾ ਨਹੀਂ ਹੋਇਆ, ਅਤੇ ਜੇ ਕਿਧਰੇ ਮੁਸਲਮਾਨਾਂ ਜਾਂ ਈਸਾਈਆਂ ਦਾ ਪ੍ਰਭਾਵ ਇੱਥੇ ਨਾ ਆਉਂਦਾ ਤਾਂ ਪਤਾ ਨਹੀਂ ਕਿਤਨੀ ਕੁ ਦੇਰ ਹੋਰ ਇਸ ਹੁਨਰ ਵੱਲ ਇਨ੍ਹਾਂ ਦਾ ਧਿਆਨ ਨਾ ਜਾਂਦਾ।

ਸਮੇਂ-ਬਧ ਥਿਤਵਾਰ, ਇੰਨ-ਬਿੰਨ, ਬਿਨਾਂ ਮਨੋ ਕਲਪਣਾ ਦੇ, ਵਾਕਿਆਤ ਬਿਆਨ ਕਰਨ ਦਾ ਫੁਰਨਾ, ਬੋਧ, ਇਸ ਦੀ ਸੁਰਤ ਅਤੇ ਚੇਤਨਤਾ, ਮਾਨਸਕ ਰੁਚੀ ਅਤੇ ਅਪਣੱਤ ਹੈ ਹੀ ਬਾਹਰੋਂ ਆਈ ਹੋਈ ਪੁਰਾਣੇ ਇਕ-ਜੂਨੀਏ ਸਾਮੀ ਨਸਲ ਦੇ (ਮੂਸਾਈ, ਈਸਾਈ ਅਤੇ ਇਸਲਾਮੀ ਵਿਚਾਰ-ਧਾਰੀ ਯੂਨਾਨੀ, ਸੀਰੀਅਨ, ਅਰਬ ਆਦਿ) ਲੋਕਾਂ ਦੀ ਦੇਣ, ਜਿਨ੍ਹਾਂ ਦੇ ਅਕੀਦੇ ਅਨੁਸਾਰ ਮਨੁੱਖ ਦੀ ਕੇਵਲ ਇਕੋ ਹੀ ਜੂਨ ਹੈ, ਅਤੇ ਇਸੇ ਜੂਨ ਵਿਚ ਉਨ੍ਹਾਂ ਨੇ ਆਪਣੇ ਸਾਰੇ ਨਿੱਜੀ ਅਤੇ ਸਮੂਹਕ ਕਾਰ-ਵਿਹਾਰ ਭੁਗਤਾਣੇ ਹੁੰਦੇ ਸਨ, ਕਿਉਂਕਿ ਇਸ

ਤੋਂ ਬਾਅਦ ਉਨ੍ਹਾਂ ਨੂੰ ਫਿਰ ਹੋਰ ਕੋਈ ਮੌਕਾ ਨਹੀਂ ਮਿਲਣਾ। ਇਸੇ ਵਿਚ ਉਨ੍ਹਾਂ ਨੇ ਆਪਣੀਆਂ ਯਾਦਗਾਰਾਂ (ਲਿਖਤਾਂ ਜਾਂ ਇਮਾਰਤਾਂ ਦੀ ਸ਼ਕਲ ਵਿਚ) ਕਾਇਮ ਕਰਨੀਆਂ ਹੁੰਦੀਆਂ ਸਨ, ਇਸੇ ਜੂਨ ਵਿਚ ਉਨ੍ਹਾਂ ਨੇ ਆਉਣ ਵਾਲੀਆਂ ਨਸਲਾਂ ਲਈ ਆਪਣੇ ਆਰੰਭ ਕੀਤੇ ਹੋਏ ਕੰਮਾਂ ਨੂੰ ਜਾਰੀ ਰਖਣ ਲਈ ਪੁਤ-ਪੋਤਿਆਂ ਨੂੰ ਨਸੀਹਤਾਂ ਕਰਨੀਆਂ ਅਤੇ ਹਿਦਾਇਤਾਂ ਦੇ ਜਾਣੀਆਂ ਹੁੰਦੀਆਂ ਸਨ ਅਤੇ ਇਹ ਦੱਸ ਜਾਣਾ ਹੁੰਦਾ ਸੀ ਕਿ ਉਨ੍ਹਾਂ ਨੇ ਕੋਈ ਕੰਮ ਕਿਵੇਂ ਆਰੰਭ ਕੀਤਾ ਸੀ, ਕਿਥੋਂ ਅਤੇ ਕਿਵੇਂ ਸਾਮੱਗਰੀ ਲਈ ਸੀ, ਕਿਸ ਕਿਸ ਨੇ ਉਨ੍ਹਾਂ ਦੀ ਸਹਾਇਤਾ ਜਾਂ ਮੁਖ਼ਾਲਿਫ਼ਤ ਕੀਤੀ ਸੀ, ਜਾਂ ਕਿਵੇਂ ਉਨ੍ਹਾਂ ਦੇ ਭਾਈਚਾਰੇ ਅਤੇ ਕਬੀਲੇ ਰੇਤ-ਥਲਾਂ, ਪਹਾੜਾਂ, ਜੰਗਲਾਂ ਅਤੇ ਦਰਿਆਵਾਂ ਨੂੰ ਲੰਘ ਕੇ ਹੋਰ ਦੇਸ਼ਾਂ ਵਿਚ ਗਏ ਸਨ ਅਤੇ ਉਥੇ ਦੇ ਲੋਕਾਂ ਨੂੰ ਸਰ ਕਰ ਕੇ ਉਥੇ ਆਪਣੇ ਕਬਜ਼ੇ ਜਮਾਏ ਅਤੇ ਰਾਜ ਕਾਇਮ ਕੀਤੇ ਸਨ। ਇਹ ਸਭ ਕੁਛ ਅਗਲਿਆਂ ਆਉਣ ਵਾਲਿਆਂ ਤਕ—ਜਿਨ੍ਹਾਂ ਵਿਚ ਕਈ ਅਜੇ ਛੋਟੇ ਬੇਸਮਝ ਬੱਚੇ ਭੀ ਹੋਣੇ ਹਨ ਜਾਂ ਜੰਮਣ ਵਾਲੇ ਭੀ ਹੋਣਗੇ—ਪਹੁੰਚਾਉਣ ਲਈ ਲਿਖ ਕੇ ਛਡ ਜਾਣਾ ਹੀ ਇਕ ਚੰਗਾ ਸਾਧਨ ਸੀ ਅਤੇ ਲਿਖਤ ਭੀ ਐਸੀ ਸਪੱਸ਼ਟ, ਠੀਕ ਠੀਕ, ਨਿਰੋਲ, ਜਿਸ ਨੂੰ ਸਮਝਣ ਸਮਝਾਉਣ ਵਿਚ ਉਕਾਈ ਖਾ ਜਾਣ ਦੀ ਕਿਧਰੇ ਭੀ ਕੋਈ ਗੁੰਜਾਇਸ਼ ਨਾ ਰਹੇ। ਇਨ੍ਹਾਂ ਭਾਵਾਂ ਅਤੇ ਵਿਚਾਰਾਂ ਨੇ ਸਾਮੀ ਲੋਕਾਂ ਵਿਚ ਤਜ਼ਕਰੇ, ਰੋਜ਼ਨਾਮਚੇ ਅਤੇ ਤਵਾਰੀਖ਼ਾਂ ਲਿਖਣ ਨੂੰ ਜਨਮ ਦਿੱਤਾ ਅਤੇ ਉਤਸਾਹਤ ਕੀਤਾ, ਅਤੇ ਫੇਰ ਦੇਖਾ ਦੇਖੀ ਇਕ ਮਜ਼ਬੂਤ ਪਰਮਪਰਾ ਬਣਦੀ ਗਈ ਜਿਸ ਦਾ ਨਤੀਜਾ ਇਹ ਹੈ ਕਿ ਜਿਤਨੇ ਅੱਛੇ ਸਪੱਸ਼ਟ ਅਤੇ ਠੀਕ ਤਜ਼ਕਰੇ, ਇਤਿਹਾਸ ਆਦਿ ਇਨ੍ਹਾਂ ਲੋਕਾਂ ਨੇ ਲਿਖੇ ਹਨ ਉਸ ਦੇ ਟਾਕਰੇ ਤੇ, ਸਮੇਂ ਅਨੁਸਾਰ, ਹਿੰਦੁਸਤਾਨ ਵਿਚ ਉਨ੍ਹਾਂ ਦਾ ਨਾਮ ਨਿਸ਼ਾਨ ਭੀ ਨਹੀਂ ਮਿਲਦਾ। ਇੱਥੇ ਹਿੰਦੂਆਂ ਵਿਚ ਇਸ ਪ੍ਰਕਾਰ ਦੇ ਇਤਿਹਾਸ ਲਿਖਣ ਦਾ ਆਰੰਭ ਹੀ ਮੁਸਲਮਾਨਾਂ ਦੇ ਆਉਣ ਤੋਂ ਹੋਇਆ ਹੈ ਅਤੇ ਉਸ ਵਿਚ ਮੁਸਲਮਾਨਾਂ ਵਾਲੀ ਸਪੱਸ਼ਟਤਾ ਅਤੇ ਪਕਿਆਈ ਆਉਣ ਵਿਚ ਸੈਂਕੜੇ ਵਰ੍ਹੇ ਲਗੇ ਹਨ।

ਦੂਸਰੇ ਪਾਸੇ ਅਨੇਕ-ਜੂਨੀਏ ਪ੍ਰਾਚੀਨ ਭਾਰਤੀ ਇਸ ਸੰਸਾਰ ਅਤੇ ਸੰਸਾਰਕ ਜੀਵਨ ਨੂੰ ਮਿਥਿਆ ਸਮਝਦੇ ਸਨ। ਉਨ੍ਹਾਂ ਦੀ ਨਜ਼ਰ ਵਿਚ ਇਸ ਨਾਸ਼ਵਾਨ ਸੰਸਾਰ ਦਾ ਸਨੇਹ ਇਕ ਰੋਗ ਸੀ ਜਿਸ ਦਾ ਇਲਾਜ ਇਸ ਦਾ ਤਿਆਗ ਸੀ। ਜਿਸ ਵਸਤੂ ਨਾਲ ਲਗਾਓ ਨਹੀਂ, ਉਸ ਦੀ ਯਾਦ ਰਖਣ ਜਾਂ ਅੱਗੇ ਲਈ ਯਾਦ ਕਾਇਮ ਕਰਨ ਦਾ ਸਵਾਲ ਹੀ ਨਹੀਂ ਉਠਦਾ। ਉਨ੍ਹਾਂ ਦੇ ਵਿਚਾਰ ਵਿਚ ਮਨੁੱਖੀ ਜੂਨ ਇਕ ਬੰਧਨ ਸੀ ਜਿਸ ਤੋਂ ਛੁਟਕਾਰਾ ਪਾਉਣਾ ਉਨ੍ਹਾਂ ਦਾ ਮੁੱਖ ਉਦੇਸ਼ ਸੀ। ਉਹ ਜੂਨ ਕਟੀ ਕਰਦੇ ਸਨ ਜੀਉਂਦੇ ਨਹੀਂ ਸਨ। ਅਜਿਹੇ ਵਿਚਾਰਧਾਰੀਆਂ ਲਈ ਜ਼ਿੰਦਗੀ ਦੀ ਯਾਦ ਕਾਇਮ ਰਖਣਾ ਇਕ ਵਿਅਰਥ ਗੱਲ ਸੀ। ਸਾਮੀ ਲੋਕ ਜਿੱਥੇ ਮਰਨ ਪਿਛੋਂ ਭੀ ਸਰੀਰ ਨੂੰ, ਜਿੱਥੋਂ ਤਕ ਹੋ ਸਕੇ, ਸੰਭਾਲ ਕੇ ਰਖਣ ਲਈ ਉਸ ਨੂੰ ਕਬਰਾਂ ਵਿਚ ਦਬਾ ਦਿੰਦੇ ਸਨ, ਬਲਕਿ ਕਈ ਤਾਂ ਜੀਉਂਦੇ ਹੀ ਆਪਣੀਆਂ ਕਬਰਾਂ ਜਾਂ ਖ਼ੂਬਸੂਰਤ ਮਕਬਰੇ ਆਪ ਬਣਵਾ ਜਾਂਦੇ ਸਨ, ਉਥੇ ਹਿੰਦੁਸਤਾਨੀ ਇਸ ਨੂੰ ਫੂਕ ਕੇ ਸੁਆਹ ਕਰ ਦਿੰਦੇ ਸਨ ਅਤੇ ਉਸ ਦੀ ਸੁਆਹ ਨੂੰ ਭੀ ਦਰਿਆ ਵਿਚ ਰੋੜ੍ਹ ਦਿੰਦੇ ਸਨ ਤਾਂ ਕਿ ਉਸ ਦਾ ਕੋਈ ਨਿਸ਼ਾਨ ਭੀ ਨਾ ਰਹੇ। ਇਸ ਤੋਂ ਇਲਾਵਾ

ਆਵਾਗਉਨ ਦੇ ਯਕੀਨ ਅਨੁਸਾਰ ਜੂਨਾਂ ਦੀ ਗਿਣਤੀ ਇਤਨੀ ਜ਼ਿਆਦਾ ਹੈ ਕਿ ਸਹਿਜੇ ਕੀਤੇ ਮੁੱਕਣ ਵਿਚ ਨਹੀਂ ਆਉਂਦੀ। ਇਸ ਲਈ ਇਨ੍ਹਾਂ ਨੂੰ ਜ਼ਿੰਦਗੀ ਦੇ ਕੰਮਾਂ ਦੀ ਠੀਕ ਠੀਕ ਯਾਦ ਰਖਣ ਲਈ ਕੋਈ ਕਾਹਲੀ ਭੀ ਨਹੀਂ ਸੀ। ਇਸੇ ਕਰਕੇ ਇਨ੍ਹਾਂ ਵਿਚ ਸਮੇਂ ਦੀ ਬਹੁਤੀ ਕਦਰ-ਕੀਮਤ ਭੀ ਨਹੀਂ ਕਾਇਮ ਹੋ ਸਕੀ। ਉਹ ਉੱਚੇ ਆਤਮਕ ਗਗਨਾਂ ਵਿਚ ਉਡਾਰੀਆਂ ਲਾਉਣ ਵਾਲੇ ਫ਼ਿਲਾਸਫ਼ਰ ਸਨ। ਉਨ੍ਹਾਂ ਲਈ ਸਮਾਂ ਅਨੰਤ, ਅਮੁੱਕ ਚੀਜ਼ ਸੀ। ਇਸ ਲਈ ਥੋੜ੍ਹੇ ਜਿਹੇ ਸਮੇਂ ਦੀਆਂ ਗੱਲਾਂ, ਇਕ ਜਾਂ ਕੁਝ ਮਨੁੱਖਾਂ ਦੇ ਛਿਨ-ਭੰਗਰੀ ਸੰਸਾਰਕ ਜੀਵਨ ਦੀਆਂ ਗੱਲਾਂ—ਉਨ੍ਹਾਂ ਲਈ ਨੀਵੇਂ ਤਲ ਦੀਆਂ ਗੱਲਾਂ ਸਨ, ਜਿਨ੍ਹਾਂ ਵੱਲ ਉਨ੍ਹਾਂ ਨੇ ਕਦੇ ਧਿਆਨ ਨਹੀਂ ਦਿੱਤਾ। ਲਿਖਣ-ਵਿੱਦਿਆ ਵਿਚ ਹਿੰਦੁਸਤਾਨੀ ਰਿਖੀ ਮੁਨੀ ਸੰਸਾਰ ਦੇ ਮੋਹਰੀਆਂ ਵਿਚੋਂ ਸਨ। ਉਨ੍ਹਾਂ ਨੇ ਵੇਦਾਂ, ਸ਼ਾਸਤ੍ਰਾਂ, ਪੁਰਾਣਾਂ, ਰਾਮਾਇਣ ਅਤੇ ਮਹਾਂ-ਭਾਰਤ ਵਰਗੇ ਮਹਾਨ ਗ੍ਰੰਥਾਂ ਦੀ ਰਚਨਾ ਕੀਤੀ, ਉੱਚ ਦਰਜੇ ਦੀ ਕਵਿਤਾ ਲਿਖੀ ਅਤੇ ਹੋਰ ਅਨੇਕਾਂ ਪ੍ਰਕਾਰ ਦਾ ਸਾਹਿਤ ਪੈਦਾ ਕੀਤਾ। ਪਰ ਉਨ੍ਹਾਂ ਦੀ ਮਨੋ-ਬਿਰਤੀ ਚੂੰਕਿ ਬਹੁਤ ਕਰਕੇ ਪਰਾ-ਸੰਸਾਰੀ ਸੀ, ਇਸ ਲਈ ਸੰਸਾਰੀ ਜੀਵਾਂ ਦੇ ਸੰਸਾਰਕ ਕੰਮਾਂ ਨੂੰ—ਜਿਨ੍ਹਾਂ ਵਿਚ ਮੰਦੇ ਬਹੁਤੇ ਅਤੇ ਚੰਗੇ ਥੋੜ੍ਹੇ ਹੁੰਦੇ ਹਨ—ਉਨ੍ਹਾਂ ਨੇ ਕੋਈ ਵਿਸ਼ੇਸ਼ਤਾ ਨਹੀਂ ਦਿੱਤੀ। ਇਹ ਹੀ ਕਾਰਣ ਹੈ ਕਿ ਹੁਣ ਤਕ ਭੀ ਜਿਨ੍ਹਾਂ ਹਿੰਦੁਸਤਾਨੀਆਂ ਨੇ ਇਸਾਈ ਅਤੇ ਇਸਲਾਮੀ ਇਤਿਹਾਸਕ ਸਾਹਿੱਤ ਦਾ ਚੰਗਾ ਅਧਿਐਨ ਨਹੀਂ ਕੀਤਾ ਜਾਂ ਕਿਸੇ ਹੋਰ ਪਾਸਿਓਂ ਇਸ ਦਾ ਕੋਈ ਡੂੰਘਾ ਪ੍ਰਭਾਵ ਉਨ੍ਹਾਂ ਪਰ ਨਹੀਂ ਪਿਆ, ਉਹ ਇਤਿਹਾਸਕ-ਯਥਾਰਥ ਬਿਰਤੀ ਨੂੰ ਨਹੀਂ ਅਪਣਾ ਸਕੇ। ਨਹੀਂ ਤਾਂ ਕੋਈ ਕਾਰਣ ਨਹੀਂ ਸੀ ਕਿ ਸਿੱਖ ਗੁਰੂ ਸਾਹਿਬਾਂ ਦੇ ਵੇਲੇ—ਜੋ ਮੁਗ਼ਲ ਬਾਦਸ਼ਾਹਾਂ ਦੇ ਸਮਕਾਲੀ ਸਨ ਅਤੇ ਜਦੋਂ ਅਨੇਕਾਂ ਤੁਜ਼ਕਾਂ, ਤਜ਼ਕਰੇ, ਜੀਵਨ-ਚਰਿੱਤਰ, ਸ੍ਵੈਜੀਵਨੀਆਂ ਅਤੇ ਇਤਿਹਾਸ ਲਿਖੇ ਗਏ—ਕੋਈ ਸਮਕਾਲੀ ਉਨ੍ਹਾਂ ਦੇ ਰੋਜ਼ਨਾਮਚੇ ਜਾਂ ਜੀਵਨੀਆਂ ਨਾ ਲਿਖਦਾ।

ਸ੍ਰੀ ਗੁਰੂ ਅੰਗਦ ਸਾਹਿਬ ਨੇ ਗੁਰੂ ਨਾਨਕ ਸਾਹਿਬ ਦੇ ਜੋਤੀ ਜੋਤਿ ਸਮਾਉਣ ਤੋਂ ਛੇਤੀ ਹੀ ਬਾਅਦ—ਅਤੇ ਜੇ ਕੁਝ ਕੁ ਜਨਮ-ਸਾਖੀਆਂ ਵਿਚ ਦਿੱਤੀਆਂ ਹੋਈਆਂ ਤਾਰੀਖ਼ਾਂ ਠੀਕ ਹੋਣ ਤਾਂ ਗੁਰੂ ਸਾਹਿਬ ਦੇ ਅੰਤਲੇ ਸਾਲਾਂ ਵਿਚ ਹੀ—ਉਨ੍ਹਾਂ ਦੇ ਜੀਵਨ ਦੇ ਵਾਕਿਆਤ ਇਕੱਠੇ ਕਰਨ ਦੇ ਜਤਨ ਸ਼ੁਰੂ ਕਰ ਦਿੱਤੇ ਸਨ, ਪਰ ਲਿਖਾਰੀ ਚੂੰਕਿ ਪੁਰਾਣਕ ਸਾਹਿਤ ਪਰ ਪਲੇ ਹੋਏ ਸਨ ਇਸ ਲਈ ਤਵਾਰੀਖ਼ੀ ਦ੍ਰਿਸ਼ਟੀਕੋਣ ਵਾਲੀ ਕੋਈ ਜਨਮ-ਸਾਖੀ ਤਿਆਰ ਨਾ ਹੋਈ, ਅਤੇ ਨਾ ਹੀ ਬਾਅਦ ਵਿਚ ਕੋਈ ਅਜਿਹੀ ਲਿਖਤ ਹੋਂਦ ਵਿਚ ਆਈ ਜੋ ਕਿਸੇ ਭੀ ਗੁਰੂ ਸਾਹਿਬ ਦੇ ਜੀਵਨ ਨੂੰ ਪੂਰੀ ਤਰ੍ਹਾਂ ਥਿਤਵਾਰ ਠੀਕ ਠੀਕ ਪੇਸ਼ ਕਰਦੀ ਹੋਵੇ। ਗੁਰੂ ਸਾਹਿਬਾਂ ਦੀਆਂ ਘਰਾਂ ਦੀਆਂ ਵਹੀਆਂ ਭੀ ਕਿਸੇ ਨੇ ਸੰਭਾਲ ਕੇ ਨਹੀਂ ਰਖੀਆਂ ਜਾਪਦੀਆਂ ਜਿਨ੍ਹਾਂ ਤੋਂ ਕੁਝ ਸਹਾਇਤਾ ਲਈ ਜਾ ਸਕਦੀ। ਨੌਵੇਂ ਗੁਰੂ ਸਾਹਿਬ ਤਕ ਦੇ ਜਿਤਨੇ ਭੀ ਹੁਕਮਨਾਮੇ ਸੰਗਤਾਂ ਦੇ ਨਾਉਂ ਲਿਖੇ ਮਿਲਦੇ ਹਨ, ਉਨ੍ਹਾਂ ਪਰ ਕੋਈ ਥਿਤ ਸੰਮਤ ਨਹੀਂ ਦਿੱਤੇ ਹੋਏ ਜਿਸ ਕਰਕੇ ਉਹ ਭੀ ਵਾਕਿਆਤ ਨੂੰ ਠੀਕ ਸਮੇਂ ਅਨੁਸਾਰ ਤਰਤੀਬ ਦੇਣ ਵਿਚ ਬਹੁਤੇ ਸਹਾਈ ਨਹੀਂ ਹੁੰਦੇ। ਇਹ ਕੇਵਲ ਗੁਰੂ ਗੋਬਿੰਦ ਸਿੰਘ ਜੀ ਦਾ ਹੀ ਸਮਾਂ ਹੈ ਜਦੋਂ ਕਿ ਉਨ੍ਹਾਂ ਦਾ ਮੁਨਸ਼ੀਖ਼ਾਨਾ ਬਾਕਾਇਦਾ ਕੰਮ ਕਰਦਾ ਜਾਪਦਾ ਹੈ। ਸੰਮਤ ੧੭੪੦

ਬਿਕਰਮੀ (ਸੰਨ ੧੬੯੧ ਈਸਵੀ) ਤੋਂ ਉਨ੍ਹਾਂ ਦੇ ਸਾਰੇ ਹੁਕਮਨਾਮਿਆਂ ਪਰ ਤਾਰੀਖ਼ਾਂ, ਮਹੀਨੇ ਅਤੇ ਸੰਮਤ ਦਿੱਤੇ ਹੋਏ ਹਨ। ਆਪਣੇ ਨਾਉਂ ਦੇ ਦਸਖ਼ਤ ਕਰਨ ਦਾ ਰਵਾਜ ਓਦੋਂ ਨਹੀਂ ਸੀ, ਪਰ ਹਰ ਹੁਕਮਨਾਮੇ ਪਰ ਗੁਰੂ ਸਾਹਿਬ ਦੀ ਆਪਣੀ ਹੱਥਾਂ ਦੀ ਲਿਖਤ ਮੌਜੂਦ ਹੈ ਜਿਸ ਨੂੰ ਨੀਸਾਣ ਕਿਹਾ ਜਾਂਦਾ ਹੈ, ਅਤੇ ਬਹੁਤ ਥਾਈਂ ਹੁਕਮਨਾਮੇ ਦਾ ਸੰਖੇਪ ਭਾਵ ਭੀ ਦਿੱਤਾ ਹੋਇਆ ਹੈ। ਇਹ ਹੀ ਨਹੀਂ, ਬਲਕਿ ਇਨ੍ਹਾਂ ਵਿਚ ਲਿਖਾਰੀ ਦੀ ਲਿਖਤ ਦੀਆਂ ਸਤਰਾਂ ਭੀ ਅੰਤ ਵਿਚ ਦਿੱਤੀਆਂ ਹੋਈਆਂ ਹਨ ਤਾਂ ਕਿ ਬਾਅਦ ਵਿਚ ਕੁਝ ਵਾਧਾ ਘਾਟਾ ਨਾ ਕੀਤਾ ਜਾ ਸਕੇ। ਬਹੁਤ ਸਾਰੇ ਹੁਕਮਨਾਮਿਆਂ ਪਰ ਤਾਂ ਮੁਨਸ਼ੀਖ਼ਾਨੇ ਦੇ ਰਜਿਸਟਰ (ਖਾਤੇ) ਦਾ ਨੰਬਰ ਵੀ ਦਿੱਤਾ ਹੋਇਆ ਹੈ।

ਇਸੇ ਤਰ੍ਹਾਂ ਗੁਰੂ ਸਾਹਿਬ ਨੇ ਆਪਣੀਆਂ ਕੁਝ ਕੁ ਰਚਨਾਂ (ਰਾਮ ਅਵਤਾਰ, ਕ੍ਰਿਸ਼ਨ ਅਵਤਾਰ, ਆਦਿ) ਦੇ ਅੰਤ ਵਿਚ ਸੰਮਤ, ਮਹੀਨੇ ਅਤੇ ਥਿੱਤਾਂ ਦਿੱਤੀਆਂ ਹਨ। ਇਹ ਗੱਲਾਂ ਹਜ਼ੂਰ ਦੀ ਇਤਿਹਾਸਕ ਬਿਰਤੀ ਅਤੇ ਸੂਝ ਬੂਝ ਦੀਆਂ ਲਖਾਇਕ ਹਨ। ਪਰ ਅਫ਼ਸੋਸ, ਕਿ ਜਿੱਥੇ ਪਹਾੜੀ ਰਾਜਿਆਂ ਦੀ ਈਰਖਾ ਅਤੇ ਮੁਗ਼ਲ ਰਾਜ ਦੇ ਜਬਰ ਨੇ ਸੰਨ ੧੭੦੫ ਵਿਚ ਗੁਰੂ ਗੋਬਿੰਦ ਸਿੰਘ ਜੀ ਨੂੰ ਆਨੰਦਪੁਰ ਛੱਡਣ ਪਰ ਮਜਬੂਰ ਕਰ ਦਿੱਤਾ ਉਥੇ ਉਨ੍ਹਾਂ ਦੇ ਬੇਅੰਤ ਸਾਹਿਤਕ ਗ੍ਰੰਥ ਅਤੇ ਆਨੰਦਪੁਰ ਦੇ ਮੁਨਸ਼ੀਖ਼ਾਨੇ ਦੇ ਬਹੀ ਖਾਤੇ ਅਤੇ ਮਿਸਲਾਂ ਭੀ ਸਭ ਦੀਆਂ ਸਭ ਨਸ਼ਟ ਹੋ ਗਈਆਂ ਜਾਂ ਸਰਸਾ ਨਦੀ ਦੀ ਭੇਟ ਹੋ ਗਈਆਂ ਜਿਸ ਨਾਲ ਗੁਰੂ ਸਾਹਿਬ ਦੇ ਜੀਵਨ ਅਤੇ ਸਿੱਖ ਇਤਿਹਾਸ ਦੇ ਅਮੁੱਲੇ ਮੂਲ-ਸੋਮੇ ਭੀ ਨਸ਼ਟ ਹੋ ਗਏ।

ਹਿੰਦੁਸਤਾਨ ਦੇ ਗ਼ੈਰ-ਮੁਸਲਿਮ ਮਹਾਂਪੁਰਖਾਂ ਵਿਚੋਂ ਗੁਰੂ ਗੋਬਿੰਦ ਸਿੰਘ ਸਭ ਤੋਂ ਪਹਿਲੇ ਹਨ ਜਿਨ੍ਹਾਂ ਨੇ ਕਿ ਆਪਣੀ ਕਥਾ (ਸ੍ਵੈਜੀਵਨੀ, ਔਟੋਬਾਇਓਗ੍ਰਾਫ਼ੀ) ਲਿਖਣ ਦੀ ਰੀਤਿ ਤੋਰੀ। ਕੀ ਸੰਸਕ੍ਰਿਤ, ਕੀ ਬ੍ਰਜ-ਭਾਖਾ, ਹਿੰਦੀ ਜਾਂ ਕੋਈ ਹੋਰ ਬੋਲੀ, ਕਿਸੇ ਵਿਚ ਭੀ ਗੁਰੂ ਗੋਬਿੰਦ ਸਿੰਘ ਜੀ ਤੋਂ ਪਹਿਲਾਂ ਕਿਸੇ ਨੇ 'ਅਪਨੀ ਕਥਾ' ਨਹੀਂ ਸੀ ਲਿਖੀ। ਗੁਰੂ ਸਾਹਿਬ ਦੀ 'ਅਪਨੀ ਕਥਾ' ਦੀਆਂ ਸਭ ਤੋਂ ਵੱਡੀਆਂ ਖ਼ੂਬੀਆਂ ਉਸ ਦੀ ਯਥਾਰਥਤ ਅਤੇ ਨਿਰਪੱਖਤਾ ਹਨ। ਇਹੋ ਹੀ ਇਤਿਹਾਸ ਦੇ ਦੋ ਵੱਡੇ ਗੁਣ ਹਨ। ਸਮੇਂ ਦੇ ਰਵਾਜ ਅਨੁਸਾਰ ਇਸ ਕਥਾ ਦੇ ਕਵਿਤਾ ਵਿਚ ਲਿਖੇ ਹੋਏ ਹੋਣ ਦੇ ਬਾਵਜੂਦ ਬਿਆਨ ਵਿਚ ਕਾਫ਼ੀ ਸੰਕੋਚ ਹੈ, ਅਤੇ ਮੁਬਾਲਗਾ (ਅਤਿਉਕਤੀ) ਉੱਕਾ ਹੀ ਨਹੀਂ ਹੈ। ਵੈਰੀ ਲਈ ਭੀ ਕਿਧਰੇ ਕੋਈ ਕੌੜੀ ਕਠੋਰ ਬੋਲੀ ਨਹੀਂ ਵਰਤੀ ਹੋਈ।

ਗੁਰੂ ਸਾਹਿਬ ਦੇ ਇਨ੍ਹਾਂ ਪਾਏ ਪੂਰਨਿਆਂ ਪਰ ਹੀ ਸ੍ਰੀ ਗੁਰ ਸੋਭਾ ਦੇ ਲੇਖਕ ਕਵਿ ਸੈਨਾਪਤਿ ਨੇ ਚਲਣ ਦਾ ਜਤਨ ਕੀਤਾ ਹੈ ਅਤੇ ਉਹ ਆਪਣੇ ਇਸ ਜਤਨ ਵਿਚ ਬਹੁਤ ਹੱਦ ਤਕ ਸਫ਼ਲ ਰਿਹਾ ਹੈ।

ਸਿੰਘ ਸਭਾ ਲਹਿਰ ਦੇ ਧਾਰਮਿਕ ਪ੍ਰਚਾਰ ਅਤੇ ਸੋਸ਼ਲ ਸੁਧਾਰ ਦੇ ਉੱਦਮ ਨਾਲ ਜਦ ਪੰਜਾਬੀ ਰਿਸਾਲੇ ਅਤੇ ਅਖ਼ਬਾਰ ਜਾਰੀ ਹੋਣੇ ਸ਼ੁਰੂ ਹੋਏ ਤਾਂ ਪੰਜਾਬੀ ਵਿਚ ਸਾਹਿਤ-ਸੰਭਾਲ ਅਤੇ ਪ੍ਰਕਾਸ਼ਨਾਂ ਲਈ ਭੀ ਰੁਚੀ ਜਾਗ ਪਈ। ਇਤਿਹਾਸ ਲਈ ਪ੍ਰੇਮ ਅਤੇ ਉਤਸਾਹ ਪੈਦਾ

ਕਰਨ ਲਈ ਜੋ ਹੁਲਾਰਾ ਭਾਈ ਸੰਤੋਖ ਸਿੰਘ ਦੇ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਅਤੇ ਗਿਆਨੀ ਗਿਆਨ ਸਿੰਘ ਦੇ ਪੰਥ ਪ੍ਰਕਾਸ਼ ਅਤੇ ਤਵਾਰੀਖ਼ ਗੁਰੂ ਖ਼ਾਲਸਾ ਨੇ ਦਿੱਤਾ ਉਸ ਦੇ ਸਦਕੇ ਇਸ ਪਾਸੇ ਭੀ ਕੁਝ ਧਿਆਨ ਹੋ ਪਿਆ। ਵੀਹਵੀਂ ਸਦੀ ਦੇ ਆਰੰਭ ਵਿਚ ਚੀਫ਼ ਖ਼ਾਲਸਾ ਦੀਵਾਨ ਨੇ ਇਕ ਇਤਿਹਾਸ ਖੋਜਕ ਸਬ-ਕਮੇਟੀ ਕਾਇਮ ਕੀਤੀ ਅਤੇ ਸਰਦਾਰ ਕਰਮ ਸਿੰਘ ਨੇ ਇਤਿਹਾਸ ਦੀ ਖੋਜ ਪੜਤਾਲ ਲਈ ਆਪਣਾ ਜੀਵਨ ਅਰਪਣ ਕਰਨ ਦਾ ਮਨ ਬਣਾ ਲਿਆ। ਇਸੇ ਵੇਲੇ ਭਾਈ ਤਖ਼ਤ ਸਿੰਘ ਜੀ ਨੇ ਇਤਿਹਾਸਕ ਖੋਜ ਪੜਤਾਲ ਕਰਨ ਵਾਲਿਆਂ ਲਈ ਫੀਰੋਜ਼ਪੁਰ ਵਿਚ ਭਾਈ ਦਿੱਤ ਸਿੰਘ ਲਾਇਬ੍ਰੇਰੀ ਦਾ ਵਿਚਾਰ ਬਣਾ ਕੇ ਪੁਸਤਕਾਂ ਇਕੱਠੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਇਸ ਸਮੇਂ ਹੀ ਭਾਈ ਵੀਰ ਸਿੰਘ ਨੇ ਸੰਨ ੧੯੧੪ ਵਿਚ ਰਤਨ ਸਿੰਘ ਭੰਗੂ ਰਚਿਤ ਪ੍ਰਾਚੀਨ ਪੰਥ–ਪ੍ਰਕਾਸ਼ ਛਪਵਾਇਆ ਅਤੇ ਕਈ ਇਤਿਹਾਸਕ ਟਰੈਕਟ ਲਿਖੇ। ਇਨ੍ਹਾਂ ਦਿਨਾਂ ਵਿਚ ਹੀ ਅਕਾਲੀ ਕੌਰ ਸਿੰਘ ਜੀ ਨਿਹੰਗ ਨੇ ਇਤਿਹਾਸਕ ਅਤੇ ਹੋਰ ਸਾਹਿਤਕ ਗ੍ਰੰਥਾਂ ਦੀ ਭਾਲ ਸ਼ੁਰੂ ਕੀਤੀ। ਇਸ ਭਾਲ ਵਿਚ ਉਨ੍ਹਾਂ ਨੂੰ ਕਵੀ ਸੈਨਾਪਤਿ ਰਚਿਤ ਸ੍ਰੀ ਗੁਰ ਸੋਭਾ ਦੀਆਂ ਦੋ ਲਿਖਤੀ ਪੋਥੀਆਂ ਮਿਲ ਗਈਆਂ ਜਿਨ੍ਹਾਂ ਦਾ ਆਪਸ ਵਿਚ ਟਾਕਰਾ ਕਰ ਕੇ ਉਨ੍ਹਾਂ ਨੇ ਪੋਹ ੪੫੭ ਨਾਨਕਸ਼ਾਹੀ, ੧੯੮੨ ਬਿਕਰਮੀ (ਦਸੰਬਰ ਸੰਨ ੧੯੨੫ ਈਸਵੀ) ਵਿਚ ਇਸ ਨੂੰ ਭਾਈ ਨਾਨਕ ਸਿੰਘ ਕ੍ਰਿਪਾਲ ਸਿੰਘ ਹਜ਼ੂਰੀਆ ਅੰਮ੍ਰਿਤਸਰ ਰਾਹੀਂ ਪ੍ਰਕਾਸ਼ਿਤ ਕਰ ਦਿੱਤਾ। ਇਸ ਤਰ੍ਹਾਂ ਇਹ ਗ੍ਰੰਥ ਚਾਨਣੇ ਵਿਚ ਆਇਆ।

ਚੂੰਕਿ ਇਹ ਗ੍ਰੰਥ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਇਕ ਸ਼ਰਧਾਵਾਨ ਹਜ਼ੂਰੀ ਕਵੀ ਦੀ ਲਿਖਤ ਹੈ, ਜੋ ਹਜ਼ੂਰ ਦੇ ਦੇਹਾਂਤ ਤੋਂ ਤਿੰਨ ਵਰ੍ਹਿਆਂ ਦੇ ਅੰਦਰ ਅੰਦਰ ਸੰਮਤ ੧੭੬੮ ਵਿਚ ਸੰਪੂਰਣ ਹੋਈ, ਇਸ ਲਈ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਇਹ ਇਕ ਬਹੁਮੁੱਲੀ ਚੀਜ਼ ਹੈ। ਪਰ ਕਵੀ ਹਰ ਵੇਲੇ ਅਤੇ ਹਰ ਥਾਂ ਗੁਰੂ ਸਾਹਿਬ ਦੇ ਨਾਲ ਨਹੀਂ ਰਿਹਾ ਜਾਪਦਾ, ਇਸ ਲਈ ਜੋ ਗੱਲਾਂ ਉਸ ਨੇ ਸੁਣ ਕੇ ਲਿਖੀਆਂ ਹਨ ਉਨ੍ਹਾਂ ਵਿਚ ਉਸ ਨੂੰ ਭੁਲੇਖਾ ਲਗ ਜਾਣਾ ਕੋਈ ਅਨਹੋਣੀ ਗੱਲ ਨਹੀਂ। ਜਿੱਥੇ ਕਿਧਰੇ ਸਾਨੂੰ ਕੋਈ ਅਜਿਹੀ ਗੱਲ ਭਾਸੀ ਹੈ ਉਸ ਦਾ ਭੂਮਿਕਾ, ਫੁਟ-ਨੋਟਾਂ ਜਾਂ ਅੰਤਿਕਾ ਵਿਚ ਆਪਣੀ ਵਾਕਫੀ ਅਨੁਸਾਰ ਨਿਰਣਾ ਕਰਨ ਦਾ ਜਤਨ ਕੀਤਾ ਹੈ। ਪਰ ਇਨਸਾਨ ਭੁੱਲਣਹਾਰ ਹੈ। ਇਸ ਲਈ ਵਿਦਵਾਨ ਪਾਠਕਾਂ ਦੀ ਸੇਵਾ ਵਿਚ ਬੇਨਤੀ ਹੈ ਕਿ ਜਿਥੇ ਕਿਧਰੇ ਉਨ੍ਹਾਂ ਨੂੰ ਕੋਈ ਉਕਾਈ ਦਿਸੇ ਉਹ ਕਿਰਪਾ ਕਰਕੇ ਲਿਖ ਭੇਜਣ ਦੀ ਖੇਚਲ ਕਰਨ ਤਾਂ ਕਿ ਉਨ੍ਹਾਂ ਦੀ ਸੋਧ ਅਤੇ ਟੋਹ ਦੀ ਲੋ ਵਿਚ ਉਸ ਨੂੰ ਵਿਚਾਰਿਆ ਜਾ ਸਕੇ।

'ਸ੍ਰੀ ਗੁਰ ਸੋਭਾ ਦੇ ਵੱਖ ਵੱਖ ਵਿਸ਼ਿਆਂ ਪਰ ਕੁਝ ਵਿਚਾਰ' ਵਿਚ ਕੇਵਲ ਉਨ੍ਹਾਂ ਗੱਲਾਂ ਪਰ ਹੀ ਵਿਚਾਰ ਕੀਤੀ ਗਈ ਹੈ ਜਿਨ੍ਹਾਂ ਦਾ ਜ਼ਿਕਰ ਇਸ ਪੋਥੀ ਵਿਚ ਆਇਆ ਹੈ ਜਾਂ ਜੋ ਅਤਿ ਜ਼ਰੂਰੀ ਸਮਝੀਆਂ ਗਈਆਂ ਹਨ। ਹੋਰ ਕਿਸੇ ਨੂੰ ਨਹੀਂ ਛੇੜਿਆ ਗਿਆ। ਗੁਰੂ ਸਾਹਿਬ ਦੇ ਜੀਵਨ ਦੇ ਕਈ ਇਕ ਵਾਕਿਆਤ ਨੂੰ ਸੈਨਾਪਤਿ ਨੇ ਇਤਨਾ ਸੰਖੇਪ ਕਰ ਕੇ ਵਰਣਨ ਕੀਤਾ ਹੈ ਕਿ ਉਨ੍ਹਾਂ ਦਾ ਪਿਛੋਕੜ ਜਾਣੇ ਬਿਨਾਂ ਉਨ੍ਹਾਂ ਸੰਬੰਧੀ ਭੁਲੇਖੇ ਹੋਣ ਦਾ

ਡਰ ਸੀ, ਇਸ ਲਈ ਉਨ੍ਹਾਂ ਦਾ ਜ਼ਿਕਰ ਕੁਝ ਲਮੇਰਾ ਕਰਨ ਦੀ ਲੋੜ ਪੈ ਗਈ ਹੈ। ਕੁਝ ਕੁ ਅਜਿਹੀਆਂ ਗੱਲਾਂ ਸਨ ਜਿਨ੍ਹਾਂ ਨੂੰ ਜ਼ਰਾ ਸਪੱਸ਼ਟ ਕਰਨ ਦੀ ਲੋੜ ਸੀ ਤਾਂ ਕਿ ਨਵੇਂ ਪੈਂਦੇ ਜਾ ਰਹੇ ਭੁਲੇਖੇ ਪੱਸਰਦੇ ਨਾ ਜਾਣ। ਵਿਚਾਰਾਂ ਸੰਬੰਧੀ ਸਾਰੀ ਜ਼ਿੰਮੇਂਵਾਰੀ ਸੰਪਾਦਕ ਦੀ ਹੈ। ਆਪਣੇ ਵਿਚਾਰ ਪੇਸ਼ ਕਰਨ ਵੇਲੇ ਜਤਨ ਕੀਤਾ ਗਿਆ ਹੈ ਕਿ ਉਨ੍ਹਾਂ ਦੀ ਪੁਸ਼ਟੀ ਲਈ ਲੋੜੀਂਦੇ ਹਵਾਲੇ ਦੇ ਦਿੱਤੇ ਜਾਣ। ਪਰ ਅਜਿਹੇ ਹਵਾਲੇ ਪ੍ਰਵਾਨ ਕਰਨ ਜਾਂ ਦੇਣ ਤੋਂ ਸੰਕੋਚ ਕੀਤਾ ਗਿਆ ਹੈ ਜਿਨ੍ਹਾਂ ਦੇ ਸੋਮਿਆਂ ਦੀ ਹੋਂਦ ਜਾਂ ਯਥਾਰਥਤਾ ਕੁਝ ਸ਼ੱਕੀ ਹੈ ਜਾਂ ਜਿਨ੍ਹਾਂ ਦੀ ਜ਼ਿੰਦਗੀ ਉਨ੍ਹਾਂ ਦੇ ਛਪਣ ਤੋਂ ਬਹੁਤ ਪਹਿਲਾਂ ਦੀ ਨਹੀਂ ਹੈ। ਹੋ ਸਕਦਾ ਹੈ ਹਾਲ ਤਕ ਭੀ ਕੁਝ ਗੱਲਾਂ ਲਿਖਣੋਂ ਰਹਿ ਗਈਆਂ ਹੋਣ ਕਿਉਂਕਿ ਇਹ ਪਤਾ ਲਗ ਸਕਣਾ ਔਖਾ ਹੈ ਕਿ ਪਾਠ ਕਰਨ ਵੇਲੇ ਕਿਸ ਪਾਠਕ ਨੂੰ ਕੀ ਸ਼ੱਕ ਪਵੇਗਾ ਜਾਂ ਕਿਸ ਗੱਲ ਬਾਬਤ ਉਸ ਨੂੰ ਹੋਰ ਵਾਕਫ਼ੀ ਦੀ ਲੋੜ ਮਹਿਸੂਸ ਹੋਵੇਗੀ।

ਅਕਾਲੀ ਕੌਰ ਸਿੰਘ ਜੀ ਪਾਸ ਸ੍ਰੀ ਗੁਰ ਸੋਭਾ ਦੀਆਂ ਜੋ ਲਿਖਤੀ ਪੋਥੀਆਂ ਸਨ ਜਾਂ ਜੋ ਅਸਾਂ ਹੋਰ ਵੇਖੀਆਂ ਹਨ ਉਨ੍ਹਾਂ ਵਿਚ ਕੋਈ ਅਜਿਹੇ ਪਾਠਾਂਤਰ ਨਹੀਂ ਸਨ ਜਿਨ੍ਹਾਂ ਨਾਲ ਕੋਈ ਇਤਿਹਾਸਕ ਜਾਂ ਸਾਹਿਤਕ ਫ਼ਰਕ ਪੈਂਦਾ ਹੋਵੇ ਇਸ ਲਈ ਉਨ੍ਹਾਂ ਦਾ ਫੁਟ-ਨੋਟਾਂ ਵਿਚ ਜ਼ਿਕਰ ਕਰਨਾ ਜ਼ਰੂਰੀ ਨਹੀਂ ਸਮਝਿਆ ਗਿਆ। ਅਕਾਲੀ ਜੀ ਵੱਲੋਂ ਛਾਪੀ ਗਈ ਇਸ ਪੋਥੀ ਦੇ ਅੰਤ ਵਿਚ ਛੰਦਾਂ ਦੀ ਕੁਲ ਗਿਣਤੀ ੯੩੮ ਦਿੱਤੀ ਹੋਈ ਹੈ। ਪਰ ਇਹ ਠੀਕ ਨਹੀਂ ਹੈ। ਇਸ ਵਿਚ ਅੱਠ ਅੰਕ ੧੭੫, ੩੮੬, ੩੮੨, ੪੩੭, ੪੭੮, ੬੯੭, ੮੮੧ ਅਤੇ ੮੮੨ ਤਾਂ ਹੈ ਹੀ ਨਹੀਂ, ਅਤੇ ਦੋ ਅੰਕ ੮੭੧, ੮੯੦ ਦੋ ਦੋ ਬਾਰ ਲਿਖੇ ਹੋਏ ਹਨ। ਇਸ ਤਰ੍ਹਾਂ ੯੩੮ ਵਿਚੋਂ ੬ ਅੰਕ ਘਟ ਜਾਂਦੇ ਹਨ। ਦੋ ਛੰਦ ਅੰਕ ੨੦੩ ਅਤੇ ੨੬੦ ਲਿਖਤੀ ਪੋਥੀਆਂ ਵਿਚ ਤਾਂ ਹਨ ਪਰ ਛਪੀ ਹੋਈ ਪੋਥੀ ਵਿਚ ਨਹੀਂ ਸਨ। ਇਹ ਅਸੀਂ ਪਾ ਦਿੱਤੇ ਹਨ। ਇਸ ਨਾਲ ਅੰਕਾਂ ਦੀ ਗਿਣਤੀ ਵਿਚ ਕੇਵਲ ੪ ਦਾ ਘਾਟਾ ਰਹਿ ਜਾਂਦਾ ਹੈ। ਅਸਾਂ ਸਾਰੇ ਅੰਕਾਂ ਨੂੰ ਬਿਨਾਂ ਕਿਸ ਘਾਪੇ ਜਾਂ ਦੋਹਰ ਦੇ ਲਗਾਤਾਰ ਚਲਦੇ ਕਰਕੇ ਗਿਣਤੀ ਨੂੰ ਠੀਕ ਕਰ ਦਿੱਤਾ ਹੈ। ਹੁਣ ਇਸ ਵਿਚ ਸਾਰੇ ੯੩੪ ਛੰਦ ਹਨ।

ਧਿਆਵਾਂ ਦੇ ਸਿਰਲੇਖ ਆਰੰਭ ਵਿਚ ਭੀ ਦੇ ਦੇਣ ਤੋਂ ਬਿਨਾਂ ਅਸਾਂ ਕਿਧਰੇ ਵੀ ਕਿਸੇ ਤਰ੍ਹਾਂ ਦੀ ਕੋਈ ਅਦਲਾ ਬਦਲੀ ਨਹੀਂ ਕੀਤੀ। ਸ਼ਬਦ-ਜੋੜ ਭੀ ਛਪੀ ਹੋਈ ਪੋਥੀ ਵਾਲੇ ਹੀ ਰਹਿਣ ਦਿੱਤੇ ਹਨ। ਜਤਨ ਕੀਤਾ ਗਿਆ ਹੈ ਕਿ ਫੁਟ-ਨੋਟ ਭੀ ਘੱਟ ਤੋਂ ਘੱਟ ਲਾਏ ਜਾਣ ਤਾਂ ਕਿ ਪਾਠ ਦੀ ਚਾਲ ਵਿਚ ਬੇਲੋੜੀ ਰੋਕ ਨਾ ਪਵੇ। ਆਪਣੀ ਵਲੋਂ ਜੋ ਕੁਝ ਕਿਧਰੇ ਲਿਖਣ ਦੀ ਲੋੜ ਮਹਿਸੂਸ ਹੋਈ ਹੈ ਉਹ ਆਰੰਭਿਕ ਬਚਨਾਂ ਅਤੇ ਅੰਤਿਕਾਂ ਵਿਚ ਲਿਖ ਦਿੱਤਾ ਗਿਆ ਹੈ।

ਸ੍ਰੀ ਗੁਰ ਸੋਭਾ ਦੀ ਇਤਿਹਾਸਕ ਕੂਤ ਨੂੰ ਮੁੱਖ ਰਖ ਕੇ ਇਸ ਨੂੰ ਮੁੜ ਪ੍ਰਕਾਸ਼ਨ ਦਾ ਵਿਚਾਰ, ਮੁੱਦਤ ਹੋਈ, ਸੁਰਗਵਾਸੀ ਅਕਾਲੀ ਕੌਰ ਸਿੰਘ ਜੀ ਨਾਲ ਹੋਇਆ ਸੀ ਪਰ ਕਈ ਕਾਰਣਾਂ ਕਰਕੇ ਢਿੱਲ ਪੈਂਦੀ ਗਈ। ਹੁਣ ਸਰਦਾਰ ਕਿਰਪਾਲ ਸਿੰਘ ਜੀ ਨਾਰੰਗ, ਵਾਈਸ-ਚਾਂਸਲਰ, ਵਲੋਂ ਮਿਲੇ ਉਤਸਾਹ ਨਾਲ ਇਸ ਨੂੰ ਪੰਜਾਬੀ ਯੂਨੀਵਰਸਿਟੀ ਵਲੋਂ

ਪ੍ਰਕਾਸ਼ਤ ਕੀਤਾ ਜਾ ਰਿਹਾ ਹੈ । ਇਸ ਲਈ ਮੈਂ ਉਨ੍ਹਾਂ ਦਾ ਅਤਿ ਧੰਨਵਾਦੀ ਹਾਂ, ਅਤੇ ਇਸ ਦੇ ਨਾਲ ਹੀ ਮੈਂ ਸਰਦਾਰ ਹਰਬੰਸ ਸਿੰਘ ਜੀ ਪਹਿਲੇ ਰਜਿਸਟਰਾਰ ਪੰਜਾਬੀ ਯੂਨੀਵਰਸਿਟੀ ਦਾ ਰਿਣੀ ਹਾਂ ਜਿਨ੍ਹਾਂ ਦੀਆਂ ਖਾਮੋਸ਼ ਪਰ ਦਿਲੀ ਪਿਆਰ ਭਰੀਆਂ ਸ਼ੁਭ ਇੱਛਾਂ ਅਤੇ ਅਰਦਾਸਾਂ ਹਰ ਅਜਿਹੇ ਕੰਮ ਵਿਚ ਮੇਰਾ ਸਹਾਰਾ ਬਣੀਆਂ ਰਹਿੰਦੀਆਂ ਹਨ ।

ਲੋਇਰ ਮਾਲ,
ਪਟਿਆਲਾ,
੨੩ ਜੂਨ, ੧੯੬੭

**ਗੰਡਾ ਸਿੰਘ**

# ਸ੍ਰੀ ਗੁਰ ਸੋਭਾ ਸੰਬੰਧੀ

## ਸ੍ਰੀ ਗੁਰ ਸੋਭਾ ਦਾ ਕਰਤਾ

ਇਸ ਪੁਸਤਕ ਦੇ ਲੇਖਕ ਨੇ ਇਸ ਵਿਚ ਕਿਧਰੇ ਭੀ ਆਪਣਾ ਪੂਰਾ ਨਾਉਂ ਪਤਾ ਨਹੀਂ ਦਿੱਤਾ—ਨਾ ਆਦਿ ਵਿਚ, ਨਾ ਅੰਤ ਵਿਚ। ਪੁਸਤਕ ਦਾ ਪਹਿਲਾ ਧਿਆਉ 'ਪੰਥ ਪ੍ਰਗਾਸ ਬਰਨਨ' ਆਰੰਭ ਕਰਨ ਵੇਲੇ 'ਖਾਲਸਾ ਬਾਚ' ਲਿਖਿਆ ਹੋਇਆ ਹੈ ਜਿਸ ਤੋਂ ਇਹ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਇਹ ਲਿਖਤ ਕਿਸੇ ਉਸ ਲੇਖਕ ਦੀ ਹੈ ਜਿਸ ਦਾ ਉਪਨਾਮ (ਤਖ਼ੱਲਸ) 'ਖਾਲਸਾ' ਹੈ ਅਤੇ ਜੋ ਆਪਣੇ ਆਪ ਨੂੰ 'ਖਾਲਸਾ' ਕਹਿਣ ਵਿਚ ਫ਼ਖ਼ਰ ਸਮਝਦਾ ਹੈ। ਬਾਬਾ ਸੁਮੇਰ ਸਿੰਘ ਨੇ ਸ੍ਰੀ ਗੁਰਬਿਲਾਸ ਦਸਮੀਂ ਪਾਤਸ਼ਾਹੀ ਕਾ ਦੇ ਪੰਨੇ ੭੧੩ ਵਿਚ ਆਪਣੇ ਗ੍ਰੰਥ ਦੇ ਆਧਾਰ ਦਸਦੇ ਹੋਏ ਸਭ ਤੋਂ ਪਹਿਲਾਂ ਗੁਰ ਸੋਭਾ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਹੈ :

ਸੈਨਾ ਸਿੰਘ ਕਹੀ ਗੁਰ ਸੋਭਾ
ਸਤ੍ਰਹ ਸ਼ਤ ਅਠਸਠ ਨਿਜ ਓਭਾ।

ਇਸ ਤੋਂ ਲੇਖਕ ਦਾ ਨਾਉਂ 'ਸੈਨਾ ਸਿੰਘ' ਹੋਣ ਦਾ ਪਤਾ ਲਗਦਾ ਹੈ। ਪੰਡਤ ਤਾਰਾ ਸਿੰਘ ਨਰੋਤਮ ਨੇ ਸ੍ਰੀ ਗੁਰੂ ਤੀਰਥ ਸੰਗ੍ਰਹ ਵਿਚ ਗੁਰ ਸੋਭਾ ਦੇ ਕਰਤਾ ਦਾ ਨਾਉਂ ਗੁਰੂ ਜੀ ਕਾ ਕਵਿ ਸੈਨਾਪਤਿ ਦਿੱਤਾ ਹੈ (ਪੰਨਾ ੧੨੦, ਅੰਕ ੭)। ਭਾਈ ਕਾਨ੍ਹ ਸਿੰਘ ਜੀ ਗੁਰਸ਼ਬਦ ਰਤਨਾਕਰ ਮਹਾਨ ਕੋਸ਼ ਵਿਚ ਗੁਰ ਸੋਭਾ ਦੇ ਕਰਤਾ ਦਾ ਨਾਉਂ ਸੈਨਾਪਤਿ ਦਸਦੇ ਹਨ ਅਤੇ ਕਹਿੰਦੇ ਹਨ ਕਿ ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਦਾ ਇਕ ਲਿਖਾਰੀ ਅਤੇ ਕਵੀ ਸੀ ਜਿਸ ਨੇ ਚਾਣਕਯ ਨੀਤੀ ਦਾ ਉਲਥਾ ਕੀਤਾ ਹੈ :

ਗੁਰ ਗੋਬਿੰਦ ਕੀ ਸਭਾ ਮੇ ਲੇਖਕ ਪਰਮ ਸੁਜਾਨ।
ਚਾਣਾਕੇ ਭਾਖਾ ਕਰੀ ਕਵਿ ਸੈਨਾਪਤਿ ਮਾਨ॥

ਚਣਾਕਾ ਸ਼ਾਸਤ੍ਰ ਭਾਖਾ ਦੀਆਂ ਜਿਤਨੀਆਂ ਭੀ ਲਿਖਤਾਂ ਮਿਲਦੀਆਂ ਹਨ ਉਨ੍ਹਾਂ ਸਾਰੀਆਂ ਵਿਚ ਸੋਲ੍ਹਵੇਂ ਧਿਆਇ ਦੇ ਅੰਤ ਪਰ ਇਹੋ ਬੰਦ ਮਿਲਦਾ ਹੈ। ਇਸ ਤੋਂ ਵਧ ਲੇਖਕ ਵਲੋਂ ਹੋਰ ਕੋਈ ਬਹੁ ਪਤਾ ਕਿਧਰੇ ਨਹੀਂ ਦਿੱਤਾ ਹੋਇਆ।

ਗੁਰਮਤ-ਮਾਰਤੰਡ ਜਿਲਦ ੧, ਪੰਨਾ ੭੯, ਵਿਚ ਭਾਈ ਕਾਨ੍ਹ ਸਿੰਘ ਜੀ ਗੁਰ ਸੋਭਾ ਦਾ ਜ਼ਿਕਰ ਕਰਦੇ ਹੋਏ ਦਸਦੇ ਹਨ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦਰਬਾਰ ਵਿਚ ਗੁਰਮੁਖੀ ਅਤੇ ਸੰਸਕ੍ਰਿਤ ਦਾ ਚੰਗਾ ਲਿਖਾਰੀ ਕਵਿ ਸੈਨਾਪਤਿ ਸੀ ਜਿਸ ਦੀ ਗਿਣਤੀ ਗੁਰੂ ਸਾਹਿਬ ਦੇ ਬਵੰਜਾ ਕਵੀਆਂ ਵਿਚ ਆਈ ਹੈ। ਇਹ ਗੁਰ ਸੋਭਾ ਗ੍ਰੰਥ ਸੈਨਾਪਤਿ ਦੀ ਰਚਨਾ ਹੈ ਜੋ ਸੰਮਤ ੧੭੬੮ ਵਿਚ ਤਿਆਰ ਹੋਇਆ ਹੈ। ਇਸ ਕਵੀ ਨੇ ਚਾਣਕਯ ਨੀਤੀ

ਦਾ ਉਲਥਾ ਭੀ ਕੀਤਾ ਹੈ । ਇਸ ਤੋਂ ਅੱਗੇ ਭਾਈ ਸਾਹਿਬ ਨੇ ਉਪਰਲੇ ਦੋਹਰੇ ਦਾ ਹਵਾਲਾ ਦਿੱਤਾ ਹੈ ।

ਇਸ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਚਾਣਕ ਸ਼ਾਸਤਰ ਭਾਖਾ ਅਤੇ ਸ੍ਰੀ ਗੁਰ ਸੋਭਾ ਦੋਹਾਂ ਦਾ ਲੇਖਕ ਕਵਿ ਸੈਨਾਪਤਿ ਸੀ ਜੋ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਦਰਬਾਰੀ ਕਵੀ ਤੇ ਲਿਖਾਰੀ ਸੀ ਪਰ ਇਨ੍ਹਾਂ ਦੋਹਾਂ ਗ੍ਰੰਥਾਂ ਵਿਚ ਕਵੀ ਨੇ ਆਪਣਾ ਖ਼ਾਨਦਾਨ ਅਤੇ ਥਹੁ ਪਤਾ ਨਹੀਂ ਦੱਸਿਆ । ਪਰ ਜੈਨੀ ਰਿਖੀ ਪਦਮ ਰੰਗ ਦੇ ਚੇਲੇ ਰਾਮ ਚੰਦ ਦੀ ਲਿਖੀ ਰਾਮ-ਬਿਨੋਦ ਨਾਮੀ ਵੈਦਕ ਦੀ ਪੋਥੀ ਦੇ ਕਵੀ ਸੈਨਾਪਤਿ ਵਲੋਂ ਕੀਤੇ ਹੋਏ ਭਾਖਾ ਵਿਚ ਉਲਥੇ ਸੁਖ-ਸੈਨ ਨਾਮੀ ਗ੍ਰੰਥ ਦੇ ਆਰੰਭ ਅਤੇ ਅੰਤ (ਬੰਦ ਅੰਕ ੫,੬,੮-੧੭, ੧੧੦੬) ਦੇ ਹੇਠ ਲਿਖੇ ਬੰਦਾਂ ਵਿਚ ਆਪਣਾ ਕੁਝ ਕੁ ਪਤਾ ਇਸ ਤਰ੍ਹਾਂ ਦਿੱਤਾ ਹੈ :

ਜਗਤ ਰਾਇ ਦਿਜ ਬੈਦ ਹਿਤ ਚੰਦ੍ਰ ਸੇਨ ਮਿਤ੍ਰ ।
ਸਹਰ ਵਜ਼ੀਰਾਬਾਦ ਮੈਂ, ਕੀਨੋ ਗ੍ਰੰਥ ਬਚਿਤ੍ਰ ॥ ੫ ॥
ਅਥ ਕਵਿ ਬੰਸ ਬਰਨਨੰ ॥

ਦੋਹਰਾ

ਸੰਭੂ ਜਟਾ ਤੇ ਕਹਤ ਹੈ ਜਾਟ ਬੰਸ ਅਵਤਾਰ ।
ਮਾਨ ਗੋਤ੍ਰ ਤਾਂ ਤੇ ਪ੍ਰਗਟਿ ਜਾਨਤ ਸਭ ਸੰਸਾਰ ॥ ੬ ॥
ਬਾਲ ਚੰਦ ਤਿਹ ਗੋਤ੍ਰ ਮੈਂ ਲੇਖਕ ਅਪਰ ਅਪਾਰ ।
ਬਾਸੀ ਸ਼ਹਰ ਲਾਹੌਰ ਕੋ ਲਿਖਣਿ ਪਢਨ ਮੋਂ ਪਯਾਰ ॥ ੮ ॥
ਚੰਦ੍ਰ ਸੈਨ ਤਾਂ ਕੋ ਤਨੁਜ ਕਵਿ ਮਤਿ ਮੰਦ ਗਵਾਰ ।
ਗੁਰ ਗੋਇੰਦ ਕੀ ਸਭਾ ਮਹਿ-ਜਿਹ ਪਾਯੋ ਅਧਿਕਾਰ ॥ ੯ ॥
ਤਾ ਕੋ ਬਿੱਦਯਾ ਗੁਰ ਮਿਲਯੋ ਚੰਦਨ ਦੇਵੀ ਦਾਸ ।
ਕੀਓ ਆਪ ਸਮ ਨਿੰਮੁ ਤੈਂ ਦੇ ਕੈ ਬੁਧ ਸੁਬਾਸ ॥ ੧੦ ॥
ਜਗਤ ਰਾਇ ਦਿਜ ਬੈਦ ਬਰ ਬਸਤ ਵਜ਼ੀਰਾਬਾਦ ।
ਸੈਨਾਪਤਿ ਸੋ ਮਿਤ੍ਰਈ ਕੀਨੀ ਪਰਮ ਸਵਾਦ ॥ ੧੧ ॥
ਜਗਤ ਰਾਇ ਇਕ ਦਿਨ ਕਹਯੋ ਸੈਨਾਪਤਿਹਿ ਸੁਨਾਇ ।
ਪੋਥੀ ਰਾਮ ਬਿਨੋਦ ਪੁਨਿ ਭਾਖਾ ਦੇਹੁ ਬਨਾਇ ॥ ੧੨ ॥
ਸਮੈ ਪਾਇ ਕੈ ਸੈਨ ਕਵਿ ਕਰੀ ਤਹਾਂ ਤੇ ਦੌਰ ।
ਸ਼ਹਰ ਵਜ਼ੀਰਾਬਾਦ ਮੈ ਆਇ ਬਸਯੋ ਸੁਭ ਠੌਰ ॥ ੧੩ ॥
ਪਦਮ ਰੰਗ ਰਿਖਿ ਜੈਨ ਮਤ ਮਹਾਂ ਬਦ ਮਤਿ ਮੰਦ ।
ਰਾਮ ਚੰਦ ਤਿਹ ਸਿਖਯ ਲੈ ਕੀਨੋ 'ਰਾਮ ਬਿਨੋਦ' ॥ ੧੪ ॥
ਬੈਦ ਗ੍ਰੰਥ ਸਭ ਮਥਨ ਕੈ ਔਖਧਿ ਸੁੰਦਰ ਬੀਨ ।
ਭਾਖਾ ਰਾਮ ਬਿਨੋਦ ਕੀ ਸੁੰਦਰ ਪੋਥੀ ਕੀਨ ॥ ੧੫ ॥
ਤਿਹ ਪ੍ਰਸਾਦਿ ਕਵਿ ਸੈਨ ਮਨ ਅਤਿ ਹੀ ਉਪਜਯੋ ਚੈਨ ।
ਪਲਟ ਯਹ ਭਾਖਾ ਬਹੁਰ ਧਰੋ ਨਾਮ ਸੁਖ ਸੈਨ ॥ ੧੬ ॥

ਜਯੋਂ ਦੀਪਕ ਤੇ ਦੀਪ ਕੌ ਬਾਹਰ ਰਖੀਐ ਐਨ ।
ਤੈਸੇ ਰਾਮ ਬਿਨੋਦ ਤੇ ਗ੍ਰੰਥ ਕੀਓ ਸੁਖ ਸੈਨ ॥ ੧੭ ॥...
ਆਰਿਖ ਪੌਰਖਿ ਸਭ ਦੇਖਿ ਕੈ, ਇਨ ਕਾ ਮਤਿ ਮੈ ਸਭੁ ਲੀਆ ।
ਸੁਖ ਸੈਨ ਨਾਮ ਯਾ ਗ੍ਰੰਥ ਕੋ, ਸੈਨਾਪਤਿ ਭਾਖਾ ਕੀਆ ॥ ੧੧੦੬ ॥

ਇਤਿ ਸ੍ਰੀ ਸੈਨਾਪਤਿ ਮਾਨ ਮਿਸ੍ਰ ਜਗਤ ਰਾਇ ਹਿਤ ਬਿਰਚਿਤੇ ਸ੍ਰੀ ਸੈਨ ਸੁਖ ਗ੍ਰੰਥੇ...ਇਤਿ ਪੋਥੀ ਸੈਨ ਸੁਖ ਸਮਾਪਤਮਸਤੁ ਸੁਭਮਸਤੁ । ਸੁਖ ਸੈਨ ਸੰਪੂਰਨ ਹੋਇਆ ਮਹੀਨੇ ਫਗਣਿ, ਸੰਮਤ ੧੮੭੫ ਪ੍ਰਵਿਸਟਿ ੨੮, ਸੁਕਲ ਪਖੁ ਥਿਤ ੧੪ ਵਾਰੁ ਬੁਧੁ ਸੰਧੂਰਨ ਹੋਇਆ ।

ਇਹ ਪੁਸਤਕ ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਦੀ ਲਾਇਬ੍ਰੇਰੀ ਵਿਚ ਨੰਬਰ ੨੭੪ ਹੇਠ ਸੁਰੱਖਿਅਤ ਹੈ (ਪੰਜਾਬੀ ਹੱਥ-ਲਿਖਤਾਂ ਦੀ ਸੂਚੀ, ਭਾਗ ਦੂਜਾ, ਪੰਨਾ ੪੨੨-੪੨੪) ।

ਇਸ ਤੋਂ ਇਹ ਪਤਾ ਲਗਦਾ ਹੈ ਕਿ ਸੈਨਾਪਤਿ ਦਾ ਅਸਲ ਨਾਉਂ ਚੰਦਰ ਸੈਨ ਸੀ ਅਤੇ ਉਹ ਮਾਨ ਗੋਤ ਦਾ ਜੱਟ ਸੀ । ਇਸ ਦੇ ਪਿਉ ਦਾਦੇ ਲਾਹੌਰ ਦੇ ਰਹਿਣ ਵਾਲੇ ਸਨ । ਇਸ ਦੇ ਪਿਤਾ ਦਾ ਨਾਉਂ ਬਾਲ ਚੰਦ ਮਾਨ ਸੀ ਜਿਸ ਨੂੰ ਪੜ੍ਹਣ ਲਿਖਣ ਨਾਲ ਬੜਾ ਪਿਆਰ ਸੀ । ਚੰਦਰ ਸੈਨ ਦਾ ਵਿਦਿਆ-ਗੁਰੂ ਦੇਵੀ ਦਾਸ ਚੰਦਨ ਸੀ ਜਿਸ ਨੇ ਇਸ ਨੂੰ ਚੰਗਾ ਵਿਦਵਾਨ ਬਣਾ ਦਿੱਤਾ ਅਤੇ ਇਸ ਨੂੰ ਆਨੰਦਪੁਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਵਿਚ ਪਹੁੰਚਾ ਦਿੱਤਾ ਜਿਥੇ ਇਹ ਉਨ੍ਹਾਂ ਦੇ ਦਰਬਾਰੀ ਕਵੀਆਂ ਵਿਚ ਗਿਣਿਆ ਗਿਆ । ਕੁਝ ਸਮੇਂ ਪਿਛੋਂ ਇਹ ਵਜ਼ੀਰਾਬਾਦ ਜਾ ਵਸਿਆ ਅਤੇ ਇਸ ਨੇ ਆਪਣੇ ਮਿੱਤਰ ਮਿੱਸਰ ਜਗਤ ਰਾਇ ਵੈਦ ਦੇ ਕਹਿਣ ਤੇ ਰਾਮ ਚੰਦ ਲਿਖਿਤ ਰਾਮ-ਬਿਨੋਦ ਗ੍ਰੰਥ ਦਾ ਸੁਖਸੈਨ (ਸ੍ਰੀ ਸੈਨਾ ਸੁਖ) ਨਾਉਂ ਹੇਠਾਂ ਭਾਖਾ ਵਿਚ ਉਲਥਾ ਕੀਤਾ । ਇਸ ਗ੍ਰੰਥ ਦੇ ਅੰਤ ਵਿਚ ਲਿਖਿਆ ਹੋਇਆ ਹੈ ਕਿ :

ਇਤਿ ਸ੍ਰੀ ਸੈਨਾਪਤਿ ਮਾਨ ਮਿਸ੍ਰ ਜਗਤ ਟਾਇ ਹਿਤ ਬਿਰਚਤੇ ਸ੍ਰੀ ਸੈਨ ਸੁਖ ਗ੍ਰੰਥ...ਇਤਿ ਪੋਥੀ ਸੈਨਸੁਖ ਸਮਾਪਤਮ ਸਤੁ ਸੁਭਮ ਸਤੁ ।

ਸੈਂਟਰਲ ਪਬਲਿਕ ਲਾਇਬ੍ਰੇਰੀ ਪਟਿਆਲਾ, ਵਿਚ ਨੰਬਰ ੧੭੪/੬੫੧ ਦੀ ਪੋਥੀ ਸੁਖ-ਸੈਨ ਦੇ ਆਰੰਭ ਵਿਚ ਪੰਨਾ ੧ ਪਰ ਇਹ ਬੰਦ ਹੈ :

ਨਮੋ ਧਨੰਤ੍ਰ ਬੈਦ ਪਤ ਅਮੀ ਡੀਠ ਸੁਖ ਕਾਰ ।
ਦੀਜੈ ਬਰ ਸੁਖ ਸੈਨ ਕੋ ਭਾਖਾ ਕਰੋ ਸੁਧਾਰ ।
ਜਗਤ ਰਾਇ ਦਿਜ ਬੈਦ ਸੁਤ ਚੰਦਰ ਸੈਨ ਤਿਹ ਮਿਤ੍ਰ ।
ਸ਼ਹਰ ਬਜ਼ੀਰਾਬਾਦ ਮੈ ਕੀਨੋ ਗਿਰੰਥ ਪਵਿਤ੍ਰ ।

੧੨੦ਵੇਂ ਪਤਰੇ ਦੇ ਦੂਸਰੇ ਪਾਸੇ ਇਸ ਦੀ ਸਮਾਪਤੀ ਇਸ ਤਰ੍ਹਾਂ ਕੀਤੀ ਹੈ :

ਇਤਿ ਸ੍ਰੀ ਸੈਨਾਪਤ ਮਾਨ ਮਿਸ੍ਰ ਜਗਤ ਰਾਇ ਹਿਤ ਬ੍ਰਿਚਤੇ ਸ੍ਰੀ ਸੈਨ ਸੁਖ ਗ੍ਰਿੰਥੇ ਸੰਪੂਰਨੰ ॥ ਸੰਮਤ ੧੯੧੧ ਮਹੀਨਾ ਪੋਹੁ ਦਿਨ ੨੭ ਗਏ ਲਿਖੀ । ॥ ਸੁਭਮਸਤੁ ॥

ਉਪਰਲੇ ਬੰਦਾਂ ਨੂੰ ਇਸ ਨਾਲ ਰਲਾ ਕੇ ਪੜ੍ਹਨ ਨਾਲ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਚੰਦਰ ਸੈਨ ਮਾਨ ਅਤੇ ਸੈਨਾਪਤਿ ਮਾਨ ਉਹੀ ਆਦਮੀ ਹੈ ਜੋ ਸੁਖ-ਸੈਨ ਜਾਂ ਸੈਨ-ਸੁਖ ਗ੍ਰੰਥ ਦਾ ਕਰਤਾ ਹੈ ਅਤੇ ਜਿਸ ਨੇ ਚਣਾਕਾ ਸ਼ਾਸਤਰ ਅਤੇ ਸ੍ਰੀ ਗੁਰ ਸੋਭਾ ਗ੍ਰੰਥ ਲਿਖੇ ਹਨ।

ਬਾਕੀ ਰਿਹਾ ਇਹ ਕਿ ਬਾਬਾ ਸੁਮੇਰ ਸਿੰਘ ਨੇ ਸ੍ਰੀ ਗੁਰ ਸੋਭਾ ਦੇ ਕਰਤਾ ਨੂੰ ਸੈਨਾ ਸਿੰਘ ਕਿਹਾ ਹੈ। ਇਸ ਦਾ ਪ੍ਰਤੱਖ ਕਾਰਣ ਇਹ ਜਾਪਦਾ ਹੈ ਕਿ ਚੰਦਰ ਸੈਨ ਕਵੀ ਦੇ ਤੌਰ ਤੇ ਜਿਵੇਂ ਆਪਣੇ ਆਪ ਨੂੰ ਸੈਨ ਕਵਿ ਅਤੇ ਕਵਿ ਸੈਨਾਪਤਿ ਕਹਿੰਦਾ ਹੈ ਤਿਵੇਂ ਹੀ ਜਦ ਗੁਰੂ ਗੋਬਿੰਦ ਸਿੰਘ ਜੀ ਨੇ ਖੰਡੇ ਦੀ ਪਾਹੁਲ ਅਰਥਾਤ ਖੰਡੇ ਦਾ ਅੰਮ੍ਰਿਤ ਛਕਾ ਕੇ ਖਾਲਸਾ ਸਾਜਿਆ ਅਤੇ ਸਿੱਖਾਂ ਨੂੰ 'ਸਿੰਘ' ਪਦਵੀ ਬਖ਼ਸ਼ੀ ਅਤੇ ਸਭ ਅਮ੍ਰਿਤਧਾਰੀਆਂ ਨੂੰ ਆਪਣੇ ਨਾਵਾਂ ਨਾਲ 'ਸਿੰਘ' ਦੀ ਵਰਤੋਂ ਦਾ ਹੁਕਮ ਦਿੱਤਾ, ਅਤੇ ਖ਼ੁਦ ਭੀ ਗੋਬਿੰਦ ਦਾਸ ਤੋਂ ਗੋਬਿੰਦ ਸਿੰਘ ਹੋ ਗਏ, ਸੈਨ ਕਵਿ (ਸੈਨਾਪਤਿ) ਭੀ ਸੈਨਾ ਸਿੰਘ ਹੋ ਗਿਆ। ਸ੍ਰੀ ਗੁਰ ਸੋਭਾ ਵਿਚ ਲੇਖਕ ਨੇ ਖਾਲਸੇ ਦੀ ਸਾਜਨਾ ਤੋਂ ਬਾਅਦ ਜਿਸ ਜੋਸ਼ ਅਤੇ ਜ਼ੋਰ ਨਾਲ ਖਾਲਸੇ ਦੀ ਉਪਮਾ ਕੀਤੀ ਹੋਈ ਹੈ ਅਤੇ ਖਾਲਸੇ ਦੀ ਰਹਿਤ ਦਾ ਪਰਚਾਰ ਕੀਤਾ ਹੈ ਉਸ ਤੋਂ ਉੱਕੀ ਹੀ ਕੋਈ ਸ਼ੱਕ ਨਹੀਂ ਰਹਿ ਜਾਂਦੀ ਕਿ ਉਹ ਸਿੰਘ ਸਜ ਕੇ ਖਾਲਸਾ ਹੋ ਗਿਆ ਸੀ ਅਤੇ ਇਸੇ ਅਸਰ ਹੇਠਾਂ ਉਸ ਨੇ ਆਪਣੇ ਆਪ ਨੂੰ ਖਾਲਸਾ ਭੀ ਕਿਹਾ ਹੈ ਅਤੇ ਸ੍ਰੀ ਗੁਰ ਸੋਭਾ ਦੇ ਆਰੰਭ ਵਿਚ ਪਹਿਲਾ ਧਿਆਇ ਸ਼ੁਰੂ ਕਰਨ ਲੱਗਿਆਂ 'ਖਾਲਸਾ ਬਾਚ' ਲਿਖਿਆ ਹੈ, ਅਰਥਾਤ ਇਹ ਰਚਨਾ 'ਖਾਲਸਾ' ਨੇ ਕੀਤੀ ਹੈ। ਇਸ ਸਾਰੀ ਵਿਚਾਰ ਤੋਂ ਅਸੀਂ ਇਸੇ ਸਿੱਟੇ ਤੇ ਪੁਜਦੇ ਹਾਂ ਕਿ ਸੈਨ ਕਵਿ, ਕਵਿ ਸੈਨਾਪਤਿ, ਸੈਨਾ ਸਿੰਘ ਅਤੇ ਖਾਲਸਾ ਇਕੋ ਹੀ ਆਦਮੀ ਹੈ ਜਿਸ ਨੇ ਸ੍ਰੀ ਗੁਰ ਸੋਭਾ ਦੀ ਰਚਨਾ ਕੀਤੀ ਹੈ।

## ਇਕ ਹੋਰ ਕਵੀ ਸੈਨਾਪਤਿ

ਸੈਨਾਪਤਿ ਉਪਨਾਉਂ ਦਾ ਇਕ ਹੋਰ ਕਵੀ ਭੀ ਹੋਇਆ ਹੈ। ਪਰ ਉਹ ਪੂਰਬ ਦਾ ਵਾਸੀ ਸੀ। ਉਸ ਦੇ ਪਿਉ ਦਾ ਨਾਉਂ ਗੰਗਾਧਰ ਅਤੇ ਬਾਬੇ ਦਾ ਨਾਉਂ ਪਰਸ ਰਾਮ ਸੀ। ਇਸ ਦੇ ਲਿਖੇ ਹੋਏ ਦੋ ਹਿੰਦੀ ਗ੍ਰੰਥ ਹਨ, ਕਾਵਿ-ਕਲਪਦਰਮ ਅਤੇ ਕਵਿੱਤ-ਰਤਨਾਕਰ। ਪਹਿਲੇ ਗ੍ਰੰਥ ਦਾ ਕੇਵਲ ਨਾਉਂ ਹੀ ਪਤਾ ਹੈ, ਦੂਸਰਾ ਕਵਿੱਤ-ਰਤਨਾਕਰ ਸ੍ਰੀ ਉਮਾ ਸ਼ੰਕਰ ਸ਼ੁਕਲ ਦਾ ਸੰਪਾਦਿਨ ਕੀਤਾ ਹੋਇਆ ਅਲਾਹਾਬਾਦ ਯੂਨੀਵਰਸਿਟੀ ਵਲੋਂ ਛਪਿਆ ਹੋਇਆ ਮਿਲਦਾ ਹੈ। ਇਹ ਸੰਮਤ ੧੭੦੬ ਬਿਕਰਮੀ, ਸੰਨ ੧੬੪੯ ਈਸਵੀ, ਵਿਚ ਲਿਖਿਆ ਗਿਆ ਸੀ ਅਤੇ ਇਸ ਵੇਲੇ ਇਸ ਦਾ ਲੇਖਕ ਬੁੱਢਾ ਹੋ ਚੁੱਕਾ ਸੀ। ਸੰਪਾਦਕ ਜੀ ਦਾ ਖ਼ਿਆਲ ਹੈ ਕਿ ਇਹ ਸਨ ੧੬੧੦-੨੦ ਈ: ਵਿਚ ਲਿਖਿਆ ਗਿਆ ਸੀ। ਇਹ ਸਮਾਂ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਦਾ ਸੀ। ਇਸ ਤਰ੍ਹਾਂ ਸ੍ਰੀ ਗੁਰ ਸੋਭਾ ਇਸ ਤੋਂ ਸੌ ਸਾਲ ਬਾਅਦ ਦੀ ਲਿਖਤ ਹੈ। ਇਹ ਵੇਰਵਾ ਇਸ ਲਈ ਦਿੱਤਾ ਗਿਆ ਹੈ ਤਾਂ ਕਿ ਕਿਸੇ ਨੂੰ ਭੁਲੇਖਾ ਲੱਗਣ ਦੀ ਗੁੰਜਾਇਸ਼ ਨਾ ਰਹੇ।

## ਇਸ ਦੇ ਲਿਖੇ ਜਾਣ ਦਾ ਸਮਾਂ

ਸ੍ਰੀ ਗੁਰ ਸੋਭਾ ਦੀਆਂ ਕੁਝ ਲਿਖਤੀ ਪੋਥੀਆਂ ਅਤੇ ਅਕਾਲੀ ਕੌਰ ਸਿੰਘ ਵਲੋਂ ਛਾਪੀ ਗਈ ਪੋਥੀ ਦੇ ਆਰੰਭ ਦੇ ਅੰਕ ੬ ਵਿਚ ਇਸ ਦੇ ਲਿਖੇ ਜਾਣ ਦੀ ਤਾਰੀਖ ਇਸ

ਤਰ੍ਹਾਂ ਦਿਤੀ ਹੋਈ ਹੈ :

ਸੰਮਤ ਸਤ੍ਰਹ ਸੈ ਭਏ ਬਰਖ ਅਠਾਵਨ ਬੀਤ ।
ਭਾਦਵ ਸੁਦ ਪੰਦ੍ਰਸ ਭਈ ਰਚੀ ਕਥਾ ਕਰਿ ਪ੍ਰੀਤ ।

ਕਿ ੧੭੫੮ ਸੰਮਤ ਦੀ ਭਾਦੋਂ ਸੁਦੀ ੧੫ ਨੂੰ ਇਹ ਕਥਾ ਰਚੀ ਗਈ ਅਰਥਾਤ ਇਸ ਦੀ ਰਚਨਾ ਸਮਾਪਤ ਹੋਈ । ਇਹ ਮਿਤੀ ੬ ਸਤੰਬਰ ਸੰਨ ੧੭੦੧ ਈਸਵੀ ਬਣਦੀ ਹੈ । ਪਰ ਇਸ ਦੀ ਰਚਨਾ ਦਾ ਇਹ ਸੰਮਤ ਠੀਕ ਨਹੀਂ ਹੋ ਸਕਦਾ । ਇਸ ਵਿਚ ਆਈਆਂ ਘਟ-ਨਾਵਾਂ ਜਿਵੇਂ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਦੱਖਣ ਦੇਸ ਨੂੰ ਜਾਣਾ ਅਤੇ ਨਾਂਦੇੜ ਵਿਚ ਜੋਤੀ ਜੋਤਿ ਸਮਾਉਣਾ ਆਦਿ, ਸੰਮਤ ੧੭੬੫ (ਸੰਨ ੧੭੦੮ ਈਸਵੀ) ਵਿਚ ਵਾਪਰੀਆਂ ਹਨ । ਇਸ ਦੇ ਸੰਗ੍ਰਹ ਕਰਤਾ ਅਕਾਲੀ ਕੌਰ ਸਿੰਘ ਨਿਹੰਗ ਨੇ ਪੰਨਾ ੪ ਪਰ ਦਿੱਤੇ ਫੁਟ-ਨੋਟ ਵਿਚ ਸੁਝਾਓ ਦਿੱਤਾ ਹੈ ਕਿ 'ਅਠਾਵਨ' ਦਾ ਪਾਠ 'ਅਠਾਨਵ' ਭੀ ਹੋ ਸਕਦਾ ਹੈ । ਇਹ ਸੁਝਾਓ ਪਰਵਾਨ ਕਰ ਲੈਣਾ ਜ਼ਰਾ ਸੌਖਾ ਹੋ ਜਾਂਦਾ ਜੇ ਇਸ ਦੇ ਲਿਖੇ ਜਾਣ ਦਾ ਹੋਰ ਕਿਧਰਿਉਂ ਭੀ ਕੋਈ ਥਹੁ ਪਤਾ ਨਾ ਲਗਦਾ । ਪਰ ਬਾਬਾ ਸੁਮੇਰ ਸਿੰਘ ਲਿਖਤ ਸ੍ਰੀ ਗੁਰੂ ਪਦ ਪ੍ਰੇਮ ਪ੍ਰਕਾਸ਼ ਗੁਰਬਿਲਾਸ ਪਾਦਸ਼ਾਹੀ ਦਸਵੀਂ ਗੁਰੂ ਗੋਬਿੰਦ ਸਿੰਘ ਚਰਿਤ੍ਰ ਦੇ ਪੰਨਾ ੭੧੩ ਪਰ ਲੇਖਕ ਨੇ ਕੁਝ ਹੋਰ ਗ੍ਰੰਥਾਂ ਦਾ ਪਤਾ ਦਿੰਦੇ ਹੋਏ ਲਿਖਿਆ ਹੈ :

ਸੈਨਾ ਸਿੰਘ ਕਹੀ ਗੁਰ ਸੋਭਾ ।
ਸਤ੍ਰਹ ਸਤ ਅਠਸਠ ਨਿਜ ਉਭਾ ॥ ੫ ॥
[ਮੰਡਲ ੧੦, ਖੰਡ ੪, ਪੰਨਾ ੭੧੩]

ਭਾਈ ਕਾਨ੍ਹ ਸਿੰਘ ਜੀ ਨੇ ਭੀ ਗੁਰਮਤ ਸੁਧਾਰਕ (ਤੀਜੀ, ਬਾਰ ੧੯੨੨, ਕਲਾ ੧੨ ਪੰਨਾ ੪੮੫) ਵਿਚ ਸ੍ਰੀ ਗੁਰ ਸੋਭਾ ਦੇ ਲਿਖੇ ਜਾਣ ਦਾ ਸੰਮਤ ੧੭੬੮ ਬਿਕਰਮੀ ਦਿੱਤਾ ਹੈ (ਹੋਰ ਦੇਖੋ ਗੁਰਮਤ ਮਾਰਤੰਡ, ਜਿਲਦ ੧, ਪੰਨਾ ੭੯) । ਛਪੀ ਪੁਸਤਕ ਅਤੇ ਕੁਝ ਲਿਖਤੀ ਪੋਥੀਆਂ ਦੇ ਆਰੰਭ ਵਿਚ ਜੋ ਸੰਮਤ ੧੭੫੮ ਦਿੱਤਾ ਹੋਇਆ ਹੈ ਉਸ ਦੇ ਨਾਲ ਜੇ ਮਿਤੀ ਭਾਦੋਂ ਸੁਦੀ ੧੫ ਨਾ ਦਿੱਤੀ ਹੋਈ ਹੁੰਦੀ ਤਾਂ ਉਸ ਦਾ ਇਹ ਅਰਥ ਹੋ ਸਕਦਾ ਸੀ ਕਿ ਲੇਖਕ ਨੇ ਪਹਿਲਾਂ ਇਹ ਪੋਥੀ ਸੰਮਤ ੧੭੫੮ ਵਿਚ ਲਿਖਣੀ ਸ਼ੁਰੂ ਕੀਤੀ ਅਤੇ ਪਿਛੋਂ ਸੰਮਤ ੧੭੬੮ ਵਿਚ ਸੰਪੂਰਣ ਕੀਤੀ । ਪਰ ਉਥੇ ਸ਼ਬਦ 'ਰਚੀ' ਦਿੱਤਾ ਹੋਇਆ ਹੈ । ਸੰਮਤ ਭਾਵੇਂ ਆਰੰਭ ਵਿਚ ਦਿੱਤਾ ਹੋਇਆ ਹੋਵੇ ਭਾਵੇਂ ਅੰਤ ਵਿਚ, ਜੇ ਉਸ ਦੇ ਨਾਲ ਇਹ ਵੇਰਵਾ ਸਪੱਸ਼ਟ ਤੌਰ ਤੇ ਨਾ ਦਿੱਤਾ ਹੋਇਆ ਹੋਵੇ ਕਿ ਉਦੋਂ ਪੋਥੀ ਆਰੰਭ ਕੀਤੀ ਜਾਂ ਸੰਪੂਰਣ ਹੋਈ, ਤਾਂ 'ਰਚੀ' ਸ਼ਬਦ ਦੇ ਅਰਥ ਰਚ ਕੇ ਸਮਾਪਤ ਕੀਤੀ ਹੀ ਲੈਣੇ ਪੈਂਦੇ ਹਨ । ਪਰ ਸੰਮਤ ੧੭੫੮ ਇਸ ਦੇ ਮੌਜੂਦਾ ਹਾਲਤ ਵਿਚ ਸਮਾਪਤ ਹੋਣ ਦਾ ਨਹੀਂ ਹੋ ਸਕਦਾ ।

ਹਾਂ ਇਕ ਗੱਲ ਹੋਰ ਭੀ ਹੋ ਸਕਦੀ ਹੈ ਕਿ ਕਵੀ ਨੇ ਇਸ ਗ੍ਰੰਥ ਨੂੰ ਵੱਖ ਵੱਖ ਸਮਿਆਂ ਵਿਚ ਲਿਖਿਆ ਹੋਵੇ, ਪਹਿਲਾਂ ੧੭੫੮ ਵਿਚ ਉਸ ਵੇਲੇ ਤਕ ਦੇ ਹਾਲਾਤ, ਅਤੇ ਓਦੋਂ ਇਨ੍ਹਾਂ ਦੇ ਰਚੇ ਜਾਣ ਦੀ ਤਾਰੀਖ ਸੰਮਤ ੧੭੫੮ ਦੇ ਦਿੱਤੀ, ਅਤੇ ਫੇਰ ਕੁਝ ਸਮਾਂ ਬੀਤ ਜਾਣ ਪਿਛੋਂ ਜਦ ਗੁਰੂ ਸਾਹਿਬ ਦੇ ਜੋਤੀ ਜੋਤਿ ਸਮਾਉਣ ਤਕ ਦੇ ਹਾਲਾਤ ਲਿਖੇ ਤਾਂ ਉਸ ਸੰਮਤ ਨੂੰ ਬਦਲ ਕੇ ੧੭੬੮ ਕਰ ਦਿੱਤਾ । ਪਰ ਇਹ ਕੇਵਲ ਕਿਆਸ ਹੀ ਹੈ ਜੋ ਢੁਕਦਾ ਨਹੀਂ । ਇਸ ਗੱਲ ਵਲ ਪੁਸਤਕ ਵਿਚ ਕੋਈ ਇਸ਼ਾਰਾ ਨਹੀਂ ਅਤੇ ਨਾ ਹੀ ਕਿਧਰੇ ਕੋਈ

ਅਜਿਹਾ ਥਾਪਾ ਪਿਆ ਦਿਸਦਾ ਹੈ ਜਿਸ ਤੋਂ ਇਸ ਗੱਲ ਦੀ ਥੋੜ੍ਹੀ ਬਹੁਤੀ ਭੀ ਪੁਸ਼ਟੀ ਹੁੰਦੀ ਹੋਵੇ। ਇਸ ਲਈ ਇਸ ਗੱਲ ਨੂੰ ਸਹੀ ਮੰਨਣਾ ਮੁਸ਼ਕਲ ਹੈ।

ਸੰਮਤ ੧੭੯੮ (ਸੰਨ ੧੭੪੧ ਈ.) ਦਾ ਸੁਝਾਓ ਕੇਵਲ ਅਕਾਲੀ ਕੌਰ ਸਿੰਘ ਜੀ ਦਾ ਫੁਰਨਾ ਹੀ ਸੀ ਜੋ ਸੰਮਤ 'ਅਠਾਵਨ' ਦੇ ਇਥੇ ਠੀਕ ਨਾ ਢੁਕਦੇ ਹੋਣ ਕਰਕੇ 'ਅਠਾਵਨ' ਅਤੇ 'ਅਠਾਨਵ' ਸ਼ਬਦਾਂ ਦੇ ਅੰਤਲੇ ਦੋ ਅੱਖਰਾਂ ਦੀ ਆਪਸ ਵਿਚ ਅਦਲਾ ਬਦਲੀ ਹੋ ਜਾਣ ਦੇ ਸ਼ਕ ਤੋਂ ਫੁਰਿਆ ਸੀ। ਇਸ ਪਰ ਓਦੋਂ ਤਕ ਹੀ ਵਿਚਾਰ ਹੋ ਸਕਦਾ ਸੀ ਜਦੋਂ ਤਕ ਕਿ ਬਾਬਾ ਸੁਮੇਰ ਸਿੰਘ ਅਤੇ ਭਾਈ ਕਾਨ੍ਹ ਸਿੰਘ ਜੀ ਦੀਆਂ ਪੁਸਤਕਾਂ ਅਤੇ ਸੰਮਤ ੧੭੬੮ ਵਾਲੀ ਲਿਖਤੀ ਪੋਥੀ ਵਲ ਧਿਆਨ ਨਹੀਂ ਸੀ ਗਿਆ। ਪਰ ਹੁਣ ੧੭੯੮ ਸੰਮਤ ਸੰਬੰਧੀ ਕਿਸੇ ਵਿਚਾਰ ਦੀ ਲੋੜ ਨਹੀਂ ਰਹੀ। ਸੰਮਤ ੧੭੯੮ (ਸੰਨ ੧੭੪੧ ਈ.) ਤਕ ਬੀਤੇ ਅਨੇਕਾਂ ਵਾਕਿਆਤ (ਬਾਬਾ ਬੰਦਾ ਸਿੰਘ ਦੇ ਰਾਜ ਦੀ ਉਨਤੀ ਅਤੇ ਅਵਨਤੀ, ਅਬਦੁ-ਸਮੱਦ ਖ਼ਾਨ ਅਤੇ ਜ਼ਕਰੀਆ ਖ਼ਾਨ ਵਲੋਂ ਸਿੰਘਾਂ ਪਰ ਸਖਤੀਆਂ, ਨਾਦਰ ਸ਼ਾਹ ਦੀ ਦੇਸ ਪਰ ਚੜ੍ਹਾਈ ਅਤੇ ਮੁੜਦੀ ਵਾਰੀ ਖਾਲਸੇ ਨਾਲ ਝੜਪਾਂ ਆਦਿ) ਵਿਚੋਂ ਸਾਰੀ ਪੁਸਤਕ ਵਿਚ ਕਿਸੇ ਇਕ ਵਲ ਭੀ ਕੋਈ ਇਸ਼ਾਰਾ ਤਕ ਨਹੀਂ ਮਿਲਦਾ।

ਇਸ ਲਈ ਕੋਈ ਹੋਰ ਜ਼ਿਆਦਾ ਪੱਕੀ ਗਵਾਹੀ ਨਾ ਮਿਲਣ ਤਕ ਸਾਨੂੰ ਇਹ ਹੀ ਮੰਨਣਾ ਪਏਗਾ ਕਿ ਸ੍ਰੀ ਗੁਰ ਸੋਭਾ ਸੰਮਤ ੧੭੬੮ ਬਿਕਰਮੀ, ਸੰਨ ੧੭੧੧ ਈ: ਨੂੰ ਸਮਾਪਤ ਹੋਈ।

## ਸ੍ਰੀ ਗੁਰ ਸੋਭਾ ਦਾ ਪਰਧਾਨ ਵਿਸ਼ਾ

ਜਿਵੇਂ ਇਸ ਗ੍ਰੰਥ ਦੇ ਨਾਉਂ ਤੋਂ ਸਪੱਸ਼ਟ ਹੈ ਇਸ ਦਾ ਮੁਖ ਮੰਤਵ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਉਪਮਾ ਵਰਨਣ ਕਰਨਾ ਹੈ ਅਤੇ ਉਪਮਾ ਚੂੰਕਿ ਉਨ੍ਹਾਂ ਦੇ ਜੀਵਨ ਦੇ ਕਾਰਨਾਮਿਆਂ ਤੋਂ ਹੀ ਉਭਰਦੀ ਅਤੇ ਉਜਾਗਰ ਹੁੰਦੀ ਹੈ, ਇਸ ਲਈ ਸੈਨਾਪਤਿ ਨੇ ਗੁਰੂ ਸਾਹਿਬ ਦੇ ਜੀਵਨ ਦੇ ਕੇਵਲ ਉਨ੍ਹਾਂ ਚੁਣਵੇਂ ਵਾਕਿਆਤ ਨੂੰ ਹੀ ਲਿਆ ਹੈ ਜਿਨ੍ਹਾਂ ਤੋਂ ਉਨ੍ਹਾਂ ਦੇ ਉੱਚ ਧਾਰਮਿਕ ਵਿਚਾਰਾਂ, ਉਨ੍ਹਾਂ ਦੇ ਨਿਰਵੈਰ ਮਨ ਦੀ ਦਸ਼ਾ, ਉਨ੍ਹਾਂ ਦੀ ਸੂਰਬੀਰਤਾ, ਸੈਨਕ ਨਿਪੁੰਨਤਾ, ਖਾਲਸੇ ਦੀ ਸਾਜਨਾ ਵਿਚ ਉਨ੍ਹਾਂ ਦੀ ਦੂਰ-ਦ੍ਰਿਸ਼ਟੀ, ਖਾਲਸੇ ਦੀ ਰਹਿਤ ਉਨ੍ਹਾਂ ਦੇ ਗੁਣ ਅਤੇ ਤੇਜ ਪਰਤਾਪ ਦੀ ਉਪਮਾ ਅਤੇ ਸੋਭਾ ਪ੍ਰਗਟ ਹੁੰਦੀ ਹੈ। ਇਸੇ ਲਈ ਉਸ ਨੇ ਆਪਣੀ ਲਿਖਤ ਵਿਚ ਸਭ ਤੋਂ ਵਧ ਥਾਂ ਖਾਲਸੇ ਦੇ ਵੱਖ ਵੱਖ ਪੱਖਾਂ ਨੂੰ ਦਿੱਤੀ ਹੈ: ਗ੍ਰੰਥ ਦੇ ੨੦ ਧਿਆਵਾਂ ਵਿਚੋਂ ਸੱਤ ਧਿਆਇ (੧, ੫, ੬, ੭, ੧੮ : ੪੧-੫੮, ੧੯,੨੦), ੯੩੪ ਛੰਦਾਂ ਵਿਚੋਂ ੩੫੧ ਛੰਦ ਅਤੇ ਛਪੀ ਪੁਸਤਕ ਦੇ ੧੨੪ ਪੰਨਿਆਂ ਵਿਚੋਂ ੪੯ ਪੰਨੇ ਤਾਂ ਸਿੱਧੇ ਹੀ ਗੁਰੂ ਸਾਹਿਬ ਅਤੇ ਖਾਲਸੇ ਦੀ ਉਪਮਾ ਨੂੰ ਦਿੱਤੇ ਹਨ ਅਤੇ ਬਾਕੀ ਗ੍ਰੰਥ ਦਾ ਭੀ ਚੋਖਾ ਹਿੱਸਾ ਇਸੇ ਮਨੋਰਥ ਦੇ ਅਰਪਣ ਹੈ। ਉਹ ਵਾਕਿਆਤ ਦੇ ਪਛੋਕੜ ਅਤੇ ਵਿਸਥਾਰ ਵਲ ਬਹੁਤ ਹੀ ਘਟ ਜਾਂਦਾ ਹੈ। ਇੱਥੋਂ ਤਕ ਕਿ ਗੁਰੂ ਸਾਹਿਬ ਦੇ ਪਟਨਾ ਸਾਹਿਬ ਵਿਚ ਜਨਮ, ਗੁਰੂ ਤੇਗ ਬਹਾਦੁਰ ਜੀ ਦੇ ਪੂਰਬ ਵਲ ਦੇ ਸਫ਼ਰ, ਉਨ੍ਹਾਂ ਦੀ ਆਨੰਦਪੁਰ ਨੂੰ ਵਾਪਸੀ ਅਤੇ ਦਿੱਲੀ ਵਿਚ ਸ਼ਹਾਦਤ; ਗੁਰੂ ਗੋਬਿੰਦ ਸਿੰਘ ਦੇ ਬਾਲਪਨੇ ਅਤੇ ਭੰਗਾਣੀ ਦੇ ਜੁੱਧ ਤੋਂ ਪਹਿਲਾਂ ਦੇ ਕਿਸੇ ਵਾਕੇ ਦਾ ਜ਼ਿਕਰ ਨਹੀਂ ਕਰਦਾ। ਇਸ ਤੋਂ

ਸਪੱਸ਼ਟ ਸਿੱਧ ਹੁੰਦਾ ਹੈ ਕਿ ਸੈਨਾਪਤਿ ਦਾ ਮੁਖ ਮੰਤਵ ਗੁਰੂ ਸਾਹਿਬ ਦਾ ਵਿਸਥਾਰ ਸਹਿਤ ਇਤਿਹਾਸਕ ਜੀਵਨ ਲਿਖਣਾ ਨਹੀਂ ਸੀ। ਇਹ ਹੀ ਕਾਰਣ ਹੈ ਕਿ ਉਹ ਹੋਰ ਕਈ ਅਜਿਹੇ ਵਾਕਿਆਤ ਭੀ ਜਾਂ ਤਾਂ ਉੱਕੇ ਹੀ ਛੱਡ ਜਾਂਦਾ ਹੈ ਜਾਂ ਉਨ੍ਹਾਂ ਲਈ ਅਤਿ ਦਰਜੇ ਦਾ ਸੰਕੋਚ ਵਰਤਦਾ ਹੈ ਅਤੇ ਉਨ੍ਹਾਂ ਦਾ ਮਾਮੂਲੀ ਜਿਹਾ ਇਸ਼ਾਰੇ ਮਾਤਰ ਜ਼ਿਕਰ ਕਰ ਕੇ ਅੱਗੇ ਲੰਘ ਜਾਂਦਾ ਹੈ, ਜਿਨ੍ਹਾਂ ਨੂੰ ਕਿ ਖ਼ੁਦ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਆਪਣੇ ਬਚਿਤ੍ਰ ਨਾਟਕ ਵਿਚ ਕਾਫ਼ੀ ਵਿਸਥਾਰ ਨਾਲ ਵਰਨਣ ਕੀਤਾ ਹੈ। ਗੁਰੂ ਸਾਹਿਬ ਨੇ ਹੁਸੈਨੀ ਜੁੱਧ ਦਾ ਧਿਆਨ ਇਕ ਪੂਰੇ ਧਿਆਇ ਨੰਬਰ ੧੧ ਵਿਚ ੬੯ ਛੰਦਾਂ ਵਿਚ ਕੀਤਾ ਹੈ ਪਰ ਸੈਨਾਪਤਿ ੧੨ ਛੰਦਾਂ ਦੇ ਚੌਥੇ ਧਿਆਇ ਵਿਚੋਂ ਇਸ ਨੂੰ ਕੇਵਲ ਤਿੰਨਾਂ ਛੰਦਾਂ (੮-੧੦) ਵਿਚ ਹੀ ਮੁਕਾ ਦਿੰਦਾ ਹੈ। ਇਸੇ ਤਰ੍ਹਾਂ ਉਹ ਦਿਲਾਵਰ ਖ਼ਾਨ ਵਲੋਂ ਭੇਜੇ ਗਏ ਜੁਝਾਰ ਸਿੰਘ ਦੇ ਜੁੱਧ ਦਾ ਜ਼ਿਕਰ ਤਕ ਨਹੀਂ ਕਰਦਾ ਜਿਸ ਨੂੰ ਕਿ ਬਚਿਤ੍ਰ ਨਾਟਕ ਵਿਚ ਇਕ ਪੂਰਾ ਧਿਆਇ (ਨੰਬਰ ੧੨) ਦਿੱਤਾ ਹੋਇਆ ਹੈ। ਇਹ ਹੀ ਨਹੀਂ, ਬਲਕਿ ਉਹ ਨਾਂਦੇੜ ਵਿਚ ਗੁਰੂ ਸਹਿਬ ਦੇ ਮਾਧੋ ਦਾਸ ਬੈਰਾਗੀ ਨਾਲ ਮੇਲ ਅਤੇ ਉਸ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾਉਣ ਅਤੇ ਖ਼ਾਲਸੇ ਦਾ ਜਥੇਦਾਰ ਥਾਪ ਕੇ ਪੰਜਾਬ ਵਲ ਭੇਜਣ ਦਾ ਭੀ ਕੋਈ ਜ਼ਿਕਰ ਨਹੀਂ ਕਰਦਾ। ਇਸ ਲਈ ਇਹ ਕਹਿਣਾ ਪਵੇਗਾ ਕਿ ਸੈਨਾਪਤਿ ਦਾ ਇਹ ਗ੍ਰੰਥ ਰਚਣ ਵਿਚ ਪ੍ਰਧਾਨ ਆਸ਼ਾ ਗੁਰੂ ਸਾਹਿਬ ਦੀ ਆਤਮਕ ਉੱਚਤਾ ਅਤੇ ਨਿਰਵੈਰ ਵਰਿਆਮਗੀ ਦੀ ਉਪਮਾ ਸੀ ਅਤੇ ਉਸ ਨੇ ਆਪਣੇ ਇਸੇ ਦ੍ਰਿਸ਼ਟੀਕੋਣ ਤੋਂ ਚੁਣਵੇਂ ਵਾਕਿਆਤ ਦਾ ਹੀ ਵਰਨਣ ਕੀਤਾ ਹੈ, ਬਾਕੀਆਂ ਦਾ ਨਹੀਂ।

### ਸੈਨਾਪਤਿ ਦੀ ਇਤਿਹਾਸਕ ਸੂਝ-ਬੂਝ

ਪਰ ਇਹ ਗੱਲ ਅਵੱਸ਼ ਮੰਨਣੀ ਪਏਗੀ ਕਿ ਸੈਨਾਪਤਿ ਇਕ ਸੁਲਝੀ ਹੋਈ ਚੰਗੀ ਇਤਿਹਾਸਕ ਸੂਝ-ਬੂਝ ਦਾ ਮਾਲਕ ਹੈ ਅਤੇ ਜੋ ਕੁਝ ਭੀ ਸ੍ਰੀ ਗੁਰ ਸੋਭਾ ਵਿਚ ਉਹ ਲਿਖਦਾ ਹੈ, ਉਹ ਬਹੁਤ ਹੱਦ ਤਕ ਇਤਿਹਾਸ ਦੇ ਅਨੁਕੂਲ ਹੈ। ਇਕ ਦੋ ਥਾਈਂ ਜਿੱਥੇ ਕੁਝ ਕੁ ਭੁਲੇਖਾ ਪੈਂਦਾ ਹੈ ਉਹ ਇਸ ਕਰਕੇ ਹੈ ਕਿ ਸੈਨਾਪਤਿ ਆਪਣੀ ਸੰਕੋਚਕ ਬਿਰਤੀ ਦੇ ਕਾਰਣ ਹਰ ਗੱਲ ਦੇ ਸਾਰੇ ਪੱਖਾਂ ਨੂੰ ਵਿਸਥਾਰ ਨਾਲ ਖੋਲ੍ਹ ਕੇ ਬਿਆਨ ਨਹੀਂ ਕਰਦਾ (—ਸ਼ਾਇਦ ਉਹ ਸਮਝਦਾ ਹੈ ਕਿ ਉਨ੍ਹਾਂ ਦਾ ਸਾਰਿਆਂ ਨੂੰ ਪਤਾ ਹੀ ਹੈ) ਜਾਂ ਜਿਨ੍ਹਾਂ ਤੋਂ ਉਸ ਨੇ ਗੱਲਾਂ ਸੁਣੀਆਂ ਹਨ ਉਨ੍ਹਾਂ ਨੂੰ ਭੁਲੇਖਾ ਲੱਗਾ ਹੈ। ਨਹੀਂ ਤਾਂ ਆਪਣੇ ਆਪ ਵਿਚ ਸੈਨਾ-ਪਤਿ ਇਕ ਬੜਾ ਈਮਾਨਦਾਰ ਲੇਖਕ ਹੈ ਅਤੇ ਇਕ ਚੰਗਾ ਕਵੀ ਹੁੰਦਾ ਹੋਇਆ ਭੀ ਇਤਿਹਾਸਕ ਵਾਕਿਆਤ ਨੂੰ ਤੋੜਦਾ ਮਰੋੜਦਾ ਨਹੀਂ ਅਤੇ ਨਾ ਹੀ ਉਨ੍ਹਾਂ ਵਿਚ ਆਪਣੀ ਵਲੋਂ ਕੋਈ ਕਲਪਿਤ ਵਾਧੇ ਜਾਂ ਮਿਲਾਵਟਾਂ ਕਰਦਾ ਹੈ। ਉਸ ਨੇ ਬਹੁਤਾ ਕਿਆਸ ਤੋਂ ਕੰਮ ਲਿਆ ਨਹੀਂ ਜਾਪਦਾ। ਜੋ ਕੁਝ ਉਸ ਨੇ ਦਰਬਾਰੀ ਕਵੀ ਹੋਣ ਕਰ ਕੇ ਆਪਣੀ ਅੱਖੀਂ ਵੇਖਿਆ ਜਾਂ ਸੁਣਿਆ ਸੀ, ਉਹੋ ਕੁਝ ਬਿਆਨ ਕੀਤਾ ਹੈ। ਉਹ ਖ਼ੁਦ ਭੀ ਇਕ ਥਾਂ ਇਹੋ ਹੀ ਕਹਿੰਦਾ ਹੈ :

ਕੁਝ ਸੁਨੀ ਕੁਝ ਉਕਤ ਕਰ ਬਰਨਤ ਹੌਂ ਅਬ ਸੋਇ।  
ਕਰਨਹਾਰ ਕਰਤਾ ਧਨੀ ਜੋ ਕੁਛ ਕਰੈ ਸੁ ਹੋਇ ॥ ੬ ॥ ੩੦੩ ॥

ਸੈਨਾਪਤਿ ਦੀ ਲਿਖਤ ਵਿਚ ਕਿਧਰੇ ਭੀ ਕੋਈ ਅਜਿਹੀ ਝਲਕ ਨਹੀਂ ਪੈਂਦੀ ਜਿਸ ਤੋਂ ਇਹ ਸ਼ੱਕ ਪਵੇ ਕਿ ਉਹ ਕਿਸੀ ਲਾਲਸਾ ਨਾਲ ਕੂੜੀ ਖ਼ੁਸ਼ਾਮਦ ਵਿਚ ਵਧਾ ਕੇ ਗੱਲਾਂ ਕਰ ਰਿਹਾ ਹੈ। ਇਹ ਠੀਕ ਹੈ ਕਿ ਉਹ ਇਕ ਸ਼ਰਧਾਵਾਨ ਅਤੇ ਖਾਲਸਾ ਸਿੱਖ ਹੈ ਅਤੇ ਉਹ ਗੁਰੂ ਸਾਹਿਬ ਨੂੰ ਇਕ ਸ਼ਰਧਾਲੂ ਦੀ ਨਜ਼ਰ ਨਾਲ ਵੇਖਦਾ ਹੈ, ਪਰ ਵਾਕਿਆਤ ਬਿਆਨ ਕਰਨ ਵੇਲੇ ਉਹ ਇਕ ਇਤਿਹਾਸਕਾਰ ਵਾਂਙ ਬੜੇ ਸੰਕੋਚਵੇਂ ਸ਼ਬਦਾਂ ਦੀ ਵਰਤੋਂ ਕਰਦਾ ਹੈ।

ਇਤਿਹਾਸਕਾਰ ਦਾ ਕੰਮ ਬੀਤੇ ਵਾਕਿਆਤ ਨੂੰ ਬਿਨਾਂ ਕਿਸੇ ਮਿਲਾਵਟ ਦੇ ਇੰਨ ਬਿੰਨ ਬਿਆਨ ਕਰਨਾ ਹੁੰਦਾ ਹੈ। ਦੂਸਰੇ ਪਾਸੇ ਇਕ ਨਾਵਲਕਾਰ ਜਾਂ ਕਹਾਣੀ ਲੇਖਕ ਦੀ ਤਰ੍ਹਾਂ ਕਵੀ ਦੀ ਨਿਪੁੰਨਤਾ ਉਸ ਦੀ ਮਨੋ-ਕਲਪਨਾ ਸ਼ਕਤੀ ਵਿਚ ਹੁੰਦੀ ਹੈ। ਜਿਤਨੀ ਉੱਚੀ ਉਸ ਦੀ ਦਿਮਾਗੀ ਉਡਾਰੀ ਅਤੇ ਜਿਤਨੀ ਡੂੰਘੀ ਅਤੇ ਵਿਸ਼ਾਲ ਉਸ ਦੀ ਮਨ-ਤ੍ਰੰਗ ਅਤੇ ਘੜਨ-ਸ਼ਕਤੀ, ਉਤਨਾ ਹੀ ਅੱਛਾ ਅਤੇ ਸਫਲ ਉਹ ਕਵੀ ਅਤੇ ਨਾਵਲਕਾਰ। ਪਰ ਇਤਿਹਾਸਕਾਰ ਨੂੰ ਆਪਣੀ ਲਿਖਤ ਵਿਚ ਆਪਣੀ ਮਨੋ-ਕਲਪੀ ਮਿਥਿਆ ਨੂੰ ਰਲਾਉਣ ਦੀ ਆਗਿਆ ਨਹੀਂ। ਇਸੇ ਕਰਕੇ ਕਵੀ ਅਤੇ ਨਾਵਲਕਾਰ ਆਮ ਤੌਰ ਤੇ ਕੋਈ ਬਹੁਤੇ ਚੰਗੇ ਇਤਿਹਾਸਕਾਰ ਨਹੀਂ ਹੁੰਦੇ। ਉਹ ਆਪਣੀ ਬਿਉਹਾਰੀ ਨਿਪੁੰਨਤਾ ਨਾਲ ਬਣੇ ਹੋਏ ਸੁਭਾਓ ਕਰਕੇ ਸੁਤੇ ਸਿਧ ਹੀ ਆਪਣੀ ਕਲਪਨਾ-ਸ਼ਕਤੀ ਨੂੰ ਵਰਤ ਜਾਂਦੇ ਹਨ ਅਤੇ ਇਤਿਹਾਸ ਨੂੰ ਮਿਥਿਹਾਸ ਬਣਾ ਦਿੰਦੇ ਹਨ। ਪਰ ਸੈਨਾਪਤਿ ਇਸ ਤੋਂ ਬਹੁਤ ਹੱਦ ਤਕ ਬਚਿਆ ਹੋਇਆ ਹੈ। ਇਸ ਦਾ ਇਕ ਕਾਰਣ ਇਹ ਭੀ ਹੈ ਕਿ ਚੂੰਕਿ ਉਸ ਨੇ ਵੈਦ ਰਾਮ ਚੰਦ ਲਿਖਿਤ ਵੈਦਕ ਗ੍ਰੰਥ ਰਾਮ-ਬਿਨੋਦ ਦਾ ਸੁਖ ਸੈਨ (ਸ੍ਰੀ ਸੈਨਾ ਸੁਖ) ਨਾਉਂ ਨਾਲ ਭਾਖਾ ਵਿਚ ਉਲਥਾ ਕੀਤਾ ਸੀ ਜਿਸ ਵਿਚ ਕਿਧੀ ਕਲਪਨਾ, ਘਾੜਤ, ਵਾਧ ਘਾਟ ਅਤੇ ਮਨ ਦੀ ਉਡਾਰੀ ਦੀ ਗੁੰਜਾਇਸ਼ ਨਹੀਂ ਸੀ। ਇਸ ਲਈ ਆਪਣੀ ਲਿਖਤ ਵਿਚ ਉਸ ਨੂੰ ਨਿਜੀ ਬਣਾਵਟ ਦੀ ਮਿਲਾਵਟ ਕਰਨ ਦੀ ਵਾਦੀ ਨਹੀਂ ਸੀ ਪਈ ਹੋਈ ਜਾਪਦੀ। ਵੈਦਕ ਦੇ ਗ੍ਰੰਥ ਦਾ ਉਲਥਾ ਕਰਨ ਵਾਲਾ ਖੁਦ ਭੀ ਥੋੜ੍ਹਾ ਬਹੁਤ ਵੈਦ ਹੁੰਦਾ ਹੈ। ਵੈਦ ਦਵਾ ਦਾਰੂ ਦੀ ਵਿੱਦਿਆ ਦਾ ਗਿਆਨੀ ਵਿਗਿਆਨੀ ਹੁੰਦਾ ਹੈ ਜਿਸ ਦੇ ਮਨ ਅਤੇ ਆਦਤ ਵਿਚ ਠੀਕ ਠੀਕ, ਪੂਰਾ ਪੂਰਾ ਬੰਧੇਜੀ ਅਤੇ ਚੋਕਸ ਹੋਣਾ ਅਤਿ ਜ਼ਰੂਰੀ ਹੈ। ਉਹ ਅਟਕਲ ਪੱਚੂ ਗੱਲ ਜਾਂ ਵਿਹਾਰ ਦਾ ਆਦੀ ਨਹੀਂ ਹੋ ਸਕਦਾ। ਉਸ ਨੂੰ ਆਪਣੇ ਵਿਹਾਰ ਵਿਚ ਮਾਸ਼ਿਆਂ, ਰੱਤੀਆ ਅਤੇ ਚਉਲਾਂ ਤਕ ਦੇ ਵਜ਼ਨ ਦਾ ਖ਼ਿਆਲ ਰਖਣਾ ਪੈਂਦਾ ਹੈ, ਨਹੀਂ ਤਾਂ ਉਹ ਬੀਮਾਰਾਂ ਦੇ ਇਲਾਜ ਦੀ ਥਾਂ ਉਨ੍ਹਾਂ ਦੀ ਜਾਨ ਦਾ ਖਉ ਬਣ ਜਾਏ। ਇਸੇ ਤਰ੍ਹਾਂ ਬਣੀ ਹੋਈ ਮਨ ਦੀ ਬਿਰਤੀ ਦੇ ਕਾਰਣ ਸੈਨਾਪਤਿ ਉੱਚ-ਉਡਾਰੀਆਂ ਵਾਲਾ ਕਪੋਲ-ਕਲਪੀ ਕਵੀ ਨਹੀਂ ਹੈ। ਉਹ ਇਕ ਸੰਜਮੀ ਲਿਖਾਰੀ ਹੈ ਜਿਸ ਨੇ ਆਪਣੇ ਗ੍ਰੰਥ ਦੇ ਮੁਖ ਵਿਸ਼ ਗੁਰੂ ਸੋਭਾ ਅਤੇ ਖਾਲਸਾ-ਮਹਿਮਾ ਵਿਚ ਤਾਂ ਭਾਵੇਂ ਕਿਧਰੇ ਕੁਛ ਮਨ-ਤ੍ਰੰਗ ਅਤੇ ਵਿਸਥਾਰ ਤੋਂ ਕੰਮ ਲਿਆ ਹੋਵੇ, ਪਰ ਹੋਰ ਹਰ ਥਾਂ ਉਸ ਨੇ ਬੜਾ ਸੰਕੋਚ ਵਰਤਿਆ ਹੈ। ਉਹ ਗੁਰੂ ਸਾਹਿਬ ਅਤੇ ਖਾਲਸੇ ਦੇ ਵੈਰੀਆਂ ਲਈ ਭੀ ਸੰਕੋਚਵੀਂ ਬੋਲੀ ਵਰਤਦਾ ਹੈ, ਕੋਈ ਮੰਦਾ ਸ਼ਬਦ ਨਹੀਂ ਵਰਤਦਾ।

ਸੈਨਾਪਤਿ ਦੀ ਇਤਿਹਾਸਕ ਵਾਕਫ਼ੀ ਭੀ ਬਹੁਤ ਅੱਛੀ, ਠੀਕ ਅਤੇ ਭਰੋਸੇ ਯੋਗ ਹੈ। ਆਨੰਦਪੁਰ ਤਕ ਦੇ ਵਾਕਿਆਤ ਤਾਂ ਉਸ ਨੇ ਬਚਿਤ੍ਰ ਨਾਟਕ ਤੋਂ ਲਏ ਹਨ ਅਤੇ ਉਹ ਬੜੇ ਸੰਖੇਪ ਕਰ ਕੇ ਲਿਖੇ ਹਨ । ਔਰੰਗਜ਼ੇਬ ਦੇ ਅਹਿਮਦ ਨਗਰ ਵਿਚ ਤੇਰਾਂ ਮਹੀਨੇ ਟਿਕਣ ਦੀ ਗੱਲ ਤਾਰੀਖ ਅਨੁਸਾਰ ਬਿਲਕੁਲ ਠੀਕ ਬੈਠਦੀ ਹੈ । ਜ਼ਫ਼ਰਨਾਮਾ ਮਿਲਣ ਪਰ ਔਰੰਗਜ਼ੇਬ ਦਾ ਫ਼ਰਮਾਨ ਦੇ ਕੇ ਗੁਰਜ਼-ਬਰਦਾਰਾਂ ਨੂੰ ਭੇਜਣਾ ਅਹਿਕਾਮਿ-ਆਲਮਗੀਰੀ ਦੇ ਮੁਤਾਬਕ ਹੈ । ਗੁਰੂ ਸਾਹਿਬ ਦੀ ਬਹਾਦੁਰ ਸ਼ਾਹ ਬਾਦਸ਼ਾਹ ਨਾਲ ਮੁਲਾਕਾਤ, ਬਾਦਸ਼ਾਹ ਵਲੋਂ ਖਿਲਅਤ ਪੇਸ਼ ਹੋਣ, ਬਾਦਸ਼ਾਹ ਦੇ ਨਾਲ ਰਾਜਪੂਤਾਨੇ ਵਿਚ ਜਾਣ, ਓਥੇ ਚਿਤੌੜ ਦੇ ਲਾਗੇ ਭੇੜਾਂ ਹੋ ਜਾਣ ਅਤੇ ਦੱਖਣ ਨੂੰ ਜਾਣ ਦੇ ਵਾਕਿਅਤ ਅਖਬਾਰਾਤਿ-ਦਰਬਾਰਿ-ਮੁਅੱਲਾਂ, ਤਵਾਰੀਖ ਮੁਅੱਜ਼ਮ ਸ਼ਾਹ, ਬਹਾਦੁਰ ਸ਼ਾਹ ਨਾਮੇ ਅਤੇ ਤਾਰੀਖਿ ਬਹਾਦੁਰ ਸ਼ਾਹੀ ਨਾਲ ਮੇਲ ਖਾਂਦੇ ਹਨ। ਇਕ ਦੋ ਥਾਂਈ ਜਿੱਥੇ ਉਸ ਨੂੰ ਭੁਲੇਖਾ ਲਗਾ ਹੈ, ਉਸ ਦਾ ਜ਼ਿਕਰ ਅਸੀਂ ਯੋਗ ਥਾਂ ਪਰ ਕਰ ਦਿੱਤਾ ਹੈ।

### ਸ੍ਰੀ ਗੁਰ-ਸੋਭਾ ਦੀ ਇਤਿਹਾਸਕ ਵਿਸ਼ੇਸ਼ਤਾ

ਇਹ ਠੀਕ ਹੈ ਕਿ ਸੈਨਾਪਤਿ ਕ੍ਰਿਤ ਸ੍ਰੀ ਗੁਰ-ਸੋਭਾ ਗ੍ਰੰਥ ਗੁਰੂ ਗੋਬਿੰਦ ਸਿੰਘ ਜੀ ਦੀ ਇਕ ਅਜਿਹੀ ਜੀਵਨ ਕਥਾ ਨਹੀਂ ਜੋ ਉਨ੍ਹਾਂ ਦੇ ਸਰਬ-ਪੱਖੀ ਜੀਵਨ ਦੇ ਸਾਰੇ ਵਾਕਿਆਤ ਪਰ ਪੂਰੀ ਤਰ੍ਹਾਂ ਕ੍ਰਮਵਾਰ ਥੋੜ੍ਹਾ ਬਹੁਤ ਚਾਨਣਾ ਪਾਉਂਦੀ ਹੋਵੇ, ਪਰ ਇਸ ਗੱਲ ਵਿਚ ਰਤਾ ਭੀ ਸ਼ੱਕ ਨਹੀਂ ਹੈ ਕਿ ਜੋ ਜੋ ਔਰ ਜਿਤਨੇ ਜਿਤਨੇ ਭੀ ਵਾਕਿਅਤ ਸੈਨਾਪਤਿ ਨੇ ਲਿਖੇ ਹਨ ਉਹ ਬਹੁਤ ਹੱਦ ਤਕ ਸਹੀ ਅਤੇ ਇਤਿਹਾਸ ਅਨੁਕੂਲ ਹਨ ਅਤੇ ਇਕ ਦੋ ਥਾਈਂ ਜਿੱਥੇ ਕਿਧਰੇ ਨਾਵਾਂ ਦਾ ਅਮੇਲ ਜਾਂ ਵਾਕਿਆਤ ਵਿਚ ਭੁਲੇਖਾ ਹੈ ਉਹ ਸੈਨਾਪਤਿ ਨੂੰ ਵਾਕਿਆਤ ਸੁਣਾਉਣ ਵਾਲਿਆਂ ਤੋਂ ਆਇਆ ਹੈ । ਇੱਥੇ ਸੰਖੇਪ ਕਰਕੇ ਇਤਨਾ ਕਹਿ ਦੇਣਾ ਹੀ ਕਾਫ਼ੀ ਹੈ ਕਿ ਸ੍ਰੀ ਗੁਰ-ਸੋਭਾ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਪਰ ਪਹਿਲੀ ਭਰੋਸੇ ਯੋਗ ਸਮਕਾਲੀ ਲਿਖਤ ਹੈ ਜੋ ਉਨ੍ਹਾਂ ਦੇ ਇਕ ਅਜਿਹੇ ਦਰਬਾਰੀ ਕਵੀ ਅਤੇ ਲਿਖਾਰੀ ਦੀ ਲਿਖੀ ਹੋਈ ਹੈ ਜਿਸ ਨੇ ਉਨ੍ਹਾਂ ਦੇ ਸਨਮੁੱਖ ਦੀਦਾਰੇ ਕੀਤੇ, ਉਨ੍ਹਾਂ ਦੇ ਉੱਚ ਉਪਦੇਸ਼ ਸੁਣੇ, ਉਨ੍ਹਾਂ ਦੇ ਬਹੁਤ ਸਾਰੇ ਕੌਤਕ ਆਪਣੀ ਅੱਖੀਂ ਦੇਖੇ ਅਤੇ ਉਨ੍ਹਾਂ ਦੇ ਨਿਕਟ-ਵਰਤੀਆਂ ਤੋਂ ਸੁਣੇ ਸਨ। ਇਸ ਲਈ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਇਹ ਇਕ ਬਹੁ-ਮੁੱਲੀ ਲਿਖਤ ਹੈ ਜਿਸ ਵਿਚ ਕਿਸੇ ਕਪੋਲ ਕਲਪਨਾ ਦੀ ਇਸ ਕਰਕੇ ਭੀ ਗੁੰਜ਼ਾਇਸ਼ ਨਹੀਂ ਹੈ ਕਿ ਉਸ ਵੇਲੇ ਸੰਮਤ ੧੭੬੮ ਵਿਚ, ਜਦੋਂ ਇਹ ਗ੍ਰੰਥ ਸਮਾਪਤ ਹੋਇਆ, ਸੈਨਾਪਤਿ ਦੇ ਹਮਜੋਲੀ ਅਨੇਕਾਂ ਹੋਰ ਦਰਬਾਰੀ ਕਵੀ ਅਤੇ ਲਿਖਾਰੀ ਭੀ ਮੌਜੂਦ ਸਨ ਜਿਨ੍ਹਾਂ ਨੇ ਇਸ ਵਿਚ ਲਿਖੇ ਵਾਕੇ ਆਪਣੀ ਅੱਖੀਂ ਡਿੱਠੇ ਹੋਏ ਸਨ ਅਤੇ ਉਸ ਦੀ ਘਾੜਤ ਝਟ ਉਜਾਗਰ ਹੋ ਜਾਣੀ ਸੀ। ਉਂਜ ਵੀ ਅੱਖੀਂ ਦੇਖਣ ਵਾਲੇ ਨੂੰ ਕਲਪਨਾ ਕਰਨ ਦੀ ਲੋੜ ਨਹੀਂ ਹੁੰਦੀ । ਸਾਰੀ ਗੱਲ ਦਾ ਉਸ ਨੂੰ ਪਤਾ ਹੁੰਦਾ ਹੈ ਅਤੇ ਉਹ ਸੁਤੇ ਸਿੱਧ ਹੀ, ਜਿਵੇਂ ਉਹ ਬੀਤੀ ਹੁੰਦੀ ਹੈ, ਉਸ ਨੂੰ ਬਿਆਨ ਕਰੀ ਜਾਂਦਾ ਹੈ। ਖ਼ੁਦ ਚੂਕਿ ਸੈਨਾਪਤਿ ਨੇ ਇਸ ਵਿਚ ਆਏ ਵਾਕਿਆਤ ਵਿਚ ਕੋਈ ਸਿੱਧਾ ਹਿੱਸਾ ਨਹੀਂ ਲਿਆ ਹੋਇਆ ਜਾਪਦਾ—ਇਸ ਵਲ ਉਸ ਨੇ ਕਿਧਰੇ ਕੋਈ ਇਸ਼ਾਰਾ ਭੀ ਨਹੀਂ ਕੀਤਾ ਹੋਇਆ—ਇਸ ਲਈ ਆਪਣੀ ਵਡਿਆਈ ਦੱਸਣ ਲਈ ਭੀ ਉਸ

ਨੂੰ ਕਿਸੇ ਘਾੜਤ ਦੀ ਲੋੜ ਨਹੀਂ ਸੀ। ਇਨ੍ਹਾਂ ਸਾਰੀਆਂ ਗੱਲਾਂ ਨੂੰ ਮੁੱਖ ਰਖ ਕੇ ਇਹ ਗੱਲ ਬਿਨਾ ਕਿਸੇ ਝਿਜਕ ਦੇ ਕਹੀ ਜਾ ਸਕਦੀ ਹੈ ਕਿ ਸੈਨ ਪਤਿ ਦਾ ਗ੍ਰੰਥ ਸ੍ਰੀ ਗੁਰ ਸੋਭਾ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦੇ ਪਿਛਲੇ ਵੀਹ ਬਾਈ ਸਾਲਾਂ ਦੇ ਇਤਿਹਾਸ ਲਈ ਇਕ ਅਦੁਤੀ ਅਤੇ ਭਰੋਸੇ ਯੋਗ ਸਮਕਾਲੀ ਮੂਲ-ਆਧਾਰ ਹੈ ਜਿਸ ਉਤੇ ਬਚਿਤ੍ਰ ਨਾਟਕ ਦੇ ਨਾਲੋਂ ਨਾਲ ਬਾਅਦ ਦੇ ਲਿਖਾਰੀਆਂ ਭਾਈ ਸੁਖਾ ਸਿੰਘ, ਭਾਈ ਸੰਤੋਖ ਸਿੰਘ ਆਦਿ ਨੇ ਆਪਣੇ ਗ੍ਰੰਥਾਂ ਗੁਰ ਬਿਲਾਸ ਪਾਤਸ਼ਾਹੀ ੧੦, ਗੁਰੂ ਪ੍ਰਤਾਪ ਸੂਰਜ ਗ੍ਰੰਥ ਆਦਿ ਦੀ ਉਸਾਰੀ ਕੀਤੀ ਹੈ। ਜੇ ਕਿਧਰੇ ਸੈਨਾਪਤਿ ਗੁਰ ਸਾਹਿਬ ਦੇ ਜੁੱਧਾਂ ਜੰਗਾਂ ਦੇ ਕਾਰਣਾਂ ਵਲ ਜਰਾ ਕੁ ਜ਼ਿਆਦਾ ਧਿਆਨ ਦਿੰਦਾ ਅਤੇ ਉਨ੍ਹਾਂ ਦਾ ਕੁਝ ਖੋਲ੍ਹ ਕੇ ਬਿਆਨ ਕਰ ਦਿੰਦਾ ਤਾਂ ਪਿਛਲੇ ਪਾਠਕਾਂ ਨੂੰ ਸਾਰੀਆਂ ਗੱਲਾਂ ਸਪੱਸ਼ਟ ਹੋ ਜਾਂਦੀਆਂ ਅਤੇ ਕੋਈ ਗ਼ਲਤ ਅਨੁਮਾਨ ਲਾ ਸਕਣ ਲਈ ਥਾਂ ਨਾ ਰਹਿੰਦੀ। ਲਿਖਣ ਵੇਲੇ ਕਈ ਲੇਖਕ ਕੁਝ ਗੱਲਾਂ ਇਸ ਖ਼ਿਆਲ ਨਾਲ ਭੀ ਛਡ ਜਾਂਦੇ ਹਨ ਕਿ ਉਨ੍ਹਾਂ ਦਾ ਤਾਂ ਸਾਰਿਆਂ ਨੂੰ ਪਤਾ ਹੀ ਹੈ। ਉਹ ਇਸ ਗੱਲ ਦਾ ਖਿਆਲ ਨਹੀਂ ਕਰਦੇ ਕਿ ਉਨ੍ਹਾਂ ਦੀ ਲਿਖਤ ਕੇਵਲ ਉਸ ਵੇਲੇ ਦੇ ਜਾਣਕਾਰ ਸਮਕਾਲੀਆਂ ਨੇ ਹੀ ਨਹੀਂ ਪੜ੍ਹਨੀ, ਬਲਕਿ ਬਾਅਦ ਵਿਚ ਸੈਂਕੜੇ ਵਰ੍ਹੇ ਪਿਛੋਂ ਆਉਣ ਵਾਲੀਆਂ ਅਨਜਾਣ ਨਸਲਾਂ ਨੇ ਭੀ ਪੜ੍ਹਨੀ ਹੈ ਅਤੇ ਉਨ੍ਹਾਂ ਨੇ ਆਪਣੇ ਸਮੇਂ ਅਤੇ ਵਾਕਫ਼ੀ ਅਨੁਸਾਰ ਨਤੀਜੇ ਕੱਢਣੇ ਹਨ ਜਿਵੇਂ ਕਿ ੨੫੫ ਵਰ੍ਹੇ ਪਿਛੋਂ ਅਜ ਜੂਨ ੧੯੬੭ ਵਿਚ ਅਸੀਂ ਕੱਢ ਰਹੇ ਹਾਂ।

### ਇਸ ਦੀ ਸਾਹਿੱਤਕ ਜਾਚ

ਅਸੀਂ ਸ੍ਰੀ ਗੁਰ ਸੋਭਾ ਨੂੰ ਇੱਥੇ ਬਹੁਤਾ ਇਤਿਹਾਸਕ ਨੁਕਤੇ ਤੋਂ ਹੀ ਜਾਚ ਪੜਤਾਲ ਰਹੇ ਹਾਂ। ਪਰ ਇਹ ਗ੍ਰੰਥ ਚੂੰਕਿ ਕਵਿਤਾ ਵਿਚ ਲਿਖਿਆ ਹੋਇਆ ਹੈ, ਇਸ ਲਈ ਇਸ ਨੂੰ ਕਵਿਤਾ ਦੇ ਪੱਖੋਂ ਭੀ ਕੁਝ ਕੁ ਜਾਚਣਾ ਬਣਦਾ ਹੈ। ਪਰ ਇਹ ਕੰਮ ਸਾਹਿੱਤ-ਆਲੋਚਕਾਂ ਦਾ ਹੈ, ਇਤਿਹਾਸ ਦੇ ਵਿਦਿਆਰਥੀ ਦਾ ਨਹੀਂ। ਅਸੀਂ ਇਥੇ ਕੇਵਲ ਇਤਨਾ ਹੀ ਕਹਿਣਾ ਚਾਹੁੰਦੇ ਹਾਂ ਕਿ ਇਹ ਵਿਸ਼ੇਸ਼ ਕਰਕੇ ਇਕ ਜੁੱਧ-ਕਥਾ ਹੈ ਜਿਸ ਵਿਚ ਗੁਰੂ ਗੋਬਿੰਦ ਸਿੰਘ ਅਤੇ ਉਨ੍ਹਾਂ ਦੇ ਸਿੱਖਾਂ ਦੀ ਧਰਮ-ਪਰਾਇਣ ਨਿਡਰ ਵੀਰਤਾ ਦਾ ਵਰਣਨ ਹੈ। ਇਸ ਵਰਣਨ ਵਿਚ ਸੈਨਾਪਤਿ ਪੂਰੀ ਤਰ੍ਹਾਂ ਸਫ਼ਲ ਰਿਹਾ ਹੈ। ਮੋਰਚੇ ਬੰਦੀ, ਫ਼ੌਜਾਂ ਦੀ ਚੜ੍ਹਤ, ਲੜਾਈ ਵਿਚ ਸੂਰਮਿਆਂ ਦੇ ਇਕ ਦੂਸਰੇ ਪਰ ਵਾਰਾਂ ਅਤੇ ਕਟਾ ਵੱਢ ਅਤੇ ਰਣਭੂਮੀ ਦੇ ਅਜਿਹੇ ਚਿੱਤਰ ਖਿੱਚੇ ਹਨ ਜਿਨ੍ਹਾਂ ਤੋਂ ਲੜਾਈ ਦਾ ਪੂਰਾ ਨਕਸ਼ਾ ਪਾਠਕ ਦੇ ਸਾਹਮਣੇ ਆ ਜਾਂਦਾ ਹੈ। ਸ਼ਬਦਾਂ ਦੀ ਵਰਤੋਂ ਹਰ ਥਾਂ ਮੌਕੇ ਅਨੁਸਾਰ ਢੁਕਵੀਂ ਹੈ ਅਤੇ ਬੋਲੀ ਬੜੀ ਸਰਲ ਹੈ। ਪਰ ਬੋਲੀ ਚੂੰਕਿ ਢਾਈ ਸੌ ਵਰ੍ਹੇ ਤੋਂ ਉੱਪਰ ਦੀ ਪੁਰਾਣੀ ਹੈ ਅਤੇ ਅਜ ਕਲ ਦੇ ਆਮ ਪਾਠਕਾਂ ਨੂੰ ਅਜਿਹੀ ਬੋਲੀ ਨਾਲ ਵਾਹ ਨਹੀਂ ਪੈਂਦਾ, ਇਸ ਕਰਕੇ ਹੋ ਸਕਦਾ ਹੈ ਕਿ ਉਨ੍ਹਾਂ ਨੂੰ ਕੁਝ ਲਫਜ਼ ਜ਼ਰਾ ਓਪਰੇ ਅਤੇ ਔਖੇ ਜਾਪਣ। ਅਜਿਹੇ ਪਾਠਕਾਂ ਦੀ ਸਹੂਲੀਅਤ ਲਈ ਪੁਸਤਕ ਦੇ ਅੰਤ ਵਿਚ ਅਸਾਂ ਇਕ ਅਰਥਾਵਲੀ ਦੇ ਦਿੱਤੀ ਹੈ।

# ਸ੍ਰੀ ਗੁਰ ਸੋਭਾ ਦੇ ਵੱਖ ਵੱਖ ਵਿਸ਼ਿਆਂ ਪਰ ਕੁਝ ਵਿਚਾਰ

**'ਪੰਥ ਪ੍ਰਗਾਸ'**

ਲੇਖਕ ਨੇ ਸ੍ਰੀ ਗੁਰ ਸੋਭਾ ਨੂੰ ਵੀਹ ਧਿਆਵਾਂ ਵਿਚ ਵੰਡਿਆ ਹੈ। ਪਹਿਲੇ ਧਿਆਇ 'ਪੰਥ ਪ੍ਰਗਾਸ ਬਰਨਨ' ਵਿਚ ਪੁਸਤਕ ਦੀ ਭੂਮਿਕਾ ਦਿੱਤੀ ਹੈ ਕਿ ਕਿਵੇਂ ਪ੍ਰਭੂ ਦੀ ਪ੍ਰੇਰਣਾ ਨਾਲ ਸਤਿਗੁਰੂ ਦੀ ਸਾਖੀ ਰਚਨ ਦਾ ਸੰਕਲਪ ਹੋਇਆ। ਫਿਰ ਅਰਦਾਸ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ-ਉਦੇਸ਼ ਦਾ ਵਰਣਨ ਕੀਤਾ ਹੈ :

ਦੁਸ਼ਟ-ਬਿਡਾਰਣ ਸੰਤ ਉਬਾਰਣ ਸਬ ਜਗ ਤਾਰਣ ਭਵ ਹਰਣੰ ॥ ੧੭ ॥

ਪਰਮਾਤਮਾ ਦਾ ਇਉਂ ਹੁਕਮ ਹੋਇਆ ਗੁਰੂ ਜੀ ਨੂੰ :

ਚੌਪਈ

ਤਿਹ ਬਖਸ਼ੀਸ਼ ਕਰੀ ਕਰਤਾਰੰ।
ਪ੍ਰਭੂ ਬਾਕ ਇਮ ਕਹੌਂ ਬਿਚਾਰੰ।
ਤਮ ਮੇਰਾ ਇਕ ਪੰਥ ਚਲਾਵੋ।
ਸੁਮਤ ਦੇਹ ਲੋਗਨ ਸਮਝਾਵੋ ॥ ੧੮ ॥

ਰਸਾਵਲ ਛੰਦ

ਜਿਤੇ ਸਰਬ ਭੇਖੰ। ਤਿਤੇ ਸਰਬ ਪੇਖੰ।
ਨ ਪਾਯੋ ਅਲੇਖੰ। ਯਹੈ ਬਾਤ ਦੇਖੰ ॥ ੨੮ ॥
ਜਿਤੇ ਮੈ ਪਠਾਏ। ਸੁ ਆਪੀ ਕਹਾਏ।
ਕਹੀ ਬਾਤ ਸਾਚੇ। ਸੁ ਐਸੀ ਨ ਮਾਚੇ ॥ ੨੯ ॥
ਤੁਝੈ ਜੋ ਬਨਾਇਆ। ਸੁ ਈਹੋ ਉਪਾਇਆ।
ਕਰੋ ਪੰਥ ਮੇਰਾ। ਧਰਮ ਕਾਜ ਕੇਰਾ ॥ ੩੦ ॥
ਯਹੈ ਕਹਿ ਪਠਾਯੋ। ਤਬੈ ਸਿਸ਼ਟਿ ਆਯੋ।
ਭਏ ਕੇਸ ਧਾਰੀ। ਧਰੀ ਫੇਰ ਸਾਰੀ ॥ ੩੧ ॥ (੧:੧੭-੧੮,੨੮-੩੧)

ਅਕਾਲ ਪੁਰਖ ਦੇ ਹੁਕਮ ਨਾਲ ਜੋ ਪੰਥ ਗੁਰੂ ਗੋਬਿੰਦ ਸਿੰਘ ਨੇ ਸਾਜਿਆ, ਉਸ ਵਿਚ ਅਜਿਹੇ ਧਰਮ ਮੂਰਤਿ ਸੂਰਬੀਰ ਸਿਖ ਸ਼ਾਮਲ ਹੋਏ ਜੋ ਸਦਾ ਚੜ੍ਹਦੀਆਂ ਕਲਾਂ ਵਿਚ ਰਹਿਣ ਵਾਲੇ ਸਨ।

ਭਏ ਸਿਘ ਸੂਰੇ। ਕੀਏ ਕਾਜ ਪੂਰੇ।
ਅਚਲ ਨੀਵ ਡਾਰੀ। ਟਰੇਗੀ ਨਾ ਟਾਰੀ ॥ ੩੩ ॥

ਯਹੈ ਬਾਤ ਜਾਨ । ਰਿਦੈ ਸਾਚ ਆਨੋ ।
ਕੀਓ ਪੰਥ ਐਸਾ । ਕਹਿਯੋ ਆਪ ਤੈਸਾ ॥ ੩੪ ॥
ਛਪੈ ਨਾ ਛਪਾਇਆ । ਘਟੈ ਨ ਘਟਾਇਆ ।
ਦਿਨੋ ਦਿਨ ਸਵਾਇਆ । ਸੁ ਡੰਕਾ ਬਜਾਇਆ ॥ ੩੫ ॥

(੧ : ੩੩-੩੫)

**ਭੰਗਾਣੀ ਦਾ ਯੁੱਧ**

ਦੂਸਰੇ, ਤੀਸਰੇ ਅਤੇ ਚੌਥੇ ਧਿਆਵਾਂ ਵਿਚ ਸੈਨਾਪਤਿ ਨੇ ਗੁਰੂ ਗੋਬਿੰਦ ਸਿੰਘ ਨਾਲ ਰਾਜਾ ਫ਼ਤਿਹ ਸ਼ਾਹ, ਭੀਮ ਚੰਦ ਆਦਿ ਪਹਾੜੀ ਰਾਜਿਆਂ, ਸਰਦਾਰ ਅਲਫ਼ ਖ਼ਾਨ ਅਤੇ ਹੁਸੈਨੀ ਖ਼ਾਨ ਦੇ ਜੁਧਾਂ ਦਾ ਵਰਣਨ ਹੈ ।

ਗੁਰੂ ਗੋਬਿੰਦ ਸਿੰਘ ਜੀ ਦੀ ਪਹਾੜੀ ਰਾਜਿਆਂ ਨਾਲ ਪਹਿਲੀ ਲੜਾਈ ਦਾ ਕਾਰਣ ਗੁਰੂ ਜੀ ਦੀ ਦਿਨੋ ਦਿਨ ਵਧਦੀ ਪ੍ਰਭਤਾ ਨੂੰ ਦੇਖ ਕੇ ਰਾਜਿਆਂ ਦੇ ਮਨ ਦਾ ਸਾੜਾ ਅਤੇ ਈਰਖਾ ਸੀ । ਜਦੋਂ ਗੁਰੂ ਸਾਹਿਬ ਨਾਹਣ ਦੇ ਇਲਾਕੇ ਵਿਚ ਪਹੁੰਚੇ ਗਏ ਅਤੇ ਉਥੇ ਜਮੁਨਾ ਨਦੀ ਦੇ ਸੁਹਾਵਣੇ ਕੰਢੇ ਮਕਾਨ ਬਣਵਾ ਕੇ ਰਹਿਣ ਲਗ ਪਏ ; ਓਦੋਂ ਉਸ ਇਲਾਕੇ ਵਿਚ ਮਾਰਖੋਰੇ ਜੰਗਲੀ ਜਾਨਵਰ ਆਮ ਫਿਰਦੇ ਸਨ । ਸ਼ੇਰ, ਚੀਤੇ, ਬਘਿਆੜ, ਰਿੱਛ, ਸੂਰ ਅਤੇ ਨੀਲ ਗਾਈਆਂ ਲੋਕਾਂ ਦੀਆਂ ਜਾਨਾਂ, ਡੰਗਰ ਵੱਛੇ ਅਤੇ ਖੇਤੀਆਂ ਦਾ ਬੜਾ ਨੁਕਸਾਨ ਕਰਦੇ ਸਨ । ਇਨ੍ਹਾਂ ਦੇ ਸ਼ਿਕਾਰ ਲਈ ਛੋੜਾਂ ਨਾਲ ਲੈ ਕੇ ਜਦ ਗੁਰੂ ਸਾਹਿਬ ਜੰਗਲਾਂ ਪਹਾੜਾਂ ਵਿਚ ਜਾਂਦੇ ਅਤੇ ਨਗਾਰਾ ਵਜਦਾ ਤਾਂ ਇਲਾਕੇ ਦੇ ਪਹਾੜੀ ਰਾਜੇ ਬੜੇ ਖਿਝਦੇ ਅਤੇ ਅੰਦਰੋਂ ਅੰਦਰ ਖੁਣਸ ਖਾਂਦੇ ਸਨ । ਉਹ ਸਮਝਦੇ ਸਨ ਕਿ ਝੂਲਦੇ ਨਿਸ਼ਾਨਾਂ ਅਤੇ ਵੱਜਦੇ ਨਗਾਰਿਆਂ ਨਾਲ ਚੜ੍ਹਨਾ ਨਿਕਲਣਾ ਕੇਵਲ ਉਨ੍ਹਾਂ ਦਾ ਹੀ ਅਧਿਕਾਰ ਹੈ, ਹੋਰ ਕਿਸੇ ਦਾ ਨਹੀਂ ਹੋ ਸਕਦਾ ।

ਦੂਸਰੇ ਪਾਸੇ ਗੁਰੂ ਗੋਬਿੰਦ ਸਿੰਘ ਮਨੁੱਖਾਂ ਮਨੁੱਖਾਂ ਵਿਚ ਵਿਤਕਰੇ ਅਤੇ ਊਚ ਨੀਚ ਦੇ ਫ਼ਰਕ ਦੇ ਵਿਰੋਧੀ ਸਨ । ਉਹ ਹਰ ਪਰਕਾਰ ਦੇ ਹੱਕ ਮਨੁੱਖ ਮਾਤ੍ਰ ਦੇ ਸਾਂਝੇ ਸਮਝਦੇ ਸਨ । ਉਹ ਕਿਸੇ ਉਪਰ ਭੀ ਕਿਸੇ ਦੇ ਨਾਜਾਇਜ਼ ਦਬਾਉ ਜਾਂ ਡਰ ਨੂੰ ਮਨੁੱਖ ਦੀ ਆਜ਼ਾਦੀ ਪਰ ਧੱਕਾ ਅਤੇ ਜਬਰ ਸਮਝਦੇ ਸਨ । ਜਿਤਨੀ ਦੇਰ ਤਕ ਕੋਈ ਮਨੁੱਖ ਕਿਸੇ ਦੂਸਰੇ ਪਾਸੋਂ ਸਰੀਰਕ, ਦਿਮਾਗ਼ੀ ਅਤੇ ਧਾਰਮਕ ਤੌਰ ਤੇ ਆਪਣੇ ਆਪ ਨੂੰ ਨੀਵਾਂ, ਛੋਟਾ, ਘਟੀਆ ਅਤੇ ਨਿਰਬਲ ਸਮਝਦਾ ਹੈ, ਉਹ ਉਸ ਤੋਂ ਡਰੀ ਜਾਂਦਾ ਹੈ, ਉਸ ਦੇ ਭੈੜੇ ਸਲੂਕ ਅਤੇ ਅਤਿਆਚਾਰ ਨੂੰ ਵੀ ਸਹੀ ਜਾਂਦਾ ਹੈ, ਆਪਣੇ ਜਾਇਜ਼ ਇਨਸਾਨੀ ਹੱਕਾਂ ਲਈ ਭੀ ਨਹੀਂ ਉਭਾਸਰਦਾ ਅਤੇ ਦਿਮਾਗ਼ੀ ਅਤੇ ਸਰੀਰਕ ਤੌਰ ਤੇ ਅਤਿਆਚਾਰੀ ਦਾ ਦਬੇਲ ਬਣਿਆ ਰਹਿੰਦਾ ਹੈ । ਗੁਰੂ ਗੋਬਿੰਦ ਸਿੰਘ ਕਿਸੇ ਨੂੰ ਭੀ ਕਿਸੇ ਦਾ ਦਬੇਲ ਨਹੀਂ ਸਨ ਰਹਿਣ ਦੇਣਾ ਚਾਹੁੰਦੇ, ਅਤੇ ਉਹ ਚਿਰਾਂ ਦੇ ਦਬੈਲ ਲੋਕਾਂ ਦੇ ਮਨਾਂ ਵਿਚ ਬੈਠਾ ਹੋਇਆ ਡਰ ਭੈ ਦਾ ਖ਼ਿਆਲ ਕਢ ਕੇ ਉਨ੍ਹਾਂ ਨੂੰ ਨਿਰਭੈ, ਆਜ਼ਾਦ-ਸਪਿਰਟ ਹੋਣ ਦੀ ਸਿੱਖਿਆ ਦੇ ਰਹੇ ਸਨ । ਇਹ ਗੱਲ ਰਾਜ-ਅਭਿਮਾਨੀ ਪਹਾੜੀ ਰਾਜੇ ਨਹੀਂ ਸਨ ਸਹਿ ਸਕਦੇ । ਇਸ ਕਰਕੇ ਉਹ ਗੁਰੂ ਸਾਹਿਬ ਨੂੰ ਸੱਟ ਮਾਰਨ ਅਤੇ ਉਨ੍ਹਾਂ ਦੀ ਦਿਨੋਂ ਦਿਨ ਸਵਾਈ ਹੋ ਰਹੀ ਪ੍ਰਭਤਾ ਨੂੰ ਨੀਵਾਂ ਦਿਖਾਉਣ ਲਈ ਗੋਂਦਾਂ ਗੁੰਦਦੇ ਰਹਿੰਦੇ ਸਨ ਜਿਸ ਦਾ ਵੇਰਵੇ ਸਹਿਤ ਵਿਸਥਾਰ

ਗੁਰ-ਪ੍ਰਤਾਪ ਸੂਰਜ ਗ੍ਰੰਥ ਵਿਚ ਦਿੱਤਾ ਹੋਇਆ ਹੈ (ਰੁਤ ੧, ੨੬-੪੨; ਰੁਤ ੨,੧੪)। ਇਨ੍ਹਾਂ ਰਾਜਪੂਤ ਰਾਜਿਆਂ ਦਾ ਮੋਹਰੀ ਭੀਮ ਚੰਦ ਕਹਿਲੂਰੀਆ (ਬਿਲਾਸ-ਪੁਰੀਆ) ਸੀ, ਜਿਸ ਦਾ ਇਲਾਕਾ ਨਾਲ ਲਗਦਾ ਸੀ। ਪਰ ਇਸ ਨੂੰ ਕੋਈ ਬਹਾਨਾ ਨਹੀਂ ਸੀ ਲਭਦਾ ਕਿ ਗੁਰੂ ਜੀ ਦੇ ਵਿਰੁਧ ਫ਼ੌਜ ਇਕੱਠੀ ਕਰਕੇ ਹੱਲਾ ਕਰੇ। ਇਤਨੇ ਨੂੰ ਭੀਮ ਚੰਦ ਦੇ ਪੁੱਤਰ ਦਾ ਫ਼ਤਿਹ ਸ਼ਾਹ ਸਿਰੀ-ਨਗਰੀਏ (ਗੜ੍ਹਵਾਲੀਏ) ਦੀ ਲੜਕੀ ਨਾਲ ਵਿਆਹ ਆ ਗਿਆ। ਇਸ ਬਹਾਨੇ ਇਸ ਨੇ ਬਹੁਤ ਸਾਰੇ ਪਹਾੜੀ ਰਾਜਿਆਂ ਨੂੰ ਸੱਦਾ ਭੇਜ ਕੇ ਉਨ੍ਹਾਂ ਨੂੰ ਬੁਲਾ ਲਿਆ। ਨੀਅਤ ਇਹ, ਕਿ ਜੇ ਦਾਉ ਲਗ ਜਾਏ ਤਾਂ ਗੁਰੂ ਜੀ ਉੱਤੇ ਭੀ ਧਾਵਾ ਕਰ ਦਿੱਤਾ ਜਾਵੇ। ਨਾਲੇ ਖ਼ਿਆਲ ਇਹ ਭੀ ਹੋਣਾ ਹੈ ਕਿ ਵਿਆਹ ਪਿਛੋਂ ਆਪਣੇ ਨਵੇਂ ਸਮਧੀ ਫ਼ਤਿਹ ਸ਼ਾਹ ਨੂੰ ਨਾਲ ਮਿਲਾਇਆ ਜਾ ਸਕੇਗਾ। ਦੂਸਰੇ ਪਾਸੇ ਫ਼ਤਿਹ ਸ਼ਾਹ ਵਲੋਂ ਗੁਰੂ ਜੀ ਨੂੰ ਨਿਉਤਾ ਆਇਆ ਹੋਇਆ ਸੀ ਅਤੇ ਉਨ੍ਹਾਂ ਨੇ ਲੜਕੀ ਲਈ ਬਹੁਮੁੱਲੇ ਕਪੜੇ, ਗਹਿਣੇ ਆਦਿ ਭੇਜੇ ਸਨ। ਇਹ ਗੱਲ ਭੀਮ ਚੰਦ ਨੂੰ ਕਦ ਚੰਗੀ ਲਗ ਸਕਦੀ ਸੀ ? ਉਸ ਨੇ ਬਖੇੜਾ ਖੜਾ ਕਰ ਦਿੱਤਾ ਅਤੇ ਗੁਰੂ ਜੀ ਦਾ ਤੰਬੋਲ ਮੁੜਵਾ ਦਿੱਤਾ ਅਤੇ ਇਸ ਸ਼ਰਤ ਉੱਤੇ ਫ਼ਤਿਹ ਸ਼ਾਹ ਦੀ ਲੜਕੀ ਦਾ ਡੋਲਾ ਲਿਜਾਣਾ ਪਰਵਾਨ ਕੀਤਾ ਕਿ ਉਹ ਪਹਿਲਾਂ ਗੁਰੂ ਜੀ ਉੱਤੇ ਹੱਲਾ ਕਰੇ। ਨਾਜ਼ਕ ਰਿਸ਼ਤੇਦਾਰੀ ਦੇ ਫੰਦੇ ਵਿਚ ਫਸ ਗਿਆ ਹੋਇਆ ਫ਼ਤਿਹ ਸ਼ਾਹ ਬੇ-ਬੱਸ ਹੋ ਗਿਆ। ਪੁਰਾਣੇ ਰਸਮ ਰਿਵਾਜ਼ ਅਨੁਸਾਰ ਲੜਕੀ ਦਾ ਡੋਲਾ ਛੱਡ ਜਾਣਾ, ਭਾਵੇਂ ਕਿਤਨਾ ਹੀ ਅਕਾਰਣ ਅਤੇ ਮੁੰਡੇ ਵਾਲਿਆਂ ਦੀ ਕੂੜੀ ਹੈਂਕੜ ਜਾਂ ਅਯੋਗ ਮੰਗਾਂ ਕਰਕੇ ਹੋਵੇ, ਬੜੀ ਨਮੋਸ਼ੀ ਸਮਝੀ ਜਾਂਦੀ ਸੀ ਅਤੇ ਅਜਿਹੇ ਸਮੇਂ ਲੜਕੀ ਵਾਲਿਆਂ ਨੂੰ ਕਈ ਪਰਕਾਰ ਦੀ ਹੇਠੀ ਦੀਆਂ ਗੱਲਾਂ ਭੀ ਮੰਨਣੀਆਂ ਪੈ ਜਾਂਦੀਆਂ ਸਨ। ਭਾਈਚਾਰੇ ਦੀ ਅਜਿਹੀ ਕੁੜਿੱਕੀ ਵਿਚ ਫ਼ਸੇ ਹੋਏ ਫਤਿਹ ਸ਼ਾਹ ਨੇ ਭੀਮ ਚੰਦ ਦੀਆਂ ਈਰਖਾ ਭਰੀਆਂ ਗੱਲਾਂ ਸੁਣ ਮੰਨ ਕੇ, ਕਿ ਗੁਰੂ ਜੀ ਪ੍ਰਭਤਾ ਅਤੇ ਤਾਕਤ ਵਧ ਜਾਣ ਨਾਲ ਸਾਰੇ ਪਹਾੜੀ ਰਾਜਾਂ ਅਤੇ ਰਾਜਿਆਂ ਨੂੰ ਖ਼ਤਰਾ ਹੈ, ਭੀਮ ਚੰਦ ਨੂੰ ਰਾਜ਼ੀ ਰਖਣ ਲਈ ਗੁਰੂ ਸਾਹਿਬ ਉੱਤੇ ਧਾਵਾ ਬੋਲ ਦਿੱਤਾ। ਕੋਈ ਵੱਡੀ ਗੱਲ ਨਹੀਂ ਕਿ ਖ਼ੁਦ ਫ਼ਤਿਹ ਸ਼ਾਹ ਵੀ ਅੰਦਰੋਂ ਅੰਦਰ ਇਸੇ ਵਿਚਾਰ ਦਾ ਹੋ ਗਿਆ ਹੋਇਆ ਹੋਵੇ ਅਤੇ ਈਰਖਾ ਨਾਲ ਕੁੜ੍ਹਦਾ ਅਤੇ ਗੁਸੇ ਹੋ ਰਿਹਾ ਹੋਵੇ। ਕਵੀ ਸੈਨਾਪਤਿ ਕਿਸੇ ਵਿਸਥਾਰ ਵਿਚ ਨਾ ਜਾਂਦਾ ਹੋਇਆ ਕੇਵਲ ਇਤਨਾ ਹੀ ਕਹਿੰਦਾ ਹੈ :

ਕੇਤਕ ਬਰਸ ਭਾਂਤਿ ਇਹ ਗਏ।
ਦੇਸ ਪਾਂਵਟੇ ਸਤਿਗੁਰ ਗਏ।
ਜਮਨਾ ਤੀਰ ਮਹਿਲ ਬਨਵਾਏ।
ਕਰਤ ਅਨੰਦ ਪ੍ਰਭੂ ਮਨ ਭਾਏ॥ ੮॥ ੪੯॥
ਅਨਿਕ ਭਾਂਤ ਲੀਲਾ ਤਹ ਕਰੀ।
ਫਤੇ ਸ਼ਾਹ ਸੁਨ ਕੈ ਮਨ ਧਰੀ।
ਬਹੁਤ ਕੋਪ ਮਨ ਮਾਹਿ ਬਸਾਯੋ।
ਫ਼ਉਜ ਬਨਾਇ ਜੁਧ ਕਉ ਆਯੋ॥ ੯॥ ੫੦॥

ਕਵੀ ਸੇਵਾ ਸਿੰਘ ਭਟ ਨੇ ਸ਼ਹੀਦ-ਬਿਲਾਸ (ਭਾਈ ਮਨੀ ਸਿੰਘ) ਵਿਚ ਆਪਣੇ

ਬਜ਼ੁਰਗ ਭਟਾਂ ਦੇ ਆਧਾਰ ਤੇ ਇਸ ਜ਼ੁੱਧ ਦਾ ਜ਼ਿਕਰ ਇਸ ਤਰ੍ਹਾਂ ਆਰੰਭ ਕੀਤਾ ਹੈ :

ਨਗਰ ਪਾਂਵਟੇ ਜੋ ਚਲ ਆਵੈ । ਮਨੋ ਕਾਮਨਾ ਗਰ ਥੀਂ ਪਾਵੈ ।......
ਦਸਮ ਗੁਰ ਨਿਤ ਚੜ੍ਹੇ ਸ਼ਿਕਾਰ । ਨਦੀ ਉਰੈ ਕਬ ਜਾਵੈਂ ਪਾਰ ।
ਸੇਵਾ ਹਰੀ ਸ਼ਾਹ ਫਤੇ ਨਰੇਸ਼ । ਕੋਪਯੋ ਸੰਗ ਗੁਰੂ ਦਸਮੇਸ਼ ॥ ੫੬ ॥

ਦੋਹਰਾ

ਸਾਰਮੌਰ ਕੇ ਦੇਸ ਮੈਂ ਸ੍ਰੀ ਗੁਰ ਕਾ ਪ੍ਰਤਾਪ ॥
ਬਢਯੋ ਦੇਖ ਗੜ੍ਹਵਾਲੀਆ ਸਹਿ ਨਾ ਸਕਯੋ ਸੁ ਆਪ ॥ ੫੭ ॥

ਖੁਦ ਗੁਰੂ ਸਾਹਿਬ ਭੀ ਬਚਿਤ੍ਰ ਨਾਟਕ ਦੇ ਅਠਵੇਂ ਧਿਆਇ ਦੇ ਆਰੰਭ ਵਿਚ ਪਹਿਲੇ ਜ਼ੁੱਧ ਛਿੜਨ ਸੰਬੰਧੀ ਇਤਨਾ ਹੀ ਲਿਖਦੇ ਹਨ :

ਦੇਸ ਚਾਲ ਹਮ ਤੇ ਪੁਨਿ ਭਈ ।
ਸ਼ਹਰ ਪਾਂਵਟਾ ਕੀ ਸੁਧਿ ਲਈ ।
ਕਾਲਿੰਦ੍ਰੀ ਤਟ ਕਰੇ ਬਿਲਾਸਾ ।
ਅਨਿਕ ਭਾਂਤ ਕੇ ਪੇਖ ਤਮਾਸਾ ॥ ੨ ॥
ਤਹ ਕੇ ਸਿੰਘ ਘਨੇ ਚੁਨਿ ਮਾਰੇ ।
ਰੋਝ ਰੀਛ ਬਹੁ ਭਾਂਤ ਬਿਦਾਰੇ ।
ਫ਼ਤੇ ਸ਼ਾਹ ਕੋਪਾ ਤਬਿ ਰਾਜਾ ।
ਲੋਹ ਪਰਾ ਹਮ ਸੋ ਬਿਨੁ ਕਾਜਾ ॥ ੩ ॥

ਇਸ ਤਰ੍ਹਾਂ ਬਿਨਾਂ ਕਿਸੇ ਕਾਰਣ ਦੇ ਈਰਖਾ ਵਿਚ ਗੁੱਸੇ ਹੋ ਕੇ ਫ਼ਤਿਹ ਸ਼ਾਹ ਨੇ ਗੁਰੂ ਸਾਹਿਬ ਉਤੇ ਹੱਲਾ ਕਰਨ ਲਈ ਕਈ ਹੋਰ ਰਾਜੇ ਨਾਲ ਰਲਾ ਲਏ, ਜੋ ਅੱਗੇ ਹੀ ਭੀਮ ਚੰਦ ਨੇ ਭੜਕਾਏ ਹੋਏ ਸਨ, ਅਤੇ ਜ਼ੁੱਧ ਆ ਛੇੜਿਆ । ਉਨ੍ਹਾਂ ਨੂੰ ਖਿਆਲ ਸੀ ਕਿ ਸਾਡੇ ਸਾਹਮਣੇ ਕਿਸ ਨੇ ਅੜਨਾ ਏ, ਇਕ ਘੜੀ ਵਿਚ ਮਾਰ ਮਾਰ ਕੇ ਸੱਥਰਾ ਦਿਆਂਗੇ । ਕਵੀ ਦੇ ਸ਼ਬਦਾਂ ਵਿਚ :

ਫ਼ਤੇ ਸ਼ਾਹ ਦਲ ਸਾਜ ਕੈ ਖਰਾ ਭਯੋ ਤਿਹ ਥਾਨ ।
ਸੰਗ ਰਾਵ ਰਾਜ ਘਨੇ ਮਨ ਮੈ ਕੀਓ ਗੁਮਾਨ ॥ ੧੨ ॥ ੫੩ ॥
ਕੇਤਕ ਦਲ ਇਹ ਫੌਜ ਕੋ ਕੀਨੋ ਸ਼ਾਹ ਸੁਮਾਰ ।
ਏਕ ਘਰੀ ਕੀ ਮਾਰ ਮੈ ਹੁਇ ਹੈ ਸਕਲ ਸਥਾਰ ॥ ੧੩ ॥ ੫੪ ॥

ਪਰ ਉਹ ਭੁਲੇਖੇ ਵਿਚ ਸਨ । ਇਹ ਠੀਕ ਹੈ ਕਿ ਇਹ ਗੁਰੂ ਗੋਬਿੰਦ ਸਿੰਘ ਜੀ ਦੀ ਪਹਿਲੀ ਲੜਾਈ ਸੀ । ਉਨ੍ਹਾਂ ਦੇ ਆਦਮੀ ਭੀ ਜੰਗੀ ਸਿਖਲਾਈ ਵਿਚ ਬਹੁਤੇ ਚੰਗੇ ਨਹੀਂ ਹੋ ਸਕਦੇ ਅਤੇ ਜੰਗੀ ਸਾਮਾਨ ਭੀ ਉਨ੍ਹਾਂ ਪਾਸ ਕੋਈ ਬਹੁਤਾ ਵਧੀਆ ਨਹੀਂ ਹੋਣਾ, ਪਰ ਗੁਰੂ ਸਾਹਿਬ ਨੇ ਇਸ ਨਿਪੁੰਨਤਾ ਨਾਲ ਵਿਉਂਤ ਬਣਾ ਕੇ ਵੈਰੀ ਦਾ ਟਾਕਰਾ ਕੀਤਾ ਕਿ ਉਸ ਨੂੰ ਲੈਣੇ ਦੇ ਦੇਣੇ ਪੈ ਗਏ । ਆਪਣੀ ਰੱਖਿਆ ਲਈ ਜਾਨ ਤੋੜ ਕੇ ਲੜ ਰਹੇ ਸਿਰ-ਲੱਥ ਸੂਰਿਆਂ ਨਾਲ ਅਕਾਰਣ ਲੜਨ ਆਈਆਂ ਅਤੇ ਮਾਂਗਵੀਆਂ ਧਾੜਾਂ ਨੇ ਕੀ ਲੜਨਾ ਸੀ ? ਲੜਾਈ ਸਿਰ ਧੜ ਦੀ ਬਾਜ਼ੀ ਹੁੰਦੀ ਹੈ ਜੋ ਬਿਨਾਂ ਕਿਸੇ ਉਤਸ਼ਾਹ-ਜਨਕ ਜਜ਼ਬੇ ਅਤੇ ਉੱਚੇ

ਮਨੋਰਥ ਦੇ ਬਹੁਤੀ ਦੇਰ ਤਕ ਨਹੀਂ ਲੜੀ ਜਾ ਸਕਦੀ। ਅੰਦਰਲੀ ਈਰਖਾ ਅਤੇ ਬਾਹਰਲੀ ਭੜਕਾਹਟ ਜੋ ਫ਼ਤਿਹ ਸ਼ਾਹ ਅਤੇ ਉਸ ਦੇ ਸੰਗੀਆਂ ਨੂੰ ਲੜਨ ਲਈ ਲਿਆਈ ਸੀ ਕੋਈ ਅਜਿਹੇ ਯੋਗ ਕਾਰਣ ਨਹੀਂ ਸਨ ਜੋ ਪਹਾੜੀਆਂ ਨੂੰ ਜਾਨਾਂ ਵਾਰਨ ਲਈ ਉਤਸ਼ਾਹ ਅਤੇ ਹੁਲਾਰਾ ਦਿੰਦੇ। ਇਸ ਲਈ ਕੁਦਰਤੀ ਉਹ ਜਾਨਾਂ ਬਚਾ ਕੇ ਲੜਦੇ ਹੋਣੇ ਨੇ। ਦੂਸਰੇ ਪਾਸੇ ਸਿੱਖ ਆਪਣੇ ਗੁਰੂ, ਧਰਮ ਅਤੇ ਸ੍ਵੈ-ਰੱਖਿਆ ਲਈ ਲੜ ਰਹੇ ਸਨ। ਇਸ ਲਈ ਉਨ੍ਹਾਂ ਦੇ ਸਾਹਮਣੇ ਇਕ ਸ੍ਰੇਸ਼ਟ ਕਾਰਣ ਸੀ, ਇਕ ਮਹਾਨ ਆਦਰਸ਼ ਸੀ, ਜਿਸ ਲਈ ਉਹ ਅੰਤਮ ਕਰਬਾਨੀ ਕਰਨ ਲਈ ਜਾਨਾਂ ਤਲੀ ਤੇ ਰਖ ਕੇ ਲੜਦੇ ਮਰਦੇ ਸਨ। ਇਸ ਤੋਂ ਇਲਾਵਾ ਉਨ੍ਹਾਂ ਦੇ ਆਗੂ ਜਰਨੈਲ ਖੁਦ ਗੁਰੂ ਗੋਬਿੰਦ ਸਿੰਘ ਸਨ ਜਿਨ੍ਹਾਂ ਦੇ ਪਰਤੱਖ ਦਰਸ਼ਨ ਅਤੇ ਹੁਕਮਾਂ ਦੀ ਪਾਲਣਾ ਸਿੱਖਾਂ ਲਈ ਕਲਿਆਣਕਾਰੀ ਸੁਖਾਂ ਦਾ ਸਾਧਨ ਸਨ। ਗੁਰੂ ਜੀ ਦੇ ਦਿਲ ਵਿਚ ਕਿਸੇ ਲਈ ਕੋਈ ਈਰਖਾ ਨਹੀਂ ਸੀ, ਕੋਈ ਵੈਰ ਨਹੀਂ ਸੀ। ਉਨ੍ਹਾਂ ਨੂੰ ਕਿਸੇ ਦੇ ਧਨ ਜਾਂ ਭੋਂ ਦਾ ਲਾਲਚ ਨਹੀਂ ਸੀ ਅਤੇ ਨਾ ਹੀ ਕਿਸੇ ਪਰ ਰੁਹਬ ਜਮਾਉਣ ਜਾਂ ਕਿਸੇ ਤੋਂ ਈਨ ਮਨਾਉਣ ਦਾ ਕੋਈ ਖ਼ਿਆਲ ਸੀ। ਉਨ੍ਹਾਂ ਨੇ ਕਿਸੇ ਪਰ ਚੜ੍ਹਾਈ ਦੀ ਪਹਿਲ ਨਹੀਂ ਸੀ ਕੀਤੀ। ਫ਼ਤਿਹ ਸ਼ਾਹ ਅਤੇ ਉਨ੍ਹਾਂ ਦੇ ਹਮਾਇਤੀਆਂ ਨੇ ਗੁਰੂ ਜੀ ਦੇ ਵਿਰੁਧ ਪਹਿਲਾਂ ਅਕਾਰਣ ਹੀ ਛੇੜ ਛੇੜੀ ਅਤੇ ਚੜ੍ਹਾਈ ਕੀਤੀ ਸੀ ਜਿਸ ਦੇ ਉੱਤਰ ਵਿਚ ਆਪਣੀ ਰੱਖਿਆ ਲਈ ਉਨ੍ਹਾਂ ਨੂੰ ਤਲਵਾਰ ਚੁਕਣੀ ਪਈ ਸੀ। ਜਦ ਇਕ ਵਾਰੀ ਜੁੱਧ ਦੇ ਮੈਦਾਨ ਵਿਚ ਉੱਤਰ ਆਏ ਤਾਂ ਫਿਰ ਸੂਰਮਿਆਂ ਵਾਂਙੂ ਲੜਨਾ ਹੀ ਬਣਦਾ ਸੀ। ਗੁਰੂ ਸਾਹਿਬ ਦੀ ਅਗਵਾਈ, ਬਹਾਦਰੀ ਅਤੇ ਜੁੱਧ ਲਟੀ ਭਰੀ ਸਪਿਰਿਟ ਦੇ ਸਦਕੇ ਜਿੱਤ ਗੁਰੂ ਸਾਹਿਬ ਦੀ ਹੋਈ।

ਇਹ ਜੁੱਧ ਭੰਗਾਣੀ ਦੇ ਅਸਥਾਨ ਤੇ ਹੋਇਆ। ਇਸ ਦਾ ਜ਼ਿਕਰ ਖ਼ੁਦ ਗੁਰੂ ਸਾਹਿਬ ਨੇ ਭੀ ਬਚਿਤ੍ਰ ਨਾਟਕ ਦੇ ਅਠਵੇਂ ਧਿਆਇ ਵਿਚ ਕੀਤਾ ਹੈ, ਪਰ ਇਸ ਦੀ ਮਿਤੀ ਨਾ ਤਾਂ ਗੁਰੂ ਸਾਹਿਬ ਨੇ ਦਿੱਤੀ ਹੈ ਅਤੇ ਨਾ ਹੀ ਕਵੀ ਸੈਨਾਪਤਿ ਨੇ। ਕਵੀ ਸੇਵਾ ਸਿੰਘ ਨੇ ਸ਼ਹੀਦ-ਬਿਲਾਸ ਦੇ ੫੮ਵੇਂ ਛੰਦ ਵਿਚ ਇਸ ਜੁੱਧ ਦੀ ਤਾਰੀਖ ਇਸ ਤਰ੍ਹਾਂ ਦਿੱਤੀ ਹੈ :

ਸਤ੍ਰਹ ਸੈ ਪੈਂਤਾਲ ਮੈਂ ਚੜ੍ਹ ਆਏ ਨਰੇਸ਼।
ਅਸਵਨ ਮਾਸ ਕੀ ਠਾਰਵੀਂ ਉਪਰ ਸ੍ਰੀ ਦਸ਼ਮੇਸ਼ ॥ ੫੮ ॥
...ਮਚਯੋ ਜਹਿ ਇਹ ਘੋਰ ਸੰਗ੍ਰਾਮਾ।
ਜਮਨਾ ਤੀਰ ਭੰਗਾਨੀ ਨਾਮਾ......... ॥ ੫੯ ॥

ਇਹ ਮਿਤੀ ੧੮ ਅੱਸੂ ਸੰਮਤ ੧੭੪੫, ਅਸੂ ਸੁਦੀ ੪, ੧੮ ਸਤੰਬਰ ਸੰਨ ੧੬੮੮ ਈ: ਦਿਨ ਮੰਗਲਵਾਰ ਨੂੰ ਬੈਠਦੀ ਹੈ। ਇਹ ਇਤਨਾ ਕੁਝ ਵਿਸਥਾਰ ਨਾਲ ਇਸ ਲਈ ਲਿਖਿਆ ਗਿਆ ਹੈ ਕਿਉਂਕਿ ਗੁਰੂ ਗੋਬਿੰਦ ਸਿੰਘ ਜੀ ਦਾ ਇਹ ਪਹਿਲਾ ਜੁੱਧ ਸੀ ਅਤੇ ਇਹ ਦੱਸਣਾ ਜ਼ਰੂਰੀ ਸੀ ਕਿ ਕਿਵੇਂ ਪਹਾੜੀ ਰਾਜਿਆਂ ਨੇ ਈਰਖਾ ਕਰਕੇ ਬਿਨਾਂ ਕਿਸੇ ਕਾਰਣ ਹੀ ਗੁਰੂ ਗੋਬਿੰਦ ਸਿੰਘ ਉੱਤੇ ਚੜ੍ਹਾਈ ਕੀਤੀ ਅਤੇ ਉਨ੍ਹਾਂ ਨੂੰ ਇਸ ਲੜਾਈ ਵਿਚ ਪੈਣ ਲਈ ਮਜਬੂਰ ਕੀਤਾ ਸੀ। ਲੜਾਈ ਦਾ ਵੇਰਵਾ ਇਥੇ ਦੇਣਾ ਜ਼ਰੂਰੀ ਨਹੀਂ ਸਮਝਿਆ ਗਿਆ।

ਭੰਗਾਣੀ ਦੇ ਜੁੱਧ ਤੋਂ ਬਾਅਦ ਗੁਰੂ ਸਾਹਿਬ ਸਵਾ ਕੁ ਮਹੀਨਾ ਹੋਰ ਪਾਂਵਟੇ ਰਹੇ ਅਤੇ ਉਥੋਂ ਚੱਲ ਕੇ ੨੮ ਕਤਕ ਪੂਰਨਮਾਸ਼ੀ ੧੭੪੫ ਨੂੰ ਕਪਾਲ ਮੋਚਨ ਦੇ ਮੇਲੇ ਤੇ ਹੁੰਦੇ ਹੋਏ ਆਨੰਦਪੁਰ ਆ ਗਏ।

## ਨਾਦੌਣ ਦੀ ਲੜਾਈ

ਨਾਦੌਣ ਦੀ ਲੜਾਈ ਗੁਰੂ ਗੋਬਿੰਦ ਸਿੰਘ ਦੇ ਮਹਾਨ ਉਦਾਰ ਅਤੇ ਨਿਰਵੈਰ ਦਿਲ ਦਾ ਇਕ ਜੀਉਂਦਾ ਜਾਗਦਾ ਪਰਤੱਖ ਸਬੂਤ ਹੈ ਕਿ ਉਹ ਨਾਜਾਇਜ਼ ਸਖਤੀ ਅਤੇ ਜ਼ੁਲਮ ਦੇ ਸਤਾਏ ਲੋਕਾਂ ਦੀ, ਭਾਵੇਂ ਉਹ ਉਨ੍ਹਾਂ ਦੇ ਆਪਣੇ ਹੀ ਜਾਨੀ ਵੈਰੀ ਭੀ ਕਿਉਂ ਨਾ ਹੋਣ, ਸਹਾਇਤਾ ਲਈ ਤਿਆਰ ਬਰ ਤਿਆਰ ਰਹਿੰਦੇ ਸਨ। ਫ਼ਤਹਿ ਸ਼ਾਹ ਗੜ੍ਹਵਾਲੀਆ ਅਤੇ ਭੀਮ ਚੰਦ ਕਹਿਲੂਰੀਆ ਅਤੇ ਉਨ੍ਹਾਂ ਦੇ ਹਮਾਇਤੀ ਰਾਜੇ ਗੁਰੂ ਗੋਬਿੰਦ ਸਿੰਘ ਜੀ ਦੇ ਜਾਨੀ ਦੁਸ਼ਮਨ ਬਣ ਕੇ ਉਨ੍ਹਾਂ ਨੂੰ ਦੇਸੋਂ ਕਢਣ ਲਈ ਹੱਲਾ ਕਰਕੇ ਆਏ ਸਨ ਅਤੇ ਭੰਗਾਣੀ ਦੇ ਜੁੱਧ ਵਿਚ ਹਰੀ ਚੰਦ ਨੇ ਆਪਣੇ ਖ਼ੂਨੀ ਤੀਰਾਂ ਨਾਲ ਗੁਰੂ ਸਾਹਿਬ ਦੀ ਜਾਨ ਤਕ ਲੈਣ ਦਾ ਜਤਨ ਕੀਤਾ ਸੀ ਅਤੇ ਉਨ੍ਹਾਂ ਨੂੰ ਜ਼ਖਮੀ ਕਰ ਦਿੱਤਾ ਸੀ। ਜੇ ਉਹ ਬਚ ਗਏ, ਤਾਂ ਅਕਾਲ ਦੀ ਕਿਰਪਾ ਨਾਲ। ਹਰੀ ਚੰਦ ਨੇ ਆਪਣੇ ਵਲੋਂ ਕੋਈ ਕਸਰ ਨਹੀਂ ਸੀ ਛਡੀ। ਭੰਗਾਣੀ ਦੇ ਜੁੱਧ ਤੋਂ ਬਾਅਦ ਭੀਮ ਚੰਦ ਦੀ ਸੁਲਾਹ ਭੀ ਇਕ ਮਤਲਬੀ ਚਾਲ ਹੀ ਸੀ ਪਰ ਜਦ ਹਿਫ਼ਜ਼ੁਲਾ ਖ਼ਾਨ, ਪ੍ਰਸਿੱਧ ਮੀਆਂ ਖ਼ਾਨ, ਜੰਮੂ ਆਇਆ ਅਤੇ ਉਸ ਦੇ ਭੇਜੇ ਹੋਏ ਅਲਫ਼ ਖ਼ਾਨ ਨੇ ਪਹਾੜੀ ਇਲਾਕੇ ਵਿਚ ਉਧਮ ਮਚਾ ਦਿੱਤਾ ਤਾਂ ਭੀਮ ਚੰਦ ਕਹਿਲੂਰੀਆ ਘਬਰਾਇਆ ਅਤੇ ਸਹਾਇਤਾ ਲਈ ਗੁਰੂ ਸਾਹਿਬ ਨੂੰ ਭੀ ਬੇਨਤੀ ਕੀਤੀ[1]। ਬਾਹਰੀ ਇਤਿਹਾਸਕ ਖ਼ਿਆਲ ਨਾਲ ਇਹ ਗੱਲ ਗੁਰੂ ਸਾਹਿਬ ਲਈ ਇਕ ਕਰੜੀ ਅਜ਼ਮਾਇਸ਼ ਦੀ ਸੀ, ਜਿਸ ਵਿਚ ਆਪ ਪੂਰੇ ਉਤਰੇ। ਭੀਮ ਚੰਦ ਦੇ ਕੀਤੇ ਪਿਛਲੇ ਸਾਰੇ ਵੈਰ ਵਿਰੋਧ ਭੁਲਾ ਕੇ ਆਪ ਉਸ ਦੀ ਸਹਾਇਤਾ ਲਈ ਜਾ ਪੁੱਜੇ ਅਤੇ ਜੰਗ ਵਿਚ ਵੈਰੀ ਦੇ ਬਿਲਕੁਲ ਨਜ਼ਦੀਕ ਜਾ ਕੇ ਖ਼ੁਦ ਤੀਰਾਂ ਦੀ ਉਹ ਵਰਖਾ ਕੀਤੀ ਕਿ ਉਹ ਘਾਬਰ ਕੇ ਉਜਾੜ ਜੰਗਲ ਵਿਚ ਜਾ ਲੁਕੇ ਅਤੇ ਅੰਤ ਹਾਰ ਖਾ ਕੇ ਭੱਜ ਗਏ। ਇਹ ਵਾਕਿਆ ਮਿਤੀ ੨੨ ਚੇਤ ਸੰਮਤ ੧੭੪੭ ਬਿਕਰਮੀ, ੨੦ ਮਾਰਚ ੧੬੯੧ ਈਸਵੀ, ਦਾ ਹੈ [ਸੇਵਾ ਸਿੰਘ, ਸ਼ਹੀਦ ਬਿਲਾਸ, ਛੰਦ ੬੫, ਮਹਾਨ ਕੋਸ਼, ੫੧੮]। ਨਾਦੌਣ ਦੇ ਜੁੱਧ ਤੋਂ ਬਾਅਦ ਗੁਰੂ ਸਾਹਿਬ ਅਲਸੂਣ ਨੂੰ ਮਾਰਦੇ ਹੋਏ, ਜਿਥੇ ਦੇ ਪਠਾਣਾਂ ਨੇ ਗੁਰੂ ਸਾਹਿਬ ਪਰ ਹੱਲਾ ਕੀਤਾ ਸੀ ਅਤੇ ਵੈਰੀ ਦਾ ਇਕ ਅੱਡਾ ਅਤੇ ਡੇਰਾ ਸੀ, ਆਨੰਦਪੁਰ ਨੂੰ ਮੁੜ ਆਏ [ਗਿਆਨ ਸਿੰਘ, ਤਵਾਰੀਖ ਗੁਰੂ ਖਾਲਸਾ, ਉਰਦੂ, ੧੫੯]।

---

[1]ਹਚਿੱਸਨ ਅਤੇ ਵੋਗਲ [ਜਿਲਦ ਪਹਿਲੀ, ੧੭੪-੫] ਅਨੁਸਾਰ ਭੀਮ ਚੰਦ ਕਟੋਚ ਕਾਂਗੜੀਏ ਨੇ ਭੀ ਮੀਆਂ ਖ਼ਾਨ ਦੇ ਵਿਰੁਧ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਸਹਾਇਤਾ ਮੰਗੀ ਸੀ। ਪਰ ਇਹ ਗੱਲ ਠੀਕ ਨਹੀਂ ਜਾਪਦੀ। ਉਸ ਨੇ ਤਾਂ ਮੀਆਂ ਖ਼ਾਨ ਵਲੋਂ ਭੇਜੇ ਗਏ ਅਲਫ਼ ਖ਼ਾਨ ਦੇ ਆਉਂਦੇ ਸਾਰ ਹੀ ਉਸ ਦੀ ਈਨ ਮੰਨ ਲਈ ਸੀ ਅਤੇ ਉਸ ਨੇ ਆਪਣੇ ਛੋਟੇ ਭਾਈ ਕਿਰਪਾਲ ਚੰਦ ਨੂੰ ਉਸ ਦੇ ਨਾਲ ਦੇ ਕੇ ਕਹਿਲੂਰ ਦੂਨ ਵਲ ਨੂੰ ਚੜ੍ਹਾਇਆ ਸੀ ਬਚਿਤ੍ਰ ਨਾਟਕ, ੯; ਸੁਖਾ ਸਿੰਘ, ਗੁਰ ਬਿਲਾਸ, ੧੪੪-੫; ਸੂਰਜ ਪ੍ਰਕਾਸ਼, ੪੮੫੯-੬੧]।

ਨਾਦੌਣ ਜ਼ਿਲ੍ਹਾ ਕਾਂਗੜਾ ਦੀ ਹਮੀਰ ਪੁਰ ਤਹਿਸੀਲ ਵਿਚ ਇਕ ਛੋਟਾ ਜਿਹਾ ਕਸਬਾ ਹੈ ਜੋ ਕਾਂਗੜਾ ਤੋਂ ਦੱਖਣ-ਚੜ੍ਹਦੇ ਨੂੰ ਵੀਹ ਮੀਲ ਦੀ ਵਿੱਥ ਤੇ ਹੈ।

**ਖ਼ਾਨਜ਼ਾਦਾ ਅਤੇ ਹੁਸੈਨੀ** (ਹੁਸੈਨ ਖ਼ਾਨ)

ਕਵੀ ਸੈਨਾਪਤਿ ਨੇ ਦਿਲਾਵਰ ਖ਼ਾਨ ਦੇ ਪੁਤਰ, ਜਿਸ ਨੂੰ ਗੁਰੂ ਸਾਹਿਬ ਨੇ ਬਚਿਤ੍ਰ ਨਾਟਕ ਵਿਚ 'ਖ਼ਾਨਜ਼ਾਦਾ' ਕਰਕੇ ਲਿਖਿਆ ਹੈ, ਅਤੇ ਉਸ ਦੇ ਗੁਲਾਮ ਹੁਸੈਨੀ ਦੀਆਂ ਲੜਾਈਆਂ ਇੱਕੋ ਚੌਥੇ ਧਿਆਇ ਵਿਚ ਦੇ ਦਿੱਤੀਆਂ ਹਨ। ਖ਼ਾਨਜ਼ਾਦੇ ਨੇ ਆਪਣੀ ਵਲੋਂ ਤਾਂ ਰਾਤ ਦੇ ਸਮੇਂ ਹੱਲਾ ਕਰ ਕੇ ਆਨੰਦਪੁਰ ਮਾਰ ਲੈਣ ਦੀ ਸੋਚੀ ਸੀ ਅਤੇ ਸਰਸਾ ਦੇ ਪਾਰਲੇ ਕੰਢੇ ਅਨ੍ਹੇਰੇ ਵਿਚ ਫ਼ੌਜ ਲਿਆ ਜੋੜੀ ਪਰ ਇਕ ਸੂਹੀਏ ਨੇ ਜਦ ਉਰਾਰ ਖਬਰ ਆ ਪਹੁੰਚਾਈ ਅਤੇ ਭਾਈ ਆਲਮ ਸਿੰਘ ਨੇ ਗੁਰੂ ਜੀ ਨੂੰ ਪਤਾ ਦੇ ਦਿੱਤਾ ਤਾਂ ਗੁਰੂ ਜੀ ਦੇ ਹੁਕਮ ਨਾਲ ਸਿੱਖ ਘੋੜ-ਚੜ੍ਹੇ ਨਗਾਰੇ ਵਜਾਉਂਦੇ ਕੁਦ ਪਏ। ਬੱਸ ਫੇਰ ਕੀ ਸੀ? ਨਗਾਰਿਆਂ ਦੀ ਗੜਗੱਜ ਅਤੇ ਸੂਰਬੀਰਾਂ ਦੀ ਲਲਕਾਰ ਸੁਣ ਕੇ ਖ਼ਾਨਜ਼ਾਦਾ ਅਤੇ ਉਸ ਦੇ ਫ਼ੌਜੀ ਜੁਆਨ ਦਹਿਲ ਗਏ ਅਤੇ ਬਿਨਾਂ ਹਥਿਆਰ ਕੱਢੇ ਸਰਸਾ ਦੇ ਪਾਰੋਂ ਹੀ ਭੱਜ ਗਏ। ਗੁਰੂ ਜੀ ਬਚਿਤ੍ਰ ਨਾਟਕ ਵਿਚ ਇਸ ਸੰਬੰਧੀ ਲਿਖਦੇ ਹਨ ਕਿ :

ਇਤੇ ਬੀਰ ਗੱਜੇ ਭਏ ਨਾਦ ਭਾਰੇ।
ਭੱਜੇ ਖ਼ਾਨ ਖੂਨੀ ਬਿਨਾ ਸ਼ਸਤ੍ਰ ਝਾਰੇ। (੧੦ : ੬)

ਖ਼ਾਨਜ਼ਾਦੇ ਦੀ ਭਾਜ ਤੋਂ ਬਾਅਦ ਦਿਲਾਵਰ ਖ਼ਾਨ ਦਾ ਚੇਲਾ (ਗ਼ੁਲਾਮ) ਹੁਸੈਨੀ (ਹੁਸੈਨੀ ਖ਼ਾਨ, ਥਾਨੇਦਾਰ) ਬਦਲਾ ਲੈਣ ਲਈ ਬਾਹਾਂ ਠੋਕ ਕੇ ਚੜ੍ਹਿਆ ਪਰ ਆਨੰਦਪੁਰ ਪਹੁੰਚਣ ਤੋਂ ਪਹਿਲਾਂ ਹੀ ਰਸਤੇ ਵਿਚ ਗੁਲੇਰ ਦੇ ਮੈਦਾਨ ਵਿਚ ਮਾਰਿਆ ਗਿਆ। ਇਸ ਦੀ ਚੜ੍ਹਾਈ ਅਤੇ ਮੌਤ ਦਾ ਹਾਲ ਬਚਿਤ੍ਰ ਨਾਟਕ ਦੇ ਗਿਆਰਵੇਂ ਧਿਆਇ ਵਿਚ ਦਿੱਤਾ ਹੋਇਆ ਹੈ। ਸੇਵਾ ਸਿੰਘ ਲਿਖਿਤ ਸ਼ਹੀਦ ਬਿਲਾਸ ਭਾਈ ਮਨੀ ਸਿੰਘ ਵਿਚ ਹੁਸੈਨੀ ਜੁੱਧ ਦੀ ਤਿਥਿ ੨੩ ਫਗਣ ਸੰਮਤ ੧੭੫੨ ਬਿਕਰਮੀ (੨੦ ਮਾਰਚ ਸੰਨ ੧੬੯੬) ਦਿੱਤੀ ਹੋਈ ਹੈ ਜਿਸ ਦਿਨ ਕਿ, ਉਸ ਦੇ ਕਥਨ ਅਨੁਸਾਰ, ਹੁਸੈਨ ਖ਼ਾਨ ਮਾਰਿਆ ਗਿਆ ਸੀ ਅਤੇ ਸਤ ਸਿੱਖਾਂ ਸਮੇਤ ਭਾਈ ਸੰਗਤੀਆ ਖੇਤ ਰਿਹਾ ਹੈ। ਇਸ ਤੋਂ ਬਾਅਦ ਦਿਲਾਵਰ ਖ਼ਾਨ ਨੇ ਜੁਝਾਰ ਸਿੰਘ ਹਾਡੇ ਨੂੰ ਭੇਜਿਆ ਪਰ ਉਸ ਦਾ ਸਾਥੀ ਨਰਾਇਣ ਚੰਦ ਅਤੇ ਉਹ ਆਪ ਗੁਲੇਰੀਆਂ ਨਾਲ ਜੰਗ ਵਿਚ ਮਾਰਿਆ ਗਿਆ [ਬਚਿਤ੍ਰ ਨਾਟਕ, ਧਿਆਇ ੧੨]। ਸ੍ਰੀ ਗੁਰ ਸੋਭਾ ਵਿਚ ਇਸ ਜੁੱਧ ਦਾ ਕੋਈ ਜ਼ਿਕਰ ਨਹੀਂ ਹੈ।

**ਬਾਦਸ਼ਾਹਜ਼ਾਦਾ ਮੁਹੰਮਦ ਮੁਅੱਜ਼ਮ ਅਤੇ ਅਹਦੀਏ**

ਸੈਨਾਪਤਿ ਸ਼ਾਹਜ਼ਾਦਾ ਮੁਹੰਮਦ ਮੁਅੱਜ਼ਮ ਸ਼ਾਹ ਆਲਮ ਬਹਾਦੁਰ ਦੇ ਪੰਜਾਬ ਵਲ ਆਉਣ ਅਤੇ ਉਸ ਤੋਂ ਬਾਅਦ ਬਾਦਸ਼ਾਹ ਔਰੰਗਜ਼ੇਬ ਵਲੋਂ ਪਹਿਲਾਂ ਮਿਰਜ਼ਾ ਬੇਗ ਅਹਿਦੀਏ ਨੂੰ ਅਤੇ ਫੇਰ ਚਾਰ ਹੋਰ ਅਹਿਦੀਆਂ ਨੂੰ ਭੇਜਣ ਦਾ ਕੋਈ ਜ਼ਿਕਰ ਨਹੀਂ ਕੀਤਾ। ਪਰ ਗੁਰੂ ਗੋਬਿੰਦ ਸਿੰਘ ਜੀ ਨੇ ਬਚਿਤ੍ਰ ਨਾਟਕ ਦੇ ਤੇਰ੍ਹਵੇਂ ਧਿਆਇ ਵਿਚ ਇਨ੍ਹਾਂ ਦੇ ਆਉਣ ਦਾ ਹਾਲ ਦੱਸਿਆ ਹੋਇਆ ਹੈ ਜਿਸ ਕਰਕੇ ਇਨ੍ਹਾਂ ਦੀ ਇਤਿਹਾਸਕਤਾ ਸੰਬੰਧੀ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਹੈ।

ਮਆਸਿਰਿ-ਆਲਮਗੀਰੀ ਦੇ ਚਾਲ੍ਹੀਵੇਂ ਜਲੂਸੀ ਸਾਲ ਦੇ ਹਾਲ ਵਿਚ ਲਿਖਿਆ

ਹੋਇਆ ਹੈ ਕਿ ਬਾਦਸ਼ਾਹ ਮੁਹੰਮਦ ਮੁਅੱਜਮ ਬਾਦਸ਼ਾਹ ਦੇ ਹੁਕਮ ਅਨੁਸਾਰ ੨੨ ਜ਼ੀ-ਹਿੱਜਾ, ਸੰਨ ੪੦ ਜਲੂਸੀ (੧੧੦੭ ਹਿਜਰੀ, ੧੩ ਜੁਲਾਈ ਸੰਨ ੧੬੯੬) ਨੂੰ ਮੁਲਤਾਨ ਨੂੰ ਤਰ ਗਿਆ ਸੀ ਜਿਥੇ ਦੀ ਸੂਬੇਦਾਰੀ ਉਸ ਨੂੰ ਦਿੱਤੀ ਗਈ ਸੀ। ਇਸ ਦੇ ਕੂਚ ਦਾ ਗੋਗਾ ਸੁਣ ਕੇ ਸ਼ਿਵਾਲਕ ਪਹਾੜ ਵਿਚ ਭਾਜੜ ਪੈ ਗਈ। ਬੜੇ ਬੜੇ ਰਾਜੇ ਪਹਾੜੀਆਂ ਵਿਚ ਜਾ ਲੁਕੇ। ਪਰ ਬਹਾਦਰ ਸ਼ਾਹ ਆਨੰਦਪੁਰ ਵਲ ਨਾ ਆਇਆ ਅਤੇ ਸਿੱਧਾ ਹੀ ਮੁਲਤਾਨ ਨੂੰ ਚਲਾ ਗਿਆ।

ਇਸ ਤੋਂ ਬਾਅਦ ਬਾਦਸ਼ਾਹ ਨੇ ਮਿਰਜ਼ਾ ਬੇਗ ਅਹਿਦੀਏ ਨੂੰ ਭੇਜਿਆ ਜਿਸ ਨੇ ਬੇਸ਼ੁਮਾਰ ਲੋਕਾਂ ਦੇ ਘਰ ਘਾਟ ਢਾ ਸੁੱਟੇ। ਇਸ ਵੇਲੇ ਕੁਝ ਅਜਿਹੇ ਲੋਕਾਂ ਦੇ ਘਰ ਭੀ ਲੁਟੇ ਅਤੇ ਢਾਏ ਗਏ ਜਿਨ੍ਹਾਂ ਨੇ ਗੁਰੂ ਕੀ ਗੋਲਕ ਦੇ ਦਾਮ ਨਹੀਂ ਸਨ ਦਿੱਤੇ ਅਤੇ ਬੇਮੁਖ ਹੋ ਕੇ ਬਿਨਾਂ ਆਗਿਆ ਦੇ ਦੌੜ ਗਏ ਸਨ। ਮਿਰਜ਼ਾ ਬੇਗ ਤੋਂ ਪਿਛੋਂ ਚਾਰ ਹੋਰ ਅਹਿਦੀਏ[1] ਆਏ ਜਿਨ੍ਹਾਂ ਨੇ ਪਹਿਲਾਂ ਬਚ ਗਏ ਧਨਾਢ ਲੋਕਾਂ ਦੇ ਘਰ ਉਜਾੜ ਪੁਜਾੜ ਦਿੱਤੇ ਅਤੇ ਉਨ੍ਹਾਂ ਦੀ ਬੁਰੀ ਤਰ੍ਹਾਂ ਬੇਇਜ਼ਤੀ ਕੀਤੀ। ਜਿਸ ਢੰਗ ਨਾਲ ਬਚਿਤ੍ਰ ਨਾਟਕ ਵਿਚ ਇਨ੍ਹਾਂ ਦਾ ਜ਼ਿਕਰ ਆਇਆ ਹੈ ਉਸ ਤੋਂ ਪ੍ਰਤੀਤ ਹੁੰਦਾ ਹੈ ਕਿ ਇਨ੍ਹਾਂ ਲੁਟਾਂ ਵਿਚ ਬਹੁਤੇ ਉਹ ਮਸੰਦ ਮਸੰਦੀਏ ਹੀ ਫਾਥੇ ਗਏ ਸਨ ਜੋ ਗੁਰੂ ਅਤੇ ਸੰਗਤਾਂ ਦੇ ਚੋਰ ਸਨ। ਇਹ ਨਵੇਂ ਬਣੇ ਧਨਾਢ ਆਪਣੀ ਮਾਇਆ ਦੀ ਨੁਮਾਇਸ਼ ਦੇ ਕਾਰਣ ਸਾਰਿਆਂ ਦੀਆਂ ਅੱਖਾਂ ਵਿਚ ਰੜਕਦੇ ਹੋਣੇ ਨੇ, ਇਸ ਲਈ ਇਨ੍ਹਾਂ ਨਾਲ ਚੋਰਾਂ ਨੂੰ ਮੋਰ ਪੈ ਜਾਣ ਵਾਲੀ ਗੱਲ ਹੋ ਗਈ। ਮਾਇਆ ਭੀ ਗਈ ਘਰ ਘਾਟ ਭੀ ਗਏ ਅਤੇ ਬੇਇੱਜ਼ਤੀ ਅਤੇ ਖੁਆਰੀ ਵਾਧੂ ਦੀ ਹੋਈ। ਅਹਿਦੀਆਂ ਦੀ ਵਾਪਸੀ ਤੋਂ ਬਾਦ ਕੁਝ ਚਿਰ ਜ਼ਰਾ ਅਮਨ ਅਮਾਨ ਰਿਹਾ [ਬਚਿਤ੍ਰ-ਨਾਟਕ, ਧਿਆਇ ੧੩]।

**'ਸੰਗਤਿ ਕੀਨੀ ਖਾਲਸਾ'**

ਅਗਲੇ ਤਿੰਨ ਧਿਆਵਾਂ (੫, ੬, ੭) ਬਚਨ ਪ੍ਰਗਾਸ (ਛੰਦ ੧੧੭-੧੯੫) ਬਚਨ ਬਿਚਾਰ (ਛੰਦ ੧੯੬-੨੬੦) ਅਤੇ ਰਹਿਤ ਪ੍ਰਗਾਸ (੨੬੧-੨੯੭) ਵਿਚ ਗੁਰੂ ਗੋਬਿੰਦ ਸਿੰਘ ਜੀ ਵਲੋਂ ਖਾਲਸੇ ਦੀ ਸਾਜਨਾ, ਉਨ੍ਹਾਂ ਨੂੰ ਦੱਸੀ ਗਈ ਰਹਿਤ ਅਤੇ ਉਨ੍ਹਾਂ ਦੇ ਰਾਹ ਵਿਚ ਪੁਰਾਤਨ ਧਰਮੀਆਂ ਵਲੋਂ ਖੜੀਆਂ ਕੀਤੀਆਂ ਗਈਆਂ ਰੋਕਾਂ ਅਤੇ ਉਨ੍ਹਾਂ ਪਰ ਪਾਏ ਗਏ ਭਾਈਚਾਰਕ ਅਤੇ ਆਰਥਕ ਦਬਾਓ ਦਾ ਜ਼ਿਕਰ ਹੈ।

ਸੈਨਾਪਤਿ ਨੇ ਖਾਲਸਾ ਸਾਜਨ ਦੀ ਕੋਈ ਤਾਰੀਖ ਨਹੀਂ ਦਿੱਤੀ ਅਤੇ ਨਾ ਹੀ ਉਸ ਨੇ ਇਹ ਦੱਸਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰਿਆਂ ਦੀ ਚੋਣ ਲਈ ਕਿਵੇਂ ਕੌਤਕ ਰਚਿਆ, ਕਿਵੇਂ ਪੰਜ ਪਿਆਰੇ ਇਕ ਦੂਸਰੇ ਦੇ ਬਾਅਦ ਸੀਸ ਭੇਟ ਲਈ ਨਿੱਤਰੇ ਅਤੇ ਕਿਵੇਂ ਖੰਡੇ ਦਾ ਅੰਮ੍ਰਿਤ ਤਿਆਰ ਕੀਤਾ ਅਤੇ ਉਨ੍ਹਾਂ ਨੂੰ ਛਕਾਇਆ। ਉਹ ਕੇਵਲ

---

[1]ਅਹਿਦੀ ਮੁਗ਼ਲ ਬਾਦਸ਼ਾਹਾਂ ਵੇਲੇ ਸਵਾਰਾਂ ਦਾ ਦੋ ਜਾਂ ਤਿੰਨ ਘੋੜਿਆਂ ਵਾਲਿਆਂ, ਦੋ-ਅਸਪਾ, ਸਿਹ-ਅਸਪਾ, ਦਾ ਇਕ ਅਹੁਦਾ ਹੁੰਦਾ ਸੀ ਜਿਨ੍ਹਾਂ ਨੂੰ ਆਮ ਸਵਾਰ ਸਿਪਾਹੀਆਂ ਨਾਲੋਂ ਜ਼ਿਆਦਾ ਵੀਹ ਜਾਂ ਪੰਝੀ ਰੁਪਏ ਮਹੀਨੇ ਤਕ ਤਨਖਾਹ ਮਿਲਦੀ ਸੀ। ਇਹ ਆਮ ਤੌਰ ਤੇ ਮਾਮਲੇ ਦੀ ਉਗਰਾਹੀ ਲਈ ਜਾਂ ਬਾਦਸ਼ਾਹ ਦਾ ਖਾਸ ਹੁਕਮ ਦੇ ਕੇ ਭੇਜੇ ਜਾਂਦੇ ਸਨ ਅਤੇ ਜਿਤਨੀ ਦੇਰ ਤਕ ਇਸ ਹੁਕਮ ਦੀ ਪਾਲਣਾ ਨਹੀਂ ਸੀ ਕਰ ਲੈਂਦੇ, ਡੇਰਾ ਨਹੀਂ ਸਨ ਚੁਕਦੇ। ਇਹ ਸਿਧੇ ਬਾਦਸ਼ਾਹ ਦੇ ਹੁਕਮ ਵਿਚ ਹੁੰਦੇ ਸਨ। ਅੰਗ੍ਰੇਜ਼ੀ ਬੋਲੀ ਵਿਚ ਇਨ੍ਹਾਂ ਨੂੰ ਸ਼ਾਹੀ ਅਰਦਲੀ ਕਿਹਾ ਜਾ ਸਕਦਾ ਹੈ।

ਇਤਨਾ ਹੀ ਕਹਿੰਦਾ ਹੈ ਕਿ :

ਚੇਤ ਮਾਸ ਬੀਤਿਉ ਸਕਲ ਮੇਲ ਭਯੋ ਅਪਾਰ ।
ਬੈਸਾਖੀ ਕੇ ਦਰਸ ਪੈ ਸਤਿਗੁਰ ਕ੍ਰੀਯੋ ਬਿਚਾਰ ॥ ੫ : ੨ ॥ ੧੧੮ ॥
ਸੰਗਤ ਦਰਸ਼ਨ ਕਰਤੁ ਸਬ ਨਗਰ ਬਿਸਥਾਰ ।
ਹੁਐ ਦਇਆਲ ਦਰਸ਼ਨ ਦੀਓ ਕਰਨਹਾਰ ਕਰਤਾਰ ॥ ੩ ॥ ੧੧੯ ॥
ਗੋਬਿੰਦ ਸਿਘ ਕਰੀ ਖੁਸ਼ੀ ਸੰਗਤਿ ਕਰੀ ਨਿਹਾਲ ।
ਕੀਓ ਪ੍ਰਗਟ ਤਬ ਖਾਲਸਾ ਚੁਕਿਓ ਸਗਲ ਜੰਜਾਲ ॥ ੪ ॥ ੧੨੦ ॥
ਸਬ ਸਮੂਹ ਸੰਗਤਿ ਮਿਲੀ ਸੁਭ ਸਤਿਲੁਦ੍ਰ ਕੇ ਤੀਰ ।
ਕੇਤਕ ਸੁਨ ਭਏ ਖਾਲਸਾ ਕੇਤਕ ਭਏ ਅਧੀਰ ॥ ੫ ॥ ੧੨੧ ॥
ਤਜ ਮਸੰਦ ਪ੍ਰਭ ਏਕ ਜਪ ਯਹ ਬਿਬੇਕ ਤਹਾਂ ਕੀਨ ।
ਸਤਿਗੁਰ ਸੋਂ ਸੇਵਕ ਮਿਲੇ ਨੀਰ ਮਹਿ ਜੋਂ ਮੀਨ ॥ ੬ ॥ ੧੨੨ ॥

ਜਿਸ ਬਸਾਖੀ ਨੂੰ ਗੁਰੂ ਸਾਹਿਬ ਨੇ ਖਾਲਸਾ ਸਾਜਿਆ, ਉਸ ਦਾ ਸੰਮਤ ੧੭੫੬ ਬਿਕਰਮੀ (ਸੰਨ ੧੬੯੯ ਈਸਵੀ) ਸੀ ਅਤੇ ਉਸ ਦਿਨ ੩੦ ਮਾਰਚ ਸੀ। ਇਹ ਹੀ ਤਾਰੀਖ ਪਰਮਾਣੀਕ ਸਿੱਧ ਹੁੰਦੀ ਹੈ। ਕੇਸਰ ਸਿੰਘ ਛਿੱਬਰ ਨੇ ੧੭੫੫ ਸੰਮਤ ਦਿੱਤਾ ਹੈ ਪਰ ਇਸ ਦੇ ਅਨੇਕਾਂ ਸੰਮਤਾਂ ਅਤੇ ਵਾਕਿਆਤ ਦੀ ਤਰਤੀਬ ਗ਼ਲਤ ਹੈ ਅਤੇ ਭਰੋਸੇ ਯੋਗ ਨਹੀਂ। ਇਕ ਦੋ ਹੋਰ ਲੇਖਕਾਂ ਨੇ ੧੭੫੨ ਦਿੱਤਾ ਹੈ [ਸੇਵਾ ਸਿੰਘ, ਸ਼ਹੀਦ ਬਿਲਾਸ, ਛੰਦ ੬੯; ਰਤਨ ਸਿੰਘ, ਪ੍ਰਾਚੀਨ ਪੰਥ ਪ੍ਰਕਾਸ਼, ੪੧]। ਭੰਗੂ ਰਤਨ ਸਿੰਘ ਨੇ ਉਸ ਬਸਾਖੀ ਦਾ ਦਿਨ ਬੁਧਵਾਰ ਦੱਸਿਆ ਹੈ ਪਰ ਜੰਤਰੀਆਂ ਅਨੁਸਾਰ ੧੭੫੨ (ਸੰਨ ੧੬੯੫) ਦੀ ਬਸਾਖੀ ਨੂੰ ਦਿਨ ਸ਼ੁੱਕਰਵਾਰ ਸੀ, ਬੁਧਵਾਰ ਨਹੀਂ। ਗੁਰ-ਪ੍ਰਨਾਲੀ ਕ੍ਰਿਤ ਭਾਈ ਕੇਸਰ ਸਿੰਘ, ਗੁਰ-ਪ੍ਰਨਾਲੀ ਕ੍ਰਿਤ ਗੁਲਾਬ ਸਿੰਘ, ਗੁਰ-ਪ੍ਰਨਾਲਕਾ (ਗੁਰ-ਪ੍ਰਣਾਲੀਆਂ ਪੰਨਾ ੧੦, ੫੭, ੧੧੪), ਪੰਥ ਪ੍ਰਕਾਸ਼ ਕ੍ਰਿਤ ਗਿਆਨੀ ਗਿਆਨ ਸਿੰਘ (ਬਾਰ ਦੂਸਰੀ, ੧੫੯-੬੦; ਬਾਰ ਛੇਵੀਂ, ੨੦੪), ਤਵਾਰੀਖ ਗੁਰੂ ਖਾਲਸਾ (ਉਰਦੂ, ਹਿੱਸਾ ਅੱਵਲ, ੧੬੪), ਕਯੂਫ ਤਿ ਗੁਰੂ ਗੋਬਿੰਦ ਸਿੰਘ (ਜੁਜ਼ ੩) ਬਿਆਨਿ ਖ਼ਾਨਦਾਨਿ ਬੇਦੀਆ ਕ੍ਰਿਤ ਮੁਨਸ਼ੀ ਸੰਤ ਸਿੰਘ, ੫੪, ਮਹਾਨ ਕੋਸ਼ (੭੬/੧,੨੫੯/੩) ਆਦਿ, ਸਭ ਵਿਚ ਸੰਮਤ ੧੭੫੬ ਬਿਕਰਮੀ ਦਿੱਤਾ ਹੋਇਆ ਹੈ ਅਤੇ ਇਸੇ ਦੀ ਪੁਸ਼ਟੀ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮਨਾਮਿਆਂ ਤੋਂ ਹੁੰਦੀ ਹੈ ਜਿਨ੍ਹਾਂ ਵਿਚ ਮਸੰਦ ਮਸੰਦੀਆਂ ਦੀ ਪ੍ਰਥਾ ਅਤੇ ਬਿਚੋਲਗੀਰੀ ਨੂੰ ਅੱਗੇ ਲਈ ਬੰਦ ਕਰ ਕੇ ਸਭ ਸੰਗਤਾਂ ਨੂੰ ਖ਼ਾਲਸਾ ਕਰ ਲੈਣ ਦੀ ਸੂਚਨਾ ਹੈ।

### ਮਸੰਦਾਂ ਦਾ ਤਿਆਗ

ਸੈਨਾਪਤਿ ਸੰਗਤਾਂ ਨੂੰ ਖਾਲਸਾ ਪਰਗਟ ਕਰਨ ਦੇ ਨਾਲੋਂ ਨਾਲ ਇਕ ਵੱਡੀ ਗੱਲ ਜਿਸ ਦੀ ਸੰਗਤਾਂ ਨੂੰ ਸੂਚਨਾ ਦਾ ਜ਼ਿਕਰ ਕਰਦਾ ਹੈ ਉਹ ਹੈ ਮਸੰਦਾਂ ਦਾ ਤਿਆਗ, ਜਿਵੇਂ ਕਿ ਉਪਰ ੧੨੨ਵੇਂ ਛੰਦ ਵਿਚ ਦੱਸਿਆ ਗਿਆ ਹੈ। ਅਸਲ ਵਿਚ ਸੰਗਤਾਂ ਨੂੰ ਖਾਲਸਾ ਕਰਨ ਦਾ ਅਰਥ ਹੀ ਮਸੰਦਾਂ ਦੀ ਬਿਚੋਲਗੀਰੀ ਨੂੰ ਦੂਰ ਕਰ ਕੇ ਆਪਣੇ ਨਾਲ ਸਿੱਧਾ ਸੰਬੰਧਿਤ ਕਰਨਾ ਹੈ। 'ਖ਼ਾਲਸਾ' ਦਾ ਮੂਲ ਅਰਬੀ 'ਖ਼ਾਲਸ', 'ਖ਼ਾਲਿਸਾ' ਹੈ ਜਿਸ ਦੇ ਅਰਥ

ਹਨ ਪਵਿੱਤਰ, ਨਿਰਮਲ, ਸਿੱਧਾ । ਪਰ ਗੁਰੂ ਸਾਹਿਬ ਨੇ ਇਸ ਨੂੰ ਵਿਸ਼ੇਸ਼ ਕਰਕੇ ਸੰਕੇਤਕ, ਤਕਨੀਕੀ, ਅਰਥਾਂ ਵਿਚ ਵਰਤਿਆ ਹੈ । ਗੁਰੂ ਸਾਹਿਬਾਂ ਦੇ ਵੇਲੇ ਮੁਗ਼ਲ ਰਾਜ ਦੀ ਸਰਕਾਰੀ ਦਫ਼ਤਰੀ ਪਰਿ-ਭਾਖਾ (Official technical terminology) ਵਿਚ ਖਾਲਸਾ ਉਸ ਜ਼ਮੀਨ, ਇਲਾਕੇ, ਮਾਲੀਏ ਆਦਿ ਨੂੰ ਕਹਿੰਦੇ ਸਨ ਜਿਸ ਦਾ ਸੰਬੰਧ ਸਿੱਧਾ ਸਰਕਾਰ ਜਾਂ ਬਾਦਸ਼ਾਹ ਨਾਲ ਹੁੰਦਾ ਸੀ ਅਤੇ ਜਾਗੀਰਦਾਰ ਦੀ ਬਿਚੋਲਗੀਰੀ ਰਾਹੀਂ ਨਹੀਂ ਸੀ ਹੁੰਦਾ । ਜਦ ਕਿਸੇ ਜ਼ਮੀਨ, ਇਲਾਕੇ, ਪਿੰਡ ਜਾਂ ਮਾਲੀਏ ਆਦਿ ਦੇ ਜਾਗੀਰਦਾਰਾਂ ਨੂੰ ਹਟਾ ਕੇ ਸਰਕਾਰ ਜਾਂ ਬਾਦਸ਼ਾਹ ਵਲੋਂ ਉਸ ਦਾ ਪਰਬੰਧ ਸਿੱਧਾ ਆਪਣੇ ਅਧਿਕਾਰ ਵਿਚ ਲੈ ਲਿਆ ਜਾਂਦਾ ਸੀ ਤਾਂ ਕਿਹਾ ਜਾਂਦਾ ਸੀ ਕਿ ਹੁਣ ਇਹ ਖਾਲਸਾ ਕੀਤਾ ਗਿਆ ਹੈ ਅਰਥਾਤ ਜਾਗੀਰਦਾਰ ਦੀ ਬਿਚੋਲਗੀਰੀ ਹਟਾ ਦਿੱਤੀ ਗਈ ਹੈ । ਐਨ ਇਨ੍ਹਾਂ ਹੀ ਪਰਿਭਾਖਕ ਅਰਥਾਂ ਵਿਚ ਸ਼ਬਦ ਖਾਲਸ ਗੁਰੂ ਸਾਹਿਬਾਂ ਨੇ ਵਰਤਿਆ ਹੈ । ਜਿੱਥੇ ਗੁਰੂ ਹਰਿਗੋਬਿੰਦ ਅਤੇ ਗੁਰੂ ਤੇਗ ਬਹਾਦਰ ਜੀ ਨੇ ਇਹ ਸ਼ਬਦ ਆਪਣੇ ਹੁਕਮਨਾਮਿਆਂ ਵਿਚ ਵਰਤਿਆ ਹੈ, ਓਥੇ 'ਨਿਜ' ਅਤੇ 'ਅਪਣਤ' ਦੇ ਅਰਥਾਂ ਵਿਚ ਵਰਤਿਆ ਹੈ ਜਿਵੇਂ ਗੁਰੂ ਹਰਿਗੋਬਿੰਦ ਜੀ ਲਿਖਦੇ ਹਨ ਕਿ "ਪੂਰਬ ਦੀ ਸੰਗਤ ਗੁਰੂ ਦਾ ਖਾਲਸਾ ਹੈ", ਅਰਥਾਤ ਇਥੇ ਕਾਰ ਭੇਟ ਆਦਿ ਲਈ ਕੋਈ ਮਸੰਦ ਜਾਂ ਬਿਚਲਾ (ਏਜੰਟ) ਨਹੀਂ ਹੈ । ਇਸੇ ਲਈ ਇਸੇ ਹੁਕਮਨਾਮੇ ਵਿਚ ਅੱਗੇ ਚਲ ਕੇ ਲਿਖਿਆ ਹੈ "ਰੁਪਯੇ ਸਇ ਸਤਿ ਦੀ ਹੁੰਡੀ ਕਰਿ ਭੇਜਣੀ" । ਅਪਣਤ ਦੇ ਅਰਥਾਂ ਵਿਚ ਹੀ ਗੁਰੂ ਤੇਗ ਬਹਾਦੁਰ ਸਾਹਿਬ ਸੰਗਤ ਪਟਣ ਦੀ ਨੂੰ ਲਿਖਦੇ ਹਨ "ਪਟਣ ਦੀ ਸੰਗਤ ਸ੍ਰੀ ਗੁਰੂ ਜੀ ਦਾ ਖਾਲਸਾ ਹੈ" [ਦੇਖੋ ਹੁਕਮਨਾਮੇ, ਨੰਬਰ ੩, ੮] ।

ਸ਼ੁਰੂ ਸ਼ੁਰੂ ਵਿਚ ਮਸੰਦ ਇਸ ਲਈ ਥਾਪੇ ਗਏ ਸਨ ਕਿ ਉਹ ਆਪਣੇ ਆਪਣੇ ਇਲਾਕੇ ਵਿਚ ਸਿੱਖੀ ਦਾ ਪਰਚਾਰ ਕਰਨ ਅਤੇ ਓਥੇ ਦੀਆਂ ਸੰਗਤਾਂ ਅਤੇ ਸਿੱਖਾਂ ਦੀ, ਜੋ ਆਪ ਨਾ ਆ ਸਕਦੇ ਹੋਣ, ਕਾਰ-ਭੇਟ ਗੁਰੂ ਸਾਹਿਬ ਦੀ ਸੇਵਾ ਵਿਚ ਪਹੁੰਚਾ ਦਿਆ ਕਰਨ । ਦਬਿਸਤਾਨਿ-ਮਜ਼ਾਹਿਬ ਦਾ ਲੇਖਕ ਜੋ ਗੁਰੂ ਹਰਿ ਗੋਬਿੰਦ ਅਤੇ ਗੁਰੂ ਹਰਿ ਰਾਇ ਦਾ ਸਮਕਾਲੀ ਅਤੇ ਚੰਗਾ ਜਾਣੂ ਸੀ ਅਤੇ ਜਿਸ ਨੇ ਮਸੰਦਾਂ ਦੇ ਕਾਰ ਵਿਹਾਰ ਨੂੰ ਅੱਖੀਂ ਵੇਖਿਆ ਸੀ, ਇਸ ਗੱਲ ਦੀ ਸ਼ਾਹਦੀ ਭਰਦਾ ਹੈ ।

ਪਰ ਸਮਾਂ ਪੈ ਜਾਣ ਨਾਲ ਕਈ ਮਸੰਦ ਕੁਰਾਹੇ ਪੈ ਗਏ ਅਤੇ ਸੰਗਤਾਂ ਦੀ ਕਾਰ ਭੇਟ ਅਤੇ ਚੜ੍ਹਾਵਾ ਗੁਰੂ ਜੀ ਦੀ ਹਜ਼ੂਰੀ ਵਿਚ ਪਹੁੰਚਾਉਣ ਵਿਚ ਪੂਰੀ ਤਰ੍ਹਾਂ ਈਮਾਨਦਾਰ ਨਾ ਰਹੇ । ਸੰਗਤਾਂ ਨਾਲ ਉਨ੍ਹਾਂ ਦਾ ਵਰਤਾਉ ਭੀ ਕੁਝ ਕੋੜਾ ਹੋ ਗਿਆ । ਇਹ ਗੱਲਾਂ ਧਰਮ ਅਤੇ ਸਿਖ ਭਾਈਚਾਰ ਨੂੰ ਬਦਨਾਮ ਕਰਨ ਵਾਲੀਆਂ ਸਨ । ਗੁਰੂ ਗੋਬਿੰਦ ਸਿੰਘ ਜੀ ਦੇ ਵੇਲੇ ਇਨ੍ਹਾਂ ਦੇ ਵਿਰੁਧ ਸ਼ਿਕਾਇਤਾਂ ਇਤਨੀਆਂ ਜ਼ਿਆਦਾ ਆਉਣ ਲਗ ਪਈਆਂ ਕਿ ਗੁਰੂ ਜੀ ਨੇ ਮਸੰਦਾਂ ਦੀ ਪ੍ਰਥਾ ਨੂੰ ਸਦਾ ਲਈ ਬੰਦ ਕਰ ਕੇ ਸਿੱਖ ਸੰਗਤਾਂ ਨੂੰ ਖਾਲਸਾ (ਆਪਣੇ ਨਾਲ ਸਿੱਧਾ ਸੰਬੰਧਿਤ) ਕਰਨ ਦਾ ਫੈਸਲਾ ਕਰ ਲਿਆ ਅਤੇ ਬਾਹਰ ਦੀਆਂ ਸੰਗਤਾਂ ਨੂੰ ਹੁਕਮਨਾਮਿਆਂ ਰਾਹੀਂ ਸੂਚਿਤ ਕਰਨਾ ਸ਼ੁਰੂ ਕਰ ਦਿੱਤਾ । ਸਭ ਤੋਂ ਪਹਿਲਾ ਹੁਕਮਨਾਮਾ ਜਿਸ ਵਿਚ ਇਹ ਸਪੱਸ਼ਟ ਸੂਚਨਾ ਦਿੱਤੀ ਗਈ ਹੈ ਕਿ "ਸੰਗਤ ਮੇਰਾ ਖਾਲਸਾ ਹੈ ... ਜੋ ਗੁਰੂ ਕੇ ਨਵਿਤ ਕਾ ਹੋਵੈ, ਗੋਲਕ, ਦਸਵੰਧ, ਮੰਨਤ, ਸੋ ਹਜ਼ੂਰ ਆਪ ਲੈ ਆਵਣਾ ਮਸੰਦਾਂ

ਨੇ ਮੰਨਣਾ ਨਹੀਂ'' ਮਾਛੀਵਾੜੇ ਦੀ ਸੰਗਤ ਦੇ ਨਾਉ ੧੪ ਚੇਤ, ਸੰਮਤ ੧੭੫੫ ਬਿਕਰਮੀ (੧੨ ਮਾਰਚ, ਸੰਨ ੧੬੯੯ ਈ:) ਦਾ ਹੈ ਜਦੋਂ ਕਿ ਸੰਮਤ ੧੭੫੬ ਦੀ ਬਸਾਖੀ ਵਿਚ ਕੇਵਲ ੧੯ ਦਿਨ ਬਾਕੀ ਸਨ ਜਿਸ ਦਿਨ ਕਿ ਆਪ ਨੇ ਆਨੰਦਪੁਰ ਵਿਚ ਦੀਵਾਨ ਸਜਾ ਕੇ ਬਾਹਰੋਂ ਆਈਆਂ ਸਾਰੀਆਂ ਸੰਗਤਾਂ ਨੂੰ ਪੂਰੀ ਤਰ੍ਹਾਂ ਗੱਜ ਵੱਜ ਕੇ ਖੁਲ੍ਹਾ ਇਲਾਨ ਕਰ ਦਿੱਤਾ ਕਿ :

ਪੀਵਹੁ ਪਾਹੁਲ ਖੰਡੇਧਾਰ ਹੁਏ ਜਨਮ ਸੁਹਲਾ ।
ਗੁਰ ਸੰਗਤਿ ਕੀਨੀ ਖਾਲਸਾ ਮਨਮੁਖੀਂ ਦੁਹੇਲਾ ।

(ਗੁਰਦਾਸ ਦੂਸਰਾ, ਵਾਰ ੧)

ਅਰਥਾਤ ਮਨਮੁੱਖਾਂ (ਮਸੰਦਾਂ) ਦੀ ਦੁਹੇਲਾ (ਦੁਖੀ) ਕੀਤੀ ਹੋਈ ਸੰਗਤ (ਜਿੱਥੇ ਕਿਧਰੇ ਭੀ ਹੈ) ਗੁਰੂ ਨੇ ਖਾਲਸਾ ਕਰ ਲਈ ਹੈ, ਅਰਥਾਤ ਮਸੰਦਾਂ ਦੀ ਬਿਚੋਲਗੀਰੀ ਨੂੰ ਹਟਾ ਕੇ ਆਪਣੇ ਨਾਲ ਸਿੱਧੀ ਸੰਬੰਧਤ ਕਰ ਲਈ ਹੈ। ਅੱਗੇ ਨੂੰ ਸਿੱਖ ਕਿਸੇ ਹੋਰ ਦੀ ਰਾਹੀਂ ਕਿਸੇ ਹੋਰ ਤਰ੍ਹਾਂ ਦੀ ਪਾਹੁਲ (ਚਰਨ ਪਾਹੁਲ ਆਦਿ) ਦੀ ਥਾਂ ਖੰਡੇ ਦੀ ਪਾਹਲ ਅਰਥਾਤ ਖੰਡੇ ਦਾ ਅੰਮ੍ਰਿਤ ਛਕ ਕੇ ਸਿੱਖੀ ਵਿਚ ਆ ਕੇ ਜਨਮ ਸੁਹੇਲਾ ਕਰਿਆ ਕਰਨ। ਇਸ ਸੰਬੰਧੀ ਕਵਿ ਸੈਨਾਪਤਿ ਦਾ ਕਥਨ ਉਪਰ ਦਿੱਤਾ ਜਾ ਚੁੱਕਾ ਹੈ ਕਿ ਚੇਤ ਦਾ ਮਹੀਨਾ ਬੀਤ ਜਾਣ ਪਿਛੋਂ ਬਸਾਖੀ ਪਰ ਦਰਸ਼ਨ ਨੂੰ ਆਈਆਂ ਸੰਗਤਾਂ ਦੇ ਅਪਾਰ ਮੇਲੇ ਵਿਚ ਗੁਰ ਗੋਬਿੰਦ ਸਿੰਘ ਜੀ ਨੇ ਖ਼ੁਸ਼ੀ ਵਿਚ 'ਖਾਲਸਾ' ਪਰਗਟ ਕਰ ਕੇ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਸਿੱਖਾਂ ਦਾ ਸਤਿਗੁਰੂ ਨਾਲ ਇਉਂ ਸਿੱਧਾ ਮੇਲ ਕਰ ਦਿੱਤਾ ਜਿਵੇਂ ਪਾਣੀ ਨਾਲ ਮੱਛੀ ਮਿਲ ਜਾਂਦੀ ਹੈ [ਗੁਰ ਸੋਭਾ, ੫ : ੧-੬ = ੧੧੭-੨੨]। ਖੰਡੇ ਦੇ ਅੰਮ੍ਰਿਤ ਸੰਬੰਧੀ ਸੈਨਾਪਤਿ ਲਿਖਦਾ ਹੈ :

ਖਾਂਡੇ ਕੀ ਪਾਹਿਲ ਦਈ ਕਰਨਹਾਰ ਪ੍ਰਭ ਸੋਈ ।
ਕੀਉ ਦਸੋਂ ਦਿਸ ਖ਼ਾਲਸਾ ਤਾਂ ਬਿਨ ਅਵਰ ਨਾ ਕੋਇ ॥ ੩੩ ॥ ੧੪੯ ॥

ਖੰਡੇ ਦੀ ਪਾਹੁਲ ਕਿਉਂਕਿ ਨਵੇਂ ਸਜੇ ਖਾਲਸਿਆਂ ਵਿਚੋਂ ਪੰਜ ਪਿਆਰਿਆਂ ਨੇ ਦਿਆ ਕਰਨੀ ਸੀ, ਇਸ ਲਈ ਭੀ ਮਸੰਦਾਂ ਦੀ ਲੋੜ ਸਦਾ ਲਈ ਖ਼ਤਮ ਹੋ ਗਈ। ਮਸੰਦਾਂ ਨੂੰ ਤਿਆਗਣ ਅਤੇ ਨਾ ਮੰਨਣ ਬਾਬਤ ਸੈਨਾਪਤਿ ਨੇ ਖਾਲਸਾ ਪਰਗਟ ਕਰਨ ਵਾਲੇ ਪੰਜਵੇਂ ਧਿਆਇ 'ਬਚਨ ਪ੍ਰਗਾਸ' ਵਿਚ ਕਈ ਥਾਈਂ ਜ਼ਿਕਰ ਕੀਤਾ ਹੈ ਕਿਉਂਕਿ ਜਿਤਨੀ ਦੇਰ ਮਸੰਦਾਂ ਦੀ ਮੰਨਤਾ ਅਤੇ ਬਿਚੋਲਗੀਰੀ ਕਾਇਮ ਰਹਿੰਦੀ, ਸੰਗਤਾਂ ਪੂਰੀ ਤਰ੍ਹਾਂ ਖਾਲਸਾ ਨਹੀਂ ਸੀ ਹੋ ਸਕਦੀਆਂ ਅਤੇ ਇਨ੍ਹਾਂ ਦੁਹੇਲੇ ਮਨਮੁੱਖਾਂ ਤੋਂ ਸਿੱਖਾਂ ਦਾ ਛੁਟਕਾਰਾ ਨਹੀਂ ਸੀ ਹੋ ਸਕਦਾ। ਸੈਨਾਪਤਿ ਲਿਖਦਾ ਹੈ :

ਜਗਤ ਉਧਾਰਨ ਕਾਰਨ ਸਤਿਗੁਰ ਕੀਓ ਬਿਚਾਰ ।
ਕਰ ਮੰਸਦ ਤਵ ਦੂਰ ਸਬ ਨਿਰਮਲ ਕਰ ਸੰਸਾਰ ॥ ੧੫ ॥ ੧੩੧ ॥

ਅੜਿਲ

ਕਰਨਹਾਰ ਕਰਤਾਰ ਹੁਕਮ ਕਰਤੇ ਕੀਆ ।
ਕਰ ਮਸੰਦ ਸਭਿ ਦੂਰ ਖਾਲਸਾ ਕਰ ਲੀਆ... ॥ ੩੨ ॥ ੧੪੮ ॥

ਸਿਮਰਤ ਨਾਮ ਪੁਨੀਤ ਟੂਟਤ ਫੰਦ ਹੈ ।
ਭਏ ਖਾਲਸਾ ਸੋਇ ਛੋੜਿ ਮਸੰਦ ਹੈ... ॥ ੪੬ ॥ ੧੬੨ ॥

**ਬਸਾਖੀ ਸੰਮਤ ੧੭੫੬ ਨੂੰ**

ਇਸ ਤਰ੍ਹਾਂ ਮਸੰਦਾਂ ਨੂੰ ਤਿਆਗਣ ਅਤੇ ਸੰਗਤਾਂ ਨੂੰ ਖਾਲਸਾ ਕਰਨ ਦੀ ਘੋਸ਼ਣਾ, ਜਿਸ ਦਾ ਵਿਚਾਰ ਗੁਰੂ ਸਾਹਿਬ ਨੇ ਕੁਝ ਚਿਰ ਪਹਿਲਾਂ ਬਣਾ ਲਿਆ ਸੀ, ਪਹਿਲੀ ਬਸਾਖ (ਬੈਸਾਖੀ) ਸੰਮਤ ੧੭੫੬, ਸੰਨ ੧੬੯੯ ਈ. ੩੦ ਮਾਰਚ ਨੂੰ ਹੋਈ ਅਤੇ ਇਸ ਦੀ ਸੂਚਨਾ ਬਸਾਖ ਸੰਮਤ ੧੭੫੬ ਬਿ., ਸੰਨ ੧੬੯੯ ਨੂੰ ਅਤੇ ਇਸ ਤੋਂ ਬਾਅਦ ਦੇ ਉਨ੍ਹਾਂ ਸਾਰੇ ਹੁਕਮਨਾਮਿਆਂ ਵਿਚ ਆਉਂਦੀ ਹੈ ਜੋ ਉਨ੍ਹਾਂ ਨੇ ਵੱਖ ਵੱਖ ਸੰਗਤਾਂ ਦੇ ਨਾਉਂ ਲਿਖੇ ਹਨ ਅਤੇ ਇਨ੍ਹਾਂ ਸਾਰਿਆਂ ਵਿਚ ਲਗਭਗ ਇੱਕੋ ਤਰ੍ਹਾਂ ਦੇ ਹੀ ਸ਼ਬਦ ਹਨ ਕਿ "ਸੰਗਤ ਮੇਰਾ ਖਾਲਸਾ ਹੈ" [ਦੇਖੋ ਹੁਕਮਨਾਮੇ ੪੬, ੪੮-੬੧, ੬੩-੬੫] । ਇਸ ਸਾਰੀ ਵਿਚਾਰ ਅਤੇ ਹੁਕਮਨਾਮਿਆਂ ਦੀ ਗਵਾਹੀ ਤੋਂ ਸਪੱਸ਼ਟ ਸਿੱਧ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਸੰਮਤ ੧੭੫੬ ਦੀ ਬਸਾਖੀ ਨੂੰ ਪਰਗਟ ਕੀਤਾ ਸੀ, ਇਸ ਤੋਂ ਪਹਿਲਾਂ ਨਹੀਂ । ਜੇ ਬਸਾਖੀ ਸੰਮਤ ੧੭੫੨ ਬਿਕਰਮੀ (ਸੰਨ ੧੬੯੫ ਈ.) ਜਾਂ ਬਸਾਖ ਸੰਮਤ ੧੭੫੫ (ਸੰਨ ੧੬੯੮ ਈ.) ਨੂੰ ਖਾਲਸਾ ਪਰਗਟ ਕੀਤਾ ਹੁੰਦਾ, ਜਿਵੇਂ ਸੇਵਾ ਸਿੰਘ ਭੱਟ ਅਤੇ ਭੰਗੂ ਰਤਨ ਸਿੰਘ ਜਾਂ ਕੇਸਰ ਸਿੰਘ ਛਿੱਬਰ ਲਿਖਦੇ ਹਨ ਤਾਂ ਸੰਮਤ ੧੭੫੩ ਭਾਦੋਂ ਦੇ (੨ ਅਗਸਤ ਸੰਨ ੧੬੯੬ ਈ.) ਅਤੇ ਸੰਮਤ ੧੭੫੫ ਸਾਵਣ ੨੪ (੨੪ ਜੁਲਾਈ ਸੰਨ ੧੬੯੮ ਈ.) ਦੇ ਹੁਕਮਨਾਮਿਆਂ ਵਿਚ ਇਸ ਦਾ ਜ਼ਿਕਰ ਹੋਣਾਂ ਅਤਿ ਜ਼ਰੂਰੀ ਸੀ ਪਰ ਇਨ੍ਹਾਂ ਵਿਚ ਇਸ ਗੱਲ ਦਾ ਕੋਈ ਇਸ਼ਾਰਾ ਤਕ ਭੀ ਨਹੀਂ ਹੈ [ਦੇਖੋ ਹੁਕਮਨਾਮੇ, ੪੩, ੪੪, ੪੫] ।

**ਵਾਹਿਗੁਰੂ ਜੀ ਦਾ ਖਾਲਸਾ**

ਸੰਗਤਾਂ ਨੂੰ ਖਾਲਸਾ ਕਰਨ ਦਾ ਵਿਚਾਰ ਸੰਗਤਾਂ ਵਲੋਂ ਆਉਂਦੀ ਕਾਰ-ਭੇਟ, ਗੋਲਕ, ਦਸਵੰਧ, ਮੰਨਤ ਆਦਿ ਦੇ ਸਿੱਧਾ ਗੁਰੂ ਕੇ ਖ਼ਜ਼ਾਨੇ (ਗੁਰੂ ਕੀ ਗੋਲਕ) ਪੁੱਜਣ ਲਈ ਮਾਲੀ ਪਰਬੰਧ ਨਾਲ ਸੰਬੰਧਿਤ ਸੀ ਜਿਸ ਵਿਚ ਮਸੰਦਾਂ ਵਲੋਂ ਪੂਰੀ ਈਮਾਨਦਾਰੀ ਅਤੇ ਸਿੱਖ ਸੰਗਤਾਂ ਨਾਲ ਸਿੱਖੀ ਭਾਵਨਾ ਨਾ ਵਰਤੀ ਜਾਣ ਦੀਆਂ ਸ਼ਿਕਾਇਤਾਂ ਆ ਰਹੀਆਂ ਸਨ । ਅਜਿਹੇ ਲੋਕਾਂ ਨੇ ਧਰਮ-ਪਰਚਾਰ ਕੀ ਕਰਨਾ ਸੀ ? ਧਰਮ ਬਾਹਰਲੇ ਦਿਖਾਵੇ, ਕਪੜੇ ਪਹਿਨਣ ਦੇ ਢੰਗ ਜਾਂ ਖਾਣ ਪੀਣ ਦੇ ਵਖੇਵੇਂ ਦਾ ਨਾਉਂ ਨਹੀਂ । ਇਹ ਜੀਵਨ-ਵਿਚਾਰ, ਜੀਵਨ-ਜੁਗਤੀ ਅਤੇ ਜੀਵਨ-ਰਾਹ ਹੈ; ਮਨੁੱਖ ਦੇ ਮਨੁੱਖ ਨਾਲ ਵਰਤਾਓ ਦੀ ਸੁਚੱਜਤਾ ਅਤੇ ਨਿਰਮਲਤਾ ਹੈ । ਜੋ ਲੋਕ ਸਿਖ ਸੰਗਤਾਂ ਦੀ ਸ਼ਰਧਾ ਅਤੇ ਪ੍ਰੇਮ ਨਾਲ ਗੁਰੂ ਦੀ ਭੇਟ ਕੀਤੀ ਹੋਈ ਚੜ੍ਹਤ, ਦਸਵੰਧ, ਮੰਨਤ ਆਦਿ ਵਿਚ ਬਦ-ਦਿਆਨਤੀ ਕਰਦੇ ਸਨ, ਉਹ ਗੁਰੂ ਕੀ ਗੋਲਕ ਦੇ ਚੋਰ ਸਨ । ਗੁਰੂ ਦੇ ਨਾਉਂ ਪਰ, ਧਰਮ ਦੇ ਨਾਉਂ ਪਰ ਆਈ ਕਾਰ-ਭੇਟ ਗੁਰੂ ਦੀ ਅਮਾਨਤ ਸੀ । ਇਸ ਨੂੰ ਆਪਣੀ ਨਿਜੀ ਵਰਤੋਂ ਵਿਚ ਲਿਆਉਣਾ ਬੇ-ਈਮਾਨੀ ਸੀ, ਅਤੇ ਬੇਈਮਾਨ, ਚੋਰ ਅਤੇ ਕਪਟੀ ਆਦਮੀ ਧਰਮੀ ਕਿਵੇਂ ਹੋ ਸਕਦਾ ਹੈ ? ਜਿਸ ਦਾ ਆਪਣਾ ਮਨ ਮੈਲਾ ਹੈ, ਜਿਸ ਦੇ ਕਰਮ ਨਿਰਮਲ ਨਹੀਂ, ਜਿਸ ਦੇ ਵਿਚਾਰ ਸ਼ੁੱਧ ਨਹੀਂ, ਜੋ ਲਾਲਚ ਦੇ ਬਸ

ਹੋ ਕੇ ਆਪਣੇ ਗੁਰੂ ਨੂੰ ਧੋਖਾ ਦਿੰਦਾ ਹੈ, ਗੁਰੂ ਦੀ ਗੋਲਕ ਦੀ ਚੋਰੀ ਕਰਦਾ ਹੈ, ਉਹ ਸ਼ਕਲ ਕਿਹੋ ਜਿਹੀ ਭੀ ਕਿਉਂ ਨਾ ਬਣਾਈ ਫਿਰੇ, ਉਹ ਪਖੰਡੀ ਹੈ—ਇਕ ਬਹੁ-ਰੂਪੀਆ ਹੈ—ਅਧਰਮੀ ਹੈ—ਸ਼ਕਲੀਂ ਮੋਮਨ ਕਰਤੂਤੀਂ ਕਾਫ਼ਰ ਹੈ। ਧਰਮ ਜੀਵਨ-ਜੋਤਿ ਹੈ, ਮਨੁੱਖ ਦਾ ਨਿਤਾ ਪ੍ਰਤੀ, ਦਿਵਸ ਰੈਨ, ਦਾ ਕਰਮ ਹੈ। ਇਸ ਲਈ ਧਰਮ ਕਰਮ-ਜੋਤਿ ਹੈ। ਜਿਨ੍ਹਾਂ ਦੇ ਕਰਮ ਨਿਰਮਲ ਨਹੀਂ, ਉਨ੍ਹਾਂ ਪਾਸ ਇਹ ਜੋਤਿ ਨਹੀਂ ਹੋ ਸਕਦੀ। ਉਨ੍ਹਾਂ ਪਾਸ ਤਾਂ ਕੁਕਰਮਾਂ ਦਾ ਘੁਪ ਅਨ੍ਹੇਰਾ ਹੈ। ਜੋਤਿ ਕੇਵਲ ਜੋਤਿ ਤੋਂ ਜਗ ਸਕਦੀ ਹੈ, ਕੁਕਰਮਾਂ ਨਾਲ ਸੜ ਕੇ ਬੁਝੇ ਹੋਏ ਦੀਵੇ ਦੇ ਗੁੱਲ ਤੋਂ ਨਹੀਂ। ਇਸ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਕੁਕਰਮੀ ਮਸੰਦਾਂ ਦੀ ਪ੍ਰਥਾ ਨੂੰ ਹਟਾ ਕੇ ਧਰਮ ਪਰਚਾਰ ਦਾ ਕੰਮ ਭੀ ਸੁੱਚੇ ਅਤੇ ਉੱਚੇ ਜੀਵਨ ਵਾਲੇ ਧਰਮ-ਪਰਾਇਣ, ਨਿਰਮਲ-ਚਿੱਤ, ਕਥਨੀ ਦੇ ਪੂਰੇ, ਕਰਨੀ ਦੇ ਸੂਰੇ, ਸਿਰਲੱਥ ਸੰਤ-ਸਿਪਾਹੀਆਂ ਅਤੇ ਸਿਪਾਹੀ ਸੰਤਾਂ ਦੀ ਜਥੇ-ਬੰਦੀ ਦੇ ਹਵਾਲੇ ਕਰਨ ਦਾ ਫੈਸਲਾ ਕਰ ਲਿਆ ਅਤੇ ਸੰਮਤ ੧੭੫੬ ਦੀ ਬਸਾਖੀ ਨੂੰ ਦਰਸ਼ਨਾਂ ਲਈ ਹਾਜ਼ਰ ਹੋਈਆਂ ਸਿੱਖ ਸੰਗਤਾਂ ਦੇ ਖੁਲ੍ਹੇ ਭਰੇ ਦੀਵਾਨ ਵਿਚ ਅਜਿਹੇ ਪੰਜ ਪਿਆਰਿਆਂ ਦੀ ਚੋਣ ਕੀਤੀ ਜੋ ਗੁਰੂ ਦੇ ਹੁਕਮ ਨੂੰ ਸਿਰ ਮੱਥੇ ਪਰਵਾਨ ਕਰਦੇ ਹੋਏ ਆਪਣੀਆਂ ਜਾਨਾਂ ਤਕ ਵੀ ਨਿਛਾਵਰ ਕਰਨ ਲਈ ਤਿਆਰ ਸਨ। ਇਨ੍ਹਾਂ ਨੂੰ ਖੰਡੇ ਦਾ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ ਗਿਆ, ਅਤੇ ਮਸੰਦਾਂ ਤੋਂ ਆਜ਼ਾਦ ਕਰ ਕੇ ਖਾਲਸਾ ਕੀਤਾ। ਇਸ ਵੇਲੇ ਤੋਂ 'ਖਾਲਸਾ' ਸ਼ਬਦ ਸਮੂਹਕ ਤੌਰ ਤੇ ਉਨ੍ਹਾਂ ਸਭ ਲਈ ਵੀ ਵਰਤਿਆ ਜਾਣ ਲਗ ਪਿਆ ਜੋ ਅੰਮ੍ਰਿਤ ਛਕ ਕੇ ਸਿੰਘ ਸਜ ਗਏ ਅਤੇ ਜੋ ਆਪਣੇ ਪਹਿਲੇ ਵਿਚਾਰਾਂ ਨੂੰ ਤਿਆਗ ਕੇ ਜ਼ਾਤ ਪਾਤ ਤੇ ਭਰਮਾਂ ਅਤੇ ਵਖੇਵਿਆਂ ਅਤੇ ਕੁਲਾਚਾਰੀ ਬੰਧਨਾਂ ਤੋਂ ਆਜ਼ਾਦ ਹੋ ਕੇ ਗੁਰੂ ਕੇ ਖਾਲਸੇ ਹੋ ਗਏ।

ਪਰ ਹੁਣ ਚੂੰਕਿ ਗੁਰੂ ਗੋਬਿੰਦ ਸਿੰਘ ਜੀ ਖ਼ੁਦ ਭੀ ਆਪਣੇ ਸਾਜੇ ਸਿੰਘਾਂ ਤੋਂ ਖੰਡੇ ਦਾ ਅੰਮ੍ਰਿਤ ਛਕ ਕੇ ਸਿੰਘ ਸਜ ਗਏ ਅਤੇ ਸਿੰਘਾਂ ਦੇ ਭਾਈਚਾਰੇ ਵਿਚ ਰਲ ਕੇ ਆਪ ਭੀ ਉਹੋ ਹੀ ਰਹਿਤ ਪਰਵਾਨ ਅਤੇ ਧਾਰਨ ਕਰ ਲਈ ਜੋ ਉਨ੍ਹਾਂ ਨੇ ਸਿੰਘ ਵਾਸਤੇ ਨਿਯਤ ਕੀਤੀ ਸੀ, ਇਸ ਲਈ ਗੁਰੂ ਅਤੇ ਸਿੰਘ ਇੱਕੋ ਜਿਹੇ ਬਰਾਬਰ ਦੇ ਹੋ ਗਏ, ਅਤੇ ਗੁਰੂ ਅਤੇ ਗੁਰੂ ਦੇ ਖਾਲਸੇ ਦਾ ਫ਼ਰਕ ਭੀ ਮਿਟ ਗਿਆ। ਗੁਰੂ ਚੇਲਾ ਅਤੇ ਚੇਲੇ ਗੁਰੂ ਬਣ ਗਏ। ਦੂਸਰੇ ਭਾਈ ਗੁਰਦਾਸ ਨੇ ਸੰਸਾਰ ਦੇ ਧਰਮਾਂ ਦੇ ਇਤਿਹਾਸ ਵਿਚ ਇਸ ਅਦੁਤੀ ਕੌਤਕ ਨੂੰ ਦੇਖ ਕੇ ਇਸ ਲਈ ਆਪਣੀ ਰਾਮਕਲੀ ਵਾਰ ਪਾਤਸ਼ਾਹੀ ਦਸਵੀਂ ਕੀ ਦਾ ਆਰੰਭ ਹੀ ਇਸ ਤਰ੍ਹਾਂ ਕੀਤਾ ਹੈ :

ਹਰ ਸੱਚੇ ਤਖ਼ਤ ਰਚਾਇਆ ਸਤਿ ਸੰਗਤਿ ਮੇਲਾ।
ਨਾਨਕ ਨਿਰਭਉ ਨਿਰੰਕਾਰ ਵਿਚ ਸਿੱਧਾਂ ਖੇਲਾ।
ਗੁਰਦਾਸ ਮਨਾਇ ਕਾਲ ਕਾ ਖੰਡੇ ਕੀ ਵੇਲਾ।
ਪੀਵਹੁ ਪਾਹੁਲ ਖੰਡੇਧਾਰ ਹੁਇ ਜਨਮ ਸੁਹੇਲਾ।
ਗੁਰ ਸੰਗਤ ਕੀਨੀ ਖਾਲਸਾ ਮਨਮੁਖੀਂ ਦੁਹੇਲਾ।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ॥ ੧॥

'ਸਰਬ-ਲੋਹ ਗ੍ਰੰਥ' ਦੇ ਵਿਦਵਾਨ ਲੇਖਕ ਨੇ ਗੁਰੂ ਗੋਬਿੰਦ ਸਿੰਘ ਜੀ ਵਲੋਂ 'ਖਾਲਸਾ'

ਨੂੰ ਇਸ ਤਰ੍ਹਾਂ ਬਿਆਨ ਕੀਤਾ ਹੈ :

ਖਾਲਸਾ ਮੇਰੋ ਰੂਪ ਹੈ ਖਾਸ । ਖਾਲਸੇ ਮਾਹਿ ਹੌਂ ਕਰੌਂ ਨਿਵਾਸ ।...
ਖਾਲਸਾ ਮੇਰੋ ਇਸਟ ਸੁਹਿਰਦ । ਖਾਲਸੇ ਮੇਰੋ ਕਹੀਅਤ ਬਿਰਦ ।...
ਖਾਲਸਾ ਮੇਰੋ ਮਿਤ੍ਰ ਸਖਾਈ । ਖਾਲਸਾ ਮਿਤ੍ਰ ਪਿਤਾ ਸੁਖਦਾਈ ।...
ਖਾਲਸਾ ਮੇਰੋ ਪਿੰਡ ਪਰਾਨ । ਖਾਲਸਾ ਮੇਰੀ ਜਾਨ ਕੀ ਜਾਨ ।...
ਖਾਲਸਾ ਮੇਰੋ ਸਤਿਗੁਰ ਪੂਰਾ । ਖਾਲਸਾ ਮੇਰੋ ਸਜਨ ਸੂਰਾ ।...
ਯਾ ਮੈ ਰੰਚ ਨਾ ਮਿਥਿਆ ਭਾਖੀ । ਪਾਰ ਬ੍ਰਹਮ ਗੁਰੂ ਨਾਨਕ ਸਾਖੀ ।...[1]

ਗੁਰੂ ਸਾਹਿਬ ਨੇ ਖ਼ੁਦ ਭੀ ਸਵੈਯਾ ਪਾਤਸ਼ਾਹੀ ੧੦ ਵਿਚ ਇਹੋ ਹੀ ਭਾਵ ਪਰਗਟ ਕੀਤੇ ਹੋਏ ਹਨ ਜਿਵੇਂ ਕਿ :

...ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ ਨਹੀਂ ਮੋ ਸੇ ਗਰੀਬ ਕਰੋਰ ਪਰੇ ॥ ੨ ॥
...ਜੋ ਗ੍ਰਹ ਮੈਂ ਤਨ ਤੇ ਮਨ ਤੇ ਸਿਰ ਲਉ ਧਨ ਹੈ ਸਬ ਹੀ ਇਨ ਹੀ ਕੋ ॥ ੩ ॥

ਇਸ ਤਰ੍ਹਾਂ ਜਦ ਗੁਰੂ ਗੋਬਿੰਦ ਸਿੰਘ ਜੀ ਨੇ ਖ਼ੁਦ ਆਪਣੇ ਸਾਜੇ ਖਾਲਸੇ ਦੇ ਸਾਹਮਣੇ ਗੋਡੇ ਟੇਕ ਕੇ ਖੰਡੇ ਦਾ ਅੰਮ੍ਰਿਤ ਪਾਨ ਕੀਤਾ ਅਤੇ 'ਪੰਜ ਪਿਆਰੇ' ਖਾਲਸੇ ਪਾਸ ਸਿੱਖੀ ਦੀ ਰਹਿਤ ਪਰਵਾਨ ਅਤੇ ਧਾਰਨ ਕਰਨ ਦਾ ਪ੍ਰਣ ਕੀਤਾ ਤਾਂ ਉਨ੍ਹਾਂ ਨੇ ਗੁਰੂਤਾ ਦਾ ਅਧਿਕਾਰ ਭੀ ਖਾਲਸੇ ਨੂੰ ਦੇ ਦਿੱਤਾ ਅਤੇ ਅਗੇ ਲਈ ਸਿਖ ਧਰਮ ਵਿਚ ਸ਼ਾਮਲ ਹੋਣ ਦੇ ਅਧਿਕਾਰੀਆਂ ਨੂੰ ਸਿੰਘ ਸਜਾਉਣ ਦਾ ਹਕ ਰਹਿਤਵਾਨ ਪੰਜ ਸਿੰਘਾਂ ਨੂੰ, ਜਿੱਥੇ ਕਿਧਰੇ ਭੀ ਉਹ ਹੋਣ, ਦੇ ਕੇ ਆਪਣੇ ਆਪ ਨੂੰ ਖਾਲਸੇ ਵਿਚ ਅਭੇਦ ਕਰ ਦਿੱਤਾ। ਇਸ ਤਰ੍ਹਾਂ ਸਰਬ ਸੰਸਾਰ ਦੇ ਅੰਮ੍ਰਿਤਧਾਰੀ ਸਿੰਘ ਇਕ ਜਥੇਬੰਦੀ ਵਿਚ ਸਾਂਝੀਵਾਲ ਭਾਈ ਹੋ ਗਏ। ਇਸ ਨਾਲ 'ਗੁਰੂ ਕਾ ਖਾਲਸਾ' ਹੋਣ ਦੀ ਪੋਜ਼ੀਸ਼ਨ ਨਾ ਰਹੀ । ਇਸ ਲਈ ਗੁਰੂ ਸਾਹਿਬ ਨੇ ਗੁਰ-ਸਿੱਖ ਨੂੰ ਅੰਮ੍ਰਿਤ ਛਕਾਉਣ ਵੇਲੇ ਅੰਮ੍ਰਿਤ ਦੇ ਛੱਟੇ ਮਾਰਦੇ ਹੋਏ ਕਿਹਾ, ਬੋਲ

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫ਼ਤਹਿ ।

ਇੰਜ ਉਨ੍ਹਾਂ ਨੇ ਸਭ ਅੰਮ੍ਰਿਤਧਾਰੀ ਸਿੰਘਾਂ ਨੂੰ ਅਕਾਲ ਪੁਰਖ ਵਾਹਿਗੁਰੂ ਜੀ ਦਾ ਖਾਲਸਾ ਕਰ ਦਿੱਤਾ। ਅੰਮ੍ਰਿਤ ਛਕਾਉਣ ਵੇਲੇ ਇਹ ਵਾਕ ਕਹਿਣ ਦੀ ਰੀਤਿ ਹੁਣ ਤਕ ਪਰਚਲਤ ਹੈ। ਸਿਖ ਸੰਗਤਾਂ ਦਾ ਜਿਥੋਂ ਤਕ ਮਾਲੀ ਪਰਬੰਧ ਦਾ ਸੰਬੰਧ ਸੀ ਉਹ ਗੁਰੂ ਕਾ ਖਾਲਸਾ ਹੋ ਗਈਆਂ ਅਤੇ ਰੂਹਾਨੀ ਤੌਰ ਤੇ ਸਭ ਸਿੰਘ ਸ੍ਰੀ ਅਕਾਲ ਪੁਰਖ ਵਾਹਿਗੁਰੂ ਜੀ ਦਾ ਖਾਲਸਾ ਹੋ ਗਏ।

## ਖਾਲਸੇ ਦਾ ਉਦੇਸ਼

ਖਾਲਸਾ ਸਾਜਣ ਵਿਚ ਗੁਰੂ ਗੋਬਿੰਦ ਸਿੰਘ ਜੀ ਦਾ ਉਦੇਸ਼ ਐਸੇ ਮਨੁੱਖਾਂ ਦੀ ਜਥੇਬੰਦੀ ਕਾਇਮ ਕਰਨਾ ਸੀ ਜੋ ਸਿੱਖੀ ਦੇ ਆਦਰਸ਼ ਅਨੁਸਾਰ ਰੂਹਾਨੀ ਜ਼ਿੰਦਗੀ ਵਿਚ ਸੰਤ ਹੋਣ ਅਤੇ ਸੰਸਾਰਕ ਜੀਵਨ ਵਿਚ ਨਿਸ਼ਕਾਮ ਸੇਵਕ, ਜੋ ਭਲੇ ਲੋਕਾਂ ਦੇ ਰੱਖਿਅਕ, ਸਹਾਇਕ ਅਤੇ ਸਾਹਸ-ਦਾਤਾ ਹੋਣ ਅਤੇ ਉਨ੍ਹਾਂ ਦੇ ਦੁੱਖ ਨਿਵਾਰਨ ਕਰਨ ਲਈ ਦੋਖੀਆਂ ਨੂੰ ਵਿਦਾਰਨ

---

[1]ਕੁਝ ਵਿਦਵਾਨਾਂ ਦਾ ਖ਼ਿਆਲ ਹੈ ਕਿ ਇਹ ਖਾਲਸੇ ਦੀ ਉਪਮਾ ਖ਼ੁਦ ਗੁਰੂ ਗੋਬਿੰਦ ਸਿੰਘ ਜੀ ਦੀ ਹੀ ਰਚਨਾ ਹੈ।

ਦਾ ਜਤਨ ਕਰਨ ਤਾਂ ਕਿ ਆਮ ਜਨਤਾ ਅਮਨ ਅਮਾਨ ਦਾ ਜੀਵਨ ਬਿਤਾ ਸਕੇ ।

ਦੋਹਰਾ

ਗੁਰ ਗੋਬਿੰਦ ਗੋਬਿੰਦ ਗੁਰ ਕਰਨਹਾਰ ਕਰਤਾਰ
ਜਗਤ ਉਧਾਰਨ ਆਇਓ ਜਾਨਹੁ ਸਬ ਸੰਸਾਰ ॥ ੧੨੯ ॥

ਕਬਿੱਤ

ਕਲਿ ਮੇ ਕਰਨ ਹਾਰ ਨਿਰੰਕਾਰ ਕਲਾਧਾਰ
ਜਗਤ ਕੇ ਉਧਾਰਬੇ ਗੋਬਿੰਦ ਸਿੰਘ ਆਯੋ ਹੈ ।
ਅਸੁਰ ਸਿੰਘਾਰਬੇ ਕੋ ਦੁਰਜਨ ਕੇ ਮਾਰਬੇ ਕੋ
ਸੰਕਟ ਨਿਵਾਰਬੇ ਕੋ ਖਾਲਸਾ ਬਨਾਯੋ ਹੈ...॥ ੧੩੦ ॥

ਖਾਲਸੇ ਦੀ ਰਹਿਤ

ਸਤਿ ਸੰਗਤਿ—

ਚੌਪਈ

ਐਸੀ ਰੀਤਿ ਰਹਤ ਬਰਤਾਈ ।
ਸੰਤਨ ਸੁਨੀ ਅਧਿਕ ਮਨ ਭਾਈ ।
ਸੰਗਤਿ ਮਿਲਿ ਦਰਸਨ ਜਾਈਐ ।
ਦਰਸਨ ਦੇਖਿ ਬਹੁਤ ਸੁਖ ਪਾਈਐ ॥ ੧੪੨ ॥

ਅੜਿਲ

...ਸਤਿ ਸੰਗਤਿ ਮੇ ਬੈਠ ਹਰਿ ਗੁਣ ਗਾਈਏ ।
ਪੂਰਨ ਹੋਵੇ ਭਾਗ ਤਬ ਹੀ ਪਾਈਏ ।
ਜੀ ਖਾਲਸੇ ਕੀ ਅਰਦਾਸ ਨਾਮ ਜਪਾਈਏ ॥ ੧੫੬ ॥

ਕੇਸ ਹੀਣ ਨਾ ਹੋਵੇ, ਹੁੱਕਾ ਨਾ ਪੀਵੇ—

ਹੁੱਕਾ ਨਾ ਪੀਵੈ ਸੀਸ ਦਾੜ੍ਹੀ ਨ ਮੁੰਡਾਵੈ
ਸੋ ਤੋ ਵਾਹਿਗੁਰੂ ਵਾਹਿਗੁਰੂ ਗੁਰੂ ਜੀ ਕਾ ਖਾਲਸਾ ॥ ੧੪੬ ॥

ਚੌਪਈ

ਹੁੱਕਾ ਤਿਆਗੈ ਹਰਿ ਗੁਣ ਗਾਵੈ ।
ਇੱਛਾ ਭੋਜਨ ਹਰਿ ਰਸ ਪਾਵੈ ।
ਭੱਦਰ ਤਿਆਗ ਕਰੇ ਰੇ ਭਾਈ ।
ਤਬ ਸਿੱਖਨ ਯਹ ਬਾਤ ਸੁਨਾਈ ॥ ੧੩੭ ॥
ਮਾਤ ਪਿਤਾ ਮਰੇ ਜੋ ਕੋਈ ।
ਤਉ ਭੀ ਕਰਤ ਨਾ ਭੱਦਰ ਹੋਈ ...॥ ੧੩੮ ॥
ਭਦੱਰ ਭਰਮ ਧਰਮ ਕਛੁ ਨਾਹੀਂ ।
ਨਿਹਚੈ ਜਾਨਿ ਸੰਤ ਮਨ ਮਾਹੀਂ ॥ ੧੩੬ ॥

ਤੁਰਕਣੀ ਦਾ ਕੁਸੰਗ

ਇਨ੍ਹਾਂ ਦੇ ਨਾਲ ਹੀ ਜਿੱਥੇ ਖਾਲਸੇ ਨੂੰ ਪੰਜ ਐਬਾਂ ਚੋਰੀ, ਯਾਰੀ (ਪਰ-ਇਸਤਰੀ

ਗਮਨ, ਵਿਭਚਾਰ), ਜੂਆ, ਸ਼ਰਾਬੀ-ਪੁਣਾ ਅਤੇ ਝੂਠ ਤੋਂ ਬਚਣ ਲਈ ਹਦਾਇਤ ਹੈ ਅਤੇ ਕੁਠਾ-ਮਾਸ ਖਾਣ ਤੋਂ ਵਰਜਿਆ ਹੈ ਓਥੇ ਖਾਲਸੇ ਨੂੰ ਤੁਰਕਣੀ ਦੇ ਕੁਸੰਗ ਤੋਂ ਬਚਣ ਲਈ ਖ਼ਾਸ ਜ਼ੋਰ ਦਿੱਤਾ ਹੈ ਅਤੇ ਇਸ ਨੂੰ ਬੱਜਰ ਕੁਰਹਿਤਾਂ ਵਿਚ ਗਿਣਿਆ ਗਿਆ ਹੈ। ਇਸ ਸੰਬੰਧੀ ਇਕ ਬਾਰੀ ਕੁਝ ਸਿੰਘਾਂ ਨੇ ਗੁਰੂ ਜੀ ਦੇ ਹਜ਼ੂਰ ਬੇਨਤੀ ਕੀਤੀ ਕਿ ਜਾਬਰ ਤੁਰਕ ਤਾਂ ਹਿੰਦਵਾਣੀਆਂ ਨੂੰ ਜ਼ੋਰੀਂ ਫੜ ਭੋਗਦੇ ਹਨ, ਇਸ ਲਈ ਜੇ ਸਿੱਖ ਬਦਲਾ ਲੈਣ ਤਾਂ ਗੁਰ-ਸ਼ਾਸਤਰ ਕਿਉਂ ਰੋਕਦਾ ਹੈ ? ਇਸ ਸੰਬੰਧੀ ਗੁਰੂ ਸਾਹਿਬ ਦੇ ਉੱਤਰ ਨੂੰ ਭਾਈ ਸੰਤੋਖ ਸਿੰਘ ਨੇ ਗੁਰ-ਪ੍ਰਤਾਪ ਸੂਰਜ ਗ੍ਰੰਥ (ਪਰਸਿੱਧ ਸੂਰਜ ਪ੍ਰਕਾਸ਼) ਵਿਚ ਇੰਜ ਦਰਸਾਇਆ ਹੈ :

...ਜੋ ਤੁਰਕਣਿ ਸਿਖ ਭੋਗਹਿ ਜਾਇ।  
ਸੋ ਨਹਿ ਬਖਸ਼ਿਓ ਜਾਇ ਕਦਾਇ...॥ ੧੬ ॥  
ਪੁਨ ਸਿੰਘ ਬੂਝੇ ਗੁਨ ਖਾਨੀ।  
ਬ੍ਰਿੰਦ ਤੁਰਕ ਭੋਗੈਂ ਹਿੰਦਵਾਨੀ।  
ਸਿਖ ਬਦਲਾ ਲੇ ਭਲਾ ਜਨਾਏ।  
ਕਿਉਂ ਗੁਰ ਸ਼ਾਸਤ੍ਰ ਬਰਜ ਹਟਾਏ ॥ ੧੮ ॥  
ਸੁਨਿ ਸਤਿਗੁਰ ਬੋਲੇ ਤਿਸ ਬੇਰੇ।  
ਹਮ ਲੇ ਜਾਨੋਂ ਪੰਥ ਉਚੇਰੇ।  
ਨਹੀਂ ਅਪਗਤਿ ਬਿਖੈ ਪੁਚਾਵੈ।  
ਯਾਂ ਤੇ ਕਲ ਮਲ ਕਰਨ ਹਟਾਵੈ ॥ ੧੯ ॥

(ਰੁਤ ੬, ਅੰਸੂ ੨੦, ਅੰਕ ੧੬-੧੯)

ਇਸ ਕੁਕਰਮ ਨੂੰ ਬੱਜਰ ਕੁਰਹਿਤ ਕਹਿਣ ਦਾ ਭਾਵ ਸਪੱਸ਼ਟ ਹੈ। ਇਸ ਵੇਲੇ ਖਾਲਸੇ ਅਤੇ ਮੁਗ਼ਲ ਹਾਕਮਾਂ ਦਾ, ਜੋ ਮੁਸਲਮਾਨ ਸਨ, ਅਜੋੜ ਵਧ ਰਿਹਾ ਸੀ ਅਤੇ ਉਨ੍ਹਾਂ ਵਿਚੋਂ ਕਈ ਨੀਵੇਂ ਆਚਰਨ ਦੇ ਲੋਕ ਪਰਾਈਆਂ ਧੀਆਂ ਭੈਣਾਂ ਦੀ ਬੇਪੱਤੀ ਕਰਨ ਤਕ ਚਲੇ ਜਾਂਦੇ ਸਨ। ਇਸ ਲਈ ਡਰ ਸੀ ਕਿ ਕਿਸੇ ਮੁਸਲਮਾਨ ਕੁਕਰਮੀ ਦੇ ਮੰਦੇ ਕੰਮ ਤੋਂ ਭੜਕਿਆ ਹੋਇਆ ਕੋਈ ਸਿੱਖ ਬਦਲੇ ਦੀ ਨੀਅਤ ਨਾਲ ਭੀ ਅਜਿਹਾ ਨਾ ਕਰ ਬੈਠੇ। ਇਹ ਕੁਰਹਿਤ ਬਖਸ਼ਾਈ ਨਹੀਂ ਜਾ ਸਕਦੀ। ਇਸ ਤੋਂ ਬਾਅਦ ਮੁੜ ਅੰਮ੍ਰਿਤ ਛਕਣਾ ਪੈਂਦਾ ਹੈ ਕਿਉਂਕਿ ਅਜਿਹਾ ਕੁਕਰਮੀ ਪਤਿਤ ਹੋ ਜਾਂਦਾ ਹੈ।

**ਖਾਲਸੇ ਦਾ ਵਿਰੋਧ**

ਕੁਝ ਲੋਕਾਂ ਨੇ ਤਾਂ ਗੁਰੂ ਦੇ ਹੁਕਮ ਨੂੰ ਸਤਿ-ਬਚਨ ਕਹਿ ਕੇ ਝਟ ਮੰਨ ਲਿਆ ਅਤੇ ਖਾਲਸੇ ਦੀ ਰਹਿਤ ਬਹਿਤ ਨੂੰ ਪੂਰੀ ਤਰ੍ਹਾਂ ਪਰਵਾਨ ਕਰ ਕੇ ਸਿੰਘ ਸਜ ਗਏ, ਪਰ ਕੁਝ ਲੋਕ ਅਜਿਹੇ ਭੀ ਸਨ ਜੋ ਸ਼ੱਕ ਅਤੇ ਵਿਰੋਧ ਕਰਨ ਲਗ ਪਏ। ਜਨਮ-ਜਨਮਾਂਤਰਾਂ ਦੇ ਸੰਸਕਾਰਾਂ ਦੀਆਂ ਡੂੰਘੀਆਂ ਲੀਹਾਂ ਵਿਚੋਂ ਨਿਕਲ ਸਕਣਾ ਕੋਈ ਸੌਖੀ ਗੱਲ ਨਹੀਂ। ਇਸ ਲਈ ਅਡੋਲ ਧਾਰਮਕ ਵਿਸ਼ਵਾਸ ਅਤੇ ਮਨ ਦੀ ਮਜ਼ਬੂਤੀ ਦੀ ਲੋੜ ਹੈ। ਗਿਣਤੀਆਂ ਮਿਣਤੀਆਂ ਵਿਚ ਪੈਣ ਵਾਲੇ ਲੋਕ ਪੁਰਾਣੀਆਂ ਕੁਲਾਚਾਰੀ ਰੀਤਾਂ ਦੇ ਬੰਧਨਾਂ ਵਿਚੋਂ ਝਟ ਪਟ ਛਾਲ ਮਾਰ ਕੇ ਬਾਹਰ ਨਿਕਲਣ ਦਾ ਹੌਸਲਾ ਘੱਟ ਹੀ ਕਰ ਸਕਿਆ ਕਰਦੇ ਹਨ।

ਇਹ ਕੌਮ ਧਰਮ-ਪਰਾਇਣ ਸਿਰਲੱਥ ਸੂਰਮਿਆਂ ਦਾ ਹੈ ਜੋ ਸੰਸਾਰ ਦੇ ਸਭ ਸੁਖ ਲਟਾਕੇ ਛਡ ਛਡਾ ਕੇ ਆਪਣੇ ਧਾਰਮਕ ਵਿਸ਼੍ਵਾਸ ਦੀ ਪੂਰਤੀ ਲਈ ਵੱਡੀ ਤੋਂ ਵੱਡੀ ਕੁਰਬਾਨੀ ਕਰਨ ਨੂੰ ਭੀ ਤਿਆਰ ਹੋਣ। ਇਸ ਲਈ ਬਸਾਖੀ ਸੰਨ ੧੬੯੯ ਈ. ਦੇ ਆਨੰਦਪੁਰ ਵਿਚ ਗੁਰੂ ਦਰਸ਼ਨਾਂ ਤੋਂ ਬਾਅਦ ਜਦ ਦਿੱਲੀ ਦੇ ਨਵੇਂ ਸਜੇ ਸਿੰਘਾਂ ਨੇ ਆ ਕੇ ਖਾਲਸੇ ਦੀ ਰਹਿਤ ਸੁਣਾਈ ਤਾਂ ਕਈਆਂ ਨੇ ਝਟ ਮੰਨ ਕੇ ਖੰਡੇ ਦਾ ਅੰਮ੍ਰਿਤ ਛਕ ਲਿਆ, ਭੱਦਨ ਤਿਆਗ ਦਿੱਤਾ ਅ: ਕੇਸ ਰਖ ਲਏ, ਪਰ ਸ਼ਹਿਰ ਦੇ ਕਈ ਖ਼ੱਤਰੀ ਬ੍ਰਾਹਮਣ ਨਿਰਾਰੇ ਰਹੇ ਅਤੇ ਕਹਿਣ ਲੱਗੇ ਕਿ ਇਹ ਰਹਿਤ ਬੜੀ ਸਖ਼ਤ ਹੈ, ਕੁਲਾਰੀਤ ਛੱਡੀ ਨਹੀਂ ਜਾ ਸਕਦੀ, ਬ੍ਰਾਹਮਣ ਹੋ ਕੇ ਭੱਦਣ ਨਾ ਕਰੀਏ ਤਾਂ ਭਾਈਚਾਰੇ ਵਿਚ ਇੱਜ਼ਤ ਸੋਭਾ ਕਿਵੇਂ ਰਹੇਗੀ। ਕਈ ਹੁੱਜਤੀ ਕਹਿਣ ਕਿ ਇਹ ਨਵੀਂ ਰਹਿਤ ਇਨ੍ਹਾਂ ਦੀ ਆਪਣੀ ਘਾੜਤ ਹੈ, ਸਤਿਗੁਰੂ ਨੇ ਕੋਈ ਹੁਕਮ ਨਹੀਂ ਦਿੱਤਾ, ਅਸੀਂ ਤਾਂ ਓਦੋਂ ਮੰਨਾਂਗੇ ਜਦੋਂ ਗੁਰੂ ਦੀ ਲਿਖਤ ਆਵੇਗੀ ਗੱਲ ਕੀ ਜਿਤਨੇ ਹੁੱਜਤੀ ਉਤਨੀਆਂ ਹੀ ਗੱਲਾਂ [ਦੇਖੋ ਛੰਦ ੧੯੭-੨੦੪]। ਨਤੀਜਾ ਇਹ ਹੋਇਆ ਕਿ ਓਥੇ ਦੋ ਧੜੇ ਬਣ ਗਏ। ਇਕ ਖਾਲਸਿਆਂ ਦਾ, ਇਕ ਬ੍ਰਾਹਮਣ ਖੱਤਰੀਆਂ ਦਾ। ਵਿਰੋਧੀ ਧੜੇ ਵਾਲੇ ਧਨਾਢ ਬਿਉਪਾਰੀ ਸਨ। ਇਕ ਦਿਨ ਇਕ ਸੰਗਤ ਵਿਚੋਂ ਸਿੱਖਾਂ ਨੇ ਇਕ ਕੇਸ-ਵਿਰੋਧੀ ਖੱਤਰੀ ਨੂੰ ਉਠਾ ਦਿੱਤਾ। ਇਸ ਤੋਂ ਗੱਲ ਵਧ ਗਈ ਅਤੇ ਖੱਤਰੀਆਂ ਦੇ ਭਾਈਚਾਰੇ ਨੇ ਇਕੱਠ ਕਰ ਕੇ ਖਾਲਸਿਆਂ ਦਾ ਬਾਈਕਾਟ ਕਰ ਦਿੱਤਾ ਅਤੇ ਹੜਤਾਲ ਕਰ ਦਿੱਤੀ ਜਿਸ ਨਾਲ ਕਈ ਖਾਲਸਿਆਂ ਦਾ ਕੰਮ-ਕਾਰ ਬੰਦ ਹੋ ਗਿਆ ਅਤੇ ਉਹ ਆਰਥਕ ਤੰਗੀ ਕਰ ਕੇ ਬਹੁਤ ਦੁਖੀ ਹੋ ਗਏ। ਆਖਰ ਸਰਕਾਰੇ ਦਰਬਾਰੇ ਸ਼ਿਕਾਇਤ ਤਕ ਨੌਬਤ ਪਹੁੰਚੀ, ਪਰ ਧਨਾਢ ਬਿਓਪਾਰੀ ਅੜ ਗਏ ਅਤੇ ਉਨ੍ਹਾਂ ਦੇ ਪੰਚ ਹੈਂਕੜ ਵਿਚ

ਦੋਹਰਾ

ਦੇਖਤ ਹੀ ਚਟਕੇ ਸਕਲ ਹੁਤੇ ਪੰਚ ਸਬ ਸਇ ॥
ਹਾਟ ਨਾ ਖੋਲਨ ਦੇਹਿੰਗੇ ਹੋਨੀ ਹੋਇ ਸੁ ਹੋਏ ॥ ੧੯ ॥ ੨੭੯ ॥

ਚੌਪਈ

ਦੇਖਹੁ ਅਬ ਕੈਸੇ ਬਨ ਆਵੈ ।
ਕੈਸੀ ਸੋਭ ਖਾਲਸਾ ਪਾਵੈ ।
ਕਰੀਐ ਅਬਿ ਇਨ ਸੋ ਬਿਧ ਸੋਈ ।
ਕਹੈ ਨਾ ਫੇਰ ਖਾਲਸਾ ਕੋਈ ॥ ੨੧ ॥ ੨੮੧ ॥

ਇਸ ਦੇ ਨਾਲ ਹੀ ਸਰਕਾਰੀ ਹਾਕਮ ਨੂੰ ਕੁਝ ਚੜ੍ਹਾਵਾ ਭੀ ਚਾੜ੍ਹ ਦਿੱਤਾ। ਫੇਰ ਕੀ ਸੀ। ਮਾਇਆ ਦੀ ਚਮਕ ਅਤੇ ਠਣਕਾਰ ਵਿਚ ਉਹ ਭੀ ਅੰਨ੍ਹਾਂ ਬੋਲਾ ਹੋ ਗਿਆ ਅਤੇ ਜੋ ਪੰਚਾਂ ਨੇ ਕਿਹਾ ਸੋਈ ਉਸ ਨੇ ਕਰ ਦਿੱਤਾ :

ਚੌਪਈ

ਕੇਤਕ ਸਿਖ ਪਕੜ ਬੈਠਾਏ ।
ਕੇਤਕ ਸੁਨਤ ਮਹਾ ਡਰ ਪਾਏ ।
ਊਚ ਨੀਚ ਕੇਤਨ ਸੋ ਰਰੀ ।
ਐਸੀ ਬਾਤ ਪ੍ਰਬਲ ਹੋਇ ਧਰੀ । ੨੯ ॥ ੨੮੯ ॥

ਇਸ ਵੇਲੇ ਦੀ ਦਿੱਲੀ ਦੇ ਖਾਲਸੇ ਦੀ ਦੁਖੀ ਹਾਲਤ ਦਾ ਜ਼ਿਕਰ ਸੈਨਾਪਤਿ ਨੇ ਇਸ ਤਰ੍ਹਾਂ ਕੀਤਾ ਹੈ :

ਦੋਹਰਾ

ਮਿਲ ਪੰਚਨ ਕੀਨੋ ਮਤਾ ਧਰੀਏ ਸੰਗਿ ਅਪਾਰ ।
ਏਕ ਓਰ ਭਯੋ ਖਾਲਸਾ ਏਕ ਓਰ ਸੰਸਾਰ ॥ ੩੦ ॥ ੨੯੦ ॥

ਕਬਿੱਤ

...ਧੜੀਏ ਬਟ ਪੜੀਏ ਔਰ ਨਗਰ ਕੇ ਅਪਾਰ ਲੋਗ
ਖਾਲਸੇ ਕੇ ਸਿਖੋ ਸਾਥ ਨੀਚ ਊਚ ਭਈ ਹੈ ।
ਕਹਤੇ ਹੈਂ ਕਪਟ ਬੈਨ ਸੁਨਤ ਹੀ ਨ ਪਰਤ ਚੈਨ
ਕਾਪਤ ਸਰੀਰ ਸਰਨ ਤੇਰੀ ਗਹੀ ਹੈ...॥ ੩੧ ॥ ੨੯੧ ॥

ਪਰ ਮਾਲੂਮ ਹੁੰਦਾ ਹੈ ਕਿ ਧੜੀਆਂ ਬਿਉਪਾਰੀਆਂ ਦੀ ਧੱਕੇਸ਼ਾਹੀ ਦਾ ਹਾਕਮ ਨੂੰ ਛੇਤੀ ਹੀ ਗਿਆਨ ਹੋ ਗਿਆ ਅਤੇ ਉਸ ਨੇ ਹੁਕਮ ਦੇ ਕੇ ਦੁਕਾਨਾਂ ਖੁਲਵਾ ਦਿੱਤੀਆਂ। ਇਸ ਪਰ ਆਪਸ ਵਿਚ ਮੇਲ ਮਿਲਾਪ ਹੋ ਗਿਆ ਅਤੇ ਜਿਨ੍ਹਾਂ ਕੱਚੇ ਪਿੱਲੇ ਢਿੱਲੜਾਂ ਨੇ ਤੰਗ ਆ ਕੇ ਧੜੀਆਂ ਦੇ ਹੱਕ ਵਿਚ ਕੁਝ ਲਿਖਤਾਂ ਕਰ ਦਿੱਤੀਆਂ ਸਨ ਉਨ੍ਹਾਂ ਨੂੰ ਸੰਗਤ ਵਿਚ ਮਿਲਾ ਲਿਆ ਗਿਆ ।

ਜਿਸ ਵਿਸਥਾਰ ਨਾਲ ਸੈਨਾਪਤਿ ਨੇ ਦਿੱਲੀ ਦੇ ਖਾਲਸੇ ਨੂੰ ਆਈਆਂ ਤੰਗੀਆਂ ਦਾ ਜ਼ਿਕਰ ਕੀਤਾ ਹੈ, ਇਸ ਤੋਂ ਪਰਤੀਤ ਹੁੰਦਾ ਹੈ ਕਿ ਉਸ ਨੂੰ ਇਨ੍ਹਾਂ ਦੀ ਨਿਜੀ ਵਾਕਫੀ ਸੀ, ਪਰ ਅਜਿਹੇ ਹਾਲਤ ਦਾ ਬਾਹਰ ਗਏ ਖਾਲਸਿਆਂ ਨੂੰ ਭੀ ਥਾਂ ਥਾਂ ਟਾਕਰਾ ਕਰਨਾ ਪਿਆ ਜਿਵੇਂ ਕਿ ਉਹ ਦੱਸਦਾ ਹੈ :

ਵੈ ਜੋ ਸਿਖ ਬਿਦਾ ਭਏ ਨਗਰ ਨਗਰ ਬਿਸਥਾਰ
ਤਿਨੋ ਜਾਇ ਸੰਸਾਰ ਮੈਂ ਕਉਤਕ ਕਰੇ ਅਪਾਰ ॥ ੩ ॥ ੩੦੦ ॥
ਨਗਰ ਨਗਰ ਮੈ ਜੁਧ ਕਰਿ ਭਏ ਖਾਲਸਾ ਸੋਇ
ਮਾਨ ਬਚਨ ਸਨਮੁਖ ਭਏ ਇਹ ਸਮਾਨ ਨਹੀਂ ਕੋਇ ॥ ੪ ॥ ੩੦੧ ॥
ਯਹਿ ਲੀਲਾ ਆਗੇ ਕਹੀ ਦਿੱਲੀ ਕੋ ਬਿਸਥਾਰ ।
ਏਹੀ ਭਾਂਤ ਸੰਸਾਰ ਮੈਂ ਕਉਤਕ ਭਏ ਅਪਾਰ ॥ ੫ ॥ ੩੦੨ ॥

ਇਹ ਗੱਲ ਹੋਣੀ ਹੀ ਸੀ । ਸੁਧਾਰਕ ਲਹਿਰਾਂ ਦੇ ਆਗੂਆਂ ਨੂੰ, ਭਾਵੇਂ ਉਹ ਧਾਰਮਕ ਹੋਣ ਜਾਂ ਭਾਈਚਾਰਕ ਜਾਂ ਰਾਜਸੀ, ਹਰ ਸਮੇਂ ਅਤੇ ਹਰ ਦੇਸ ਵਿਚ, ਆਪਣੇ ਮਿਸ਼ਨ ਲਈ ਕਠਨਾਈਆਂ ਸਹਿਣੀਆਂ ਹੀ ਪੈਂਦੀਆਂ ਹਨ। ਛੋਟਿਆਂ ਆਗੂਆਂ ਨੂੰ ਛੋਟੀ ਪੱਧਰ ਤੇ ਅਤੇ ਵੱਡਿਆਂ ਨੂੰ ਵੱਡੀ ਤੇ । ਜਿਵੇਂ ਅਸੀਂ ਪਿੱਛੇ ਦੇਖ ਆਏ ਹਾਂ, ਪਹਾੜੀ ਰਾਜਿਆਂ ਵਲੋਂ ਗੁਰੂ ਗੋਬਿੰਦ ਸਿੰਘ ਦਾ ਵਿਰੋਧ ਇਸ ਲਈ ਹੋ ਰਿਹਾ ਸੀ ਕਿ ਉਹ ਇਕ ਅਜਿਹੀ ਧਾਰਮਕ ਅਤੇ ਭਾਈ-ਚਾਰਕ ਲਹਿਰ ਦੀ ਅਗਵਾਈ ਕਰ ਰਹੇ ਸਨ ਜਿਸ ਨਾਲ ਪੁਰਾਣੇ ਹਿੰਦੂ ਧਰਮ ਦੇ ਦੇਵੀ ਦੇਵਤਿਆਂ ਦੀ ਪੂਜਾ, ਜਾਤ ਪਾਤ ਦੇ ਵਿਤਕਰੇ, ਊਚ ਨੀਚ ਦੇ ਖ਼ਿਆਲ ਅਤੇ ਛੂਤ ਛਾਤ ਉਡ ਕੇ ਇਕ ਅਜੂਨੀ ਨਿਰਾਕਾਰ ਸੈਭੰ ਓਅੰਕਾਰ ਦਾ ਨਿਸਚਾ

ਦ੍ਰਿੜ੍ਹ ਹੋ ਰਿਹਾ ਸੀ, ਅਤੇ ਸਾਂਝੀਵਾਲਤਾ ਦਾ ਪਰਚਾਰ ਹੋਣ ਨਾਲ ਰਾਓ ਰੰਕ ਵਿਚ ਬਰਾਬਰੀ ਅਮਲੀ ਸੂਰਤ ਅਖਤਿਆਰ ਕਰ ਰਹੀ ਸੀ । ਦੂਸਰੇ ਪਾਸੇ ਇਨ੍ਹਾਂ ਰਾਜਪੂਤ ਛੱਤਰੀ ਰਾਜਿਆਂ ਦੇ ਰਾਜ ਤੇਜ ਸੀ ਹੀ ਜਾਤ-ਪਾਤ ਦੀ ਊਚ ਨੀਚ ਦੇ ਸਹਾਰੇ ਬਣੇ ਹੋਏ ਸਨ ਅਤੇ ਇਸੇ ਕਰਕੇ ਹੀ ਕਾਇਮ ਸਨ । ਇਹ ਉੱਪਰਲੀ ਬ੍ਰਾਹਮਣ ਜ਼ਾਤ ਦੇ ਥੋੜੇ ਜਿਹੇ ਪ੍ਰੋਹਤਾਂ, ਭੱਟਾਂ ਨੂੰ ਦਾਨ ਪੁਜਾ ਨਾਲ ਪਰਸੰਨ ਕਰਕੇ ਆਪਣੀ ਉੱਚਤਾ ਦੀ ਉਪਮਾ ਦੀਆਂ ਵਾਰਾਂ ਰਾਹੀਂ ਵੈਸ਼ਾਂ ਅਤੇ ਸ਼ੂਦਰਾਂ ਪਰ ਰੋਹਬ ਅਤੇ ਰਾਜ ਜਮਾਈ ਬੈਠੇ ਸਨ । ਪਰ ਗੁਰੂ ਗੋਬਿੰਦ ਸਿੰਘ ਇਨ੍ਹਾਂ ਵੈਸ਼ਾਂ ਅਤੇ ਸ਼ੂਦਰਾ ਨੂੰ ਨੀਚੋਂ ਊਚ ਕਰ ਕੇ ਛੱਤਰੀਆਂ ਬ੍ਰਾਹਮਣਾਂ ਦੇ ਬਰਾਬਰ ਹੀ ਨਹੀਂ ਸਗੋਂ ਹੋਰ ਭੀ ਉੱਚੇ ਉਠਾਈ ਜਾ ਰਿਹਾ ਸੀ ਜਿਸ ਨਾਲ ਰਾਜਿਆਂ ਦੇ ਮਨ ਭੈਮਾਨ ਹੋਈ ਜਾ ਰਹੇ ਸਨ । ਹੁਣ ਖਾਲਸੇ ਦੀ ਸਾਜਨਾ ਨੇ ਬਰਾਬਰੀ ਅਤੇ ਸਾਂਝੀਵਾਲਤਾ ਨੂੰ ਹੋਰ ਭੀ ਮਜ਼ਬੂਤ ਅਤੇ ਦਲੇਰ ਕਰ ਦਿੱਤਾ ਜਿਸ ਨਾਲ ਇਨ੍ਹਾਂ ਨੂੰ ਹੋਰ ਜ਼ਿਆਦਾ ਡਰ ਪੈ ਗਿਆ ।

ਅੱਗੇ ਤਾਂ ਸਿਖ ਆਗੂਆਂ ਨੇ ਸਿੱਖਾਂ ਦਾ ਬੈਠਣਾ ਉੱਠਣਾ, ਮਿਲਣਾ, ਵਰਤਣਾ ਅਤੇ ਲੰਗਰ ਵਿਚ ਇੱਕੋ ਥਾਂ ਬੈਠ ਕੇ ਪਰਸ਼ਾਦ ਛਕਣਾ ਹੀ ਸਾਂਝਾ ਕੀਤਾ ਸੀ । ਇਸ ਦੇ ਨਤੀਜੇ ਵਜੋਂ ਇਨ੍ਹਾਂ ਦੀ ਜਥੇਬੰਦੀ ਮਜ਼ਬੂਤ ਹੋ ਗਈ ਸੀ ਅਤੇ ਇਨ੍ਹਾਂ ਦੇ ਹੌਸਲੇ ਇੱਥੋਂ ਤਕ ਵਧ ਗਏ ਸਨ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਅਗਵਾਈ ਵਿਚ ਵੈਸ਼ਾਂ, ਸ਼ੂਦਰਾਂ, ਸਾਧਾਂ ਆਦਿ ਨੇ ਭੰਗਾਣੀ ਦੇ ਜੰਗ ਵਿਚ ਪੁਸ਼ਤੈਨੀ ਸੂਰਬੀਰ ਰਾਜਿਆਂ, ਰਾਜਪੂਤਾਂ ਅਤੇ ਪਠਾਣਾਂ ਨੂੰ ਭਜਾ ਦਿੱਤਾ ਸੀ, ਜਿਸ ਨਾਲ ਪਹਾੜ ਦੇ ਰਾਜਿਆਂ ਦੀ ਪ੍ਰਭਤਾ ਨੂੰ ਇਕ ਤਕੜਾ ਧੱਕਾ ਵੱਜਾ ਸੀ, ਅਤੇ ਫੇਰ ਨਾਦੌਣ ਵਿਚ ਸ਼ਾਹੀ ਸੈਨਾ ਨੂੰ ਭਜਾ ਦਿੱਤਾ ਸੀ । ਪਰ ਹੁਣ ਗੁਰੂ ਗੋਬਿੰਦ ਸਿੰਘ ਨੇ ਖਾਲਸਾ ਸਾਜ ਕੇ ਉੱਚੀਆਂ ਜਾਤਾਂ ਵਾਲੇ ਬ੍ਰਾਹਮਣਾਂ, ਖੱਤਰੀਆਂ ਅਤੇ ਨੀਵੀਆਂ ਜਾਤਾਂ ਵਾਲੇ ਵੈਸ਼ਾਂ ਸ਼ੂਦਰਾਂ ਆਦਿ ਦਾ ਰਹਿੰਦਾ ਭਿੰਨ ਭੇਦ ਭੀ ਮਿਟਾ ਦਿੱਤਾ ਅਤੇ ਇਨ੍ਹਾਂ ਸਾਰਿਆਂ ਨੂੰ ਇੱਕੋ ਬਾਟੇ ਵਿਚ ਅੰਮ੍ਰਿਤ ਛਕਾ ਕੇ ਖਾਣਾ ਪੀਣਾ ਸਾਂਝਾ ਕਰਕੇ ਬਿਲਕੁਲ ਹੀ ਅਭੇਦ ਕਰ ਦਿੱਤਾ, ਜੋ ਅੱਜ ਤਕ ਕਦੀ ਨਹੀਂ ਸੀ ਕਿਸੇ ਕੀਤਾ । ਇਸ ਨਾਲ ਇਨ੍ਹਾਂ ਦੀ ਜਥੇਬੰਦੀ ਹੋਰ ਭੀ ਪੀਡੀ ਅਤੇ ਮਜ਼ਬੂਤ ਹੋ ਗਈ । ਹੁਣ ਸਿੰਘਾਂ ਲਈ ਕਿਰਪਾਨ ਇਕ ਅਨਿਖੜਵਾਂ ਧਾਰਮਕ ਚਿੰਨ੍ਹ ਹੋ ਜਾਣ ਨਾਲ ਸਾਰਿਆਂ ਦੇ ਸਾਰੇ ਖਾਲਸੇ ਨੇ ਸੂਰਬੀਰਾਂ ਦਾ ਬਾਣਾ ਧਾਰਨ ਕਰ ਲਿਆ ਅਤੇ ਕੇਸਾਂ ਅਤੇ ਦਾੜ੍ਹੀਆਂ ਵਾਲੇ ਸਾਬਤ ਸੂਰਤ ਹੋਣ ਨਾਲ ਉਨ੍ਹਾਂ ਦੇ ਚਿਹਰੇ ਮੋਹਰੇ ਦਾ ਤੇਜ ਅਤੇ ਰੋਹਬ ਦੂਣਾ ਚੌਣਾ ਹੋ ਗਿਆ, ਅਤੇ ਉਹ ਦੂਸਰਿਆਂ ਉਪਰ ਭਾਰੂ ਦਿਸਣ ਲਗ ਪਏ । ਇਸ ਨਾਲ ਕਹਿਲੂਰ ਦੇ ਰਾਜੇ ਦਾ ਮਨ ਹੋਰ ਈਰਖਾਵਾਨ ਹੋ ਗਿਆ ।

**ਪਹਾੜੀ ਰਾਜਿਆਂ ਦੀ ਆਨੰਦਪੁਰ ਤੇ ਚੜ੍ਹਾਈ**

ਇਸ ਵੇਲੇ ਕਹਿਲੂਰ ਦਾ ਰਾਜਾ ਅਜਮੇਰ ਚੰਦ ਸੀ । ਇਸ ਦਾ ਪਿਤਾ ਰਾਜਾ ਭੀਮ ਚੰਦ ਸੰਮਤ ੧੬ ਅਸੂ, ੧੭੪੯ ਬਿਕਰਮੀ, ੧੬ ਸਤੰਬਰ, ਸਨ ੧੭੯੨ ਈ: ਨੂੰ ਮਰ ਚੁੱਕਾ ਸੀ ।*

---

*ਗਣੇਸ਼ਾ ਸਿੰਘ ਬੇਦੀ, ਸ਼ਸ਼ੀ-ਵੰਸ਼ ਬਿਨੋਦ, ਧਿਆਇ ੧੦ : ੨ (ਗਰਜਾ ਸਿੰਘ ਸੰਪਾਦਿਕ ਸ਼ਹੀਦ ਬਿਲਾਸ ਕ੍ਰਿਤ ਕਵੀ ਸੇਵਾ ਸਿੰਘ, ਪੰਨਾ ੬੭)

ਭੰਗਾਣੀ ਦੇ ਜੁੱਧ ਵਿਚ ਰਾਜਿਆਂ ਦੀ ਹਾਰ ਅਤੇ ਨਾਦੌਣ ਦੀ ਨਾਮੋਸ਼ੀ ਭੀ ਇਸ ਨੂੰ ਖਾ ਰਹੀ ਹੋਣੀ ਹੈ ਅਤੇ ਜਵਾਨੀ ਦਾ ਜੋਸ਼ ਭੀ ਸ਼ਾਇਦ ਉਤਸਾਹਟ ਪੈਦਾ ਕਰ ਰਿਹਾ ਹੋਵੇ। ਇਸ ਲਈ ਕਹਿਲੂਰੀਏ ਰਾਜੇ ਨੇ ਛੇੜ ਛੇੜਣ ਲਈ ਬਹਾਨੇ ਵਾਸਤੇ ਗੁਰੂ ਸਾਹਿਬ ਨੂੰ ਲਿਖਿਆ ਕਿ ਜਾਂ ਤਾਂ ਤੁਸੀਂ ਸਾਡਾ ਇਲਾਕਾ (ਜਿੱਥੇ ਆਨੰਦਪੁਰ ਸੀ) ਛਡ ਜਾਓ ਜਾਂ ਇਸ ਦੇ ਪੈਸੇ ਭਰਿਆ ਕਰੋ, ਨਹੀਂ ਤਾਂ ਲੜਾਈ ਲਈ ਤਿਆਰ ਹੋ ਜਾਓ। ਆਨੰਦਪੁਰ ਦੀ ਜਮੀਨ ਗੁਰੂ ਸਾਹਿਬ ਦੀ ਮਲਕੀਅਤ ਸੀ। ਉਨ੍ਹਾਂ ਦੇ ਪਿਤਾ, ਗੁਰੂ ਤੇਗ ਬਹਾਦੁਰ ਨੇ ਮੁੱਲ ਖ਼ਰੀਦੀ ਹੋਈ ਸੀ। ਇਸ ਲਈ ਇਸ ਦੇ ਪੈਸੇ ਮੰਗਣਾ ਨਿਰੀ ਧੱਕੇਸ਼ਾਹੀ ਅਤੇ ਅਯੋਗ ਮੰਗ ਸੀ ਜਿਸ ਦੇ ਸਾਹਮਣੇ ਝੁਕਨਾ ਹੈਂਕੜ ਅਤੇ ਅੰਨਿਆਇ ਦੇ ਸਾਹਮਣੇ ਝੁਕਣਾ ਅਤੇ ਉਨ੍ਹਾਂ ਨੂੰ ਸ਼ਹਿ ਦੇਣਾ ਸੀ। ਇਸ ਲਈ ਗੁਰੂ ਸਾਹਿਬ ਨੇ ਉੱਤਰ ਦਿੱਤਾ ਕਿ ਰਾਜਾ ਆ ਕੇ ਮੰਗ ਕੇ ਜੋ ਚਾਹੇ ਸੋ ਲੈ ਲਵੇ, ਪਰ ਜੁੱਧ ਦੀ ਧਮਕੀ ਨਾਲ ਮੈਂ ਇਕ ਪੈਸਾ ਭੀ ਨਹੀਂ ਦਿਆਂਗਾ

ਰਾਜਾ ਆਵ ਹਜ਼ੂਰ ਤੂ ਜੋ ਚਾਹੇ ਸੋ ਲੇਇ।
ਕੈ ਕਛੁ ਜੁਧ ਬਿਰੁਧ ਕਰਿ ਕਰ ਸੋ ਏਕ ਨ ਦੇਇ ॥ ੧੧ ॥ ੩੦੮ ॥

ਇਸ ਪਰ ਅਜਮੇਰ ਚੰਦ ਨੇ ਹੋਰ ਰਾਜਿਆਂ ਨੂੰ ਨਾਲ ਰਲਾ ਕੇ ਆਨੰਦਪੁਰ ਤੇ ਚੜ੍ਹਾਈ ਕਰ ਦਿੱਤੀ, ਪਰ ਜੁਧ ਵਿਚ ਫਤਿਹ ਅੰਤ ਗੁਰੂ ਜੀ ਦੀ ਹੋਈ ਜਿਵੇਂ ਕਿ ਗੁਰ ਸੋਭਾ ਦੇ ਅਠਵੇਂ ਧਿਆਇ ਵਿਚ ਵਰਨਣ ਹੈ। [੮: ੧੨-੪੦ = ੩੦੯-੩੩੭] ਆਨੰਦਪੁਰ ਦੀ ਇਹ ਲੜਾਈ ੩੧ ਭਾਦੋਂ ਅਤੇ ਇਕ ਅਸੂ ਸੰਮਤ ੧੭੫੭ ਬਿਕਰਮੀ (੩੧ ਅਗਸਤ ਅਤੇ ਪਹਿਲੀ ਸਤੰਬਰ ਸਨ ੧੭੦੦ ਈ:) ਨੂੰ ਲਿਖੀ ਹੋਈ ਹੈ [ਭੱਟ ਵਹੀ ਤਲੌਡਾ]।

## ਨਿਰਮੋਹ, ਬਸਾਲੀ ਅਤੇ ਕਲਮੋਟ

ਇਨ੍ਹਾਂ ਲੜਾਈਆਂ ਵਿਚ ਅਜਮੇਰ ਚੰਦ ਅਤੇ ਉਸ ਦੇ ਸਾਥੀਆਂ ਦੀ ਕੋਈ ਪੇਸ਼ ਨਾਂ ਗਈ ਤਾਂ ਉਹ ਆਨੰਦਪੁਰ ਨੂੰ ਘੇਰਾ ਪਾ ਕੇ ਬੈਠ ਗਏ। ਪਰ ਜਦ ਏਸ ਤਰ੍ਹਾਂ ਭੀ ਕੁਝ ਬਣਦਾ ਨਾ ਦਿਸਿਆ ਤਾਂ ਮਹੀਨੇ ਕੁ ਪਿੱਛੋਂ ਉਨ੍ਹਾਂ ਮਨ ਵਿਚ ਕਪਟ ਧਾਰ ਕੇ ਗਊ ਦੀ ਕਸਮ ਖਾ ਕੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਜੇ ਤੁਸੀਂ ਇਕ ਵਾਰੀ ਆਨੰਦਪੁਰ ਛਡ ਕੇ ਬਾਹਰ ਆ ਜਾਓ ਤਾਂ ਅਸੀਂ ਸਾਰੇ, ਜੋ ਘਰਾਂ ਤੋਂ ਸੌਹਾਂ ਖਾ ਕੇ ਇੱਥੇ ਆਏ ਹੋਏ ਹਾਂ, ਘਰਾਂ ਨੂੰ ਮੁੜ ਜਾ ਸਕਾਂਗੇ ਅਤੇ ਤੁਸੀਂ ਫਿਰ ਆਨੰਦਪੁਰ ਆ ਜਾਣਾ। ਗੁਰੂ ਜੀ ਨੇ ਇਹ ਸਮਝ ਕੇ ਕਿ ਸ਼ਾਇਦ ਇਹ ਸੁਗੰਦਾਂ ਦੇ ਬੱਧੇ ਹੋਏ ਘੇਰਾ ਪਾਈ ਬੈਠੇ ਹਨ ਅਤੇ ਸਾਡੇ ਇੱਥੋਂ ਕੁਝ ਚਿਰ ਚਲੇ ਜਾਣ ਨਾਲ ਆਪਣੀਆਂ ਸੁਗੰਦਾਂ ਨੂੰ ਪੂਰੀਆਂ ਹੋ ਗਈਆਂ ਸਮਝ ਕੇ ਘਰੋ ਘਰੀ ਤੁਰ ਜਾਣਗੇ, ਉਨ੍ਹਾਂ ਦੀ ਇਹ ਗੱਲ ਪਰਵਾਨ ਕਰ ਲਈ ਅਤੇ ਕੀਰਤਪੁਰ ਦੇ ਲਾਗੇ ਨਿਰਮੋਹ ਆ ਟਿਕੇ। ਪਰ ਗੁਰੂ ਜੀ ਦੇ ਆਨੰਦਪੁਰ ਛਡ ਕੇ ਨਿਰਮੋਹ ਆਉਣ ਦੀ ਦੇਰ ਸੀ ਕਿ ਕਹਿਲੂਰੀ ਫੌਜ ਨੇ ਆਪਣੀ ਬਦਨੀਅਤ ਅਨੁਸਾਰ ਸਭ ਕਿਲ੍ਹੇ ਅਤੇ ਪਿੰਡ ਲੁੱਟ ਲਏ। ਹੁਣ ਗੁਰੂ ਸਾਹਿਬ ਨੇ ਸਿੰਘਾਂ ਨੂੰ ਸਾਵਧਾਨ ਕੀਤਾ ਅਤੇ ਉਨ੍ਹਾਂ ਨੇ ਜਵਾਬ ਵਿਚ ਇਨ੍ਹਾਂ ਦੋਖੀ ਪਹਾੜੀਆਂ ਦੇ ਪਿੰਡ ਜਾ ਘੇਰੇ। ੭ ਕਤਕ (੮ ਅਕਤੂਬਰ ਸਨ ੧੭੦੦ ਈ:) ਨੂੰ ਨਿਰਮੋਹ

ਗੜ੍ਹ ਦੀ ਲੜਾਈ ਹੋਈ ਜਿਸ ਵਿਚ ਪਹਾੜੀਏ ਫੇਰ ਹਾਰ ਖਾ ਗਏ । [ਗੁਰ ਸੋਭਾ ੮: ੩੯-੪੦ = ੩੩੬-੩੭; ੯ : ੧-੭ = ੩੩੮-੪੪]

ਕੁਝ ਵਾਹ ਨਾ ਲਗਦੀ ਦੇਖ ਕੇ ਅਜਮੇਰ ਚੰਦ ਕਹਿਲੂਰੀਏ ਨੇ ਲਾਹੌਰ ਦੇ ਮੁਗ਼ਲ ਸੂਬੇਦਾਰ ਪਾਸ ਸਹਾਇਤਾ ਲਈ ਆਪਣੇ ਪਰਧਾਨ (ਮੰਤਰੀ) ਨੂੰ ਭੇਜਿਆ ਹੋਇਆ ਸੀ ਅਤੇ ਉਸ ਨੇ ਅਗੋਂ ਆਪਣੀ ਵਲੋਂ ਸਰਹੰਦ ਦੇ ਫ਼ੌਜਦਾਰ ਵਜ਼ੀਰ ਖ਼ਾਨ ਨੂੰ ਕਹਿ ਦਿੱਤਾ, ਜਿਸ ਦਾ ਨਤੀਜਾ ਇਹ ਹੋਇਆ ਕਿ ਰਾਜਿਆਂ ਅਤੇ ਸਰਹੰਦ ਦੀਆਂ ਸੈਨਾਂ ਨੇ ਮਿਲ ਕੇ ਧਾਵਾ ਕਰ ਦਿੱਤਾ । ਇਧਰੋਂ ਮਹਾ-ਕਾਤਕੀ ਦੇ ਮੌਕੇ ਤੇ ਕੁਝ ਸੰਗਤਾਂ ਭੀ ਦਰਸ਼ਨ ਲਈ ਆ ਗਈਆਂ ਸਨ ਅਤੇ ਗੁਰੂ ਸਾਹਿਬ ਨੇ ਕੁਝ ਜੰਗੀ ਸਾਮਾਨ ਭੀ ਜਮਾ ਕਰ ਲਿਆ ਸੀ । ਗੁਰੂ ਦੇ ਸਿਰ-ਲੱਥ ਸੂਰਮਿਆਂ ਦੇ ਸਾਹਮਣੇ ਜਾਨਾਂ ਬਚਾ ਕੇ ਲੜਨ ਵਾਲੀਆਂ ਮਾਂਗਵੀਆਂ ਧਾੜਾਂ ਨੇ ਕੀ ਅੜਨਾ ਸੀ ? ਭੱਜ ਨਿਕਲੇ । ਇਹ ਭੇੜਾ ੧੨-੧੩ ਕਤਕ ਨੂੰ ਹੋਇਆ ਅਤੇ ਹਫ਼ਤਾ ਬਾਦ ਬਸਾਲੀ ਤੋਂ ਸ਼ਿਕਾਰ ਨੂੰ ਨਿਕਲਣ ਪਰ ਕਲਮੋਟ ਵਾਲਿਆਂ ਨੇ ਰਾਹ ਆ ਘੇਰਿਆ ਜਿੱਥੇ ਇਨ੍ਹਾਂ ਨਾਲ ਇਕ ਦੋ ਝੜਪਾਂ ਹੋ ਪਈਆਂ (੧੯ ਕਤਕ ਸੰਮਤ ੧੭੫੭ ਬਿਕਰਮੀ ੨੦ ਅਕਤੂਬਰ ਸਨ ੧੭੦੦ ਈ.) । ਗੁਰੂ ਜੀ ਨਿਰਮੋਹ ਦੇ ਭੇੜਿਆਂ ਤੋਂ ਬਾਅਦ ਰਾਜਾ ਬਸਾਲੀ ਦੀ ਬੇਨਤੀ ਨੂੰ ਪਰਵਾਨ ਕਰਕੇ ਓਥੇ ਗਏ ਸਨ । ਬਸਾਲੀ ਤੋਂ ਗੁਰੂ ਜੀ ਫਿਰ ਆਨੰਦਪੁਰ ਆ ਗਏ ਅਤੇ ਕੁਝ ਵਿਸਥਾਰ ਕਰ ਕੇ ਕਿਲ੍ਹਾ ਆਨੰਦਗੜ੍ਹ ਮੁੜ ਆ ਬੱਧਾ [੯: ੮-੪੧ = ੩੪੫-੩੭੮; ੧੦ : ੧-੨੬ ੩੭੯-੪੦੪] ।

### ਆਨੰਦਪੁਰ ਦੇ ਜੁੱਧ

ਗਿਆਰ੍ਹਵੇਂ ਧਿਆਇ ਵਿਚ ਸੈਨਾਪਤਿ ਨੇ ਆਨੰਦਗੜ੍ਹ ਦੇ ਦੂਸਰੇ ਜੁਧ ਦੇ ਸਿਰਲੇਖ ਹੇਠ ਓਥੇ ਦੇ ਛੋਟੇ ਵੱਡੇ, ਸਾਰੇ ਭੇੜੇ ਇਕੱਠੇ ਕਰ ਦਿੱਤੇ ਹਨ ਅਤੇ ਅੰਤਮ ਵਾਰ ਆਨੰਦਪੁਰ ਛੱਡਣ ਤਕ ਸਾਰੇ ਵਾਕਿਆਤ ਇੱਕੋ ਥਾਂ ਦੇ ਦਿੱਤੇ ਹਨ ।

ਇੱਥੇ ਅਸੀਂ ਸਾਰੇ ਵਾਕਿਆਤ ਦੀ ਪੁਣ ਛਾਣ ਨਹੀਂ ਕਰ ਰਹੇ ਅਤੇ ਨਾਂ ਹੀ ਕਿਸੇ ਵਿਸਥਾਰ ਵਿਚ ਪੈ ਰਹੇ ਹਾਂ । ਪਰ ਮਾਲੂਮ ਹੁੰਦਾ ਹੈ ਕਿ ਅਜਮੇਰ ਚੰਦ ਕਹਿਲੂਰੀਏ ਅਤੇ ਦੂਸਰੇ ਰਾਜਿਆਂ ਨੇ ਮਘਰ ਸੰਮਤ ੧੭੬੦ (ਨਵੰਬਰ ੧੭੦੩) ਨੂੰ ਫੇਰ ਆ ਧਾਵਾ ਬੋਲਿਆ ਜੋ ਸਿੰਘਾਂ ਦੇ ਦਲ ਨੇ ਪਛਾੜ ਦਿੱਤਾ [੧੧ : ੧੬-੪੨੦] । ਹੁਣ ਰਾਜੇ ਸਲਾਹ ਕਰ ਕੇ ਮੁਗ਼ਲ ਹਾਕਮਾਂ ਪਾਸ ਗਏ ਕਿ ਸਾਨੂੰ ਗੁਰੂ ਪਾਸੋਂ ਕਿਲ੍ਹਾ ਆਨੰਦਗੜ੍ਹ ਲੈ ਦਿਓ । ਇਸ ਵੇਲੇ ਲਾਹੌਰ ਦਾ ਸੂਬੇਦਾਰ ਜ਼ਬਰਦਸਤ ਖ਼ਾਨ ਸੀ ਅਤੇ ਸਰਹੰਦ ਦਾ ਫ਼ੌਜਦਾਰ ਵਜ਼ੀਰ ਖ਼ਾਨ ਸੀ । ਇਸ ਨਾਲ ਸ਼ਰਾਰਤ ਫਿਰ ਖੜੀ ਹੋ ਗਈ ਅਤੇ ਝੜਪਾਂ ਹੋਣ ਲਗ ਪਈਆਂ । ਸੰਮਤ ੧੭੬੨ ਵਿਚ ਮੁਗ਼ਲ ਫ਼ੌਜ, ਪਠਾਣਾਂ ਦੀਆਂ ਧਾੜਾਂ, ਅਤੇ ਅਨੇਕਾਂ ਰਾਜਿਆਂ ਦੀਆਂ ਸੈਨਾਂ ਨੇ ਅੰਤਮ ਵਾਰ ਅਜਿਹਾ ਲੰਬਾ ਆਨੰਦਪੁਰ ਦਾ ਘੇਰਾ ਘੱਤਿਆ ਕਿ ਅੰਦਰਲੇ ਲੋਕ ਭੁੱਖ ਦੇ ਦੁੱਖੋਂ ਆਤੁਰ ਹੋ ਗਏ ਅਤੇ ਜੋ ਭੀ ਬਾਹਰੋਂ ਖਾਣਾ ਦਾਣਾ ਲੈਣ ਗਏ ਸਭ ਮਾਰੇ ਗਏ । ਅੰਤ ਨਗਰ ਦੇ ਭੁੱਖੇ ਲੋਕਾਂ ਕਿਲ੍ਹੇ ਦੇ ਦਰਵਾਜ਼ੇ ਪਰ ਆ ਕੇ ਪੁਕਾਰ ਕੀਤੀ ਕਿ ਅੰਨ ਬਿਨਾਂ ਲੋਕਾਂ ਦੀ ਜਾਨ ਪਈ ਨਿਕਲ ਰਹੀ ਹੈ ਅਤੇ ਹੁਣ ਹੋਰ ਭੁਖ ਸਹਿ ਸਕਣੀ ਔਖੀ ਹੋ ਗਈ ਹੈ । ਸੈਨਾਪਤਿ ਦੇ ਕਥਨ ਅਨੁਸਾਰ :

ਇਸ ਹੀ ਭਾਂਤਿ ਕਈ ਦਿਨ ਗਏ ।
ਨਗਰ ਲੋਗ ਠਾਢੇ ਸਭਿ ਭਏ ।
ਦਤ ਕੈ ਆਗੈ ਕਰੀ ਪੁਕਾਰਾ ।
ਅੰਨਿ ਬਿਨ ਜੀਉ ਜਾਇ ਹਮਾਰਾ ॥ ੫੭ ॥ ੪੬੧ ॥
ਦੇਖਹੁ ਯਹ ਹਵਾਲ ਅਬ ਭਯੋ ।
ਰਹੇ ਹਾਡ ਚਾਮਿ ਉਡ ਗਇਯੋ ।
ਬਿਨਾ ਭੋਜਨ ਜੀਵਨ ਅਬ ਨਾਹੀ ।
ਸੋ ਬੀ ਜੋ ਹੈ ਸਾਂਝ ਸੁਬਾਈ ॥ ੫੮ ॥ ੪੬੨ ॥

ਗੁਰੂ ਜੀ ਨੇ ਕਿਹਾ ਕਿ ਕੁਝ ਦਿਨ ਹੋਰ ਕੱਢੋ, ਪਰ ਜਦ ਕੁਝ ਬਣਦਾ ਨਾ ਡਿੱਠਾ ਅਤੇ ਬਹੁਤ ਸਾਰੇ ਸਿੱਖਾਂ ਦਾ ਭੀ ਇਹ ਵਿਚਾਰ ਹੋ ਗਿਆ ਤਾਂ ਅੰਤ ਗੁਰੂ ਜੀ ਨੇ ਇਨ੍ਹਾਂ ਸਾਰਿਆਂ ਦੀ ਸਲਾਹ ਮੰਨ ਕੇ ਆਨੰਦਗੜ੍ਹ ਛੱਡ ਦੇਣ ਦਾ ਫੈਸਲਾ ਕਰ ਲਿਆ । ਇਸੇ ੬-੭ ਪੋਹ, ਸੰਮਤ ੧੭੬੨ ਬਿਕਰਮੀ, ੫-੬ ਦਸੰਬਰ, ਸਨ ੧੭੦੫, ਦੀ ਰਾਤ ਨੂੰ ਆਨੰਦਪੁਰ ਖਾਲੀ ਕਰ ਦਿੱਤਾ ਗਿਆ ।

## ਜੁੱਧ ਚਮਕੌਰ

ਪੋਹ ਸੁਦੀ ਦੂਜ, ੭ ਪੋਹ ਨੂੰ ਸ਼ਾਹੀ ਟਿੱਬੀ ਅਤੇ ਸਰਸਾ ਨਦੀ ਪਰ ਘਸਮਾਨ ਦੀ ਲੜਾਈ ਹੋਈ । ਵੈਰੀਆਂ ਦੇ ਅਚਾਨਕ ਹੱਲੇ ਦੇ ਕਾਰਣ ਸਾਰੀ ਵਹੀਰ ਖਿੰਡ ਪੁੰਡ ਗਈ ਅਤੇ ਜਿਧਰ ਨੂੰ ਕਿਸੇ ਨੂੰ ਰਾਹ ਲੱਭਾ, ਹੋ ਪਿਆ । ਇਸ ਅਫਰਾ ਤਫਰੀ ਵਿਚ ਗੁਰ ਸਾਹਿਬ ਦਾ ਪਰਵਾਰ ਭੀ ਨਿਖੜ ਗਿਆ ਅਤੇ ਬਹੁਮੁੱਲੀਆਂ ਸਾਹਿੱਤਕ ਲਿਖਤਾਂ ਭੀ ਸਰਸਾ ਦੀ ਭੇਟ ਹੋ ਗਈਆਂ ।

੮ ਪੋਹ (੭ ਦਸੰਬਰ, ਸੰਨ ੧੭੦੫ ਈ.) ਨੂੰ ਚਮਕੌਰ ਦਾ ਜੰਗ ਹੋਇਆ । ਇਥੇ ਕੋਈ ਕਿਲ੍ਹਾ ਨਹੀਂ ਸੀ । ਇਕ ਮਾਮੂਲੀ ਹਵੇਲੀ ਸੀ ਜੋ ਸੀ ਤਾਂ ਭਾਵੇਂ ਕੱਚੀ, ਪਰ ਸੀ ਜ਼ਰਾ ਚੰਗੀ ਬਣੀ ਹੋਈ । ਇਥੇ ਗੁਰੂ ਸਾਹਿਬ ਚੌਧਰੀ ਗਰੀਬੂ ਜ਼ਿਮੀਦਾਰ ਦੀ ਬੇਨਤੀ ਨੂੰ ਪਰਵਾਣ ਕਰ ਕੇ ਆ ਟਿਕੇ ਸਨ । ਸ਼ਾਹੀ ਫ਼ੌਜ ਤੋਂ ਇਲਾਵਾ ਇਥੇ ਮਲੇਰ ਕੋਟਲੇ ਦੇ ਪਠਾਣ, ਰੋਪੜ ਦੇ ਰੰਘੜ ਅਤੇ ਆਲੇ ਦੁਆਲੇ ਦੇ ਅਣਗਿਣਤ ਮੁਲਖੀਏ ਲੋਕ ਭੀ ਸ਼ਹਿਦ ਦੀਆਂ ਮੱਖੀਆਂ ਵਾਂਗੂ ਆ ਪਏ । ਇਨ੍ਹਾਂ ਦੇ ਟਾਕਰੇ ਤੇ ਗੁਰੂ ਗੋਬਿੰਦ ਸਿਘ ਅਤੇ ਉਨ੍ਹਾਂ ਦੇ ਚਾਲੀ ਕੁ ਸਾਥੀ ਸਿਘ ਸਨ, ਜੋ ਆਟੇ ਵਿਚ ਲੂਣ ਦੇ ਬਰਾਬਰ ਭੀ ਨਹੀਂ ਸਨ । ਇਹ ਅਜੋੜਵੀਂ ਲੜਾਈ ਦਾ ਨਤੀਜਾ ਪਰਤੱਖ ਦਿੱਸ ਹੀ ਰਿਹਾ ਸੀ । ਇਸੇ ਲਈ ਇਸ ਸੰਬੰਧੀ ਖੁਦ ਗੁਰੂ ਸਾਹਿਬ ਨੇ ਬਾਦਸ਼ਾਹ ਔਰੰਗਜ਼ੇਬ ਦੇ ਨਾਉਂ ਆਪਣੇ ਪਤ੍ਰ ਜ਼ਫ਼ਰਨਾਮੇ ਵਿਚ ਲਿਖਿਆ ਸੀ ਕਿ :

ਗੁਰਿਸਨਹ ਚਿਹ ਕਾਰੇ ਕੁਨਦ ਚਿਹਲ ਨਰ ।
ਕਿਹ ਦਹਿ ਲਕ ਬਯਰਾਦ ਬਰੋ ਬੇ-ਖ਼ਬਰ ॥ ੧੯ ॥

ਚਾਲ੍ਹੀਆਂ ਭੁੱਖਿਆਂ ਬੰਦਿਆਂ ਨੇ ਕੀ (ਟਾਕਰਾ) ਕਰ ਸਕਣਾ ਸੀ ਕਿ ਜਦ ਉਨ੍ਹਾਂ ਪਰ ਅਚਾਣਕ ਹੀ ਦਸ ਲਖ (ਬੇਅੰਤ) ਆ ਪਏ । ਪਰ ਕਮਾਲ ਦੀ ਦਲੇਰੀ, ਦਰਿੜ੍ਹਤਾ

ਅਤੇ ਨਿਰਭੈਤਾ ਸੀ ਗੁਰੂ ਗੋਬਿੰਦ ਸਿੰਘ ਜੀ ਦੀ ਕਿ ਕੇਵਲ ਚਾਲੀ ਸਿਘਾਂ ਨਾਲ ਬੇ-ਅੰਤ ਵੈਰੀਆਂ ਦਾ ਇਕ ਕੱਚੀ ਹਵੇਲੀ ਵਿਚ ਪਹਿਰ ਭਰ ਅਜਿਹਾ ਡਟਵਾਂ ਅਤੇ ਸੂਰਮਿਆਂ ਵਾਲਾ ਮੁਕਾਬਲਾ ਕੀਤਾ ਕਿ ਬਾਦਸ਼ਾਹੀ ਸੈਨਾ ਉਸ ਦੇ ਦਰਵਾਜ਼ੇ ਤਕ ਨਾ ਪੁਜ ਸਕੀ ਅਤੇ ਹਨੇਰਾ ਹੋ ਜਾਣ ਪਰ ਭੀ ਉਨ੍ਹਾਂ ਦਾ ਵਾਲ ਵਿੰਗਾ ਨਾ ਕਰ ਸਕੀ ਅਤੇ ਉਹ ਸਹੀ ਸਲਾਮਤ ਉਥੋਂ ਨਿਕਲ ਗਏ।

**ਸਾਹਿਬਜ਼ਾਦਿਆਂ ਸੰਬੰਧੀ ਭੁਲੇਖਾ**

ਕਵਿ ਸੈਨਾਪਤਿ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੇ ਨਾਵਾਂ ਸੰਬੰਧੀ ਕਾਫ਼ੀ ਭੁਲੇਖਾ ਲੱਗਾ ਹੈ ਅਤੇ ਇਸੇ ਕਰਕੇ ਉਹ ਉਨ੍ਹਾਂ ਦੀਆ ਸ਼ਹੀਦੀਆਂ ਸੰਬੰਧੀ ਭੀ ਟਪਲਾ ਖਾ ਗਿਆ ਹੈ।

ਸਭ ਤੋਂ ਵੱਡੇ ਸਾਹਿਬਜ਼ਾਦੇ ਅਜੀਤ ਸਿੰਘ ਜੀ ਸਨ ਪਰ ਸੈਨਾਪਤਿ ਨੇ ਸ੍ਰੀ ਗੁਰੂ ਸੋਭਾ ਵਿਚ ਇਨ੍ਹਾਂ ਦਾ ਨਾਉਂ ਕੁਝ ਥਾਈਂ ਜੀਤ ਸਿੰਘ ਲਿਖਿਆ ਹੈ। [ਛੰਦ ੩੧੫, ੫੦੧, ੫੦੯], ਅਤੇ ਕੁਝ ਥਾਈਂ ਰਣਜੀਤ ਸਿੰਘ [੩੨੮, ੩੩੩, ੪੯੭, ੪੯੯-੫੦੦, ੫੦੬, ੫੦੮, ੫੧੨-੧੩, ੫੧੮]। ਪਰ ਜ਼ਿਕਰ ਚੂੰਕਿ ਇੱਕੋ ਸੂਰਬੀਰ ਜੋਧੇ ਦਾ ਚਲ ਰਿਹਾ ਹੈ ਇਸ ਲਈ ਪਾਠਕ ਨੂੰ ਬਹੁਤ ਭੁਲੇਖਾ ਲਗ ਸਕਣ ਦੀ ਗੁੰਜਾਇਸ਼ ਨਹੀਂ।

ਦੂਸਰੇ ਸਾਹਿਬਜ਼ਾਦੇ ਜੁਝਾਰ ਸਿੰਘ ਜੀ ਸੰਬੰਧੀ ਜ਼ਿਕਰ ਵਿਚ ਨਾਉਂ ਦਾ ਕੋਈ ਟਪਲਾ ਨਹੀਂ। ਸਾਹਿਬ ਅਜੀਤ ਸਿੰਘ ਦੇ ਚਮਕੌਰ ਦੇ ਜੁਧ ਵਿਚ ਸ਼ਹੀਦ ਹੋ ਜਾਣ ਪਿਛੋਂ ਆਪਣੀ ਬਾਰੀ ਆ ਗਈ ਦੇਖ ਕੇ ਸਾਹਿਬ ਜੁਝਾਰ ਸਿੰਘ ਜੁਧ ਦੇ ਮੈਦਾਨ ਵਿਚ ਪਹੁੰਚ ਗਏ ਅਤੇ ਅਨੇਕਾਂ ਵੈਰੀਆਂ ਨੂੰ ਮਾਰ ਕੇ ਓਥੇ ਸ਼ਹੀਦ ਹੋ ਗਏ [੫੨੪-੨੫]। ਪਰ ਅੱਗੇ ਚਲ ਕੇ ਧਿਆਇ ਦੇ ਅੰਤ ਵਿਚ ਲੇਖਕ ਨੇ ਸਰਹੰਦ ਵਿਚ ਮਾਰੇ ਗਏ ਦੋ ਸਾਹਿਬਜ਼ਾਦਿਆਂ ਵਿਚ ਫਿਰ ਸਾਹਿਬ ਜੁਝਾਰ ਸਿੰਘ ਦਾ ਨਾਉਂ ਦੇ ਦਿੱਤਾ ਹੈ ਅਤੇ ਲਿਖਿਆ ਹੈ ਕਿ ਇਹ ਚਮਕੌਰ ਵਿਚੋਂ ਫੜ ਕੇ ਸਰਹੰਦ ਪਹੁੰਚਾਏ ਗਏ ਸਨ ਜਿੱਥੇ ਉਨ੍ਹਾਂ ਨੇ ਆਪਣੇ ਦਾਦੇ ਗੁਰੂ ਤੇਗ ਬਹਾਦੁਰ ਜੀ ਦੀ ਤਰ੍ਹਾਂ ਧਰਮ ਦੀ ਰਾਖੀ ਲਈ ਪ੍ਰਾਣ ਤਕ ਤਜ ਦਿੱਤੇ। ਇਉਂ ਪ੍ਰਤੀਤ ਹੁੰਦਾ ਹੈ ਕਿ ਚੂੰਕਿ ਉਸ ਨੇ ਇਕ ਹੋਰ ਜ਼ੋਰਾਵਰ ਸਿੰਘ ਦੀ ਥਾਂ ਸਾਹਿਬਜ਼ਾਦਾ ਜ਼ੋਰਾਵਰ ਸਿਘ ਨੂੰ ਚਮਕੌਰ ਦੇ ਜੁਧ ਵਿਚੋਂ ਕਿਧਰੇ ਨਿਕਲ ਗਿਆ ਸਮਝ ਲਿਆ, ਇਸ ਲਈ ਸਾਹਿਬਜ਼ਾਦਾ ਜ਼ੋਰਾਵਰ ਸਿਘ ਦੀ ਥਾਂ ਸਰਹੰਦ ਵਿਚ ਉਸ ਨੇ ਜੁਝਾਰ ਸਿੰਘ ਦਾ ਨਾਉਂ ਪਾ ਦਿੱਤਾ। ਇਹ ਗਲਤੀ ਭੁਲੇਖੇ ਵਿਚ ਹੋਈ ਹੈ, ਅਤੇ ਇਸੇ ਨੂੰ ਭਾਈ ਸੁੱਖਾ ਸਿੰਘ (ਗੁਰ ਬਿਲਾਸ ਪਾਤਸ਼ਾਹੀ ਦਸ ਵਿਚ), ਭਾਈ ਸੰਤੋਖ ਸਿੰਘ (ਸੂਰਜ ਪ੍ਰਕਾਸ਼ ਵਿਚ) ਅਤੇ ਕੁਝ ਹੋਰ ਲੇਖਕਾਂ ਨੇ ਨਕਲ ਕਰ ਲਿਆ ਹੈ।

ਅਸਲ ਵਿਚ ਜਿਸ ਜ਼ੋਰਾਵਰ ਸਿੰਘ ਦਾ ਜ਼ਿਕਰ ਸੈਨਾਪਤਿ ਨੇ ਚਮਕੌਰ ਦੇ ਜੁਧ ਵਿਚ ਕਰਦੇ ਹੋਏ ਕਿਹਾ ਹੈ ਕਿ ਉਹ ਵੈਰੀ ਦੇ ਕਟਕ ਨੂੰ ਮਾਰਦਾ ਕਟਦਾ ਮੈਦਾਨ ਵਿੱਚੋਂ ਪਾਰ ਨਿਕਲ ਗਿਆ, ਉਹ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਨਹੀਂ ਸੀ। ਉਹ ਇਕ ਹੋਰ ਜ਼ੋਰਾਵਰ ਸਿੰਘ ਜੋ ਬਸੀ ਪਠਾਣਾ ਦੇ ਭਾਈ ਨਥੂ (ਨਥੀਆ) ਤਰਖਾਣ ਦਾ ਪੁੱਤਰ ਸੀ। ਇਸ ਦੀ ਮਾਂ ਭਿੱਖੀ ਮਾਤਾ ਜੀਤੋ ਜੀ ਦੀ ਸੇਵਾ ਵਿਚ ਆਨੰਦਪੁਰ ਰਹਿੰਦੀ ਸੀ। ਉਸ ਨੇ ਇਸ ਨੂੰ

ਗੁਰੂ ਚਰਨਾਂ ਵਿਚ ਭੇਟ ਕੀਤਾ ਅਤੇ ਇਹ ਉਥੇ ਹੀ ਪਲਿਆ ਅਤੇ ਵੱਡਾ ਹੋਇਆ ਸੀ ਇਹ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਦਾ ਹਾਣੀ ਸੀ ਅਤੇ ਇਕ ਵਾਰੀ ਇਸ ਨੇ ਸਾਹਿਬਜ਼ਾਦੇ ਨੂੰ ਘੁਲਣ ਵਿਚ ਢਾ ਲਿਆ ਸੀ, ਜਿਸ ਪੁਰ ਗੁਰੂ ਜੀ ਨੇ ਫੁਰਮਾਇਆ ਸੀ ਇਹ ਭੀ ਮੇਰਾ ਜ਼ੋਰਾਵਰ ਸਿੰਘ ਹੀ ਹੈ. ਅਤੇ ਇਹ ਦੂਜਾ ਜ਼ੋਰਾਵਰ ਸਿੰਘ ਕਰਕੇ ਪਰਸਿੱਧ ਹੋ ਗਿਆ ਸੀ। ਇਹ ਹੀ ਕਾਰਣ ਭੁਲੇਖੇ ਦਾ ਹੈ।

ਆਨੰਦਪੁਰ ਛੱਡਣ ਵੇਲੇ ਇਹ ਵਹੀਰ ਦੇ ਨਾਲ ਹੀ ਸੀ ਅਤੇ ਸਰਸਾ ਨਦੀ ਦੇ ਕੰਢੇ ਪਿੰਡ ਮਲਕਪੁਰ ਦੀ ਜੂਹ ਵਿਚ ਜ਼ਖਮੀ ਹੋ ਗਿਆ ਸੀ (ਚਮਕੌਰ ਦਾ ਸੈਨਾਪਤਿ ਨੂੰ ਭੁਲੇਖਾ ਲੱਗਾ ਹੈ) ਅਤੇ ਕੋਟਲਾ ਨਿਹੰਗ ਖਾਨ ਚਲਾ ਗਿਆ ਸੀ, ਜਿਥੇ ਦੇ ਸੈਣੀ ਸਿਖਾਂ ਨੇ ਇਸ ਦੀ ਮਲ੍ਹਮ ਪੱਟੀ ਕੀਤੀ। ਉਥੋਂ ਡਡਹੇੜੀ ਹੋ ਕੇ ਉਗਾਣੇ ਆ ਗਿਆ ਜਿਥੇ ਉਦਾਸੀ ਸਾਧੂ ਬਾਵਾ ਭਜਨ ਦਾਸ ਨੇ ਇਸ ਦਾ ਇਲਾਜ ਕੀਤਾ। ਰਾਜ਼ੀ ਹੋ ਕੇ ਇਹ ਕੁਝ ਚਿਰ ਗੁਰੂ ਸਾਹਿਬ ਦੀ ਸੇਵਾ ਵਿਚ ਦਮਦਮੇ ਰਿਹਾ ਅਤੇ ਫੇਰ ਆਪਣੇ ਪਿੰਡਾਂ ਵਲ ਮੁੜ ਆਇਆ। ਇਥੇ ਉਹ ਜਿੱਥੇ ਜਿੱਥੇ ਕੁਝ ਚਿਰ ਟਿਕਿਆ, ਉਥੇ ਹੀ ਗੁਰੂ ਜੀ ਵਲੋਂ ਵਰੋਸਾਏ ਗਏ ਹੋਏ ਹੋਣ ਦੇ ਕਾਰਣ ਉਸ ਦੀ ਯਾਦ ਵਿਚ ਰੋਪੜ, ਡਡਹੇੜੀ (ਖੰਨੇ ਦੇ ਪਾਸ) ਆਦਿ ਵਿਚ ਅਸਥਾਨ (ਗੁਰਦੁਆਰੇ) ਬਣੇ ਹੋਏ ਹਨ ਜਿਨ੍ਹਾਂ ਦਾ ਵੇਰਵਾ ਪੰਡਤ ਤਾਰਾ ਸਿੰਘ ਨਰੋਤਮ ਨੇ ਆਪਣੀ ਪੁਸਤਕ ਸ੍ਰੀ ਗੁਰੂ ਤੀਰਥ ਸੰਗ੍ਰਹ (ਪ੍ਰਕਾਸ਼ਤ ਸਨ ੧੮੮੪ ਈ.) ਵਿਚ ਦਿੱਤਾ ਹੋਇਆ ਹੈ [ਪੰਨਾ ੧੯੧-੯੨]। ਇੱਥੇ ਇਹ ਗੱਲ ਬਿਨਾ ਕਿਸੀ ਸ਼ੱਕ ਦੀ ਗੁੰਜਾਇਸ਼ ਦੇ ਕਹੀ ਜਾ ਸਕਦੀ ਹੈ ਕਿ ਇਹ ਅਸਥਾਨ ਕਿਸੇ ਹਾਲਤ ਵਿਚ ਭੀ ਗੁਰੂ ਗੋਬਿੰਦ ਸਿੰਘ ਜੀ ਦੇ ਸਪੁੱਤਰ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ ਦੇ ਨਹੀਂ ਹੋ ਸਕਦੇ ਕਿਉਂਕਿ ਉਨ੍ਹਾਂ ਦਾ ਇਨ੍ਹੀਂ ਥਾਈਂ ਕਦੀ ਭੀ ਆਉਣਾ ਜਾਣਾ ਨਹੀਂ ਹੋਇਆ।

ਜਦੋਂ ਗੁਰੂ ਜੀ ਬਹਾਦੁਰ ਸ਼ਾਹ ਬਾਦਸ਼ਾਹ ਨਾਲ ਦੱਖਣ ਵਲ ਨੂੰ ਕੂਚ ਦੀ ਤਿਆਰੀ ਵਿਚ ਐਤਬਾਹਪੁਰ (ਆਗਰੇ ਤੋਂ ਛੇ ਕੋਹ ਦੀ ਵਿਥ ਪੁਰ ਇਤਮਾਦਪੁਰ) ਸਨ ਤਾਂ ਉਥੇ ਜਿਸ ਜ਼ੋਰਾਵਰ ਸਿੰਘ ਦੇ ਪੁਜਣ ਦਾ ਜ਼ਿਕਰ ਹੈ [੧੬-੪੩੪੪-੭੩੨-੩੩, ਗੁਰੂ ਤੀਰਥ ਸੰਗ੍ਰਹ, ੧੯੧], ਉਹ ਇਹੋ ਜ਼ੋਰਾਵਰ ਸਿੰਘ ਸੀ ਅਤੇ ਇਹੋ ਹੀ ਕੁਝ ਸਾਥੀਆਂ ਨਾਲ ਚਿਤੌੜ ਦੇਖਣ ਗਿਆ ਝਗੜਾ ਹੋ ਪੈਣ ਪਰ ਓਥੇ ਮਾਰਿਆ ਗਿਆ ਸੀ। ਇਸ ਵਾਕੇ ਦਾ ਜ਼ਿਕਰ ਮੌਲਵੀ ਅਬਦੁਲ ਰਸੂਲ ਲਿਖਿਤ ਤਾਰੀਖਿ ਮੁਅੱਜ਼ਮ ਸ਼ਾਹ (ਬਹਾਦੁਰਸ਼ਾਹ, ੭-੯) ਵਿਚ ਬੜੇ ਵਿਸਥਾਰ ਨਾਲ ਆਇਆ ਹੈ ਅਤੇ ਉਥੇ ਜ਼ੋਰਾਵਰ ਸਿੰਘ ਲਈ ਸ਼ਬਦ 'ਪਿਸਰਿ ਗੁਰੂ ਗੋਬਿੰਦ' (ਮੁਤਬੰਨਾ) ਉਸੇ ਤਰ੍ਹਾਂ ਹੀ ਵਰਤੇ ਗਏ ਹਨ ਜਿਵੇਂ ਕਿ ਬਾਦਸ਼ਾਹ ਬਹਾਦੁਰ ਸ਼ਾਹ ਵਲੋਂ ਗੁਰੂ ਗੋਬਿੰਦ ਸਿੰਘ ਜੀ ਦੇ ਦੇਹਾਂਤ ਤੋਂ ਬਾਦ ਪਾਲਕ (ਮੁਤਬੰਨਾ) ਅਜੀਤ ਸਿੰਘ ਨੂੰ ਮਾਤਮੀ ਖਿਲਅਤ ਮਿਲਣ ਪਰ ਅਖਬਾਰਾਤਿ-ਦਰਾਬਾਰਿ ਮੁਅੱਲਾ ਵਿਚ ਇਹੀ ਸ਼ਬਦ (ਪਿਸਰਿ ਗੁਰੂ ਗੋਬਿੰਦ) ਵਰਤੇ ਗਏ ਹਨ ਅਤੇ ਹਰ ਵਾਰੀ ਪਾਲਕ ਅਜੀਤ ਸਿੰਘ ਦੇ ਜ਼ਿਕਰ ਵੇਲੇ ਦੁਹਰਾਏ ਗਏ ਹਨ (੨੯ ਰਮਜ਼ਾਨ ਸਨ ੨ ਬਹਾਦੁਰਸ਼ਾਹੀ: ੧੩ ਸ਼ਾਬਾਨ, ਸਨ ੪, ੭ ਜ਼ੀਕਦਾ, ਸਨ ੪; ੨੫ ਰੱਬੀ-ਉ-ਸਾਨੀ ਸਨ ੫; ੧ ਜ਼ੀ-ਹਿੱਜਾ ਸਨ ੬)। ਇਸ ਲਈ ਤਾਰੀਖਿ ਮੁਅਜ਼ਮ ਸ਼ਾਹ ਵਿਚ ਦੂਸਰੇ ਜ਼ੋਰਾਵਰ ਸਿੰਘ ਲਈ ਸ਼ਬਦ 'ਪਿਸਰਿ ਗੁਰੂ

ਗੋਬਿੰਦ ਦੀ ਵਰਤੋਂ ਤੋਂ ਇਹ ਨਤੀਜਾ ਨਹੀਂ ਕੱਢਿਆ ਜਾ ਸਕਦਾ ਕਿ ਇਹ ਜ਼ੋਰਾਵਰ ਸਿੰਘ (ਜੋ ਅਸਲ ਵਿਚ, ਜਿਵੇਂ ਉਪਰ ਦਸਿਆ ਗਿਆ ਹੈ, ਬਸੀ ਪਠਾਣਾਂ ਦੇ ਭਾਈ ਨਥੂ ਦਾ ਪੁੱਤਰ ਸੀ) ਗੁਰੂ ਗੋਬਿੰਦ ਸਿੰਘ ਜੀ ਦਾ ਬਿੰਦੀ ਪੁੱਤਰ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਸੀ।*

ਇਸ ਵਿਚਾਰ ਤੋਂ ਇਹ ਗੱਲ ਸਪੱਸ਼ਟ ਸਿੱਧ ਹੋ ਜਾਂਦੀ ਹੈ ਕਿ ਚਮਕੌਰ ਦੇ ਯੁੱਧ ਵਿਚ ਲੜਣ ਵਾਲਾ ਅਤੇ ਉਥੋਂ ਬਚ ਕੇ ਨਿਕਲ ਜਾਣ ਵਾਲਾ ਜ਼ੋਰਾਵਰ ਸਿੰਘ, ਸਾਹਿਬਜ਼ਾਦਾ ਜ਼ੋਰਾਵਰ ਸਿੰਘ ਨਹੀਂ ਸੀ ਬਲਕਿ ਬਸੀ ਪਠਾਣਾਂ ਵਾਲਾ ਇਨ੍ਹਾਂ ਦਾ ਹਮਨਾਮ ਸੀ। ਚਮਕੌਰ ਵਿਚ ਸਾਹਮਣੇ ਮੱਥੇ ਸੂਰਬੀਰਾਂ ਵਾਂਗੂ ਸ਼ਹੀਦ ਹੋਣ ਵਾਲੇ ਸਾਹਿਬਜ਼ਾਦੇ ਅਜੀਤ ਸਿੰਘ ਜੀ ਅਤੇ ਜੁਝਾਰ ਸਿੰਘ ਜੀ ਸਨ। ਪਿਛਲੇ ਨਾਉਂ ਦੀ ਥਾਂ ਜਿੱਥੇ ਕਿਧਰੇ ਬਾਦ ਦੇ ਲੇਖਕਾਂ ਦੀਆਂ ਲਿਖਤਾਂ (ਗੁਰ ਬਿਲਾਸ ਪਾਤਸ਼ਾਹੀ ਦਸ, ਸੂਰਜ ਪ੍ਰਕਾਸ਼ ਆਦਿ) ਵਿਚ ਜ਼ੋਰਾਵਰ ਸਿੰਘ ਆਇਆ ਹੈ ਉਨ੍ਹਾਂ ਨੂੰ ਸੈਨਾਪਤਿ ਦੀ ਲਿਖਤ ਤੋਂ ਹੀ ਭੁਲੇਖਾ ਲੱਗਾ ਹੋਇਆ ਹੈ, ਕਿਉਂਕਿ ਇਹ ਉਨ੍ਹਾਂ ਦਾ ਇਕ ਮੂਲ ਸੋਮਾ ਹੈ ਅਤੇ ਇਨ੍ਹਾਂ ਵਿਚ ਕਈ ਥਾਈਂ ਤਾਂ ਸ਼ਬਦ ਭੀ ਸ੍ਰੀ ਗੁਰੂ ਸੋਭਾ ਦੇ ਹੀ ਵਰਤੇ ਹੋਏ ਹਨ :

ਬਾਰ੍ਹਵੇਂ ਧਿਆਇ ਦੇ ਅੰਤ ਵਿਚ ਲਿਖਿਆ ਹੈ ਕਿ ਜਦ ਭਾਈ ਸੰਤ ਸਿੰਘ ਜੀ ਮਾਰੇ ਗਏ ਤਾਂ ਗੁਰੂ ਸਾਹਿਬ ਖ਼ੁਦ ਕਮਾਨ ਹਥ ਲੈ ਕੇ ਸਵਾਰ ਹੋ ਕੇ ਮੈਦਾਨ ਵਿਚ ਆ ਗਏ ਅਤੇ ਤੀਰਾਂ ਦੀ ਵਰਖਾ ਕਰਦੇ ਨਿਕਲ ਗਏ। ਇਸ ਵੇਲੇ ਕਿਸੇ ਵੈਰੀ ਦੀ ਚਟ ਨਾਲ ਆਪ ਦੀ ਇਕ ਉਂਗਲੀ ਕੱਟੀ ਗਈ [੧੨ : ੬੯-੭੨=੫੩੮-੪੧]। ਅਗਲੇ ਧਿਆਇ ਦੇ ਆਰੰਭ ਵਿਚ ਦੱਸਿਆ ਗਿਆ ਹੈ ਕਿ ਇੱਥੋਂ ਨਿਕਲ ਕੇ ਆਪ ਬਰਾੜਾਂ ਦੇ ਇਲਾਕੇ ਵਿਚ ਵਿਚ ਪਹੁੰਚ ਗਏ ਜਿਥੇ ਸਭ ਸਿੰਘ ਦਰਸ਼ਨਾਂ ਲਈ ਆ ਗਏ ਅਤੇ ਆਪ ਨੇ ਕੁਝ ਚਿਰ ਇਥੇ ਟਿਕਾਣਾ ਕੀਤਾ [੧੩ : ੨-੯=੫੪੬-੫੩]।

## ਸਰਹੰਦ ਵਿਚ ਸਾਹਿਬਜ਼ਾਦਿਆਂ ਦੀ ਸ਼ਹੀਦੀ

ਸਰਹੰਦ ਵਿਚ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਅਤੇ ਫ਼ਤਿਹ ਸਿੰਘ ਦੀ ਸ਼ਹੀਦੀ ਸੰਬੰਧੀ ਸੈਨਾਪਤਿ ਨੇ ਕੇਵਲ ਤਿੰਨ ਛੰਦ ਹੀ ਲਿਖੇ ਹਨ ਜਿਨ੍ਹਾਂ ਵਿਚ ਲਿਖਿਆ ਹੈ ਕਿ ਜਦ ਗੁਰੂ ਸਾਹਿਬ ਵੈਰੀ ਦੇ ਘੇਰੇ ਵਿਚੋਂ ਬਾਹਰ ਨਿਕਲ ਗਏ ਤਾਂ ਵੈਰੀ ਫੌਜ ਨੇ ਧਾਈ ਕਰ ਕੇ ਸਾਹਿਬਜ਼ਾਦੇ ਫੜ ਲਏ ਅਤੇ ਸਰਹੰਦ ਪਹੁੰਚਾ ਦਿੱਤੇ, ਜਿਥੇ ਜੁਝਾਰ ਸਿੰਘ ਜੀ ਵਲੋਂ ਕਰੜੇ ਜਵਾਬ ਮਿਲਣ ਪਰ ਸਰਹੰਦੀਆਂ ਨੇ ਉਨ੍ਹਾਂ ਦੇ ਅੰਗ ਅੰਗ ਵਖਰੇ ਕਰ ਕੇ ਕਤਲ ਕਰ ਦਿੱਤਾ। ਲੇਖਕ ਚੂੰਕਿ ਚਮਕੌਰ ਦੇ ਜੁੱਧ ਵਿਚੋਂ ਜ਼ੋਰਾਵਰ ਸਿੰਘ ਜੀ ਦੇ ਕਿਸੇ ਪਾਸੇ ਨਿਕਲ ਗਏ ਹੋਣ ਦਾ ਜ਼ਿਕਰ ਕਰ ਚੁੱਕਾ ਸੀ। ਇਸ ਲਈ ਇਥੇ ਉਸ ਨੇ ਬਾਬਾ

---

*ਇਸ ਸਾਰੀ ਵਿਚਾਰ ਵਿਚ ਜਿਥੇ ਅਸੀਂ ਉਪਰ ਦਿੱਤੀਆਂ ਲਿਖਤਾਂ ਤੋਂ ਸਹਾਇਤਾ ਲਈ ਹੈ ਉਥੇ ਅਸੀਂ ਦੂਸਰੇ ਜ਼ੋਰਾਵਰ ਸਿੰਘ ਦੇ ਜੀਵਨ ਸੰਬੰਧੀ ਗਿਆਨੀ ਗਰਜਾ ਸਿੰਘ ਦੀ ਖੋਜ ਤੋਂ ਵੀ ਸਹਾਇਤਾ ਲਈ ਹੈ ਜਿਨ੍ਹਾਂ ਨੂੰ ਜੂਨ ਸਨ ੧੯੬੬ ਵਿਚ ਗੁਰੂ ਗੋਬਿੰਦ ਸਿੰਘ ਫਾਉਂਡੇਸ਼ਨ ਦੀ ਪਬਲੀਕੇਸ਼ਨ ਕਮੇਟੀ ਵਲੋਂ ਉਚੇਚਾ ਸਾਰੀ ਸੰਬੰਧਤ ਥਾਈਂ ਫਿਰ ਕੇ ਇਸ ਵਿਸ਼ੇ ਦੀ ਖੋਜ ਕਰਨ ਲਈ ਭੇਜਿਆ ਗਿਆ ਸੀ।

ਫਤਿਹ ਸਿੰਘ ਦੇ ਨਾਲ ਫੜੇ ਜਾਣ ਵਾਲੇ ਦਾ ਨਾਉਂ ਜੁਝਾਰ ਸਿੰਘ ਲਿਖ ਦਿੱਤਾ ਹੈ ਅਤੇ ਮਾਤਾ ਜੀ ਦਾ ਕੋਈ ਜ਼ਿਕਰ ਤਕ ਭੀ ਨਹੀਂ ਕੀਤਾ। ਇਸ ਤੋਂ ਪਰਤੀਤ ਇਹ ਹੁੰਦਾ ਹੈ ਕਿ ਸੈਨਾਪਤਿ ਨੂੰ ਸਰਹੰਦ ਵਿਚ ਸ਼ਹੀਦ ਕੀਤੇ ਗਏ ਸਾਹਿਬਜ਼ਾਦਿਆਂ ਅਤੇ ਮਾਤਾ ਜੀ ਸੰਬੰਧੀ ਪੂਰੀ ਪੂਰੀ ਵਾਕਫੀ ਨਹੀਂ ਮਿਲੀ, ਨਹੀਂ ਤਾ ਇਤਿਹਾਸਕ ਤੌਰ ਤੇ ਇਸ ਵਿਚ ਕੋਈ ਸ਼ੱਕ ਹੀ ਨਹੀਂ ਕਿ ਛੋਟੇ ਦੋਨੋਂ ਸਾਹਿਬਜ਼ਾਦੇ ਮਾਤਾ ਗੁਜਰੀ ਜੀ ਦੇ ਨਾਲ ਖ਼ਿੜ ਸਹੇੜੀ ਤੋਂ ਸੂਹ ਮਿਲਣ ਪਰ ਮੁਰਿੰਡੇ ਦੇ ਰੰਘੜਾਂ ਨੇ ਫੜ ਕੇ ਸਰਹੰਦ ਪਹੁੰਚਾਏ ਸਨ ਜਿੱਥੇ ਦੇ ਫੌਜਦਾਰ ਵਜ਼ੀਰ ਖ਼ਾਨ ਨੇ ਉਨ੍ਹਾਂ ਨੂੰ ਅਨੇਕਾਂ ਤਸੀਹੇ ਦੇਣ ਤੋਂ ਬਾਦ, ਨਵਾਬ ਸ਼ੇਰ ਮੁਹੰਮਦ ਖ਼ਾਨ ਵਲੋਂ ਨਿਖੇਧ ਦੇ ਬਾਵਜੂਦ, ਕਤਲ ਕਰਵਾ ਦਿੱਤਾ ਸੀ। ਇਹ ਹੈ ਮੋਟੀ ਜਿਹੀ ਸੰਖੇਪ ਰੂਪ-ਰੇਖਾ ਸਰਹੰਦ ਵਿਚ ਹੋਈ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਜਿਸ ਸੰਬੰਧੀ ਇਤਿਹਾਸਾਂ ਵਿਚ ਕੋਈ ਬਹੁਤਾ ਮਤ ਭੇਦ ਨਹੀਂ ਅਤੇ ਇਸੇ ਦੀ ਪੁਸ਼ਟੀ ਕਥਾ ਗੁਰੂ ਜੀ ਕੇ ਸੁਤਨ ਕੀ ਤੋਂ ਭੀ ਹੁੰਦੀ ਹੈ। ਜਿਸ ਵਿਚ ਲਿਖਿਆ ਹੈ ਕਿ :

ਜੁਝਾਰ ਸਿੰਘ ਅਜੀਤ ਸਿੰਘ ਜੁਧ ਕਰ ਜੂਝੇ ਚਮਕੌਰ।
ਸੀਰੰਦ ਵਿਖੈ ਜ਼ੋਰਾਵਰ ਸਿੰਘ ਫਤੇ ਸਿੰਘ ਕੀ ਠੌਰ ॥ ੧੦੭ ॥

### ਵਿਚਾਰ ਦਾ ਸਿੱਟਾ

ਨਾਵਾਂ ਦੇ ਵਿਤਕਰੇ ਨੂੰ ਛੱਡ ਇਸ ਗੱਲ ਨੂੰ ਸਾਰੇ ਸਮਕਾਲੀ ਰਿਕਾਰਡ ਮੰਨਦੇ ਹਨ ਕਿ ਚਮਕੌਰ ਦੇ ਜੁੱਧ ਵਿਚ ਦੋ ਸਾਹਿਬਜ਼ਾਦੇ ਸ਼ਹੀਦ ਹੋ ਗਏ ਸਨ। ਵਜ਼ੀਰ ਖ਼ਾਨ ਦੀ ਬਾਦਸ਼ਾਹ ਔਰੰਗਜ਼ੇਬ ਦੀ ਸੇਵਾ ਵਿਚ ਭੇਜੀ ਰਿਪੋਰਟ ਵਿਚ ਦੋ ਸਾਹਿਬਜ਼ਾਦਿਆਂ ਦੇ ਚਮਕੌਰ ਦੇ ਜੁੱਧ ਵਿਚ ਮਾਰੇ ਜਾਣ (ਬ-ਕਤਲ ਰਸੀਦਨ ਦੋ ਪਿਸਰ) ਦਾ ਸਪੱਸ਼ਟ ਜ਼ਿਕਰ ਹੈ (ਇਨਾਇਤੁੱਲਾ ਖ਼ਾਨ ਇਸਮੀ, ਅਹਿਕਾਮਿ ਆਲਮਗੀਰੀ, ੧੧)। ਇਸ ਨਾਲ ਸੈਨਾਪਤਿ ਦੀ ਇਕ ਸਾਹਿਬਜ਼ਾਦੇ ਦੇ ਬਚ ਕੇ ਨਿਕਲ ਜਾਣ ਦੀ ਗੱਲ ਗ਼ਲਤ ਹੋ ਜਾਂਦੀ ਹੈ। ਇਸ ਰਿਪੋਰਟ ਵਿਚ ਗੁਰੂ ਸਾਹਿਬ ਦੇ ਮਾਤਾ ਜੀ ਅਤੇ ਇਕ ਸਾਹਿਬਜ਼ਾਦੇ ਦੇ ਫੜੇ ਜਾਣ ਦੀ ਗੱਲ ਵਿਚ ਜਾਂ ਕੁਝ ਭੁਲੇਖਾ ਲੱਗਾ ਜਾਂ ਗਲਤੀ ਹੋਈ ਹੈ, ਇਸੇ ਲਈ ਮਿਰਜ਼ਾ ਯਾਰ ਅਲੀ ਬੇਗ ਦੀ ਪੂਰੇ ਵਿਸਥਾਰ ਦੀ ਰਿਪੋਰਟ ਦੇ ਇਸ ਤੋਂ ਪਹਿਲਾਂ ਬਾਦਸ਼ਾਹ ਪਾਸ ਪੁੱਜ ਚੁੱਕੀ ਹੋਣ ਕਰਕੇ ਇਹ ਅਧੂਰੀ ਅਤੇ ਗ਼ਲਤ ਰਿਪੋਰਟ ਦਾਰੁਲ-ਇਨਸ਼ਾ ਵਾਲਿਆਂ ਨੇ ਬਾਦਸ਼ਾਹ ਦੇ ਹਜ਼ੂਰ ਪੇਸ਼ ਕਰਨੀ ਯੋਗ ਨਹੀਂ ਸੀ ਸਮਝੀ। ਇਸ ਤੋਂ ਇਲਾਵਾ ਅਖ਼ਬਾਰਾਤਿ ਦਰਬਾਰਿ ਮੁਅੱਲਾ ਵਿਚ ੨੫ ਰੱਬੀ-ਉਲ-ਅੱਵਲ, ਸਨ ੪ ਬਹਾਦੁਰ ਸ਼ਾਹੀ, ਦੀ ਕੈਫ਼ੀਅਤ ਵਿਚ ਸਾਫ਼ ਦਰਜ ਹੈ ਕਿ ਖ਼ਾਲਸਾ ਸਿੱਖਾਂ ਦਾ ਸਰਹੰਦ ਦੇ ਫ਼ੌਜਦਾਰ ਵਜ਼ੀਰ ਖ਼ਾਨ ਨਾਲ ਦਿਲੀ ਵੈਰ ਇਸ ਕਰਕੇ ਹੈ ਕਿ ਵਜ਼ੀਰ ਖ਼ਾਨ ਨੇ ਗੁਰੂ ਗੋਬਿੰਦ ਸਿੰਘ ਦੇ ਛੋਟੇ ਪੁੱਤਰ ਮਾਰ ਦਿੱਤੇ ਸਨ —ਸਿਖਾਨਿ ਖਾਲਸਾ . ਬ-ਵਜ਼ੀਰ ਖ਼ਾਨ ਕਿ ਪਿਸਰਾਨਿ ਖ਼ੁਰਦਿ ਗੁਰੂ ਗੋਬਿੰਦ ਸਿੰਘ ਕੁਸ਼ਤਾ ਬੂਦ, ਅਦਾਵਤਿ ਕਲਬੀ ਦਾਰੰਦ। 'ਪਿਸਰਾਨ' ਸ਼ਬਦ ਬਹੁ-ਬਚਨ ਹੈ, ਇਕ ਬਚਨ ਨਹੀਂ। ਇਸ ਤਰ੍ਹਾਂ ਸਮਕਾਲੀ ਸਰਕਾਰੀ ਰਿਕਾਰਡ ਤੋਂ ਕਿਸੇ ਸ਼ੱਕ ਦੇ ਬਿਨਾ ਇਹ ਗੱਲ ਸਾਫ਼ ਸਿੱਧ ਹੈ ਕਿ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਸਾਹਿਬਜ਼ਾਦੇ ਚਮਕੌਰ ਦੇ ਜੁਧ ਵਿਚ ਲੜਦੇ ਹੋਏ ਸ਼ਹੀਦ ਹੋ ਗਏ ਸਨ ਅਤੇ ਦੋ ਨੂੰ ਫ਼ੌਜਦਾਰ ਸਰਹੰਦ

ਵਜ਼ੀਰ ਖ਼ਾਨ ਨੇ ਕਤਲ ਕਰਾ ਦਿੱਤਾ ਸੀ। ਇਸ ਸਭ ਤੋਂ ਵੱਧ ਖ਼ੁਦ ਗੁਰੂ ਗੋਬਿੰਦ ਸਿੰਘ ਜੀ ਦੀ ਆਪਣੀ ਲਿਖਤੀ ਗਵਾਹੀ ਜ਼ਫ਼ਰਨਾਮੇ ਵਿਚ ਮੌਜੂਦ ਹੈ ਜਿੱਥੇ ਉਨ੍ਹਾਂ ਨੇ ਬਾਦਸ਼ਾਹ ਔਰੰਗਜ਼ੇਬ ਨੂੰ ਲਿਖਿਆ ਸੀ ਕਿ ਕੀ ਹੋਇਆ ਜੇ ਚਾਰੇ ਬੱਚੇ ਮਾਰੇ ਗਏ ਹਨ—ਚਿਹ ਸ਼ੁਦ ਕਿ ਚੂ ਬੱਚਗਾਂ ਕੁਸ਼ਤਾ ਚਾਰ [੭੮]। ਇਹ ਗਵਾਹੀ ਇਤਨੀ ਮਜ਼ਬੂਤ ਅਤੇ ਅੱਕਟ ਹੈ ਕਿ ਇਸ ਦੇ ਹੁੰਦੇ ਹੋਏ ਹੋਰ ਕਿਸੇ ਦੀ ਲੋੜ ਹੀ ਨਹੀਂ ਰਹਿ ਜਾਂਦੀ।

**ਚਮਕੌਰ ਦੇ ਜੁੱਧ ਵਿਚ ਲੜਦੇ ਸ਼ਹੀਦ ਹੋਏ**

੮ ਪੋਹ, ਸੰਮਤ ੧੭੬੨ (੭ ਦਸੰਬਰ, ਸਨ ੧੭੦੫ ਈ.) ਸਾਹਿਬ ਅਜੀਤ ਸਿੰਘ
ਸਾਹਿਬ ਜੁਝਾਰ ਸਿੰਘ

**ਸਰਹੰਦ ਵਿਚ ਵਜ਼ੀਰ ਖ਼ਾਨ ਵਲੋਂ ਕਤਲ ਕੀਤੇ ਗਏ-ਸ਼ਹੀਦ**

੧੩ ਪੋਹ, ਸੰਮਤ ੧੭੬੨ ਬਿ. (੧੨ ਦਸੰਬਰ, ਸਨ ੧੭੦੫ ਈ.) ਸਾਹਿਬ ਜ਼ੋਰਾਵਰ ਸਿੰਘ
ਸਾਹਿਬ ਫ਼ਤਹਿ ਸਿੰਘ

ਮਹਾਨ ਕੋਸ਼, ਕਥਾ ਗੁਰੂ ਜੀ ਕੇ ਸੁਤਨ ਕੀ (ਛੰਦ ੨, ੧੪, ੧੦੭ ਅੰਤ) ਅਤੇ ਰਾਮ ਸਿੰਘ ਕ੍ਰਿਤ ਸਤਿਗੁਰ ਕਾ ਬੰਸ (ਛੰਦ ੨੨-੨੪) ਵਿਚ ਨਾਮਾਂ ਅਤੇ ਸ਼ਹੀਦੀ ਅਸਥਾਨਾਂ ਦੀ ਇਹੋ ਹੀ ਤਰਤੀਬ ਹੈ।

ਮੁਕਤਸਰ ਦਾ ਜੁੱਧ

ਜਿਵੇਂ ਪਿੱਛੇ ਜ਼ਿਕਰ ਕੀਤਾ ਗਿਆ ਹੈ ਕਿ ਤੇਰ੍ਹਵੇਂ ਧਿਆਇ ਦੇ ਆਰੰਭ ਵਿਚ ਸੈਨਾ-ਪਤਿ ਲਿਖਦਾ ਹੈ ਕਿ ਚਮਕੌਰ ਦੇ ਜੁੱਧ ਤੋਂ ਬਾਦ ਗੁਰੂ ਸਾਹਿਬ ਨੇ ਬਰਾੜਾਂ ਦੇ ਇਲਾਕੇ ਵਿਚ ਜਾ ਛਾਉਣੀ ਕੀਤੀ। ਜਦ ਵੈਰੀ ਨੂੰ ਇਨ੍ਹਾਂ ਦੀ ਖ਼ਬਰ ਲਗੀ ਤਾਂ ਉਹ ਹੱਲਾ ਕਰਨ ਚੜ੍ਹ ਆਏ, ਪਰ ਇਨ੍ਹਾਂ ਨੂੰ ਰਾਹ ਵਿਚ ਹੀ ਉਹ ਸਿੰਘ ਟੱਕਰ ਗਏ ਜੋ ਬੇਦਾਵਾ ਲਿਖ ਕੇ ਆਨੰਦਪੁਰੋਂ ਘਰਾਂ ਨੂੰ ਚਲੇ ਗਏ ਸਨ ਅਤੇ ਮਾਈ ਭਾਗੋ ਦੇ ਨਾਲ ਗੁਰੂ ਜੀ ਦੀ ਸੇਵਾ ਵਿਚ ਹਾਜ਼ਰ ਹੋਣ ਲਈ ਮੁੜ ਆਏ ਸਨ। ਇਹ ਟਾਕਰਾ ਖਿਦਰਾਣੇ ਦੀ ਢਾਬ ਉੱਤੇ ਹੋਇਆ। ਜੁੱਧ ਦੀ ਭਿਣਕ ਪੈਣ ਪਰ ਜਦ ਗੁਰੂ ਗੋਬਿੰਦ ਸਿੰਘ ਜੀ ਜੁੱਧ-ਅਸਥਾਨ ਤੇ ਪੁੱਜੇ ਤਾਂ ਸਿਸਕ ਰਹੇ ਜ਼ਖ਼ਮੀ ਭਾਈ ਮਹਾਂ ਸਿੰਘ ਆਦਿ ਸਿੰਘਾਂ ਦੀ ਬੇਨਤੀ ਪਰਵਾਨ ਕਰ ਕੇ ਉਨ੍ਹਾਂ ਨੇ ਬੇਦਾਵਾ ਪੱਤਰ ਚਾਕ ਕਰ ਦਿੱਤਾ ਅਤੇ ਉਨ੍ਹਾਂ ਦੀ ਭੁੱਲ ਬਖ਼ਸ਼ ਕੇ ਉਨ੍ਹਾਂ ਦੀ ਟੁੱਟੀ ਹੋਈ ਸਿੱਖੀ ਗੰਢੀ। ਸ਼ਹੀਦ ਹੋਏ ਸਿੰਘਾਂ ਨੂੰ ਆਪ ਨੇ ਮੁਕਤੇ ਹੋਣ ਦਾ ਵਰ ਦਿੱਤਾ ਅਤੇ ਰਣ ਭੂਮੀ ਦੀ ਢਾਬ ਦਾ ਨਾਉਂ ਮੁਕਤਸਰ ਰੱਖਿਆ। ਇਹ ਜੰਗ ੩੦ ਪੋਹ ਸੰਮਤ ੧੭੬੨ ਬਿ. (੨੯ ਦਸੰਬਰ ੧੭੦੫ ਈ.) ਮਾਘ ਵਦੀ ੧੦ ਨੂੰ ਲੋਹੜੀ ਵਾਲੇ ਦਿਨ ਹੋਈ। ਅਗਲੇ ਦਿਨ ਮਾਘੀ, ਮਾਘ ਦੀ ਸੰਗਰਾਂਦ ਸੀ ਜਿਸ ਦਿਨ ਸ਼ਹੀਦਾਂ ਦਾ ਸਸਕਾਰ ਕੀਤਾ ਗਿਆ। ਦੇਸਾ ਸਿੰਘ, ਭਟ ਵਹੀ ਤਲੌਂਡਾ; ਕੋਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ੧੭:੮; ਸਰੂਪ ਸਿੰਘ, ਗੁਰੂ ਕੀਆਂ ਸਾਖੀਆਂ, ਭਾਈ ਸੁਖਾ ਸਿੰਘ ਦੇ ਗੁਰ ਬਿਲਾਸ ਪਾਤਸ਼ਾਹੀ ਦਸ, ਬੀਰ ਸਿੰਘ ਬੱਲ ਦੇ ਸਿੰਘ ਸਾਗਰ (੧੩:੬੩) ਅਤੇ ਭਾਈ ਸੰਤੋਖ ਸਿੰਘ ਦੇ ਸੂਰਜ ਪ੍ਰਕਾਸ਼ (ਰੁਤ ੬, ਐਨ ੧, ੧੨ : ੪੪-੪੬) ਵਿਚ ਮਾਘ ਦੀ ਸੰਗ੍ਰਾਂਦ—ਮਕਰ ਸੰਕਰਾਂਤਿ—ਦਿੱਤਾ ਹੋਇਆ ਹੈ ਜੋ ਸਸਕਾਰ ਦਾ ਦਿਨ ਹੈ। ਇਸ ਦਿਨ ਦੀ

ਯਾਦ ਮਨਾਉਣ ਲਈ ਇਥੇ ਮਾਘੀ ਨੂੰ ਮੇਲਾ ਹੁੰਦਾ ਹੈ।

ਗਿ. ਗਿਆਨ ਸਿੰਘ ਨੇ ਪਹਿਲਾਂ ਆਪਣੀ ਕ੍ਰਿਤ ਤਵਾਰੀਖ ਗੁਰੂ-ਖਾਲਸਾ ਅਤੇ ਪੰਥ ਪ੍ਰਕਾਸ਼ ਵਿਚ ਮਕਤਸਰ ਦੇ ਜੁੱਧ ਦੀ ਤਾਰੀਖ ਬਸਾਖ ਦਿੱਤੀ ਸੀ ਪਰ ਸੰਮਤ ਕਿਧਰੇ ੧੭੬੧ (ਦੂਜੀ ਵਾਰ, ਪੰਨਾ ੨੨੬) ਅਤੇ ਕਿਧਰੇ ੧੭੬੨ (ਛੇਵੀਂ ਵਾਰ, ਪੰਨਾ ੨੭੯) ਦਿੱਤਾ ਹੋਇਆ ਸੀ। ਪਰ ਤਵਾਰੀਖ ਗੁਰੂ-ਖਾਲਸਾ ਦੇ ਸੋਧੇ ਹੋਏ ਉਰਦੂ ਐਡੀਸ਼ਨ ਵਿਚ ਜੋ ਸਨ ੧੯੨੩ ਈ. ਵਿਚ ਪ੍ਰਕਾਸ਼ਤ ਹੋਇਆ ਸੀ, ਇਸ ਤਾਰੀਖ ਨੂੰ ਠੀਕ ਕਰ ਦਿੱਤਾ ਅਤੇ ਲਿਖਿਆ ਕਿ ਇਹ ਜੁੱਧ ਏਕਮ ਮਾਘ ਸੰਮਤ ੧੭੬੨ ਨੂੰ ਹੋਇਆ ਸੀ (ਚੌਥੀ ਵਾਰ, ਪੰਨਾ ੧੮੭)।

੬ ਚੇਤ ਸੰਮਤ ੧੭੬੨ (੪ ਮਾਰਚ ਸੰਨ ੧੭੦੬ ਈ.) ਦੇ ਗੁਰੂ ਗੋਬਿੰਦ ਸਿੰਘ ਜੀ ਦੇ ਚੋਲ੍ਹੇ ਦੀ ਸੰਗਤ ਦੇ ਨਾਉਂ ਹੁਕਮਨਾਮੇ ਤੋਂ ਇਹ ਨਤੀਜਾ ਕਢਣਾ ਕਿ ਇਹ ਮੁਕਤਸਰ ਦੇ ਜੁੱਧ ਤੋਂ ਪਹਿਲਾਂ ਉਸ ਦਾ ਖਿਆਲ ਕਰਕੇ ਲਿਖਿਆ ਗਿਆ ਸੀ ਬਣਦਾ ਫਬਦਾ ਨਹੀਂ। ਇਸ ਵਿਚ ਕਿਸੀ ਆਉਣ ਵਾਲੇ ਜੁੱਧ ਦੀ ਕੋਈ ਨਿਸਚਿਤ ਸੰਭਾਵਨਾ ਨਹੀਂ, ਕੇਵਲ ਸੁਭਾਵਕ ਤੌਰ ਤੇ ਹੀ ਲਿਖਿਆ ਹੋਇਆ ਹੈ ਕਿ 'ਜੋ ਹਥਿਆਰ ਬੰਨਿ ਕੇ ਹਜ਼ੂਰ ਆਵਗੁ ਨਿਹਾਲ ਹੋਗ'। ਇਸ ਵਿਚ 'ਛੇਤੀ', 'ਜ਼ਰੂਰ' ਅਤੇ 'ਹੁਕਮ ਦੇਖਦੇ ਹੀ ਸ਼ਿਤਾਬੀ' ਆਉਣ ਦੀ ਉੱਕੀ ਹੀ ਕੋਈ ਤਾਕੀਦ ਨਹੀਂ ਹੈ ਅਤੇ ਨਾਂ ਹੀ ਇਸ ਵਿਚ ਜੁੱਧ ਲਈ ਸੱਦੇ ਵਾਲਾ ਕੋਈ ਹੋਰ ਸ਼ਬਦ ਹੈ ਅਤੇ ਨਾਂ ਹੀ ਸਵਾਂਰਾਂ ਪਿਆਦਿਆਂ, ਜਾਂ ਬੰਦੂਕੀ ਜ਼ਮੀਅਤ ਦੀ ਮੰਗ ਹੈ ਜਿਵੇਂ ਕਿ ਬਾਦਸ਼ਾਹਜ਼ਾਦਾ ਮੁਅੱਜ਼ਮ ਦੇ ਪੰਜਾਬ ਵਲ ਆਉਣ ਵੇਲੇ ਭਾਈ ਰਾਮੇ, ਭਾਈ ਤਲੋਕੇ ਅਤੇ ਰੂਪੇ ਕੇ ਭਾਈ ਸੁਖੀਏ ਦੇ ਨਾਉਂ ੨ ਭਾਦੋਂ ਸੰਮਤ ੧੭੫੩ (੨ ਅਗਸਤ ਸਨ ੧੬੯੬ ਈ.) ਦੇ ਹੁਕਮਨਾਮਿਆਂ ਵਿਚ ਹੈ। ਇਹ ਹੁਕਮਨਾਮਾ ਤਵਾਰੀਖ ਗੁਰੂ-ਖਾਲਸਾ ਜਾਂ ਪੰਥ ਪ੍ਰਕਾਸ਼ ਵਿਚ ਦਿੱਤੀ ਬਸਾਖ ਨੂੰ ਜੁੱਧ ਹੋਣ ਦੀ ਤਾਰੀਖ ਦੀ ਕਿਸੇ ਹੋਰ ਤਰ੍ਹਾਂ ਭੀ ਪੁਸ਼ਟੀ ਨਹੀਂ ਕਰਦਾ। ਇਸ ਹੁਕਮਨਾਮੇ ਦਾ ਖਾਸ ਮਜ਼ਮੂਨ ਮਾਇਆ ਦੀ ਫ਼ਰਮਾਇਸ਼ ਹੈ। ਇਸ ਤੋਂ ਇਲਾਵਾ ਸੰਮਤ ੧੭੬੩ ਦੀ ਬਸਾਖੀ ਪਰ ਆਉਣ ਵਾਲੀਆਂ ਸੰਗਤਾਂ ਨੂੰ ਕੇਵਲ ਚੇਤਾਵਨੀ ਹੀ ਸਮਝੀ ਜਾ ਸਕਦੀ ਹੈ ਕਿ ਉਹ ਹਥਿਆਰ ਬੰਨ੍ਹ ਕੇ ਆਉਣ ਤਾਂ ਕਿ ਰਾਹ ਵਿਚ ਜਾਂ ਹੋਰ ਕਿਧਰੇ ਵੈਰੀਆਂ ਵਲੋਂ ਜੇ ਕੋਈ ਬਖੇੜਾ ਹੋ ਜਾਏ ਤਾਂ ਕੋਈ ਨਿਹੱਥਾ ਭੁਲੇਖੇ ਵਿਚ ਹੀ ਨਾ ਮਾਰਿਆ ਜਾਏ। ਮਾਲਵਾ ਦੇਸ ਰਟਨ ਦੀ ਸਾਖੀ ਅੰਕ ੭੯ ਤੋਂ ਪਤਾ ਲਗਦਾ ਹੈ ਕਿ ਇਸ 'ਬਸਾਖੀ ਕਾ ਮੇਲਾ ਵੱਡਾ ਭਾਰੀ ਲੱਗਾ ਹੈ ਸੀ। ਸਿੱਖ ਸਿਖਣੀਆਂ ਬਹੁਤ ਕੱਠੇ ਹੋਏ ਹੈਸਨ (ਪੰਨਾਂ ੮੦-੧੧)।'

ਦੋਰੇ ਦੀ ਸਾਖੀ (ਮਾਲਵਾ ਦੇਸ ਰਟਨ ਦੀ ਸਾਖੀ ਪੋਥੀ, ਪੰਨਾ ੧੧੬) ਦੀ ਸਾਖੀ ੧੦੫, ਭਾਈ ਸੁਖਾ ਸਿੰਘ ਕ੍ਰਿਤ ਗੁਰ ਬਿਲਾਸ (੨੩ : ੬੬) ਅਤੇ ਰਤਨ ਸਿੰਘ ਭੰਗੂ ਦੇ ਪ੍ਰਚੀਨ ਪੰਥ-ਪ੍ਰਕਾਸ਼ (ਪਹਿਲੀ ਵੇਰ, ਪੰਨਾ ੮੧) ਵਿਚ ਲਿਖਿਆ ਹੋਇਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਤਲਵੰਡੀ ਸਾਬੋ ਦਮਦਮਾ ਸਾਹਿਬ ਨੌਂ ਮਹੀਨੇ ੯ ਦਿਨ ਰਹੇ ਸਨ ਅਤੇ ਇੱਥੋਂ ਕਤਕ ਸੁਦੀ ੫ (੨੯ ਕਤਕ, ਸੰਮਤ ੧੭੬੩ ਬਿਕਰਮੀ), ੩੦ ਅਕਤੂਬਰ ਸਨ ੧੭੦੬ ਈ. ਨੂੰ ਦੱਖਣ ਨੂੰ ਕੂਚ ਕੀਤਾ। ਪਿੱਛੇ ਨੂੰ ਗਿਣਤੀ ਕੀਤਿਆਂ ਇਸ ਲੇਖੇ ਮੁਕਤਸਰ ਦਾ ਜੁੱਧ ਲੋਹੜੀ-ਮਾਘੀ ਸੰਮਤ ੧੭੬੨ ਨੂੰ ਬਿਲਕੁਲ ਠੀਕ ਬੈਠਦਾ ਹੈ ਜਦੋਂ ਕਿ ੨੯-੩੦

ਦਸੰਬਰ, ਸਨ ੧੭੦੫ ਸੀ। ਗੁਰੂ ਸਾਹਿਬ ਦਮਦਮਾ ਸਾਹਿਬ ੨੦-੨੧ ਜਨਵਰੀ ਸਨ ੧੭੦੬ ਈ. ਨੂੰ ਪੁੱਜੇ ਹੋਣਗੇ। ੩੧ ਦਸੰਬਰ ਤੋਂ ੨੧ ਜਨਵਰੀ ਤਕ ੨੧-੨੨ ਦਿਨ ਮੁਕਤਸਰੋਂ ਦਮਦਮੇ ਸਾਹਿਬ ਤਕ ਸਫਰ ਵਿਚ ਲਗ ਗਏ ਹੋਣੇ ਹਨ। ਕਾਂ ਦੀ ਉਡਾਰੀਏ ਸਿੱਧਾ ਪੰਧ ੪੮ ਕੁ ਮੀਲ ਹੈ। ਛੋਟੇ ਛੋਟੇ ਪੜਾਉ ਕਰਦੇ ਅਤੇ ਰਾਹ ਵਿਚ ਲੋੜ ਅਨੁਸਾਰ ਠਹਿਰਦੇ ਜਾਣ ਨਾਲ ਇੰਨੇ ਕੁ ਦਿਨ ਤਾਂ ਲਗ ਹੀ ਜਾਣੇ ਸਨ।

**ਗੁਰੂ ਸਾਹਿਬ ਦਾ ਦੱਖਣ ਨੂੰ ਕੂਚ—ਪਹਿਲੀ ਵਾਰੀ**

ਚਮਕੌਰ ਦੇ ਜੁੱਧ ਤੋਂ ਬਾਅਦ ਗੁਰੂ ਸਾਹਿਬ ਨੂੰ ਬਾਦਸ਼ਾਹ ਔਰੰਗਜ਼ੇਬ ਵਲੋਂ, ਜੋ ਉਸ ਵੇਲੇ ਦੱਖਣ ਵਿਚ ਸੀ, ਲਿਖਤੀ ਅਤੇ ਜ਼ਬਾਨੀ ਸੱਦਾ ਪੁੱਜਾ ਕਿ ਤੁਸੀਂ ਮੈਨੂੰ ਦੱਖਣ ਵਿਚ ਆ ਕੇ ਮਿਲੋ। ਇਸ ਦਾ ਜ਼ਿਕਰ ਉਨ੍ਹਾਂ ਖੁਦ ਇਸ ਦੇ ਉੱਤਰ ਵਿਚ ਲਿਖੇ ਪੱਤਰ ਜ਼ਫਰਨਾਮੇ ਵਿਚ ਕੀਤਾ ਹੈ ਕਿ :

ਨਵਿਸ਼ਤਹ ਰਸੀਦੋ ਬ-ਗੁਫ਼ਤਹ ਜਬਾਂ
ਬ-ਬਾਯਦ ਕਿ ਕਾਰੇ ਬ-ਰਾਹਤ ਰਸਾਂ ॥ ੫੪ ॥

ਅਰਥਾਤ, ਲਿਖਤੀ ਅਤੇ ਜ਼ਬਾਨੀ ਸੁਨੇਹਾ ਪੁੱਜਾ ਹੈ,
ਚਾਹੀਦਾ ਹੈ ਕਿ ਇਸ ਨੂੰ ਸੁਖ ਨਾਲ ਸਿਰੇ ਚੜ੍ਹਾਵੇਂ।

ਪਰ ਗੁਰੂ ਸਾਹਿਬ ਨੂੰ ਹੁਣ ਸਰਕਾਰ ਦੀਆਂ ਅਜਿਹੀਆਂ ਗੱਲਾਂ ਪਰ ਇਤਬਾਰ ਨਹੀਂ ਸੀ ਰਿਹਾ। ਉਨ੍ਹਾਂ ਦਾ ਪੁਰਾਣਾ ਤਜਰਬਾ ਬੜਾ ਕੌੜਾ ਸੀ। ਅੱਗੇ ਸ਼ਾਹੀ ਕਾਜ਼ੀ, ਦੀਵਾਨ ਅਤੇ ਬਖਸ਼ੀ ਕੁਰਾਨ ਦੀਆਂ ਸੌਹਾਂ ਖਾ ਕੇ ਫਿਰ ਗਏ ਸਨ ਅਤੇ ਵਹਿਦਿਆਂ ਨੂੰ ਤੋੜ ਕੇ ਉਨ੍ਹਾਂ ਨੇ ਗੁਰੂ ਸਾਹਿਬ ਉੱਤੇ ਅਚਾਨਕ ਆ ਹੱਲਾ ਕੀਤਾ ਸੀ, ਇਸ ਲਈ ਉਨ੍ਹਾਂ ਜ਼ਫਰਨਾਮੇ ਵਿਚ ਬਾਦਸ਼ਾਹ ਨੂੰ ਲਿਖਿਆ ਕਿ :

ਨਾ ਕਤਰਾ ਮਰਾ ਇਤਬਾਰੇ ਬਰੋਸਤ
ਕਿ ਬਖ਼ਸ਼ੀ ਓ ਦੀਵਾਂ ਹਮਾ ਕਿਜ਼ਬ ਗੋਸਤ ॥ ੧੪ ॥

ਅਰਥਾਤ ਮੈਨੂੰ ਉਨ੍ਹਾਂ ਪਰ ਇਕ ਤੌਕਾ ਭਰ ਭੀ ਇਤਬਾਰ ਨਹੀਂ,
ਕਿਉਂਕਿ ਫੌਜੀ ਅਫਸਰ ਅਤੇ ਦਫਤਰੀ ਦੀਵਾਨ ਸਭ ਝੂਠੇ ਹਨ।

ਪਰ ਗੁਰੂ ਸਾਹਿਬ ਖੁਦ ਬਾਦਸ਼ਾਹ ਨੂੰ ਮਿਲਣ ਅਤੇ ਉਸ ਨਾਲ ਗੱਲ-ਬਾਤ ਕਰਨ ਦੇ ਵਿਰੁਧ ਨਹੀਂ ਸਨ। ਆਖਰ ਉਹ ਮੁਲਖ ਦਾ ਬਾਦਸ਼ਾਹ ਸੀ ਅਤੇ ਦੇਸ਼ ਵਿਚ ਸੁਖ ਆਰਾਮ ਦੀ ਗੱਲ-ਬਾਤ ਅੰਤ ਉਸੇ ਨਾਲ ਹੀ ਹੋ ਕੇ ਸਿਰੇ ਚੜ੍ਹਨੀ ਸੀ। ਇਸ ਲਈ ਉਨ੍ਹਾਂ ਨੇ ਜ਼ਫਰਨਾਮੇ ਵਿਚ ਲਿਖਿਆ ਕਿ :

ਅਗਰ ਚਿਹ ਬਿਆਯਦ ਬ-ਫਰਮਾਨਿ ਮਨ
ਹਜ਼ੂਰਤ ਬਿਆਯਮ ਹਮਹ ਜਾਨੋ ਤਨ ॥ ੬੩ ॥
ਅਗਰ ਤੂੰ ਬਯਜ਼ਦਾਂ ਪ੍ਰਸਤੀ ਕੁਨੀ
ਬਕਾਰਿ ਮਰਾ ਈਂ ਨਾ ਸੁਸਤੀ ਕੁਨੀ ॥ ੬੪ ॥

ਅਰਥਾਤ,

ਜੇ ਕਰ ਮੇਰੇ ਅਨੁਸਾਰ (ਮੈਨੂੰ) ਫਰਮਾਨ ਆਵੇ

ਤਾਂ ਮੈਂ ਤਨ ਮਨ ਨਾਲ ਤੇਰੇ ਪਾਸ ਆਵਾਂਗਾ ॥ ੬੩ ॥
ਜੇ ਕਰ ਤੂੰ ਰੱਬ ਨੂੰ ਮੰਨਣ ਵਾਲਾ ਹੈਂ,
ਤਾਂ ਮੇਰੇ ਇਸ ਕੰਮ ਵਿਚ ਢਿੱਲ ਨਾ ਕਰੀਂ ॥ ੬੪ ॥

ਗੁਰੂ ਸਾਹਿਬ ਨੇ ਬਾਦਸ਼ਾਹ ਦੇ ਸੁਨੇਹੇ ਦੇ ਉੱਤਰ ਵਿਚ ਦੀਨਾ ਪਿੰਡ ਦੇ ਲਾਗਿਉਂ, ਕਸਬਾ ਕਾਂਗੜਾ ਦੀ ਜੂਹ ਵਿਚੋਂ, ਜਿਥੇ ਪਿਛੋਂ ਪਿੰਡ ਦਿਆਲ ਪੁਰਾ ਭਾਈ ਕਾ ਵਸਿਆ ਅਤੇ ਹੁਣ ਗੁਰਦੁਆਰਾ ਜ਼ਫਰਨਾਮਾ ਸਾਹਿਬ ਬਣਿਆ ਹੈ, ਆਪਣਾ ਸੰਸਾਰ ਪ੍ਰਸਿਧ ਪੱਤ੍ਰ ਜ਼ਫਰਨਾਮਾ ਲਿਖ ਕੇ ਭਾਈ ਦਯਾ ਸਿੰਘ ਦੇ ਹੱਥ ਬਾਦਸ਼ਾਹ ਔਰੰਗਜ਼ੇਬ ਪਾਸ ਦੱਖਣ ਭੇਜਿਆ ਤਾਂ ਕਿ ਉਸ ਨੂੰ ਹਕੀਕਤ ਦਾ ਪਤਾ ਲਗ ਜਾਏ ਅਤੇ ਉਸ ਵਲੋਂ ਯੋਗ ਫ਼ਰਮਾਨ ਆ ਜਾਣ ਪਰ ਆਪ ਬਾਦਸ਼ਾਹ ਨੂੰ ਮਿਲਣ ਲਈ ਦੱਖਣ ਜਾ ਆਉਣ ।

ਪਰ ਭਾਈ ਦਯਾ ਸਿੰਘ ਜੀ ਦਾ ਦੱਖਣ ਵਿਚ ਅਹਿਮਦ ਨਗਰ ਦੇ ਅਸਥਾਨ ਤੋਂ ਬਾਦਸ਼ਾਹੀ ਲਸ਼ਕਰ ਵਿਚ ਜਾ ਕੇ ਆਪ ਬਾਦਸ਼ਾਹ ਨੂੰ ਮਿਲ ਸਕਣਾ ਅਤੇ ਪੱਤ੍ਰ ਪਹੁੰਚਾਉਣਾ ਕੋਈ ਸੌਖੀ ਗੱਲ ਨਹੀਂ ਸੀ । ਸੈਨਾਪਤਿ ਲਿਖਦਾ ਹੈ ਕਿ :

ਅਨਿਕ ਉਪਾਵ ਸਿੰਘ ਨੇ ਕਰੇ ।
ਛੰਦ ਬੰਦ ਕੁਝ ਨੇਕ ਨ ਸਰੇ ।
ਲਿਖੀ ਕਥਾ ਪ੍ਰਭ ਪਾਸ ਪਠਾਈ ।
ਦਯਾ ਕਰੋ ਇਮ ਹੋਹੁ ਸਹਾਈ ॥ ੨੬ ॥ ੫੭੦ ॥

ਭਾਈ ਦਯਾ ਸਿੰਘ ਵਲੋਂ ਇਸ ਭਾਵ ਦੀ ਚਿੱਠੀ ਪੁੱਜਣ ਪਰ ਗੁਰੂ ਸਾਹਿਬ ਨੂੰ ਉਸ ਦੀ ਮੁਸ਼ਕਲ ਦਾ ਪਤਾ ਲੱਗਾ । ਇਸ ਤਰ੍ਹਾਂ ਕਈ ਮਹੀਨੇ ਗੁਜ਼ਰ ਗਏ ਅਤੇ ਹੋਰ ਕੋਈ ਖਬਰ ਨਾ ਆਈ ਕਿ ਉਹ ਬਾਦਸ਼ਾਹ ਨੂੰ ਪੱਤ੍ਰ ਪਹੁੰਚਾ ਵੀ ਸਕੇ ਹਨ ਕਿ ਨਹੀਂ । ਇਸ ਵੇਲੇ ਔਰੰਗਜ਼ੇਬ ਦੀ ਉਮਰ ਨੱਵੇ ਵਰ੍ਹਿਆਂ ਦੀ ਹੋ ਰਹੀ ਸੀ ਅਤੇ ਉਸ ਦੀ ਬੀਮਾਰੀ ਦੀਆਂ ਖ਼ਬਰਾਂ ਭੀ ਉਡ ਰਹੀਆਂ ਸਨ, ਅਤੇ ਪਤਾ ਨਹੀਂ ਸੀ ਕਿ ਕਦ ਉਸ ਦੀ ਮੌਤ ਹੋ ਜਾਏ । ਗੁਰੂ ਸਾਹਿਬ ਨੇ ਚੂੰਕਿ ਬਾਦਸ਼ਾਹ ਨੂੰ ਮਿਲਨਾ ਪਰਵਾਨ ਕਰ ਲਿਆ ਹੋਇਆ ਸੀ ਅਤੇ ਕੇਵਲ ਉਸ ਦੇ ਫ਼ਰਮਾਨ ਦੀ ਹੀ ਉਡੀਕ ਕਰ ਰਹੇ ਸਨ, ਇਸ ਲਈ ਇਨ੍ਹਾਂ ਹਾਲਾਤ ਵਿਚ ਉਨ੍ਹਾਂ ਹੋਰ ਜ਼ਿਆਦਾ ਉਡੀਕ ਕਰਨ ਨਾਲੋਂ ਖੁਦ ਹੀ ਦੇਖਣ ਜਾ ਕੇ ਬਾਦਸ਼ਾਹ ਨਾਲ ਗੱਲ-ਬਾਤ ਕਰ ਲੈਣ ਦਾ ਮਨ ਬਣਾ ਲਿਆ । ਸੈਨਾਪਤਿ ਦੇ ਕਥਨ ਅਨੁਸਾਰ :

ਦਯਾ ਸਿੰਘ ਦੱਛਨ ਦਿਸਾ ਲਾਗੀ ਬਹੁਤ ਅਵਾਰ ।
ਸਿੰਘਨ ਕੋ ਸਾਹਿਬ ਕਹਿਓ ਸਬੈ ਹੋਹੁ ਤਈਯਾਰ ॥ ੧੪ : ੨-੫੯੭ ॥

ਗੁਰੂ ਸਾਹਿਬ ਨੇ ਦਮਦਮਾ ਸਾਹਿਬ ਤੋਂ ਕਤਕ ਸੁਦੀ ਪੰਜ ਸੰਮਤ ੧੭੬੩ (੩੦ ਅਕਤੂਬਰ, ਸਨ ੧੭੦੬ ਈ.) ਨੂੰ ਸਿਧੇ ਮਾਰਵਾੜ ਦੇ ਰਸਤੇ ਦੱਖਣ ਨੂੰ ਕੂਚ ਕੀਤਾ । ਇਸ ਤੋਂ ਦਸ ਕੁ ਦਿਨ ਪਹਿਲਾਂ ਆਪ ਨੇ ਆਮ ਰਵਾਜ ਅਨੁਸਾਰ ਅਗਲੇ ਪੜਾਵਾਂ ਪਰ ਟਿਕਾਣੇ ਲਈ ਅਗਾਊਂ ਤੰਬੂ ਅਤੇ ਵਹੀਰ ਭੇਜਣੀ ਸ਼ੁਰੂ ਕਰ ਦਿੱਤੀ ਸੀ ਅਤੇ ੨੦ ਕਤਕ (੨੧ ਅਕਤੂਬਰ, ਸਨ ੧੭੬੩) ਦੇ ਹੁਕਮਨਾਮੇ (੬੨) ਅਨੁਸਾਰ ਆਪ ਨੇ ਬੈਰਾੜਾਂ ਦੀ ਸੰਗਤ ਦੇ ਭਾਈ ਬੁਲਾਕੀ ਸਿੰਘ, ਭਾਈ ਬਾਜ ਸਿੰਘ, ਭਾਈ ਧਰਮ ਸਿੰਘ ਆਦਿ ਨੂੰ ਬਹਿਲਾਂ ਲਈ ਬਲਦ

ਭੇਜਣ ਵਾਸਤੇ ਫਰਮਾਇਸ਼ ਲਿਖ ਭੇਜੀ ਸੀ ਅਤੇ ਨਾਲ ਹੀ ਇਹ ਭੀ ਲਿਖਿਆ ਕਿ "ਅਸਾਂ ਦਖਣ ਨੋ ਕੂਚ ਕੀਤਾ ਹੈ ਜਿਨਿ ਸਿਖ ਸਾਡੇ ਨਾਲ ਚਲਣਾ ਹੋਇ ਤਿਨਿ ਹੁਕਮ ਦੇਖਦਿਆਂ ਹਜ਼ੂਰਿ ਆਵਣ।"

ਗੁਰੂ ਸਾਹਿਬ ਦੀ ਵਹੀਰ ਦੀ ਚੜ੍ਹਤ ਨੂੰ ਵੇਖ ਕੇ ਰਾਜਪੂਤਾਨੇ ਦੇ ਲੋਕਾਂ ਵਿਚ ਕੁਝ ਡਰ ਜਿਹਾ ਪੈ ਗਿਆ। ਇਹ ਲੋਕ ਗੁਰੂ ਜੀ ਦੇ ਵਹੀਰ ਸਮੇਤ ਵਿਚਰਨ ਦੇ ਆਸ਼ੇ ਤੋਂ ਜਾਣੂ ਨਹੀਂ ਸਨ। ਉਨ੍ਹਾਂ ਨੂੰ ਤਾਂ ਬਾਦਸ਼ਾਹੀ ਲਸ਼ਕਰ ਜਾਂ ਰਾਜਿਆਂ ਦੀ ਸੈਨਾ ਦੀਆਂ ਦੜ੍ਹਾਈਆਂ ਅਤੇ ਮੁਹਿੰਮਾਂ ਦਾ ਹੀ ਤਜਰਬਾ ਸੀ ਜਦੋਂ ਕਿ ਪਿੰਡਾਂ ਦੇ ਪਿੰਡ ਲੁਟ ਲਏ ਜਾਂਦੇ ਸਨ। ਇਸ ਲਈ ਉਨ੍ਹਾਂ ਦਾ ਡਰ ਕੁਦਰਤੀ ਸੀ। ਆਪਣੇ ਪੁਰਾਣੇ ਰਵਾਜ ਅਨੁਸਾਰ ਉਹ ਡਰਦੇ ਮਾਰੇ ਜਾਂ ਤਾਂ ਘਰ ਘਾਟ ਛਡ ਕੇ ਭੱਜ ਨਿਕਲਦੇ ਸਨ ਜਾਂ ਆਪਣੀਆਂ ਗੜ੍ਹੀਆਂ, ਹਵੇਲੀਆਂ ਅਤੇ ਘਰਾਂ ਦੇ ਦਰਵਾਜ਼ੇ ਬੰਦ ਕਰ ਕੇ ਅੰਦਰ ਲੁਕ ਜਾਂਦੇ ਸਨ, ਜਿਸ ਦਾ ਨਤੀਜਾ ਇਹ ਹੁੰਦਾ ਸੀ ਕਿ ਵਹੀਰਾਂ ਦੇ ਲੋਕ ਖਾਣੇ ਦਾਣੇ ਤੋਂ ਤੰਗ ਹੋ ਕੇ ਅੱਗੇ ਨਿਕਲ ਜਾਂਦੇ ਸਨ ਜਾਂ ਕੋਈ ਭੀ ਹੋਰ ਪ੍ਰਬੰਧ ਨਾ ਹੁੰਦਾ ਦੇਖ ਕੇ ਲੋਕਾਂ ਦੇ ਪਿੰਡ ਜਾਂ ਘਰ ਲੁਟ ਲੈਂਦੇ ਸਨ। ਇਸ ਕਰਕੇ ਕਈ ਵਾਰੀ ਪਿੰਡਾਂ ਅਤੇ ਵਹੀਰ ਵਾਲਿਆਂ ਵਿਚ ਲੜਾਈ ਭੀ ਹੋ ਪੈਂਦੀ ਸੀ ਅਤੇ ਦੋਹਾਂ ਪਾਸਿਆਂ ਦਾ ਜਾਨੀ ਨੁਕਸਾਨ ਹੋ ਜਾਂਦਾ ਸੀ। ਅਜਿਹੇ ਹਾਲਾਤ ਵਿਚ ਭੁਲੇਖੇ ਵਿਚ ਗੁਰੂ ਕੀ ਵਹੀਰ ਨਾਲ ਭੀ ਕਿਧਰੇ ਕਿਧਰੇ ਹੋਈਆਂ ਝੜਪਾਂ ਦਾ ਜ਼ਿਕਰ ਸ੍ਰੀ ਗੁਰ-ਸੋਭਾ ਦੇ ਚੌਧਵੇਂ, ਸੋਲ੍ਹਵੇਂ ਅਤੇ ਸਤਾਰ੍ਹਵੇਂ ਧਿਆਵਾਂ ਵਿਚ ਆਇਆ ਹੈ ਜੋ ਕੇਵਲ ਫੋਕੇ ਡਰ ਜਾਂ ਦਾਣੇ ਪੱਠੇ ਤੋਂ ਹੋਏ ਤਕਰਾਰ ਦਾ ਨਤੀਜਾ ਸਨ।

### ਵਿਆਹ ਦਾ ਜ਼ਿਕਰ

ਜਿਸ ਵੇਲੇ ਗੁਰੂ ਸਾਹਿਬ ਕੂਚ ਕਰਦੇ ਰਾਜਪੂਤਾਂ ਦੇ ਦੇਸ ਵਿਚ ਪੁੱਜੇ ਤਾਂ ਕਈ ਰਾਜੇ ਅਤੇ ਸੂਰਬੀਰ ਆਪ ਦੇ ਦਰਸ਼ਨਾਂ ਨੂੰ ਆਏ। ਇੱਥੇ ਕੁਝ ਸਿੱਖਾਂ ਦੇ ਮਨ ਵਿਚ ਖਿਆਲ ਪੈਦਾ ਹੋਇਆ ਕਿ ਗੁਰੂ ਜੀ ਨੂੰ ਵਿਆਹ ਕਰ ਕੇ ਹੀ ਇੱਥੋਂ ਅੱਗੇ ਜਾਣਾ ਚਾਹੀਦਾ ਹੈ। ਇਹ ਖਿਆਲ ਵੀਹ ਵਿਸਵੇ ਇਸ ਕਰਕੇ ਆਇਆ ਜਾਪਦਾ ਹੈ ਕਿ ਆਪ ਦੇ ਨਾਲ ਮਾਤਾ ਸਾਹਿਬ ਦੇਵੀ ਜੀ ਦਾ ਡੋਲਾ ਭੀ ਜਾ ਰਿਹਾ ਸੀ ਜੋ ਆਮ ਲੋਕਾਂ ਵਿਚ 'ਕੁਆਰਾ ਡੋਲਾ' ਕਰਕੇ ਪਰਸਿੱਧ ਸੀ।

ਖਾਲਸਾ ਸਾਜਨ ਤੋਂ ਬਾਦ ਗੁਰੂ ਸਾਹਿਬ ਨੇ ਬ੍ਰਹਮਚਰਜ ਧਾਰਨ ਕਰ ਲਿਆ ਸੀ। ਇਸ ਲਈ ਸੰਮਤ ੧੭੫੭-੧੭੫੮ ਵਿਚ ਜਦ ਰੁਹਤਾਸ ਦੀ ਸੰਗਤ ਨਾਲ ਸਾਹਿਬ ਦੇਵੀ ਜੀ ਦੇ ਪਿਤਾ ਨੇ ਦਰਸ਼ਨ ਲਈ ਆਨੰਦਪੁਰ ਆ ਕੇ ਗੁਰੂ ਸਾਹਿਬ ਜੀ ਦੀ ਸੇਵਾ ਵਿਚ ਇਸ ਕੰਨਿਆਂ ਨੂੰ ਅੰਗੀਕਾਰ ਕਰਨ ਲਈ ਬੇਨਤੀ ਕੀਤੀ ਤਾਂ ਆਪ ਨੇ ਉੱਤਰ ਵਿਚ ਫੁਰਮਾਇਆ ਕਿ ਮੈਂ ਚੂੰਕਿ ਬ੍ਰਹਮਚਰਜ ਧਾਰਨ ਕੀਤਾ ਹੋਇਆ ਹੈ ਇਸ ਲਈ ਇਹ ਗੱਲ ਸਿਰੇ ਚੜ੍ਹ ਸਕਣੀ ਔਖੀ ਹੈ। ਇਸ ਉੱਤਰ ਨੇ ਸਾਹਿਬ ਦੇਵੀ ਜੀ ਦੇ ਪਿਤਾ ਭਾਈ ਰਾਮੂ ਨੂੰ ਦੁਚਿੱਤੀ ਵਿਚ ਪਾ ਦਿੱਤਾ ਅਤੇ ਉਸ ਨੇ ਆਪਣੀ ਮੁਸ਼ਕਲ ਦਾ ਜ਼ਿਕਰ ਕਰਦੇ ਹੋਏ ਬੇਨਤੀ ਕੀਤੀ ਕਿ ਜਦ ਤੋਂ ਅਸੀਂ ਇਹ ਕਿਹਾ ਹੈ ਕਿ ਇਸ ਦਾ ਵਿਵਾਹ ਹਜ਼ੂਰ ਨਾਲ ਕਰਨਾ ਹੈ, ਸਾਡੇ ਇਲਾਕੇ ਵਿਚ ਸਾਰੇ ਲੋਕ ਇਸ ਨੂੰ 'ਮਾਤਾ' ਦੀ ਭਾਵਨਾ ਨਾਲ ਵੇਖਦੇ

ਹਨ ਅਤੇ ਹੁਣ ਇਸ ਨੂੰ ਵਿਆਹ ਲਈ ਕੋਈ ਅੰਗੀਕਾਰ ਨਹੀਂ ਕਰੇਗਾ। ਇਸ ਤਰ੍ਹਾਂ ਇਹ ਕੰਨਿਆ ਹੁਣ ਮੇਰੇ ਘਰ ਕੰਵਾਰੀ ਰਹੇਗੀ ਅਤੇ ਇਸ ਨਾਲ ਸਾਰਿਆਂ ਨੂੰ ਸਦਾ ਲਈ ਕਲੇਸ਼ ਰਹੇਗਾ। ਤੁਸੀਂ ਘਟ ਘਟ ਦੇ ਅੰਤਰਜਾਮੀ ਹੋ, ਸਾਡੇ ਦਿਲ ਦੇ ਪ੍ਰੇਮ-ਭਾਉ ਦੀ ਪਰਖ ਕਰਕੇ ਇਸ ਨੂੰ ਆਪਣੀ ਸੇਵਾ ਵਿਚ ਲਾਉਣ ਦੀ ਕਿਰਪਾਲਤਾ ਕਰੋ। ਇਸ ਪਰ ਸਤਿਗੁਰੂ ਨੇ ਫੁਰਮਾਇਆ ਕਿ ਅੱਛਾ ਇਹ ਕੁਆਰੇ ਡੋਲੇ ਦੀ ਹੈਸੀਅਤ ਵਿਚ ਰਹਿ ਕੇ ਗੁਰੂ ਘਰ ਦੀ ਸੇਵਾ ਕਰੇ, ਅਤੇ ਇਸ ਨੂੰ ਮਾਤਾ ਗੁਜਰੀ (ਗੁਰੂ ਸਾਹਿਬ ਦੀ ਮਾਤਾ) ਜੀ ਪਾਸ ਭੇਜ ਦਿੱਤਾ। ਕੁਝ ਚਿਰ ਬਾਦ ਇਕ ਵਾਰੀ ਜਦ ਇਨ੍ਹਾਂ ਨੇ ਇਕ ਪੁੱਤਰ ਦੀ ਇੱਛਾ ਪਰਗਟ ਕੀਤੀ ਤਾਂ ਗੁਰੂ ਸਾਹਿਬ ਨੇ ਪ੍ਰਸੰਨ ਹੋ ਕੇ ਕਿਹਾ ਤੂੰ ਤਾਂ ਇਕ ਪੁੱਤਰ ਦਾ ਮਨੋਰਥ ਕੀਤਾ ਹੈ, ਇਹ ਸਾਰਾ ਖਾਲਸਾ ਹੀ ਤੇਰਾ ਪੁੱਤਰ ਹੋਇਗਾ, ਮੈਂ ਇਨ੍ਹਾਂ ਨੂੰ ਤੇਰੀ ਗੋਦ ਪਾ ਦਿੱਤਾ ਹੈ ਇਸ ਤਰ੍ਹਾਂ ਮਾਤਾ ਸਾਹਿਬ ਦੇਵੀ ਜੀ 'ਕੁਆਰਾ ਡੋਲਾ' ਕਰਕੇ ਪਰਸਿੱਧ ਚਲੇ ਆ ਰਹੇ ਸਨ।*
[ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰੁਤ ਪੰਚਮ, ਅੰਸੂ ੧, ਅੰਕ ੧੦-੪੪; ਭਾਈ ਵੀਰ ਸਿੰਘ ਸੰਪਾਦਿਤ, ਪਹਿਲੀ ਵਾਰ, ਜਿਲਦ ੧੩, ਪੰਨਾ ੫੪੦੪-੬ ਮੈਕਾਲਿਫ਼, ਸਿਖ ਰਿਲਿਜਨ, ਜਿਲਦ ੫, ਪੰਨਾ ੧੪੩-੪੪]।

ਭਾਈ ਰਾਮੂ ਦੇ ਮਾਨਸਕ ਭਾਵਾਂ ਅਤੇ ਪ੍ਰਾਚੀਨ ਪਰਮਪਰਾਂ ਨਾਲ ਚਲੀ ਆ ਰਹੀ ਦੇਸ ਦੀ ਸਭਿਅਤਾ ਦੀ ਕਦਰ ਕੀਮਤ ਨੂੰ ਦਿਲ ਦੀ ਜਿਸ ਸੂੱਛ ਅਤੇ ਉੱਚ ਕੋਮਲਤਾ ਨਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਵਿਚਾਰ ਦੀ ਪਾਲਨਾ ਦੇ ਨਾਲੋ ਨਾਲ ਨਿਭਾਇਆ ਉਹ ਇਕ ਅਸਾਧਾਰਣ ਅਤੇ ਅਨੂਠੀ ਗੱਲ ਸੀ ਜਿਸ ਦੀ ਰੂਹਾਨੀ ਅਤੇ ਧਾਰਮਕ ਉੱਚਤਾ ਨੂੰ ਆਮ ਸੰਸਾਰੀ ਲੋਕ ਨਹੀਂ ਸਨ ਸਮਝ ਸਕਦੇ। ਇਹ ਉਨ੍ਹਾਂ ਦੇ ਅਨੁਭਵ ਤੋਂ ਪਰੇ ਸੀ। ਇਸੇ ਸੰਸਾਰੀ ਦ੍ਰਿਸ਼ਟੀਕੋਨ ਤੋਂ ਕੁਝ ਸਿੱਖਾਂ ਨੇ ਗੁਰੂ ਸਾਹਿਬ ਦੀ ਸੇਵਾ ਵਿਚ ਪ੍ਰਾਰਥਨਾ ਕੀਤੀ ਕਿ ਵਿਵਾਹ ਦੀ ਰੀਤਿ ਨੂੰ ਪੂਰਾ ਕਰ ਲੈਣ, ਜੋ ਕਵਿ ਸੈਨਾਪਤਿ ਅਨੁਸਾਰ ਓਥੇ ਹੋ ਗਈ (੧੪ : ੧੫-੧੭=੬੧੦-੧੨)। ਇਸ ਨੂੰ ਕਿਸੇ ਹੋਰ ਵਿਵਾਹ ਦਾ ਨਾਉਂ ਦੇਣਾ ਇਤਿਹਾਸ ਵਿਰੁਧ ਗੱਲ ਹੋਵੇਗੀ। ਇਸੇ ਕਰਕੇ ਸੂਰਜ ਪ੍ਰਕਾਸ਼ ਵਿਚ ਇਸ ਦਾ ਕੋਈ ਜ਼ਿਕਰ ਨਹੀਂ।

*ਸਾਹਿਬ ਦੇਵੀ ਜੀ ਦੇ ਪਿਤਾ ਭਾਈ ਰਮੂ ਨੂੰ ਇਸ ਦਾ ਵਿਵਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਕਰਨ ਦਾ ਖਿਆਲ ਉਸ ਵਕਤ ਪੈਦਾ ਹੋਇਆ ਜਾਪਦਾ ਹੈ ਜਦੋਂ ਕਿ ਸੰਮਤ ੧੭੫੭ ਵਿਚ ਗੁਰੂ ਜੀ ਦੇ ਪਹਿਲੇ ਮਹਿਲ ਮਾਤਾ ਜੀਤੋ ਜੀ ਦਾ ਦੇਹਾਂਤ ਹੋ ਗਿਆ। ਭਾਈ ਕੇਸਰ ਸਿੰਘ ਦੀ ਰਚਿਤ ਗੁਰਪ੍ਰਨਾਲੀ ਵਿਚ ਲਿਖਿਆ ਹੋਇਆ ਹੈ :

ਕਈ ਸਾਲ ਪਿਛੇ ਮਾਤਾ ਜੀਤੋ ਜੀ ਦਾ ਅਸਵਾਰਾ ਹੋ ਗਿਆ, ਸੰਮਤ ੧੭੫੭, ਪੋਹ ੬, ਦਿਨ ਸੋਮਵਾਰ ਡੂਢ ਪਹਿਰ ਦਿਨ ਚੜ੍ਹੇ। ਫਿਰ ਰਿਖਰਾਮਾਂ ਰਉਤਾਸੋਂ ਡੋਲਾ ਆਂਦਾ। ਸੰਮਤ ੧੭੫੮ ਸਾਵਨ ਦਿਨ ੫ ਮਾਤਾ ਸਾਹਿਬ ਦੇਵੀ ਜੀ ਆਈ। ਸੋ ਹਜ਼ੂਰ ਕੁਆਰਾ ਡੋਲਾ ਰਹਿਆ ਮਹਿਲ ਤੀਸਰਾ [ਗੁਰ ਪ੍ਰਣਾਲੀਆਂ, ਪੰਨਾ ੧੦-੧੧]।

ਭਾਈ ਗੁਲਾਬ ਸਿੰਘ ਜੀ ਗੁਰ ਪ੍ਰਣਾਲੀ ਅਤੇ ਗੁਰ ਪ੍ਰਣਾਲਿਕਾ ਵਿਚ ਭੀ ਮਾਤਾ ਜੀਤੋ ਦਾ ਦੇਹਾਂਤ ੭ ਪੋਹ ਸੰਮਤ ੧੭੫੭ ਨੂੰ ਅਤੇ ਮਾਤਾ ਸਾਹਿਬ ਦੇਵੀ ਦਾ ਆਉਣਾ ਸੰਮਤ ੧੭੫੮ ਨੂੰ ਲਿਖਿਆ ਹੋਇਆ ਹੈ [ਗੁਰ ਪ੍ਰਣਾਲੀਆਂ ਪੰਨਾ ੫੫-੫੭: ੧੧੩-੧੪]।

## ਭਾਈ ਦਯਾ ਸਿੰਘ ਦੀ ਦੱਖਣੋਂ ਵਾਪਸੀ

ਬਾਦਸ਼ਾਹ ਔਰੰਗਜ਼ੇਬ ਦਾ ਦੇਹਾਂਤ

ਸੂਰਜ ਪ੍ਰਕਾਸ਼ ਅਨੁਸਾਰ ਜਦੋਂ ਗੁਰੂ ਜੀ ਕੁਲਾਯਤ ਦੇ ਅਸਥਾਨ ਪਰ ਪੁੱਜੇ ਤਾਂ ਦੱਖਣ ਵਲੋਂ ਮੁੜਦਾ ਹੋਇਆ ਭਾਈ ਦਯਾ ਸਿਘ ਉਨ੍ਹਾਂ ਨੂੰ ਆ ਮਿਲਿਆ । ਗੁਰੂ ਜੀ ਨੂੰ ਆਪਣੀਆਂ ਮੁਸ਼ਕਲਾਂ ਸੰਬੰਧੀ ਚਿਠੀ ਲਿਖਣ ਤੋਂ ਕੁਝ ਚਿਰ ਬਾਦ ਦਯਾ ਸਿਘ ਜੀ ਦੇ ਜਤਨ ਸਫਲ ਹੋ ਗਏ ਸਨ ਅਤੇ ਉਨ੍ਹਾਂ ਨੇ ਗੁਰੂ ਸਾਹਿਬ ਦਾ ਪੱਤਰ ਜ਼ਫਰਨਾਮਾ ਬਾਦਸ਼ਾਹ ਔਰੰਗਜ਼ੇਬ ਨੂੰ ਪਹੁੰਚਾ ਦਿੱਤਾ ਸੀ । ਇਸ ਦੇ ਉੱਤਰ ਵਿਚ ਬਾਦਸ਼ਾਹ ਨੇ ਗੁਰੂ ਜੀ ਦੀ ਇੱਛਾ ਅਨੁਸਾਰ ਉਨ੍ਹਾਂ ਦੇ ਨਾਉਂ ਦੱਖਣ ਵਿਚ ਦਰਸ਼ਨ ਦੇਣ ਲਈ ਫ਼ਰਮਾਨ ਜਾਰੀ ਕਰਕੇ ਉਨ੍ਹਾਂ ਪਾਸ ਪਹੁੰਚਾਉਣ ਲਈ ਲਾਹੌਰ ਦੇ ਨਾਇਬ ਸੂਬੇਦਾਰ ਵਜ਼ਾਰਤ-ਪਨਾਹ ਮੁਨਾਇਮ ਖ਼ਾਨ ਵਲੋਂ ਮੁਹੰਮਦ ਬੇਗ ਗੁਰਜ਼-ਬਰਦਾਰ ਅਤੇ ਸ਼ੇਖ ਯਾਰ ਮੁਹੰਮਦ ਮਨਸਬਦਾਰ ਭਾਈ ਦਯਾ ਸਿੰਘ ਦੇ ਨਾਲ ਹੀ ਭੇਜ ਦਿੱਤੇ । ਬਾਦਸ਼ਾਹ ਨੇ ਮੁਨਾਇਮ ਖ਼ਾਨ ਨੂੰ ਲਿਖਿਆ ਕਿ ਉਹ ਗੁਰੂ ਸਾਹਿਬ ਨੂੰ ਹਰ ਪ੍ਰਕਾਰ ਦੀ ਤਸੱਲੀ ਦੇ ਕੇ ਬਾਦਸ਼ਾਹ ਵਲ ਦੱਖਣ ਭੇਜ ਦੇਵੇ ਅਤੇ ਜੇ ਗੁਰੂ ਜੀ ਦੇ ਮਨ ਵਿਚ ਜਾਂ ਖੁਲ੍ਹੇ ਤੌਰ ਤੇ ਕੋਈ ਭਰਮ ਜਾਂ ਸ਼ਕ ਹੋਵੇ ਤਾਂ ਉਹ ਨਵਿਰਤ ਕਰ ਦੇਵੇ ਅਤੇ ਜੇ ਉਹ ਰਾਹ ਦੇ ਖਰਚ ਲਈ ਮੰਗ ਕਰਨ ਤਾਂ ਉਸ ਮਾਲ ਵਿਚੋਂ, ਜੋ ਉਨ੍ਹਾਂ ਦਾ ਫੜਿਆ ਹੋਇਆ ਹੈ, ਲੋੜ ਅਨੁਸਾਰ ਨਕਦ ਦੇ ਦੇਵੇ [ਇਨਾਇਤੁੱਲਾ ਖ਼ਾਨ ਇਸਮੀ, ਅਹਿਕਾਮਿ ਆਲਿਮਗੀਰੀ] । ਭਾਈ ਦਯਾ ਸਿਘ ਨੇ ਗੁਰੂ ਜੀ ਨੂੰ ਸਾਰੀ ਗੱਲ ਆ ਦੱਸੀ ਕਿ ਸ਼ਾਹੀ ਗੁਰਜ਼-ਬਰਦਾਰ ਉਸ ਦੇ ਨਾਲ ਹੀ ਆਏ ਸਨ ਅਤੇ ਉਹ ਤਾਂ ਦਿੱਲੀ ਵਲ ਨੂੰ ਚਲੇ ਗਏ ਅਤੇ ਮੈਂ ਹਜ਼ੂਰ ਦੇ ਇਧਰ ਆ ਜਾਣ ਦੀ ਸੋ ਸੁਣ ਕੇ ਦਰਸ਼ਨ ਲਈ ਇੱਥੇ ਆ ਗਿਆ ਹਾਂ (ਛੰਦ ੬੧੩) । ਇਨ੍ਹਾਂ ਦਿਨਾਂ ਵਿਚ ਹੀ ਖਬਰ ਮਿਲ ਗਈ ਕਿ ੨੮ ਜ਼ੀ-ਕਦਾ ੧੧੧੮ ਹਿਜਰੀ (੨੦ ਫਰਵਰੀ, ਸਨ ੧੭੦੭ ਈ.) ਨੂੰ ਅਹਿਮਦ ਨਗਰ ਵਿਚ ਬਾਦਸ਼ਾਹ ਦਾ ਦਿਹਾਂਤ ਹੋ ਗਿਆ ।* ਹੁਣ ਚੂੰਕਿ ਗੁਰੂ ਸਾਹਿਬ ਦਾ ਹੋਰ ਅੱਗੇ ਦੱਖਣ ਨੂੰ ਜਾਣ ਦਾ ਕੋਈ ਪਰਯੋਜਨ ਨਹੀਂ ਸੀ ਰਿਹਾ, ਇਸ ਲਈ ਉਹ ਉਥੋਂ ਹੀ ਪਿੱਛੇ ਪੰਜਾਬ ਵਲ ਨੂੰ ਮੁੜ ਪਏ ।

ਜਦ ਬਘੌਰ ਸ਼ਹਿਰ ਦੇ ਲਾਗੇ ਪੁੱਜੇ ਤਾਂ ਗੁਰੂ ਜੀ ਦੀ ਵਹੀਰ ਨੂੰ ਦੇਖ ਕੇ ਲੋਕ ਡਰ

---

*ਸੈਨਾਪਤਿ ਔਰੰਗਜ਼ੇਬ ਦੇ ਅਹਿਮਦ ਨਗਰ ਵਿਚ ਕਿਆਮ ਅਤੇ ਮੌਤ ਦਾ ਠੀਕ ਪਤਾ ਦਿੰਦਾ ਹੋਇਆ ਕਹਿੰਦਾ ਹੈ :

ਅਹਿਮਦ ਨਗਰ ਅਜਬ ਇਕ ਥਾਨਾ ।
ਨਉਰੰਗ ਸ਼ਾਹ ਤਹਾਂ ਠਹਰਾਨਾ ।
ਤੇਰਹ ਮਾਸ ਤਹਿ ਭ੍ਰਮ ਰਹਿਓ ।
ਪਾਯੋ ਕਾਲ ਕਾਲ ਬਸਿ ਭਯੋ ॥ ੧੫ : ੨=੬੭੩ ॥

ਔਰੰਗਜ਼ੇਬ ੧੬ ਸ਼ੱਵਾਲ, ੧੧੧੭ ਹਿ. (੨੦ ਜਨਵਰੀ, ੧੭੦੬ ਈ.) ਨੂੰ ਅਹਿਮਦ ਨਗਰ ਪੁੱਜਾ ਸੀ ਅਤੇ ੨੮ ਜ਼ੀ-ਕਦਾ, ੧੧੧੮ ਹਿ. (੨੦ ਫਰਵਰੀ ੧੭੦੭ ਈ:) ਨੂੰ ਉਸਦਾ ਇਥੇ ਦੇਹਾਂਤ ਹੋਇਆ [ਜਾਦੂ ਨਾਥ ਸਰਕਾਰ, ਮੁਆਸਿਰਿ ਆਲਮਗੀਰੀ, ੩੦੮-੦੯: ਸ਼ੌਰਟ ਹਿਸਟਰੀ ਔਫ ਔਰੰਗਜ਼ੇਬ, ੪੭੨] ।

ਗਏ ਅਤੇ ਝਗੜੇ ਦਾ ਖਤਰਾ ਖੜਾ ਹੋ ਗਿਆ, ਫੇਰ ਉਨ੍ਹਾਂ ਦੇ ਕੁਝ ਬਿਰਛਾਂ ਨੂੰ ਪੈ ਜਾਣ ਨਾਲ ਨਿਗੂਣੀ ਜਿਹੀ ਗੱਲ ਤੋਂ ਬਖੇੜਾ ਵਧ ਗਿਆ ਜਿਸ ਵਿਚ ਉਥੋਂ ਦੇ ਦੋ ਭੂਮੀਏ (ਜ਼ਿਮੀਦਾਰ) ਸਰਦਾਰ ਮਾਰੇ ਗਏ ਜਿਨ੍ਹਾਂ ਦੇ ਨਾਉਂ ਮਹਾਨੰਦ ਅਤੇ ਮੱਖਰਾ ਹੋਣ ਦੀ ਟੋਹ ਮਿਲਦੀ ਹੈ ਜੋ ਭਟ ਬਹੀ ਅਨੁਸਾਰ ੨੧ ਚੇਤ ਸੰਮਤ ੧੭੬੩ ਬਿ. (੧੯ ਮਾਰਚ ਸਨ ੧੭੦੭ ਈ.) ਨੂੰ ਮਰੇ ਦਸੀਦੇ ਹਨ। ਬਖੇੜੇ ਦੇ ਅੰਤ ਵਿਚ ਸੈਨਾਪਤਿ ਲਿਖਦਾ ਹੈ :

ਭਜੀ ਫੌਜ ਬਾਘਉਰ ਕੋ ਮਾਰਿ ਲਏ ਸਿਰਦਾਰ।
ਕੂਚ ਜਹਾਨਬਾਦ ਕੋ ਕਰਿ ਦੀਨੇ ਕਰਤਾਰਿ ॥ ੭੫ ॥ ੬੭੦ ॥

## ਬਹਾਦੁਰ ਸ਼ਾਹ ਦੀ ਸਹਾਇਤਾ

ਬਾਦਸ਼ਾਹ ਔਰੰਗਜ਼ੇਬ ਦੀ ਮੌਤ ਦੀ ਖਬਰ ਸ਼ਾਹਜ਼ਾਦਾ ਮੁਅੱਜ਼ਮ ਨੂੰ ਦੱਰਾ ਖ਼ੈਬਰ ਪਾਸ ਪਿਸ਼ਾਵਰ ਤੋਂ ੧੦-੧੧ ਮੀਲ ਦੀ ਵਿਥ ਪਰ ਜਮਰੂਦ ਪੁੱਜੀ। ਉਧਰ ਦੱਖਣ ਵਿਚ ਇਸ ਦੇ ਛੋਟੇ ਭਰਾ ਮੁਹੰਮਦ ਆਜ਼ਮ ਨੇ ਪਿਉ ਦੀ ਮੌਤ ਦਾ ਪਤਾ ਲਗਦੇ ਸਾਰ ਆਪਣੇ ਬਾਦਸ਼ਾਹ ਹੋ ਜਾਣ ਦਾ ਐਲਾਨ ਕਰ ਦਿੱਤਾ ਅਤੇ ਬਹੁਤ ਸਾਰੇ ਅਮੀਰ ਅਹਿਲਕਾਰ ਉਸ ਨਾਲ ਰਲ ਗਏ। ਅਜਿਹੇ ਹਾਲਾਤ ਵਿਚ ਮੁਅੱਜ਼ਮ ਨੂੰ ਸੀ ਕਿ ਬਾਦਸ਼ਾਹ ਉਹ ਹੀ ਬਣ ਸਕੇਗਾ ਜੋ ਪਹਿਲਾਂ ਦਿੱਲੀ ਅਤੇ ਆਗਰੇ ਉਤੇ ਕਬਜ਼ਾ ਕਰ ਪਤਾ ਲਏਗਾ। ਇਸ ਲਈ ਉਹ ਵਾਹੋ ਦਾਹੀ ਇਧਰ ਨੂੰ ਭੱਜਾ ਅਤੇ ੨੦ ਮਈ ਸਨ ੧੭੦੭ ਨੂੰ ਦਿੱਲੀ ਪੁੱਜ ਗਿਆ। ਗੁਰੂ ਗੋਬਿੰਦ ਸਿੰਘ ਭੀ ਇਤਨੇ ਨੂੰ ਓਥੇ ਪੁਜ ਚੁੱਕੇ ਹੋਏ ਸਨ। ਇਹ ਸੁਣ ਕੇ ਉਸ ਨੇ ਗੁਰੂ ਸਾਹਿਬ ਨੂੰ ਬੇਨਤੀ ਲਿਖ ਭੇਜੀ ਕਿ ਸੁਲਤਾਨੀ ਜੰਗ ਵਿਚ ਮੇਰੀ ਸਹਾਇਤਾ ਕਰੋ [ਸ੍ਰੀ ਗੁਰ ਸੋਭਾ, ੬੭੮-੭੯] ਲਿਖਤੀ ਪੋਥੀ 'ਬਹਾਦੁਰ ਸ਼ਾਹ ਕੇ ਮੁਲਾਕਾਤ ਕਾ ਪ੍ਰਸੰਗ' ਵਿਚ ਲਿਖਿਆ ਹੋਇਆ ਹੈ ਕਿ ਸ਼ਾਹਜ਼ਾਦਾ ਮੁਅੱਜ਼ਮ, ਜਿਸ ਨੇ ਕਿ ਇਸ ਵੇਲੇ ਬਹਾਦੁਰ ਸ਼ਾਹ ਦੇ ਖਿਤਾਬ ਨਾਲ ਆਪਣੇ ਬਾਦਸ਼ਾਹ ਹੋਣ ਦੀ ਘੋਸ਼ਣਾ ਕਰ ਦਿੱਤੀ ਹੋਈ ਸੀ, ਖੁਦ ਗੁਰੂ ਸਾਹਿਬ ਨੂੰ ਮਿਲਣ ਆਇਆ।* ਗੁਰੂ ਸਾਹਿਬ ਨੇ ਉਸ ਨੂੰ ਦਿਲਾਸਾ ਦਿੱਤਾ ਅਤੇ ਆਪਣੀ ਵਲੋਂ ਇਕ ਸਿਖ ਕੁਲਦੀਪਕ ਸਿੰਘ ਨੂੰ ਉਸ ਪਾਸ ਰਹਿਣ ਲਈ ਭੇਜਿਆ ਜੋ ਜਾਜਉ ਦੇ ਜੁੱਧ ਦੇ ਅੰਤ ਤੱਕ ਓਥੇ ਟਿਕਿਆ ਰਿਹਾ।

ਬਹਾਦਰ ਸ਼ਾਹ ਨੂੰ ਗੁਰੂ ਸਾਹਿਬ ਪਾਸ ਕੋਈ ਵੱਡੀ ਸਿਖ ਫੌਜ ਹੋਣ ਕਰਕੇ ਸਹਾਇਤਾ ਨਹੀਂ ਸੀ ਮੰਗੀ ਜਾਪਦੀ। ਉਨ੍ਹਾਂ ਪਾਸ ਉਸ ਵੇਲੇ ਸਾਰੇ ਦੋ ਤਿੰਨ ਸੌ ਨੇਜ਼ਦਾਰ ਘੋੜ-ਚੜ੍ਹੇ ਅਤੇ ਪਿਆਦੇ ਸਨ। ਇਹ ਜਾਚਨਾ ਗੁਰੂ ਸਾਹਿਬ ਦੀ ਰੂਹਾਨੀ ਉੱਚਤਾ ਅਤੇ ਧਾਰਮਕ ਪੋਜ਼ੀਸ਼ਨ ਕਰਕੇ ਹੀ ਕੀਤੀ ਦਿਸਦੀ ਹੈ। ਹੋਰ ਕੋਈ ਆਮ ਸੰਸਾਰੀ ਰਾਜਸੀ ਬੰਦਾ ਹੁੰਦਾ, ਤਾਂ ਅਜਿਹੇ ਆਦਮੀ ਦੀ ਸਹਾਇਤਾ ਦੀ ਕਦੀ ਭੀ ਹਾਮੀ ਨਾ ਭਰਦਾ ਜਿਸ ਦੇ ਕਿ ਪਿਤਾ, ਬਾਬੇ ਅਤੇ ਪੜਦਾਦੇ ਨੇ ਉਸ ਦੇ ਪਿਤਾ, ਦਾਦੇ ਅਤੇ ਪੜਦਾਦੇ ਨੂੰ ਇਸ ਤਰ੍ਹਾਂ ਤਕਲੀਫਾਂ ਦਿੱਤੀਆਂ ਹੋਈਆਂ ਸਨ ਜਿਵੇਂ ਕਿ ਔਰੰਗਜ਼ੇਬ, ਸ਼ਾਹਜਹਾਨ ਅਤੇ ਜਹਾਂਗੀਰ ਬਾਦਸ਼ਾਹਾਂ ਨੇ ਗੁਰੂ ਤੇਗ ਬਹਾਦੁਰ ਅਤੇ ਗੁਰੂ ਅਰਜਨ ਨੂੰ ਸ਼ਹੀਦ ਕੀਤਾ ਸੀ ਅਤੇ ਗੁਰੂ ਹਰਿ

---

*ਬਾਦਸ਼ਾਹ ਦੇ ਦਿੱਲੀ ਖੁਦ ਗੁਰੂ ਸਾਹਿਬ ਨੂੰ ਮਿਲਣ ਆਣ ਦੀ ਗੱਲ ਹੋਰ ਕਿਧਰੇ ਲਿਖੀ ਹੋਈ ਨਹੀਂ ਮਿਲੀ।

ਗੋਬਿੰਦ, ਗੁਰੂ ਹਰਿ ਰਾਇ ਅਤੇ ਗੁਰੂ ਹਰਿ ਕ੍ਰਿਸ਼ਨ ਨੂੰ ਔਖਿਆਂ ਕੀਤਾ ਸੀ ਅਤੇ ਖ਼ੁਦ ਗੁਰੂ ਗੋਬਿੰਦ ਸਿੰਘ ਨੂੰ ਆਪਣਾ ਘਰ ਘਾਟ ਤਿਆਗ ਕਰਨ ਪਰ ਮਜਬੂਰ ਕੀਤਾ ਹੋਇਆ ਸੀ । ਪਰ ਗੁਰੂ ਗੋਬਿੰਦ ਸਿੰਘ ਇਕ ਮਹਾਨ ਉੱਚ ਆਤਮਾ ਰਬ-ਰੂਪ ਮਹਾਂਪੁਰਖ ਸਨ ਜੋ ਪਿਉ ਦਾਦਿਆਂ ਦੇ ਮੰਦ ਕਰਮਾਂ ਦਾ ਬਦਲਾ ਪੋਤੇ ਪੜੋਤੇ ਤੋਂ ਨਹੀਂ ਸੀ ਲੈਣਾ ਚਾਹੁੰਦੇ । ਇਸ ਵੇਲੇ ਬਹਾਦੁਰਸ਼ਾਹ ਖ਼ੁਦ ਆਪਣਾ ਹੱਕ ਖੁਸਦੇ ਜਾਣ ਦੀ ਹਾਲਤ ਵਿਚ ਸਹਾਇਤਾ ਦਾ ਜਾਚਕ ਸੀ । ਉਸ ਨੇ ਗੁਰੂ ਨਾਨਕ ਦੀ ਧਰਮ-ਗੱਦੀ ਵਾਲੇ ਪਾਸੋਂ ਸਹਾਇਤਾ ਮੰਗੀ ਸੀ । ਸੋ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਦੇ ਹੱਕ ਦੀ ਰਾਖੀ ਲਈ ਆਪਣੀ ਵਹੀਰ ਦੇ ਕੁਝ ਸਿੰਘ ਉਸ ਦੀ ਮਦਦ ਲਈ ਭੇਜ ਦਿੱਤੇ । ੮ ਜੂਨ ਸਨ ੧੭੦੭ ਨੂੰ ਜਾਜਉ ਦੇ ਮੈਦਾਨ ਵਿਚ ਬਹਾਦੁਰ ਸ਼ਾਹ ਦੀ ਜਿੱਤ ਹੋ ਗਈ ਅਤੇ ਉਹ ਹਿੰਦੁਸਤਾਨ ਦਾ ਬਾਦਸ਼ਾਹ ਬਣ ਗਿਆ ।

### ਬਹਾਦਰ ਸ਼ਾਹ ਬਾਦਸ਼ਾਹ ਨਾਲ ਮੁਲਾਕਾਤ

ਸੋਲਵੇਂ ਧਿਆਇ ਵਿਚ ਗੁਰੂ ਸਾਹਿਬ ਦੇ ਦਿੱਲੀ ਜਾਣ ਅਤੇ ਉਥੋਂ ਮਥਰਾ, ਬਿੰਦ੍ਰਾਬਨ ਅਤੇ ਆਗਰੇ ਪਧਾਰਣ ਦਾ ਜ਼ਿਕਰ ਹੈ । ਗੁਰੂ ਸਾਹਿਬ ਦੇ ਆਗਰੇ ਪੁੱਜਣ ਦੀ ਖ਼ਬਰ ਜਦ ਖਾਨਿ-ਖਾਨਾਨ (ਬਹਾਦੁਰ ਸ਼ਾਹ ਦੇ ਵੱਡੇ ਵਜ਼ੀਰ ਮੁਨਇਮ ਖ਼ਾਨ) ਨੂੰ ਲੱਗੀ ਤਾਂ ਉਹ ਨੇ ਗੁਰੂ ਸਾਹਿਬ ਨੂੰ ਦਰਸ਼ਨ ਦੇਣ ਲਈ ਬੇਨਤੀ ਕਰ ਭੇਜੀ । ਖਾਨਿ-ਖਾਨਾਨ ਨੂੰ ਮਿਲਣ ਦੀ ਗੱਲ ਸੁਣ ਕੇ ਬਾਦਸ਼ਾਹ ਨੇ ਹੈਰਾਨੀ ਪ੍ਰਗਟ ਕੀਤੀ ਕਿ ਗੁਰੂ ਸਾਹਿਬ ਨੇ ਮੈਨੂੰ ਕਿਉਂ ਦਰਸ਼ਨ ਨਹੀਂ ਦਿੱਤੇ ਅਤੇ ਨਾਲ ਹੀ ਮਿਲਣ ਲਈ ਸੁਨੇਹਾ ਭੇਜਿਆ । ਅਖਬਾਰਿ ਦਰਬਾਰਿ ਮੁਅੱਲਾ ਅਨੁਸਾਰ ੪ ਜਮਾਦੀ-ਉਲ-ਅੱਵਲ ਸਨ ੧ ਬਹਾਦੁਰ ਸ਼ਾਹੀ, ੧੧੧੯ ਹਿਜਰੀ (੨੩ ਜੁਲਾਈ ਸਨ ੧੭੦੭) ਨੂੰ ਬਾਦਸ਼ਾਹ ਬਹਾਦੁਰ ਸ਼ਾਹ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਮੁਲਾਕਾਤ ਹੋਈ ਜਿਸ ਵਿਚ ਗੁਰੂ ਸਾਹਿਬ ਸ਼ਸਤਰਾਂ ਸਮੇਤ ਪੁੱਜੇ ਅਤੇ ਉਨ੍ਹਾਂ ਨੂੰ ਬਾਦਸ਼ਾਹ ਵਲੋਂ ਜੋ ਖਿਲਅਤ ਦਿੱਤੀ ਗਈ ਉਸ ਨੂੰ ਉਹ ਜਾਂਦੀ ਵਾਰੀ ਖਾਸ-ਡਿਉੜੀ ਵਿਚ ਖੜੇ ਕੀਤੇ ਹੋਏ ਸਿੰਘ ਤੋਂ ਉਠਵਾ ਕੇ ਆਪਣੇ ਡੇਰੇ ਲੈ ਗਏ । ਇਨ੍ਹਾਂ ਦੋਹਾਂ ਗੱਲਾਂ ਤੋਂ ਸਪੱਸ਼ਟ ਹੈ ਕਿ ਬਾਦਸ਼ਾਹ ਨੇ ਗੁਰੂ ਸਾਹਿਬ ਨੂੰ ਇਕ ਧਾਰਮਕ ਆਗੂ ਦੇ ਸਨਮਾਨ ਦਿੱਤਾ ਸੀ । ਆਮ ਤੌਰ ਤੇ ਸ਼ਸਤਰਾਂ ਸਮੇਤ ਕਿਸੇ ਨੂੰ ਸ਼ਾਹੀ ਦਰਬਾਰ ਵਿਚ ਜਾਨ ਦੀ ਆਗਿਆ ਨਹੀਂ ਸੀ ਹੁੰਦੀ ਅਤੇ ਬਾਦਸ਼ਾਹ ਵਲੋਂ ਮਿਲੀ ਖਿਲਅਤ ਦਰਬਾਰ ਵਿਚ ਪਹਿਣੀ ਹੁੰਦੀ ਸੀ । ਸ਼ਾਹੀ ਦਰਬਾਰ ਦੇ ਅਖਬਾਰ ਅਤੇ ਗੁਰੂ ਸਾਹਿਬ ੧ ਕਤਕ ਸੰਮਤ ੧੭੬੪ (੨ ਅਕਤੂਬਰ ਸਨ ੧੭੦੭ ਈ.) ਦੇ ਹੁਕਮਨਾਮੇ ਵਿਚ ਲਿਖਿਆ ਹੋਇਆ ਹੈ ਕਿ ਖਿਲਅਤ ਵਿਚ ਮਿਲੀ ਜੜਾਊ ਧੁਖਧੁਖੀ (ਪਦਕਿ ਮੁਰੱਸਹ) ਸਠ ਹਜ਼ਾਰ ਦੀ ਸੀ ।

ਸੈਨਾਪਤਿ ਲਿਖਦਾ ਹੈ :

ਚੜੀ ਕਮਾਨ ਸ਼ਸਤ੍ਰ ਸਬ ਸਾਰੇ ।
ਕਲਗੀ ਛਬ ਹੈਂ ਅਪਰ ਆਪਾਰੇ ।
ਲਟਕਤ ਚਲਤ ਤਹਾਂ ਚਲ ਆਏ ।
ਸ਼ਾਹ ਪਾਸ ਬੈਠੇ ਇਮ ਜਾਏ ।। ੩੧ ।। ੭੨੦ ।।

ਕਲਗੀ ਅਉਰ ਧੁਗ ਧੁਗੀ ਆਨੀ ।
ਖਿਲਅਤ ਏਕ ਸ਼ਾਹ ਮਨ-ਮਾਨੀ ।
ਸ਼ਾਹ ਪ੍ਰਭੂ ਕੋ ਭੇਂਟ ਚੜ੍ਹਾਈ ।
ਖੁਸ਼ੀ ਕਰੇ ਤੁਮ ਸੋਂ ਬਨ ਆਈ ॥ ੩੪ ॥ ੭੨੩ ॥
ਤਾਂਹਿ ਸਮੈ ਪ੍ਰਭ ਨੇ ਫੁਰਮਾਯੋ ।
ਅੰਦਰ ਸ਼ਾਹਿ ਪੈ ਸਿੰਘ ਬੁਲਾਯ ।
ਬਸਤ੍ਰ ਤਾਹਿ ਪਾਸ ਉਠਵਾਏ ।
ਬਿਦਾ ਭਏ ਪ੍ਰਭ ਡੇਰੇ ਆਏ ॥ ੩੫ ॥ ੭੨੪ ॥

ਹੁਕਮਨਾਮੇ ਵਿਚ 'ਹੋਰ ਭੀ ਕੰਮ ਗੁਰੂ ਕਾ ਸਦਕਾ, ਸਭ ਹੋਤੇ ਹੈਂ' ਜੋ ਲਿਖਿਆ ਹੋਇਆ ਹੈ ਇਸ ਸੰਬੰਧੀ ਸਮਕਾਲੀ ਰਿਕਾਰਡ ਅਤੇ ਇਤਿਹਾਸ ਕੁਝ ਨਹੀਂ ਦਸਦੇ । ਪਰ ਕਿਆਸਾ ਇਹ ਹੀ ਹੈ ਕਿ ਇਹ ਰਾਜ ਅਤੇ ਸਿਖਾਂ ਦੇ ਆਪਸੀ ਸੰਬੰਧਾਂ ਬਾਰੇ ਹੀ ਹੋ ਸਕਦੇ ਹਨ ਜਿਨ੍ਹਾਂ ਨੇ ਤਸੱਲੀ-ਬਖਸ਼ ਤੌਰ ਤੇ ਨਜਿੱਠੇ ਜਾਣ ਦੀ ਗੁਰੂ ਸਾਹਿਬ ਨੂੰ ਪੂਰੀ ਆਸ ਸੀ । ਇਸੇ ਕਰਕੇ ਹੀ ਉਨ੍ਹਾਂ ਨੇ ਇਸ ਹੁਕਮਨਾਮੇ ਵਿਚ ਸੰਗਤਾਂ ਨੂੰ ਲਿਖਿਆ ਸੀ ਕਿ 'ਅਸੀਂ ਭੀ ਥੋੜੇ ਹੀ ਦਿਨਾਂ ਨੋ ਆਵਤੇ ਹੈਂ' । ਆਪ ਨੂੰ ਸ਼ਾਇਦ ਇਹ ਖਿਆਲ ਸੀ ਕਿ ਹੋ ਸਕਦਾ ਹੈ ਕਿ ਆਨੰਦਪੁਰ ਪਹੁੰਚਣ ਪਰ ਸਰਹੰਦ ਦਾ ਫ਼ੌਜਦਾਰ ਵਜ਼ੀਰ ਖਾਨ ਜਾਂ ਪਹਾੜੀ ਰਾਜੇ ਕੋਈ ਰੋਕ ਪਾਉਣ, ਕਿਉਂਕਿ ਬਾਦਸ਼ਾਹ ਨਾਲ ਸਮਝੌਤਾ ਹੋ ਜਾਣ ਪਰ ਇਨ੍ਹਾਂ ਨੂੰ ਹੀ ਜ਼ੱਕ ਪਹੁੰਚਣ ਦਾ ਡਰ ਸੀ । ਇਸੇ ਲਈ ਆਪ ਨੇ ਹੁਕਮਨਾਮੇ ਵਿਚ ਇਹ ਲਿਖਿਆ ਜਾਪਦਾ ਹੈ ਕਿ 'ਜਦਿ ਅਸੀਂ ਕਹਿਲੂਰ ਆਵਤੇ ਤਦਿ ਸ੍ਰਬਤ ਖਾਲਸੇ ਹਥਿਆਰ ਬੰਨ੍ਹ ਕੇ ਹਜ਼ੂਰ ਆਵਣਾ' ।

### ਬਹਾਦੁਰਸ਼ਾਹ ਨਾਲ ਦੱਖਣ ਨੂੰ

ਪਰ ਜਲਦੀ ਹੀ ਹਾਲਤ ਬਦਲ ਜਾਣ ਕਰਕੇ ਗੁਰੂ ਸਾਹਿਬ ਪੰਜਾਬ ਨੂੰ ਨਾ ਮੁੜ ਸਕੇ । ਸੁਲਤਾਨੀ ਜੰਗ ਵਿਚ ਫ਼ਤਹਿ ਹੋਣ ਪਿੱਛੋਂ ਆਪਣੇ ਹਮਾਇਤੀਆਂ, ਮਦਦਗਾਰਾਂ ਨੂੰ ਇਨਾਮ ਅਤੇ ਜਾਗੀਰਾਂ ਦੇਣ ਲਈ ਬਾਦਸ਼ਾਹ ਨੇ ਅਕਤੂਬਰ-ਨਵੰਬਰ ਸਨ ੧੭੦੭ ਵਿਚ ਰਾਜਪੂਤੀ ਇਲਾਕੇ ਪਰ ਚੜ੍ਹਾਈ ਕੀਤੀ । ਪਰ ਚੂੰਕਿ ਦੱਖਣ ਵਿਚ ਬਾਦਸ਼ਾਹ ਦੇ ਇਕ ਹੋਰ ਭਾਈ ਕਾਮ ਬਖਸ਼ ਨੇ ਬਗ਼ਾਵਤ ਖੜੀ ਕਰ ਦਿੱਤੀ, ਇਸ ਲਈ ਉਸ ਨੂੰ ਦੱਖਣ ਵਲ ਜਾਣਾ ਪੈ ਗਿਆ । ਗੁਰੂ ਸਾਹਿਬ ਅਤੇ ਬਾਦਸ਼ਾਹ ਵਿਚ ਜੋ ਗੱਲ-ਬਾਤ ਹੋ ਰਹੀ ਸੀ ਉਹ ਅਜੇ ਪੂਰੀ ਤਰ੍ਹਾਂ ਸਿਰੇ ਨਹੀਂ ਚੜ੍ਹੀ । ਇਸ ਲਈ ਗੁਰੂ ਸਾਹਿਬ ਭੀ ਸ਼ਾਹੀ ਕੈਂਪ ਦੇ ਨਾਲ ਨਾਲ ਦੱਖਣ ਨੂੰ ਤੁਰੀ ਗਏ ਤਾਂਕਿ ਜਿੱਥੇ ਭੀ ਮੌਕਾ ਲਗੇ ਗਲ-ਬਾਤ ਹੁੰਦੀ ਜਾਏ ।

ਜਦੋਂ ਗੁਰੂ ਜੀ ਬਾਦਸ਼ਾਹ ਦੇ ਨਾਲ ਰਾਜਪੂਤਾਨੇ ਵਲ ਜਾਣ ਲਈ ਕੁਝ ਚਿਰ ਵਾਸਤੇ ਆਗਰੇ ਤੋਂ ਛੇ ਕੁ ਕੋਹਾਂ ਪਰ ਇਤਮਾਦਪੁਰ ਠਹਿਰੇ ਹੋਏ ਸਨ ਤਾਂ ਓਥੇ ਉਨ੍ਹਾਂ ਨੂੰ ਸ਼ਹੀਦ ਸਹਿਬਜ਼ਾਦਾ ਜ਼ੋਰਾਵਰ ਸਿੰਘ ਦਾ ਹਾਣੀ ਦੂਸਰਾ ਜ਼ੋਰਾਵਰ ਸਿੰਘ ਆ ਮਿਲਿਆ ਜੋ ਬਸੀ ਪਠਾਣਾ ਦੇ ਭਾਈ ਨਥੂ (ਨਥੀਏ) ਤਰਖਾਣ ਦਾ ਪੁੱਤਰ ਸੀ ਅਤੇ ਆਨੰਦਪੁਰ ਗੁਰੂ ਘਰ ਵਿਚ ਹੀ ਰਹਿ ਕੇ ਪਲਿਆ ਸੀ । ਇਸ ਦਾ ਕੁਝ ਜ਼ਿਕਰ ਪਿਛੇ 'ਸਾਹਿਬਜ਼ਾਦਿਆਂ ਸੰਬੰਧੀ ਭੁਲੇਖਾ'

ਦੇ ਸਿਰਲੇਖ ਹੇਠ ਕਰ ਆਏ ਹਾਂ। ਇਸ ਲਈ ਇਥੇ ਬਹੁਤੇ ਵਿਸਥਾਰ ਵਿਚ ਜਾਣ ਦੀ ਲੋੜ ਨਹੀਂ। ਜਦ ਬਾਦਸ਼ਾਹ ਜੋਧਪੁਰ, ਉਦੇਪਰ ਦੀ ਗੱਲ ਨਿਪਟਾ ਚੁੱਕਾ ਅਤੇ ਦੱਖਣ (ਹੈਦਰਾਬਾਦ) ਵਲ ਨੂੰ ਵਾਗਾਂ ਮੋੜੀਆਂ ਤਾਂ ਚਿਤੋੜ ਦੇ ਲਾਗਿਓਂ ਜ਼ੋਰਾਵਰ ਸਿੰਘ ਜੀ ਕੁਝ ਸਾਥੀਆਂ ਨੂੰ ਨਾਲ ਲੈ ਕੇ ਕਿਲ੍ਹਾ ਅਤੇ ਨਗਰ ਦੇਖਣ ਗਏ। ਦੋ ਤਿੰਨ ਆਦਮੀ ਡੰਗਰਾਂ ਲਈ ਘਾ ਪੱਠਾ ਲੈਣ ਭੇਜੇ। ਉਥੇ ਵਜਦੇ ਨਗਾਰੇ ਦੀ ਆਵਾਜ਼ ਸੁਣ ਕੇ ਭੁਲੇਖੇ ਵਿਚ ਲੋਕ ਦੌੜੇ ਆਏ ਕਿ ਸ਼ਾਇਦ ਕੋਈ ਡਾਕੂ ਆ ਪਏ ਹਨ। ਪਰ ਅੱਗੇ ਬੰਦੇ ਘਾ ਲੈਂਦੇ ਮਿਲੇ। ਆਪਸ ਵਿਚ ਤਕਰਾਰ ਹੋ ਪਿਆ ਜੋ ਲੜਾਈ ਦਾ ਰੂਪ ਧਾਰ ਗਿਆ ਜਿਸ ਵਿਚ ਜ਼ੋਰਾਵਰ ਸਿੰਘ ਜੀ ਮਾਰੇ ਗਏ। ਇਹ ਗੱਲ ੬ ਬਸਾਖ, ਸੰਮਤ ੧੭੨੫ (੩ ਅਪਰੈਲ, ਸਨ ੧੭੦੮ ਈ.) ਦੀ ਹੈ।

ਚਿਤੋੜ ਤੋਂ ਬਹਾਦੁਰ ਸਾਹ ਰਵਾਂ ਰਵੀਂ ਅੱਗੇ ਨੂੰ ਵਧਿਆ ਅਤੇ ਨਰਬਦਾ ਨਦੀ ਪਾਰ ਕਰ ਕੇ ਤਾਪਤੀ ਦੇ ਕੰਢੇ ਬੁਰਹਾਨਪੁਰ ਜਾ ਡੇਰਾ ਲਾਇਆ ਗੁਰੂ ਸਾਹਿਬ ਭੀ ਉਸ ਦੇ ਨਾਲ ਹੀ—ਕਦੀ ਕੁਝ ਅੱਗੇ ਜਾਂ ਪਿੱਛੇ, ਜਾਂ ਸੱਜੇ ਖੱਬੇ ਹੁੰਦੇ ਹੋਏ-ਕੂਚ ਕਰਦੇ ਗਏ। ਰਾਹ ਵਿਚ ਘਾ ਪੱਠੇ ਤੋਂ ਫੇਰ ਇੱਥੇ ਝੜਫ ਹੋ ਗਈ ਅਤੇ ਝਗੜਾ ਮਿਟਾਉਣ (ਗੁਰੂ ਸਾਹਿਬ ਵਲੋਂ ਭੇਜੇ) ਗਏ ਹੋਏ ਭਾਈ ਮਾਨ ਸਿੰਘ ਮਾਰੇ ਗਏ।

ਭੱਟ ਵਹੀ ਪੂਰਬੀ ਦੱਖਣੀ ਵਿਚ ਭਾਈ ਮਾਨ ਸਿੰਘ (ਬੇਟਾ ਮਾਈ ਦਾਸ ਕਾ, ਪੋਤਾ ਬੱਲੂ ਕਾ) ਦਾ ਮਰਨਾ ਗੰਭੀਰ ਨਦੀ ਦੇ ਕੰਢੇ ਚਿਤੌੜ ਗੜ੍ਹ ੬ ਬਸਾਖ, ੧੭੬੫ (੩ ਅਪ੍ਰੈਲ ਸਨ ੧੭੦੮) ਨੂੰ ਜ਼ੋਰਾਵਰ ਸਿੰਘ (ਬੇਟਾ ਨਥੂ ਕਾ, ਬਾਸ਼ੀ ਬਸੀ ਪਠਾਣਾ, ਬਾਢੀ ਸੁਤ) ਅਤੇ ੧੯ ਹੋਤ ਸਾਥੀਆਂ ਸਮੇਤ ਲਿਖਿਆ ਹੈ ਜੇ ਵਹੀ ਲਿਖਤ ਨੂੰ ਸੱਚ ਮੰਨਿਆਂ ਜਾਏ ਤਾਂ ਇਥੇ ਦੀ ਲੜਾਈ ਦੇ ਵਰਨਣ ਵਿਚ ਕਵੀ ਸੈਨਾਪਤਿ ਨੂੰ ਭੁਲੇਖਾ ਲੱਗਾ ਜਾਪਦਾ ਹੈ ਅਤੇ ਉਸ ਨੇ ਚਿਤੌੜ ਦੇ ਭੇੜੇ ਨੂੰ ਹੀ ਦੋ ਥਾਈਂ ਲਿਖ ਦਿੱਤਾ ਹੈ। ਇਕ ਵਿਚ ਪਹਿਲਾਂ ਜ਼ੋਰਾਵਰ ਸਿੰਘ ਦਾ ਮਾਰਿਆ ਜਾਣਾ ਬਿਆਨ ਕੀਤਾ ਅਤੇ ਦੂਸਰੀ ਵਿਚ ਮਾਨ ਸਿੰਘ ਦਾ। ਪਰ ਸੈਨਾਪਤਿ ਅਤੇ ਭਟ ਵਹੀ ਦੋਨੋਂ ਇਸ ਸੂਰਤ ਵਿਚ ਹੀ ਸਹੀ ਹੋ ਸਕਦੇ ਹਨ ਜੇ ਨਰਬਦਾ ਪਾਰ ਦੇ ਬਖੇੜੇ ਵਿਚ ਮਰਨ ਵਾਲਾ ਮਾਨ ਸਿੰਘ ਇਸੇ ਦੇ ਨਾਉਂ ਦਾ ਕੋਈ ਦੂਸਰਾ ਸਿੰਘ ਹੋਵੇ, ਜੋ ਅਸੰਭਵ ਨਹੀਂ।

### ਬਾਦਸ਼ਾਹੀ ਲਸ਼ਕਰ ਵਿਚ ਗੁਰੂ ਸਾਹਿਬ ਦੀ ਹੈਸੀਅਤ

ਕੁਝ ਚਿਰ ਬੁਰਹਾਨਪੁਰ ਠਹਿਰ ਕੇ ਬਾਦਸ਼ਾਹ ਤਾਂ ਅੱਗੇ ਨੂੰ ਕੂਚ ਕਰ ਗਿਆ ਪਰ ਗੁਰੂ ਸਾਹਿਬ ਸੰਗਤਾਂ ਨਾਲ ਪ੍ਰੇਮ ਬਸ ਕੁਝ ਚਿਰ ਉਥੇ ਟਿਕੇ ਰਹੇ ਅਤੇ ਬਾਦਸ਼ਾਹ ਦਾ ਸੁਨੇਹਾ ਪੁੱਜਣ ਪਰ ਇਥੋਂ ਕੂਚ ਕਰ ਕੇ ਕੰਪੂ ਨਾਲ ਜਾ ਰਲੇ। ਤਾਰੀਖਿ-ਬਹਾਦੁਰ ਸ਼ਾਹੀ ਵਿਚ ਲਿਖਿਆ ਹੈ :

ਜਿਸ ਵੇਲੇ ਸ਼ਾਹੀ ਫੌਜ ਦੱਖਣ ਵਿਚ ਬੁਰਹਾਨਪੁਰ ਵਲ ਨੂੰ ਕੂਚ ਕਰ ਰਹੀ ਸੀ, [ਗੁਰੂ] ਨਾਨਕ ਦੇ ਪੋਤਰਿਆਂ (ਗੱਦੀ ਨਸ਼ੀਨਾਂ) ਵਿਚੋਂ ਗੁਰੂ ਗੋਬਿੰਦ ਇਨ੍ਹਾਂ ਇਲਾਕਿਆਂ ਵਿਚ ਸਫ਼ਰ ਕਰਨ ਲਈ ਆਏ ਹੋਏ ਸਨ ਅਤੇ ਬਾਦਸ਼ਾਹੀ ਕੰਪੂ ਦੇ ਨਾਲ ਨਾਲ ਜਾ ਰਹੇ ਸਨ। ਇਹ ਨਿਤ-ਪ੍ਰਤੀ ਸੰਸਾਰੀ ਲੋਕਾਂ, ਧਾਰਮਕ ਹਠੀਆਂ ਅਤੇ ਹੋਰ ਹਰ ਪ੍ਰਕਾਰ ਦੇ

ਲੋਕਾਂ ਦਿਆਂ ਇਕੱਠਾਂ (ਸੰਗਤਾਂ) ਵਿਚ ਵਿਆਖਿਆਨ ਕਰਿਆ ਕਰਦੇ ਸਨ।*

ਇਸ ਤੋਂ ਇਹ ਸਪਸ਼ਟ ਹੈ ਕਿ ਗੁਰੂ ਸਾਹਿਬ ਦੱਖਣ ਦੇ ਸਫ਼ਰ ਵਿਚ ਥਾਉਂ ਥਾਂਈਂ ਧਰਮ ਪ੍ਰਚਾਰ ਭੀ ਕਰਦੇ ਜਾਂਦੇ ਸਨ ਜਿਸ ਲਈ ਇਹ ਇਕ ਚੰਗਾ ਮੌਕਾ ਸੀ। ਇਹ ਗੱਲ ਜਾਰਜ ਫ਼ਾਰਸਟਰ ਦੇ ਇਸ ਕਥਨ ਦੀ ਤਰਦੀਦ ਕਰ ਦਿੰਦੀ ਹੈ ਕਿ ਬਹਾਦੁਰ ਸ਼ਾਹ ਬਾਦਸ਼ਾਹ ਨੇ ਗੁਰੂ ਗੋਬਿੰਦ ਸਿਘ ਨੂੰ ਕਾਮ ਬਖ਼ਸ਼ ਦੇ ਵਿਰੁਧ ਜਾ ਰਹੀ ਫ਼ੌਜ ਵਿਚ ਇਕ ਅਹੁਦਾ ਦੇ ਦਿੱਤਾ ਹੋਇਆ ਸੀ (*A Journey from Bengal to England I, 262-263*)। ਐਲਫਿਨਸਟਨ ਨੇ ਆਪਣੀ ਹਿਸਟਰੀ ਔਫ ਇੰਡੀਆ (ਪੰਜਵੀ ਵਾਰ, ੬੭੯) ਵਿਚ ਲਿਖਿਆ ਹੈ ਕਿ ਖ਼ਾਫ਼ੀ ਖ਼ਾਨ ਫ਼ਾਰਸਟਰ ਦੀ ਇਸ ਗੱਲ ਦੀ ਪੁਸ਼ਟੀ ਕਰਦਾ ਹੈ। ਪਰ ਇਹ ਗੱਲ ਠੀਕ ਨਹੀਂ ਹੈ। ਖ਼ਾਫ਼ੀ ਖ਼ਾਨ ਮੁੰਤਖ਼ਬੁਲ-ਲੁਬਾਬ ਵਿਚ ਤਾਂ ਕੇਵਲ ਇਤਨਾ ਹੀ ਕਹਿੰਦਾ ਹੈ ਕਿ ਜਿਨ੍ਹੀ ਦਿਨੀਂ ਬਹਾਦੁਰ ਸ਼ਾਹ ਬਾਦਸ਼ਾਹ ਨੇ ਹੈਦਰਾਬਾਦ ਵਲ ਧਿਆਨ ਕੀਤਾ ਤਾਂ ਉਸ ਬਦਨਾਮ ਕੌਮ ਦਾ ਗੋਬਿੰਦ ਨਾਮੀ ਆਗੂ ਬਾਦਸ਼ਾਹ ਦੇ ਹਜ਼ੂਰ ਆਇਆ ਅਤੇ ਦੋ ਤਿਨ ਸੌ ਨੇਜ਼ਾਦਾਰ ਘੋੜ-ਚੜ੍ਹਿਆਂ ਅਤੇ ਪਿਆਦਿਆਂ ਸਮੇਤ ਬਾਦਸ਼ਾਹ ਦੇ ਨਾਲ ਨਾਲ ਹੋ ਪਿਆ। ਖ਼ਾਫ਼ੀ ਖ਼ਾਨ ਦੇ ਅੱਸਲ ਲਫ਼ਜ਼ ਇਹ ਹਨ :

"ਦਰ ਅੱਯਾਮ ਕਿ ਬਹਾਦਰ ਸ਼ਾਹ ਪਾਦਸ਼ਾਹ ਮੁਤਵੱਜਹਿ ਹੈਦਰਾਬਾਦ ਗਰਦੀਦ
ਗੋਬਿੰਦ ਨਾਮ ਅਜ਼ ਸਰਗ੍ਰੋਹਾਨਿ, ਆਂ ਕੌਮਿ ਬਦਨਾਮ ਬਹਜ਼ੂਰ ਰਸੀਦਾ ਬਾ
ਦੋ ਸਿਹ ਸਦ ਸਵਾਰ ਨੇਜ਼ਾਦਾਰ ਵਾ ਪਿਆਦਾ ਦਰ ਰਕਾਬ ਰਫ਼ਾਕਤ ਨਮੂਦ।

ਇਥੇ ਸ਼ਬਦ 'ਰਫ਼ਾਕਤ ਨਮੂਦ' ਬਿਲਕੁਲ ਸਾਫ਼ ਹਨ ਅਤੇ ਇਨ੍ਹਾਂ ਦੇ ਅਰਥ ਕੇਵਲ ਸਾਥੀ ਦੇ ਤੌਰ ਤੇ ਨਾਲ ਹੋ ਪੈਣਾ ਜਾਂ ਤੁਰ ਪੈਣਾ ਹਨ, ਹੋਰ ਕੁਝ ਨਹੀਂ।

੨੩ ਜੁਲਾਈ ਸਨ ੧੭੦੭ ਈ. ਦੀ ਮੁਲਾਕਾਤ ਵੇਲੇ ਜਿਸ ਸਨਮਾਨ ਨਾਲ ਬਾਦਸ਼ਾਹ ਨੇ ਗੁਰੂ ਜੀ ਨੂੰ ਖਿਲਅਤ ਪੇਸ਼ ਕੀਤੀ ਅਤੇ ਦਰਬਾਰ ਵਿਚ ਸਣੇ ਹਥਿਆਰਾਂ ਦੇ ਵਿਰਾਜਨ ਦਾ ਮੌਕਾ ਦਿੱਤਾ ਉਹ ਕੇਵਲ ਆਪ ਦੇ ਇਕ ਧਾਰਮਕ ਆਗੂ ਹੋਣ ਦੀ ਹੈਸੀਅਤ ਨੂੰ ਪਰਵਾਨ ਕਰਨ ਦਾ ਲਖਾਇਕ ਸੀ। ਇਹ ਹੀ ਨਹੀਂ, ਬਲਕਿ ਗੁਰੂ ਸਾਹਿਬ ਦੇ ਦੇਹਾਂਤ ਤੋਂ ਇਕ ਮਹੀਨਾ ਬਾਦ ੫ ਰਮਜ਼ਾਨ ੧੧੨੦ ਹਿਜਰੀ (੭ ਨਵੰਬਰ ਸਨ ੧੭੦੮ ਈ.) ਨੂੰ ਜਦ ਬਾਦਸ਼ਾਹ ਪਾਸ ਇਹ ਰਿਪੋਰਟ ਹੋਈ ਕਿ ਸੁਰਗਵਾਸੀ ਗੁਰੂ ਗੋਬਿੰਦ ਸਿੰਘ ਦੀ ਹਰ ਪਰਕਾਰ ਦੀ ਜਾਇਦਾਦ ਚੋਖੇ ਮੁੱਲ ਦੀ ਹੈ ਅਤੇ ਸਰਕਾਰੀ ਕਾਨੂੰਨ ਅਨੁਸਾਰ ਜ਼ਬਤ ਹੋ ਕੇ ਸਰਕਾਰੀ ਖ਼ਜ਼ਾਨੇ ਵਿਚ ਦਾਖਲ ਹੋਣੀ ਚਾਹੀਦੀ ਹੈ ਤਾਂ ਬਾਦਸ਼ਾਹ ਬਹਾਦੁਰ ਸ਼ਾਹ ਨੇ ਕਿਹਾ

---

*At the time the army marching s uthwards towards Burhanpur, Guru Gobind, one of the grandsons of Nanak, had come into these districts to travel, and accompanied the royal camp. He was in the habit of constantly addressing assemblies of wordly persons, religious fanatics, and all sorts of people.—*Tarikh-i-Bahadur Shahi*, History of India, Elliot and Dowson, vii, 566.

ਕਿ ਮੈਨੂੰ ਇਕ ਦਰਵੇਸ਼ ਦੀ ਜਾਇਦਾਦ ਨਹੀਂ ਚਾਹੀਦੀ, ਇਹ ਸਾਰੀ ਉਨ੍ਹਾਂ ਦੇ ਵਾਰਸਾਂ ਦੇ ਹਵਾਲੇ ਕਰ ਦਿੱਤੀ ਜਾਏ [ਬਹਾਦੁਰ ਸ਼ਾਹ ਨਾਮਾ, ਅਰਵਿਨ, ਲੇਟਰ ਮੁਗਲਜ਼, ਜਿਲਦ ਪਹਿਲੀ, ੯੦] । ਅਖਬਾਰਾਤਿ-ਦਰਬਾਰਿ ਮੁਅੱਲਾ (ਰਾਜਸਥਾਨ ਸਟੇਟ ਆਰਕਾਈਵਜ਼) ਵਿਚ ੯ ਰਮਜ਼ਾਨ, ਸਨ ੨ ਬਹਾਦੁਰਸ਼ਾਹੀ; ੧੧੨੦ ਹਿਜਰੀ (੧੧ ਨਵੰਬਰ ਸਨ ੧੭੦੮ ਈ.) ਨੂੰ ਦਰਜ ਹੈ ਕਿ ਸੁਰਗਵਾਸੀ ਗੁਰੂ ਗੋਬਿੰਦ ਦੇ ਮਾਲ ਦੀ ਜ਼ਬਤੀ ਸੰਬੰਧੀ ਬਾਦਸ਼ਾਹ ਦੇ ਹਜ਼ੂਰ ਜਦ ਅਰਜ ਹੋਈ ਤਾਂ ਹੁਕਮ ਹੋਇਆ ਕਿ ਅਜਿਹੇ ਮਾਲ ਨਾਲ ਸ਼ਾਹੀ ਖਜ਼ਾਨਾ ਨਹੀਂ ਭਰ ਜਾਣਾ । ਦਰਵੇਸ਼ਾਂ ਦਾ ਮਾਲ ਹੈ, ਇਸ ਵਿਚ ਕੋਈ ਰੋਕ ਨਾ ਪਾਈ ਜਾਵੇ— ਹੁਕਮ ਸ਼ੁਦ ਕਿ ਅਜ਼ੀਂ ਅਮਵਾਲ ਖਜ਼ਾਨਾਇ ਬਾਦਸ਼ਾਹਾਂ ਮਾਹਮੂਰ ਨਮੀ ਸ਼ਵਦ । ਮਾਲਿ ਦਰਵੇਸ਼ਾਨ ਅਸਤ, ਮਜ਼ਾਹਮ ਨਾ ਸ਼ਵੰਦ ।

**ਨਾਂਦੇੜ ਵਿਚ ਜੋਤੀ ਜੋਤਿ ਸਮਾਉਣਾ**

ਸ੍ਰੀ ਗੁਰ ਸੋਭਾ ਦੇ ਅਠਾਰ੍ਹਵੇਂ ਧਿਆਇ ਵਿਚ ਕਵਿ ਸੈਨਾਪਤਿ ਨੇ ਗੁਰੂ ਸਾਹਿਬ ਦੇ ਨਾਂਦੇੜ ਵਿਚ ਜੋਤੀ ਜੋਤਿ ਸਮਾਉਣ ਦਾ ਜ਼ਿਕਰ ਕੀਤਾ ਹੈ ਜੋ ਕਿਸੇ ਟੀਕਾ ਟਿੱਪਣੀ ਦਾ ਬਹੁਤਾ ਮੁਥਾਜ ਨਹੀਂ ।

ਜਮਸ਼ੇਦ ਖ਼ਾਨ ਜਿਸ ਨੇ ਨਾਂਦੇੜ ਵਿਚ ਗੁਰੂ ਸਾਹਿਬ ਪਰ ਜਮਧਰ ਨਾਲ ਵਾਰ ਕੀਤਾ ਸੀ ਅਤੇ ਉਸ ਦਾ ਸਾਥੀ, ਵਜ਼ੀਰ ਖਾਨ ਫੌਜਦਾਰ ਸਰਹੰਦ ਵਲੋਂ ਭੇਜੇ ਹੋਏ ਸਨ ਤਾਂ ਕਿ ਬਾਦਸ਼ਾਹ ਨਾਲ ਸੁਲਾਹ ਸਫਾਈ ਹੋ ਜਾਣ ਪਰ ਗੁਰੂ ਸਾਹਿਬ ਦੇ ਪੰਜਾਬ ਮੁੜਨ ਤੋਂ ਪਹਿਲਾਂ ਹੀ ਉਨ੍ਹਾਂ ਨੂੰ ਕਤਲ ਕਰ ਦੇਣ । 'ਚਤੁਰ ਜੁਗੀ' ਗ੍ਰੰਥ ਦਾ ਕਰਤਾ ਲਿਖਦਾ ਹੈ ਕਿ ਇਹ ਪਹਿਲਾਂ ਦਿੱਲੀ ਮਾਤਾ ਸੁੰਦਰੀ ਜੀ ਨੂੰ ਮਿਲੇ ਅਤੇ ਉਨ੍ਹਾਂ ਪਾਸੋਂ ਗੁਰੂ ਸਾਹਿਬ ਦਾ ਪਤਾ ਲੈ ਕੇ ਦੱਖਣ ਨੂੰ ਗਏ । ਇਸ ਤੋਂ ਪ੍ਰਤੀਤ ਹੁੰਦਾ ਹੈ ਕਿ ਇਹ ਵਿਸਾਹ-ਘਾਤੀ ਮਾਤਾ ਜੀ ਅਤੇ ਗੁਰੂ ਸਾਹਿਬ ਦੇ ਪਹਿਲੇ ਵਾਕਿਫ਼ ਸਨ, ਇਸੇ ਕਰਕੇ ਹੀ ਨਾਂਦੇੜ ਵਿਚ ਇਨ੍ਹਾਂ ਦੇ ਸ਼ਾਮ ਨੂੰ ਸੰਗਤ ਵਿਚ ਆਉਣ ਜਾਣ ਪਰ ਕਿਸੇ ਨੂੰ ਸ਼ੱਕ ਨਹੀਂ ਪਿਆ ਅਤੇ ਇਨ੍ਹਾਂ ਨੂੰ ਵਾਰ ਕਰਨ ਦਾ ਸੌਖੇ ਹੀ ਮੌਕਾ ਮਿਲ ਗਿਆ । ਇਹ ਭੀ ਕੋਈ ਵੱਡੀ ਗੱਲ ਨਹੀਂ ਕਿ ਜਮਸ਼ੈਦ ਖਾਨ ਕੋਈ ਛੋਟਾ ਮੋਟਾ ਸਰਕਾਰੀ ਹੁੱਦੇਦਾਰ ਹੀ ਹੋਵੇ, ਕਿਉਂਕਿ ਇਸ ਦੀ ਮੌਤ ਪਰ (—ਇਹ ਵਾਰ ਕਰਨ ਵੇਲੇ ਓਥੇ ਹੀ ਗੁਰੂ ਸਾਹਿਬ ਦੇ ਹਥੋਂ ਮਾਰਿਆ ਗਿਆ ਸੀ—) ਬਾਦਸ਼ਾਹ ਵਲੋਂ ੨੪ ਸ਼ਾਬਾਨ ਸਨ ੨ ਬਹਾਦੁਰ ਸ਼ਾਹੀ (੨੮ ਅਕਤੂਬਰ, ਸਨ ੧੭੦੮ ਈ.) ਨੂੰ ਇਸ ਦੇ ਪੁੱਤਰ ਨੂੰ ਮਾਤਮੀ ਖਿਲਅਤ ਬਖ਼ਸ਼ਸ਼ ਹੋਈ ਸੀ [ਅਖਬਾਰਾਤਿ—ਦਰਬਾਰਿ ਮੁਅੱਲਾ] ।

ਵਜ਼ੀਰ ਖਾਨ ਵਲੋਂ ਇਹ ਕਾਰਾ ਹੋਣ ਦੇ ਕਾਰਣਾਂ ਦੀ ਬਹੁਤ ਭਾਲ ਦੀ ਲੋੜ ਨਹੀਂ । ਇਸ ਦੇ ਆਪਣੇ ਪਾਪ ਇਸ ਨੂੰ ਡਰਾ ਰਹੇ ਸਨ । ਗੁਰੂ ਸਾਹਿਬ ਦੇ ਵਿਰੁਧ ਮੁਹਿੰਮਾਂ ਦੀ ਗੱਲ ਤਾਂ ਇਕ ਪਾਸੇ ਰਹੀ, ਇਸ ਦਾ ਸਭ ਤੋਂ ਵੱਡਾ ਗੁਨਾਹ ਛੋਟੇ ਮਾਸੂਮ ਸਾਹਿਬਜ਼ਾਦਿਆਂ ਨੂੰ ਤਸੀਹੇ ਦੇਣਾ ਅਤੇ ਕਤਲ ਕਰਵਾਉਣਾ ਸੀ । ਵਜ਼ੀਰ ਖਾਨ ਨੂੰ ਇਹ ਡਰ ਖਾਈ ਜਾ ਰਿਹਾ ਹੋਣਾ ਹੈ ਕਿ ਬਾਦਸ਼ਾਹ ਨਾਲ ਸੁਲਾਹ ਸਫ਼ਾਈ ਹੋ ਜਾਣ ਤੋਂ ਬਾਦ ਜਦ ਭੀ ਗੁਰੂ ਸਾਹਿਬ ਵਾਪਸ ਦੇਸ ਆਏ ਤਾਂ ਉਸ (ਵਜ਼ੀਰ ਖਾਨ) ਨੂੰ ਆਪਣੇ ਕੀਤੇ ਪਾਪ ਦੀ ਸਜ਼ਾ ਭੁਗਤਣੀ ਪਏਗੀ । ਉਸ ਦਾ ਡਰ ਹੋਰ ਭੀ ਵਧ ਗਿਆ ਹੋਣਾ ਹੈ ਜਦ ਉਸ ਨੂੰ ਇਹ ਪਤਾ ਲੱਗਾ

ਹੋਵੇਗਾ ਕਿ ਗੁਰੂ ਸਾਹਿਬ ਜਲਦੀ ਹੀ ਪੰਜਾਬ ਨੂੰ ਆ ਰਹੇ ਹਨ । ਇਹ ਇਕ ਕੁਦਰਤੀ ਗੱਲ ਸੀ ।

ਇਸ ਤੋਂ ਇਲਾਵਾ ਇਕ ਹੋਰ ਗੱਲ ਸੀ । ਬਖਤ ਮੱਲ ਆਪਣੀ ਪੁਸਤਕ ਖਾਲਸਾ-ਨਾਮਾ (ਪੰਨਾ ੧੭-੧੯, ੨੧) ਵਿਚ ਲਿਖਦਾ ਹੈ ਕਿ ਬਹਾਦੁਰ ਸ਼ਾਹ ਬਾਦਸ਼ਾਹ ਨੇ ਆਪਣੇ ਰਾਜ ਦੇ ਸ਼ੁਰੂ ਵਿਚ ਗੁਰੂ ਸਾਹਿਬ ਦੇ ਹੱਕ ਵਿਚ ਇਕ ਫ਼ਰਮਾਨ ਜਾਰੀ ਕੀਤਾ ਸੀ ਕਿ ਇਨ੍ਹਾਂ ਨੂੰ ਤਿੰਨ ਸੋ ਰੁਪਿਆ ਰੋਜ਼ਾਨਾ ਸਰਹੰਦ ਦੇ ਫੌਜਦਾਰ ਦੇ ਖਜ਼ਾਨੇ ਵਿਚੋਂ ਦਿੱਤਾ ਜਾਇਆ ਕਰੇ । ਇਸ ਨੇ ਵਜ਼ੀਰ ਖਾਨ ਦੇ ਦਿਲ ਵਿਚ ਡਰ, ਈਰਖਾ ਅਤੇ ਗੁੱਸੇ ਦੀ ਬਲਦੀ ਅੱਗ ਉਤੇ ਤੇਲ ਪਾਉਣ ਦਾ ਕੰਮ ਕੀਤਾ ਹੋਵੇਗਾ ਇਸ ਦੇ ਨਾਲ ਹੀ ਵਜ਼ੀਰ ਖ਼ਾਨ ਸੁਭਾਵਕ ਤੋਰ ਤੇ ਹੀ ਖੱਰੀ, ਜਾਲਮ ਅਤੇ ਖੂੰਖਾਰ ਵਿਸਾਹ-ਘਾਤੀ ਤਬੀਅਤ ਦਾ ਬੰਦਾ ਸੀ ਅਤੇ ਹਰ ਕੋਈ ਜਾਣਦਾ ਹੈ ਕਿ ਖੂਨ ਦਾ ਅਪਰਾਧੀ ਆਪਣਾ ਅਪਰਾਧ ਜ਼ਾਹਰ ਹੋ ਜਾਣ ਪਰ ਜਾਂ ਜ਼ਾਹਰ ਹੋ ਜਾਣ ਦੇ ਡਰ ਤੋਂ ਹੋਰ ਖੂਨ ਕਰਨੋਂ ਘਟ ਹੀ ਝਿਜਕਦਾ ਹੈ । ਇਸ ਲਈ ਵਜ਼ੀਰ ਖ਼ਾਨ ਵਾਸਤੇ ਗੁਰੂ ਸਾਹਿਬ ਦੀ ਜਾਨ ਲੈਣ ਲਈ ਸਾਜ਼ਸ਼ ਕਰਨਾ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ ।

ਇਨ੍ਹਾਂ ਤੋਂ ਇਲਾਵਾ ਹੋਰ ਜਿਤਨੇ ਭੀ ਕਾਰਣ ਦੱਸੇ ਜਾਂਦੇ ਹਨ, ਉਨ੍ਹਾਂ ਦੇ ਲੇਖਕ ਜਾਂ ਤਾਂ ਉਹ ਪਖਪਾਤੀ ਹਨ ਜੋ ਆਪਣੇ ਮੁਸਲਮਾਨ ਭਰਾ ਨੂੰ ਨਿਰਦੋਸ਼ ਦੱਸਣਾ ਚਾਂਹੁਦੇ ਹਨ ਅਤੇ ਗੁਰੂ ਸਾਹਿਬ ਵਲੋਂ ਉਕਸਾਹਟ ਹੋਣ ਪਰ ਪਠਾਣ ਵਲੋਂ ਗੁੱਸੇ ਵਿਚ ਵਾਰ ਹੋਣਾ ਦਸਦੇ ਹਨ, ਜਾਂ ਉਹ ਸ਼ਰਧਾਲੂ ਸਿੱਖ ਹਨ ਜੋ ਇਹ ਕਹਿਣਾ ਚਾਹੁੰਦੇ ਹਨ ਕਿ ਗੁਰੂ ਸਾਹਿਬ ਨੂੰ ਕੌਣ ਮਾਰ ਸਕਦਾ ਸੀ, ਇਸ ਕਾਰੇ ਦਾ ਭਾਣਾ ਗੁਰੂ ਜੀ ਨੇ ਆਪ ਹੀ ਵਰਤਾਇਆ ਸੀ । ਇਨ੍ਹਾਂ ਕਲਪਣਾਂ ਦਾ ਜ਼ਿਕਰ ਭਾਈ ਵੀਰ ਸਿੰਘ ਜੀ ਨੇ ਗੁਰ ਪ੍ਰਤਾਪ ਸੂਰਜ ਗ੍ਰੰਥ [ਪਹਿਲੀ] ਐਡੀਸ਼ਨ, ਰੁਤ ੬ ਐਨ ੨, ਅੰਸੂ ੧੯, ਅੰਕ ੧੦ ਦੇ ਫੁਟ ਨੋਟ, ਜਿਲਦ ੧੪, ਪੰਨਾ ੬੨੯੬-੯੫] ਵਿਚ ਭੀ ਕੀਤਾ ਹੈ ।

ਇਕ ਵੀਹਵੀਂ ਸਦੀ ਦੇ ਲੇਖਕ ਲਾਲਾ ਦੌਲਤ ਰਾਇ ਆਪਣੀ ਪੁਸਤਕ ਸਵਾਨਿਹ-ਉਮਰੀ ਗੁਰੂ ਗੋਬਿੰਦ ਸਿੰਘ ਜੀ ਵਿਚ ਲਿਖਦੇ ਹਨ ਕਿ ਗੁਰੂ ਸਾਹਿਬ ਨੂੰ ਖੁਦ ਬਹਾਦੁਰ ਸ਼ਾਹ ਨੇ ਸਾਜ਼ਸ਼ ਕਰ ਕੇ ਇਸ ਲਈ ਕਤਲ ਕਰਵਾ ਦਿੱਤਾ ਸੀ ਤਾਂ ਕਿ ਉਨ੍ਹਾਂ ਵਲੋਂ ਵਿਰੋਧ ਦਾ ਖਤਰਾ ਨਾ ਰਹੇ [ਦੂਸਰੀ ਬਾਰ ਸਨ ੧੯੧੦, ਪੰਨਾ ੨੩੨-੩੫, ਚੌਥਾ ਐਡੀਸ਼ਨ, ਸਨ ੧੯੬੭, ਪੰਨਾ ੨੧੪-੧੬] । ਪਰ ਕਿਸੇ ਪੱਕੀ ਇਤਿਹਾਸਕ ਗਵਾਹੀ ਤੋਂ ਬਿਨਾ ਇਸ ਕਲਪਣਾ ਨੂੰ ਪਰਵਾਣ ਨਹੀਂ ਕੀਤਾ ਜਾ ਸਕਦਾ । ਦੂਸਰੇ ਪਾਸੇ ਧਿਆਨ ਸਿੰਘ ਲਿਖਿਤ 'ਦਸਮ ਪਾਤਸ਼ਾਹ ਕਾ ਅੰਤਮ ਕੋਤਕ' [ਪੰਨਾ ੪] ਅਤੇ 'ਗੁਰੂ ਸਾਹਿਬ ਦਸਵੇਂ ਪਾਤਸ਼ਾਹ ਕੇ ਜੋਤੀ ਜੋਤਿ ਸਮਾਵਨੇ ਕਾ ਪ੍ਰਸੰਗ' [ਪੰਨਾ ੨੦-੩੨] ਵਿਚ ਲਿਖਿਆ ਹੋਇਆ ਹੈ ਕਿ ਜਦ ਬਹਾਦੁਰ ਸ਼ਾਹ ਨੂੰ ਗੁਰੂ ਸਾਹਿਬ ਪਰ ਹੋਏ ਇਸ ਕਾਤਲਾਨਾ ਵਾਰ ਦਾ ਪਤਾ ਲੱਗਾ ਤਾਂ ਉਸ ਨੇ ਆਪਣਾ ਇਕ ਜਰਾਹ ਜ਼ਖਮ ਦਾ ਇਲਾਜ ਕਰਨ ਲਈ ਭੇਜਿਆ । 'ਪ੍ਰਸੰਗ' ਦੇ ਸ਼ਬਦ ਇਹ ਹਨ :

ਤਬ ਬਹਾਦੁਰ ਸ਼ਾਹ ਕੋ ਇਹ ਖਬਰ ਹੂਈ । ਤਬ ਉਸ ਵਖਤ ਫਿਰੰਗੀ ਜਰਾਹ

ਹਕੀਮ ਭੇਜੇ । ਉਨਹੁ ਨੇ ਆਇ ਜ਼ਖਮ ਦੇਖਿਆ ਅਰ ਸੀਆ । ਅਰ ਕਹਾ ਹਮ ਥੋੜਿਓ ਦਿਨਹੁ ਮੈਂ ਹੱਛਾ ਕਰ ਦੇਵੇਂਗੇ । ਦਸ ਮੋਹਰਾਂ ਗੁਰੂ ਸਾਹਿਬ ਉਨ ਕਉ ਦੇ ੍ਂ ਰਹੇ । 'ਕੌਤਕ' ਭੀ ਇਸੇ ਦੀ ਪੁਸ਼ਟੀ ਕਰਦਾ ਹੈ ਅਤੇ ਕਹਿੰਦਾ ਹੈ ਕਿ :

ਦਸ ਮੋਹਰਾਂ ਰੋਜ ਸਾਹਿਬ ਦੇਵੇ ਜਰਾਹ ਦਾਰ ਕੋ । ਕਾਲ ਉਸੀਹ ਦਾ ਨਾਮ' ਅੰਗਰੇਜ਼ ਸੀ । ਉਸ ਨੇ ਅਗਲੇ ਤੋਪੇ ਖੋਲ ਕੇ ਫੇਰ ਜ਼ਖਮ ਸੀਤਾ, ਮਲਮ ਲਾਇ ਕੇ ।

ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਬਾਦਸ਼ਾਹ ਵਲੋਂ ਜਰਾਂਹਾਂ ਦੇ ਭੇਜੇ ਜਾਣ ਦਾ ਸਪਸ਼ਟ ਜ਼ਿਕਰ ਹੈ ਜਿਸ ਤੋਂ ਬਾਦਸ਼ਾਹ ਦੇ ਕਿਸੇ ਸਾਜ਼ਸ਼ ਕਰਨ ਦੀ ਹਿਮਾਇਤ ਨਹੀਂ ਹੁੰਦੀ। ਇਥੇ ਇਹ ਕਹਿਣਾ ਭੀ ਨਹੀਂ ਬਣਦਾ ਕਿ ਬਾਦਸ਼ਾਹ ਨੇ ਜਰਾਹ ਇਸ ਲਈ ਭੇਜੇ ਹੋਣੇ ਹਨ ਕਿ ਉਸ ਪਰ ਕੋਈ ਸਾਜ਼ਸ਼ ਦਾ ਸ਼ੱਕ ਨਾ ਪਵੇ, ਕਿਉਂਕਿ ਜਰਾਹਾਂ ਦਾ ਕੰਮ ਇਲਾਜ ਕਰਨਾ ਸੀ ਅਤੇ ਉਨ੍ਹਾਂ ਦੇ ਇਲਾਜ ਨਾਲ ਗੁਰੂ ਸਾਹਿਬ ਨੂੰ ਆਰਾਮ ਭੀ ਆ ਰਿਹਾ ਸੀ ਅਤੇ ਜ਼ਖਮ ਬਾਹਰੋਂ ਭਰ ਗਿਆ ਸੀ, ਕੇਵਲ ਅੰਦਰੋਂ ਹੀ ਅੱਲਾ ਸੀ ਜੋ ਕਮਾਨ ਖਿੱਚਣ ਨਾਲ ਖੁਲ੍ਹ ਗਿਆ ਅਤੇ ਗੁਰੂ ਸਾਹਿਬ ਦੇ ਦੇਹਾਂਤ ਦਾ ਕਾਰਣ ਬਣ ਗਿਆ । ਇਸ ਤਰ੍ਹਾਂ ਕੱਤਕ ਸੁਦੀ ੫ ਸੰਮਤ ੧੭੬੫ ਬਿਕਰਮੀ, ੬-੭ ਅਕਤੂਬਰ, ਸਨ ੧੭੦੮ ਈ., ਦੀ ਰਾਤ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਜੋਤਿ ਅਕਾਲ ਪੁਰਖ ਦੀ ਪਰਮ-ਜੋਤਿ ਵਿਚ ਸਮਾ ਗਈ ।

**'ਬਖਸ਼ ਕੀਉ ਖ਼ਾਲਸ ਕੋ ਜਾਮਾ'**

ਨਾਂਦੇੜ ਵਿਚ ਗੁਰੂ ਸਾਹਿਬ ਦੇ ਦੇਹਾਂਤ ਦਾ ਸਮਾਂ ਨੇੜੇ ਆ ਰਿਹਾ ਦੇਖ ਕੇ ਇਕ ਦਿਨ ਪਹਿਲਾਂ ਸਿੰਘਾਂ ਨੇ ਪੁੱਛਿਆ ਕਿ ਹੁਣ ਤੁਹਾਡਾ ਦੀਦਾਰ ਕਿਸ ਰੂਪ ਵਿਚ ਹੋਵੇਗਾ ਤਾਂ ਗੁਰੂ ਸਾਹਿਬ ਨੇ ਇਹ ਫੁਰਮਾਇਆ :

ਤਾਹ ਸਮੇ ਗੁਰ ਬੈਨ ਸੁਨਾਯੋ ।
ਖਾਲਸ ਅਪਨੋ ਰੂਪ ਬਤਾਯੋ ।
ਖਾਲਸ ਹੀ ਸੋ ਹੈ ਮਮ ਕਾਮਾ ।
ਬਖ਼ਸ਼ ਕੀਉ ਖਾਲਸ ਕੋ ਜਾਮਾ ॥ ੪੧ ॥ ੮੦੬ ॥

ਦੋਹਰਾ

ਖਾਲਸ ਮੇਰੋ ਰੂਪ ਹੈ ਹੋਂ ਖਾਲਸ ਦੇ ਪਾਸਿ
ਆਦਿ ਅੰਤ ਹੀ ਹੋਤ ਹੈ ਖਾਲਸ ਮੈ ਪ੍ਰਗਾਸ ॥ ੪੨ ॥ ੮੦੭ ॥

ਤੋਟਨ ਛੰਦ

ਖਾਲਸ ਖਾਸ ਕਹਾਵੈ ਸੋਈ ।
ਜਾ ਕੇ ਹਿਰਦੇ ਭਰਮ ਨਾ ਹੋਈ ।
ਭਰਮ ਭੇਖ ਤੇ ਰਹੈ ਨਿਆਰਾ ।
ਸੋ ਖਾਲਸ ਸਤਿਗੁਰੂ ਹਮਾਰਾ ॥ ੪੩ ॥ ੮੦੮ ॥

[ਸ੍ਰੀ ਗੁਰ ਸੋਭਾ]

ਖਾਲਸੇ ਸੰਬੰਧੀ ਗੁਰੂ ਸਾਹਿਬ ਦੇ ਵਿਚਾਰ ਸਰਬ-ਲੋਹ ਗ੍ਰੰਥ ਵਿਚ ਇਸ ਤਰ੍ਹਾਂ ਦਿੱਤੇ ਹੋਏ ਹਨ :

ਖਾਲਸਾ ਮੇਰਾ ਰੂਪ ਹੈ ਖਾਸ।
ਖਾਲਸੇ ਮਾਹਿ ਹਉਂ ਕਰੌਂ ਨਿਵਾਸ ॥
ਖਾਲਸਾ ਮੇਰੋ ਇਸ਼ਟ ਸੁਹਿਰਦ।
ਖਾਲਸਾ ਮੇਰੋ ਕਹੀਅਤ ਬਿਰਦ ॥
ਖਾਲਸਾ ਮੇਰੋ ਸਤਿਗੁਰ ਪੂਰਾ।
ਖਾਲਸਾ ਮੇਰੋ ਸੱਜਨ ਸੂਰਾ ॥

ਜਦ ਸੰਮਤ ੧੭੫੬ ਬਿਕਰਮੀ ਦੀ ਬਸਾਖੀ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਅੰਮ੍ਰਿਤ ਛਕਾ ਕੇ ਸਿੰਘ ਬਣਾਇਆ ਅਤੇ ਖਾਲਸਾ ਸਾਜਿਆਂ ਸੀ ਅਤੇ ਖੁਦ ਆਪਣੇ ਸਾਜੇ ਪੰਜ ਪਿਆਰਿਆਂ ਦੇ ਸਾਹਮਣੇ ਗੋਡੇ ਟੇਕ ਕੇ ਉਨ੍ਹਾਂ ਪਾਸੋਂ ਅੰਮ੍ਰਿਤ ਛਕਿਆ ਅਤੇ ਖਾਲਸੇ ਦਾ ਰੂਪ ਅਤੇ ਰਹਿਤ ਧਾਰਨ ਕੀਤੇ ਸਨ ਤਾਂ ਉਸ ਵੇਲੇ ਤੋਂ ਹੀ ਆਪ ਨੇ ਆਪਣੇ ਅੰਮ੍ਰਿਤ ਦਾਤੇ ਖਾਲਸੇ ਨੂੰ ਗੁਰੂ ਰੂਪ ਸਮਝ ਲਿਆ ਸੀ ਅਤੇ ਸਰੀਰਕ ਰੂਪ ਵਿਚ ਗੁਰੂ ਦੀ ਵਖ ਹਸਤੀ ਨੂੰ ਅਮਲੀ ਰੂਪ ਵਿਚ ਖਾਲਸੇ ਵਿਚ ਲੀਨ ਕਰ ਦਿੱਤਾ ਤਾਂ ਕਿ ਅੱਗੇ ਨੂੰ ਕਿਸੇ ਭੁਲੇਖੇ ਦੀ ਕੋਈ ਗੁੰਜਾਇਸ਼ ਨਾ ਰਹੇ ਅਤੇ ਕਿਸੇ ਨੂੰ ਦੰਭ ਕਰਨ ਜਾਂ ਉਸ ਦੇ ਦੰਭ ਨੂੰ ਸਰਬਤ ਖਾਲਸੇ ਵਿਚ ਪਰਵਾਨਗੀ ਮਿਲਣ ਦਾ ਮੌਕਾ ਨਾ ਰਹੇ।

'ਸਤਿਗੁਰ ਹਮਾਰਾ...ਸ਼ਬਦ ਵਿਚਾਰ'

ਇਹ ਸੀ ਗੁਰੂ ਦੇ ਸਰੀਰਕ ਰੂਪ ਦੀ ਗੱਲ। ਆਤਮਕ ਤੌਰ ਤੇ ਗੁਰੂ ਦਾ ਅਜਰ ਅਮਰ ਰੂਪ ਉਸ ਦੀ ਬਾਣੀ ਹੈ, ਜਿਸ ਵਿਚ ਉਹ ਸਦਾ ਬ੍ਰਾਜਮਾਨ ਹੈ ਅਰ ਜਿਸ ਰਾਹੀਂ ਉਹ ਸਿੱਖਾਂ ਦੀ ਸਦਾ ਅਗਵਾਈ ਕਰਦਾ ਹੈ, ਇਹ ਹੀ ਗੁਰੂ ਦਾ ਅਸਲ ਅਤੇ ਸਦੀਵੀ ਰੂਪ ਹੈ। ਮਨੁੱਖੀ ਸਰੀਰ ਨਾਸਵਾਨ ਹੈ। ਸਮਾਂ ਪਾ ਕੇ ਉਸ ਨੇ ਆਮ ਮਨੁੱਖੀ ਸਰੀਰਾਂ ਵਾਂਗ ਅਵੱਸ਼ ਹੀ ਬਿਨਸ ਜਾਣਾ ਹੈ। ਪਰ ਬਾਣੀ ਨੇ, ਲਿਖਤ ਵਿਚ ਆ ਗਈ ਬਾਣੀ ਨੇ, ਕਦੀ ਨਾਸ਼ ਨਹੀਂ ਹੋਣਾ। ਇਸ ਲਈ ਗੁਰੂ ਦਾ ਮਨੁੱਖੀ ਸਰੀਰ ਅਸਲੀ ਗੁਰੂ ਨਹੀਂ ਹੈ। ਅਸਲੀ ਗੁਰੂ ਉਸ ਦੀ ਬਾਣੀ ਹੈ। ਗੁਰੂ ਦੇ ਸਰੀਰਕ ਤੌਰ ਤੇ ਜੀਉਂਦੇ ਹੋਣ ਵੇਲੇ ਭੀ ਗੁਰੂ ਬਾਣੀ ਰਾਹੀਂ ਹੀ ਉਪਦੇਸ਼ ਕਰਦਾ ਅਤੇ ਸਿੱਖਿਆ ਦਿੰਦਾ ਸੀ। ਇਸੇ ਲਈ ਹੀ ਗੁਰੂ ਰਾਮ ਦਾਸ ਨੇ ਫੁਰਮਾਇਆ ਸੀ :

ਬਾਣੀ ਗੁਰੂ ਗੁਰੂ ਹੈ ਬਾਣੀ ਵਿਚ ਬਾਣੀ ਅੰਮ੍ਰਿਤ ਸਾਰੇ।
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥

[ਨਟ ਮ. ੪, ਅਸ਼ਟਪਦੀ ੪: ੫.]

ਭਾਈ ਗੁਰਦਾਸ ਨੇ ਭੀ ਆਪਣੀ ੨੪ਵੀਂ ਵਾਰ ਵਿਚ ਕਿਹਾ ਹੈ :

ਗੁਰੂ ਮੂਰਤਿ ਗੁਰ ਸ਼ਬਦ ਹੈ ਸਾਧ ਸੰਗਤਿ ਵਿਚ ਪ੍ਰਗਟੀ ਆਇਆ ॥ ੨੫:੭ ॥

ਹੋਰ :

ਗੁਰ ਮੇ ਸ਼ਬਦ ਹੈ ਸ਼ਬਦ ਮਾਹਿ ਸਤਿਗੁਰ,
ਨਿਗੁਨ ਸਗੁਨ ਗਯਾਨ ਧਯਾਨ ਸੁ ਸੁਝਾਵੈ ਜੀ ॥ ਕਬਿਤ ੬੦੮ ॥

ਗੁਰੂ ਬਾਣੀ ਦੀ ਗੁਰੂਤਾ ਸੰਬੰਧੀ ਗੁਰੂ ਗੋਬਿੰਦ ਸਿੰਘ ਜੀ ਦੇ ਬਚਨਾਂ ਨੂੰ ਕਵਿ ਸੈਨਾਪਤਿ ਇਸ ਤਰ੍ਹਾਂ ਵਰਨਣ ਕਰਦਾ ਹੈ :

ਸਤਿਗੁਰੂ ਹਮਰਾ ਅਪਰ ਅਪਾਰਾ ਸ਼ਬਦ ਬਿਚਾਰਾ ਅਜ਼ਰ ਜਰੰ ।
ਹਿਰਦੈ ਧਰ ਧਿਆਨੀ ਉਚਰੀ ਬਾਨੀ ਪਦ ਨਿਰਬਾਨੀ ਅਪਰ ਪਰੰ ।
ਗਤਿ ਮਿਤਿ ਅਪਾਰੰ ਬਰੁ ਬਿਸਥਾਰੰ ਵਾਰ ਨਾ ਪਾਰੰ ਕਿਆ ਕਥਨੰ ।
ਤਵ ਜੋਤਿ ਪ੍ਰਗਾਸੀ ਸਰਬ ਨਿਵਾਸੀ ਸਰਬ ਉਦਾਸੀ ਤਵ ਸਰਨੰ ॥ ੪੩ ॥ ੮੦੮ ॥

ਸੈਨਾਪਤਿ ਦੇ ਇਸ ਕਥਨ ਦੀ ਸਪਸ਼ਟ ਪੁਸ਼ਟੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਆਨੰਦਪੁਰ ਵਿਚ ਸੰਮਤ ੧੭੫੨ ਨੂੰ ਭਾਈ ਨੰਦ ਲਾਲ ਦੇ ਪ੍ਰਸ਼ਨ ਉੱਤਰਾਂ ਤੋਂ ਭੀ ਹੁੰਦੀ ਹੈ ਜੋ 'ਰਹਿਤ ਨਾਮਾ ਭਾਈ ਨੰਦ ਲਾਲ' ਵਿਚ ਦਿਤੇ ਹੋਏ ਹਨ । ਭਾਈ ਨੰਦ ਲਾਲ ਬੜੇ ਸ਼ਰਧਾਲੂ ਅਤੇ ਸਮਕਾਲੀ ਸਿਖ ਸਨ ਜੋ ਗੁਰੂ ਸਾਹਿਬ ਦੇ ਅੰਤਮ ਸਮੇਂ ਬਾਦਸ਼ਾਹ ਬਹਾਦਰਸ਼ਾਹ ਦੇ ਨਾਲ ਨਾਂਦੇੜ ਵਿਚ ਮੌਜੂਦ ਸਨ । ਇਹ ਠੀਕ ਹੈ ਕਿ ਇਹ ਬਚਨ ਗੁਰੂ ਸਾਹਿਬ ਦੇ ਦੇਹਾਂਤ ਤੋਂ ਤੇਰਾਂ ਵਰ੍ਹੇ ਪਹਿਲੋਂ ਦੇ ਹਨ ਜਦੋਂ ਕਿ ਅਜੇ ਖ਼ਾਲਸਾ ਦੀ ਸਾਜਨਾ ਨਹੀਂ ਸੀ ਹੋਈ। ਪਰ ਇਹ ਬਚਨ ਇਸ ਗੱਲ ਦੇ ਸਪੱਸ਼ਟ ਸੂਚਕ ਹਨ ਕਿ ਗੁਰੂ ਗੋਬਿੰਦ ਸਿੰਘ ਆਰੰਭ ਤੋਂ ਹੀ ਨਿਜੀ ਅਪਣਤ ਤੋਂ ਉਚੇਰੇ ਸਨ ਅਤੇ ਆਪਣੇ ਆਪ ਨੂੰ ਵਾਹਿਗੁਰੂ ਦੀ ਜੋਤਿ ਦਾ ਇਕ ਅੰਸ਼, ਸ਼ਬਦ ਰੂਪੀ ਗੁਰੂ ਵਿਚ ਲੀਨ ਅਤੇ ਸਾਧ-ਸੰਗਤ ਨਾਲ ਇਕ ਮਿਕ ਸਮਝਦੇ ਸਨ, ਜਿਸ ਦਾ ਪ੍ਰਤੱਖ ਸਬੂਤ ਖਾਲਸੇ ਦੇ ਸਾਜਨਾਂ ਸਮੇਂ ਮਿਲਦਾ ਹੈ ਜਦ ਆਪ ਨੇ ਆਪਣੇ ਆਪ ਨੂੰ—ਆਪਣੇ ਸਰੀਰਕ ਰੂਪ ਨੂੰ—ਖਾਲਸੇ ਵਿਚ ਲੀਨ ਕਰ ਦਿੱਤਾ ਅਤੇ ਖਾਲਸੇ ਨੂੰ 'ਵਾਹਿਗੁਰੂ ਜੀ ਦਾ ਖਾਲਸਾ' ਕਿਹਾ । ਇਸ ਲਈ ਆਪ ਦੇ ਦੇਹਾਂਤ ਤੋਂ ਬਾਦ ਕਿਸੇ ਦੇਹ-ਧਾਰੀ ਨੂੰ ਆਪ ਵਲੋਂ 'ਗੁਰੂ' ਥਾਪੇ ਜਾਣ ਦੀ ਕੋਈ ਗੁੰਜਾਇਸ਼ ਹੀ ਨਹੀਂ ਸੀ ਰਹੀ ਹੋਈ । ਗੁਰੂ-ਬਾਣੀ ਦੇ ਗੁਰੂ ਹੋਣ ਦਾ ਸਿੱਧਾਂਤ ਅੱਗੇ ਹੀ ਪ੍ਰਵਾਨ ਸੀ ਅਤੇ ਗੁਰੂ ਤੇਗ਼ ਬਹਾਦਰ ਦੀ ਬਾਣੀ ਦੇ ਸ਼ਾਮਲ ਕੀਤੇ ਜਾਣ ਨਾਲ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਸੰਪੂਰਨ ਹੋ ਚੁੱਕੀ ਸੀ । ਆਪਣੀ ਜਾਂ ਕੋਈ ਹੋਰ ਬਾਣੀ ਇਸ ਵਿਚ ਦਰਜ ਕਰਨ ਦਾ ਉਨ੍ਹਾਂ ਦਾ ਕੋਈ ਸੰਕਲਪ ਹੀ ਨਹੀਂ ਸੀ, ਇਸ ਲਈ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰੂ-ਰੂਪ ਅਤੇ ਗੁਰੂ ਪਦਵੀ ਦੇ ਮਾਲਕ ਹੋਣ ਸੰਬੰਧੀ ਗੁਰੂ ਗੋਬਿੰਦ ਸਿੰਘ ਜੀ ਦੇ ਬਚਨ—ਭਾਵੇਂ ਉਹ ਕਿਸੇ ਭੀ ਵੇਲੇ ਕਹੇ ਗਏ ਹੋਣ—ਸਦਾ-ਸਤਿ ਅਤੇ ਅਟੱਲ ਸਨ । ਰਹਿਤਨਾਮੇ* ਵਿਚ ਲਿਖਿਆ ਹੋਇਆ ਹੈ ਕਿ ਜਦ ਭਾਈ ਨੰਦ ਲਾਲ ਨੇ ਗੁਰੂ ਜੀ ਨੂੰ ਪੁੱਛਿਆ ਕਿ :

*'ਰਹਿਤਨਾਮੇ' ਦੇ ਅੰਤ ਵਿਚ ਦਿੱਤੀ ਤਿਥਿ ਮੱਘਰ ਸੁਦੀ ੯ ਸੰਮਤ ੧੭੫੨ ਤੋਂ ਕੁਝ ਵਿਦਵਾਨਾਂ ਨੂੰ ਇਹ ਖਿਆਲ ਹੋ ਗਿਆ ਹੈ ਕਿ ਸਿਖਾਂ ਨੂੰ ਖੰਡੇ ਦਾ ਅੰਮ੍ਰਿਤ ਛਕਾ ਕੇ ਸਿੰਘ ਪਦਵੀ ਬਖਸ਼ਨ ਅਤੇ 'ਖਾਲਸਾ' ਸਾਜਨ ਦਾ ਸਾਲ ਹੀ ਉਹ ਹੈ । ਇਹ ਹੀ ਭੁਲੇਖਾ ਇਕ ਦੋ ਪੁਰਾਣੇ ਲੇਖਕਾਂ ਨੂੰ ਭੀ ਲੱਗਾ ਜਾਪਦਾ ਹੈ । ਪਰ ਇਸ ਰਹਿਤਨਾਮੇ ਵਿਚ ਕਿਧਰੇ ਇਕ ਥਾਂ ਭੀ ਸ਼ਬਦ 'ਖਾਲਸਾ' ਨਹੀਂ ਆਇਆ, ਜਦ ਕਿ 'ਖਾਲਸਾ' ਸਾਜਨ ਤੋਂ ਬਾਦ ਇਸੇ ਪ੍ਰਕਾਰ ਦੀ ਹੋਰ ਲਿਖਤ 'ਤਨਖਾਹਨਾਮਾ' ਵਿਚ ਸ਼ਬਦ 'ਖਾਲਸਾ' ਕਈ ਵਾਰੀ ਆਇਆ ਹੈ । ਸੰਮਤ ੧੭੫੨ ਦੇ ਅਠਵੇਂ ਮਹੀਨੇ ਮਘਰ ਵਿਚ ਲਿਖੀ ਗਈ ਲਿਖਤ ਵਿਚ 'ਖਾਲਸਾ' ਸ਼ਬਦ ਦਾ ਨਾ ਆਉਣਾ ਇਸ ਗੱਲ ਦੀ ਇਕ ਬੜੀ ਭਾਰੀ ਦਲੀਲ ਹੈ ਕਿ ਉਦੋਂ ਤਕ 'ਖਾਲਸਾ' ਨਹੀਂ ਸੀ ਸਾਜਿਆ ਗਿਆ । ਇਸ ਗੱਲ ਵਿਚ ਤਾਂ ਕੋਈ ਸ਼ਕ ਹੈ ਹੀ ਨਹੀਂ ਕਿ ਖਾਲਸਾ ਜਦੋਂ ਭੀ ਸਾਜਿਆ ਗਿਆ, ਉਦੋਂ ਸਾਲ ਦੇ ਪਹਿਲੇ ਮਹੀਨੇ ਬਸਾਖ ਦੀ ਪਹਿਲੀ ਤਾਰੀਖ਼ (ਬਸਾਖੀ) ਸੀ ।

ਤੁਮ ਜੋ ਕਹਾ ਗੁਰਦੇਵ ਜੀ ਦਰਸਨ ਕਰਿ ਮੋਹਿ ਆਇ
ਲਖੀਏ ਤੁਮਰਾ ਦਰਸ ਕਹਾਂ ਕਹੋ ਮੋਹਿ ਸਮਝਾਇ।

ਤਾਂ ਗੁਰੂ ਜੀ ਨੇ ਉੱਤਰ ਦਿੱਤਾ :

ਤੀਨ ਰੂਪ ਹੈ ਮੋਹਿ ਕੇ ਸੁਨੋ ਨੰਦ ਚਿਤ ਲਾਇ।
ਨਿਰਗੁਣ ਸਰਗੁਣ ਗੁਰ-ਸ਼ਬਦ ਹੈ ਕਹੈ ਤੋਹਿ ਸਮਝਾਇ।
ਏਕ ਰੂਪ ਤਿਹ ਗੁਣ ਤੇ ਪਰੈ।
ਨੇਤ ਨੇਤ ਜਿਹ ਨਿਗਮ ਉਚਰੈ।
ਘਟ ਘਟ ਬਿਆਪਕ ਅੰਤਰਜਾਮੀ।
ਪੂਰ ਰਹਿਓ ਜਿਉਂ ਜਲ ਘਟ ਭਾਨੀ।

[ਨੰਦਲਾਲ, ਰਹਿਤਨਾਮਾ]

ਇਹ ਹੈ ਪਹਿਲਾ ਰੂਪ ਸਤਿਗੁਰੂ ਦਾ, ਜੋ ਪਰਮ-ਆਤਮਾ ਦੀ ਪਰਮ ਜੋਤਿ ਦਾ, ਜੋ ਹਰ ਥਾਂ ਸਰਬ ਵਿਆਪਕ, ਇਕ ਰੂਪ ਹੈ, ਇਕ ਅੰਸ਼ ਹੈ, ਇਕ ਅੰਗ ਹੈ—ਇਕ ਨਿਰਾਕਾਰ ਰੂਪ ਹੈ-ਜੋ ਤ੍ਰੈਗੁਣ, ਸਤਿ, ਰਜ ਅਤੇ ਤਮ ਤੋਂ ਪਰੇ ਹੈ ਇਹ ਅਦ੍ਰਿਸ਼ਟ ੧ਓਂਕਾਰ ਸਤਿਨਾਮੁ ਕਰਤਾ ਪੁਰਖੁ ਅਕਾਲ ਮੂਰਤਿ ਅਜੂਨੀ ਸੈਭੰ ਦਾ ਇਕ ਆਸ਼ਕਾਰਾ ਹੈ।

ਦੂਸਰ ਰੂਪ ਗ੍ਰੰਥ ਜੀ ਜਾਨ।
ਉਨ ਕੇ ਅੰਗ ਮੇਰੋ ਕਰ ਮਾਨ।......
ਜੋ ਸਿਖ ਗੁਰ-ਦਰਸਨ ਕੀ ਚਾਹਿ।
ਦਰਸਨ ਕਰੈ ਗ੍ਰੰਥ ਜੀ ਆਹਿ।......
ਸ਼ਬਦ ਸੁਣੈ ਗੁਰ ਹਿਤ ਚਿਤ ਲਾਇ।
ਗਿਆਨ ਸ਼ਬਦ ਗੁਰ ਸੁਣੈ ਸੁਣਾਇ।......
ਜੋ ਮੁਝ ਬਚਨ ਸੁਣਨ ਕੀ ਚਾਇ।
ਗ੍ਰੰਥ ਜੀ ਪੜ੍ਹੈ ਸੁਣੇ ਚਿਤ ਲਾਇ।
ਮੇਰਾ ਰੂਪ ਗ੍ਰੰਥ ਜੀ ਜਾਨ।
ਇਸ ਮੈ ਭੇਦ ਨਹੀਂ ਕੁਛ ਮਾਨ। [ਨੰਦ ਲਾਲ, ਰਹਿਤਨਾਮਾ]

ਇਹ ਸ਼ਬਦ-ਰੂਪ ਗੁਰੂ ਦਾ ਆਤਮਕ ਰੂਪ ਹੈ, ਜੋ ਸੱਚਾ ਸਦੀਵੀ ਰੂਪ ਹੈ, ਜੋ ਪ੍ਰਤੱਖ ਰੂਪ ਵਿਚ ਗੁਰੂ ਦੀ ਗੁਰੂਤਾ ਦਾ ਲੱਛ ਹੈ, ਜੋ ਸਦਾ ਨਵਾਂ ਨਰੋਆ ਸਿਖਿਆ-ਦਾਤਾ ਹੈ, ਗੁਰੂ ਮੂਰਤਿ ਹੈ, ਗੁਰੂ ਹੈ।

ਗੁਰੂ ਦਾ ਤੀਸਰਾ ਰੂਪ ਉਹ ਸਿੱਖ ਹਨ ਜੋ ਦਿਨ ਰਾਤ ਗੁਰਬਾਣੀ ਵਿਚ ਰੱਤੇ ਉਸ ਦੀ ਸਿਖਿਆ ਅਨੁਸਾਰ ਆਪਣੇ ਜੀਵਨ ਢਾਲਦੇ ਅਤੇ ਬਤੀਤ ਕਰਦੇ ਹਨ।

ਤੀਸਰ ਰੂਪ ਸਿਖ ਹੈ ਮੋਰ।
ਗੁਰਬਾਣੀ ਰਤਿ ਜਿਹ ਨਿਸ ਭੋਰ।
ਵਿਸਾਹ ਪ੍ਰੀਤ ਗੁਰ ਸ਼ਬਦ ਜੋ ਧਰੈ।
ਗੁਰ ਕਾ ਦਰਸ ਨਿਤ ਉਠ ਕਰੈ।...

ਗੁਰਦਵਾਰ ਕਾ ਦਰਸਨ ਕਰੈ ।
ਪਰ ਦਾਰਾ ਕਾ ਤਿਆਗ ਜੋ ਕਰੈ ।
ਗੁਰ ਸਿਖ ਸੇਵਾ ਕਰੈ ਚਿਤਿ ਲਾਇ ।
ਆਪਾ ਮਨ ਕਾ ਸਗਲ ਮਿਟਾਇ ।
ਇਨ ਕਰਮਨ ਮੇ ਜੋ ਪਰਧਾਨ ।।
ਸੋ ਸਿਖ ਰੂਪ ਮੇਰਾ ਪਹਿਚਾਨ ।।

[ਨੰਦ ਲਾਲ, ਰਹਿਤਨਾਮਾ]

ਅਜਿਹੇ ਨਿਰਮਲ-ਬੁਧ ਉਜਲ-ਦੀਦਾਰ, ਕਥਨੀ ਦੇ ਪੂਰੇ, ਕਰਨੀ ਦੇ ਸੂਰੇ, ਗੁਰੂ ਗੋਬਿੰਦ ਸਿੰਘ ਜੀ ਦੇ ਆਸ਼ੇ ਅਤੇ ਨਕਸ਼ੇ ਪਰ ਪੂਰੇ ਉਤਰਨ ਵਾਲੇ ਸਿਖ, ਬਸਾਖੀ ੧੭੫੬ ਬਿ. ਨੂੰ ਸਾਜੇ, ਗੁਰ ਦੇ ਸੰਵਾਰੇ ਵਾਹਿਗੁਰੂ ਜੀ ਦੇ ਖਾਲਸੇ ਹੀ ਸਨ ਜਿਨ੍ਹਾਂ ਵਿਚ ਗੁਰੂ ਜੀ ਨੇ ਆਪਣਾ ਰੂਪ ਲੀਨ ਕਰ ਅੱਗੇ ਲਈ ਫਰਮਾਇਆ ਸੀ : 'ਖਾਲਸਾ ਮੇਰੋ ਰੂਪ ਹੈ ਖਾਸ, ਖਾਲਸੇ ਮਹਿ ਹਉਂ ਕਰੋਂ ਨਿਵਾਸ' ।

ਇਸ ਤਰ੍ਹਾਂ, ਜੋਤੀ ਜੋਤਿ ਸਮਾਉਣ ਵੇਲੇ, ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਸਰੀਰਕ ਜਾਮਾ ਖਾਲਸੇ ਨੂੰ ਬਖਸ਼ਿਆ ਅਤੇ ਮਨੁੱਖਾ-ਦੇਹ-ਧਾਰੀ ਗੁਰੂ ਦੀ ਥਾਂ ਸਦਾ ਵਾਸਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਦੇ ਦਿੱਤੀ [ਹੋਰ ਦੇਖੋ ਮੁਹੰਮਦ ਅਲੀ ਖਾਨ ਅਨਸਾਰੀ, ਤਾਰੀਖਿ-ਮੁਜ਼ੱਫਰੀ, ੧੫੨; ਕੇਸਰ ਸਿੰਘ ਛਿੱਬਰ, ਬੰਸਾਵਲੀ ਨਾਮਾ, ੧੩੦-੧੩੧; ਗੁਲਾਮ ਮੁਹੱਈਉਦੀਨ ਪਰਸਿਧ ਬੂਟੇ ਸ਼ਾਹ, ਤਾਰੀਖਿ-ਪੰਜਾਬ, ੬੨; ਆਦਿ ।]

ਇਸ ਨਾਲ ਸ੍ਰੀ ਗੁਰ ਸੋਭਾ ਦੇ ਪ੍ਰਸੰਗ ਸਮਾਪਤ ਹੋ ਜਾਂਦੇ ਹਨ ।

### ਬੰਦਾ ਸਿੰਘ

ਸੈਨਾਪਤਿ ਨੇ ਨਾਂਦੇੜ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਇਕ ਮਹਾਨ ਪ੍ਰਸੰਗ ਦਾ ਜ਼ਿਕਰ ਨਹੀਂ ਕੀਤਾ, ਜਿਸ ਦਾ ਸੰਬੰਧ ਉਥੇ ਇਕ ਬੈਰਾਗੀ ਸਾਧੂ ਮਾਧੋ ਦਾਸ ਦੇ ਸਿੰਘ ਸਜ ਕੇ ਖਾਲਸੇ ਦਾ ਪਰਸਿਧ ਜਰਨੈਲ ਅਤੇ ਪਹਿਲਾ ਉੱਘਾ ਰਾਜਸੀ ਆਗੂ ਬਣਨ ਵਾਲੇ ਬੰਦਾ ਸਿੰਘ ਬਹਾਦੁਰ ਨਾਲ ਸੀ । ੩ ਸਤੰਬਰ ਸਨ ੧੭੦੮ ਈ. ਨੂੰ ਸੂਰਜ ਗ੍ਰਹਿਣ ਵਾਲੇ ਦਿਨ ਗੁਰੂ ਸਾਹਿਬ ਨੇ ਜਿਵੇਂ ਇਸ ਸੰਸਾਰ-ਤਿਆਗੀ ਕੱਟੜ ਵੈਸ਼ਨੂ ਸਾਧ ਨੂੰ ਖੰਡੇ ਦਾ ਅੰਮ੍ਰਿਤ ਛਕਾ ਕੇ ਇਕ ਸੂਰਬੀਰ ਸਿਪਾਹੀ ਬਣਾ ਦਿੱਤਾ, ਉਹ ਗੁਰੂ ਸਾਹਿਬ ਦੀ ਮਹਾਨ ਆਤਮਕ ਸ਼ਕਤੀ ਦਾ ਲਖਾਇਕ ਹੈ । ਬੰਦਾ ਸਿੰਘ ਨੇ ਡੇਢ ਕੁ ਸਾਲ ਦੇ ਥੋੜੇ ਜਿਹੇ ਸਮੇਂ ਵਿਚ ਹੀ ਚੜ੍ਹਦੇ ਪੰਜਾਬ ਵਿਚੋਂ ਮੁਗਲ ਰਾਜ ਦੀ ਸਫ਼ਾ ਵਲ੍ਹੇਟ ਦਿਤੀ ਅਤੇ ਉਸ ਦੀ ਥਾਂ ਸਤ ਸੌ ਸਾਲ ਤੋਂ ਬਾਦ ਮੁੜ ਪੰਜਾਬੀਆਂ ਦਾ ਰਾਜ ਕਾਇਮ ਕਰ ਦਿੱਤਾ ਅਤੇ ਦੇਸ਼ ਵਿਚ ਸੁਤੰਤਰਤਾ ਦੀ ਐਸੀ ਜੋਤਿ ਜਗਾਈ ਜੋ ਮੁਗਲਾਂ ਦੇ ਸਾਮਰਾਜੀ ਝੱਖੜਾਂ ਨਾਲ ਕੁਝ ਚਿਰ ਮੱਧਮ ਤਾਂ ਭਾਵੇਂ ਪੈ ਗਈ ਪਰ ਉੱਕੀ ਹੀ ਬੁਝਾਈ ਨਾ ਜਾ ਸਕੀ ।

### 'ਗੜ੍ਹ ਆਨੰਦ ਫੇਰ ਬਸਾਵਹਿਗੇ'

ਉਨ੍ਹੀਵੇਂ ਧਿਆਇ ਵਿਚ ਸੈਨਾਪਤਿ ਨੇ ਆਪਣੀਆਂ ਉਨ੍ਹਾਂ ਮਨ-ਤ੍ਰੰਗਾਂ ਨੂੰ ਮੂਰਤੀ-ਮਾਨ ਕੀਤਾ ਹੈ ਜੋ ਗੁਰੂ ਗੋਬਿੰਦ ਸਿੰਘ ਦੀ ਮਹਾਨ ਆਤਮਕ ਸ਼ਕਤੀ ਅਤੇ ਉਨ੍ਹਾਂ ਦੇ ਸਾਜੇ

ਨਿਵਾਜੇ ਖਾਲਸੇ ਦੇ ਤੇਜ ਪ੍ਰਤਾਪ ਨੂੰ ਦੇਖ ਕੇ ਉਸ ਦੇ ਮਨ ਵਿਚ ਉਪਜੀਆਂ । ਉਹ ਇਸ ਧਿਆਇ ਨੂੰ ਆਰੰਭ ਹੀ ਇਸ ਤਰ੍ਹਾਂ ਕਰਦਾ ਹੈ :

ਆਗਮ ਅਬ ਪ੍ਰਭ ਕੋ ਕਹਤ ਉਪਜੀ ਮੋਹਿ ਤਰੰਗ ।
ਰਚਨਾ ਰਚਿ ਜਿਮ ਇਮ ਰਚੀ ਸੋ ਕਰਿ ਹੈ ਇਮ ਰੰਗ ॥ ੧ ॥ ੮੨੫ ॥

ਕਵੀ ਨੂੰ ਪੂਰਾ ਯਕੀਨ ਸੀ ਕਿ ਗੁਰੂ ਸਾਹਿਬ ਦੇ ਸਰੀਰਕ ਜੀਵਨ ਦਾ ਭਾਵੇਂ ਅੰਤ ਹੋ ਗਿਆ ਹੈ ਪਰ ਉਨ੍ਹਾਂ ਦੀ ਮਹਾਨ ਆਤਮਾ ਇਥੇ ਮੌਜੂਦ ਹੈ, ਉਹ ਦਰਸ਼ਨ ਦਿੰਦੀ ਰਹੇਗੀ ਔਰ ਧਰਮ-ਚਲਾਵਨ, ਸੰਤ-ਉਬਾਰਨ, ਦੁਸ਼ਟ ਸਭਿਨ ਕੋ ਮੂਲ ਉਪਾਰਨ ਲਈ ਖਾਲਸੇ ਵਿਚ ਜੀਵਨ ਜੋਤਿ ਜਗਦੀ ਰਖੇਗੀ, ਉਹ ਕਹਿੰਦਾ ਹੈ :

ਸਬ ਸਾਧ ਉਬਾਰਨ ਕੇ ਹਿਤ ਜੋ ਜਗ ਜੀਵਨ ਜੋਤਿ ਜਗਾਵਹਿੰਗੇ ।
ਤੁਰਕੀ ਅਸ ਅਛਿ ਸੁਪਛਿ ਬਡੋ ਤਿਹ ਉਪਰ ਆਪ ਸੁਹਾਵਹਿੰਗੇ ।
ਮਿਲ ਸੇਵਕ ਸਿੰਘ ਅਨੇਕ ਸਬੈ ਕਰਿ ਰੰਗ ਤੁਰੰਗ ਨਚਾਵਹਿੰਗੇ ।
ਭਲ ਭਾਗ ਭਯਾ ਤੁਮ ਤਾਹਿ ਕਹੋ ਨਿਹਚੈ ਕਰ ਕੀਰਤ ਗਾਵਹਿੰਗੇ ॥ ੨ ॥ ੮੨੬ ॥

ਫੇਰ, ਉਹ ਅਮਿੱਤ ਬਲ ਧਾਰ ਕੇ, ਕਟਕ ਸਵਾਰ ਕੇ ਹਥ ਤਲਵਾਰ ਲੈ, ਸ਼ਾਹੀ ਦੁਸ਼ਟਾਂ ਦਲਾਂ ਪਰ ਚੜ੍ਹਾਈ ਕਰਨਗੇ ਅਤੇ ਜਦ ਸਾਹਿਬ ਦਾ ਬਖਸ਼ਿਆ ਹੋਇਆ ਖੰਡਾ ਖੜਕੇਗਾ ਤਾਂ ਸਾਰਾ ਜਹਾਨ ਜੈ ਜੈ ਕਾਰ ਕਰੇਗਾ ਅਤੇ ਵੈਰੀਆਂ ਦਾ ਲਹੂ ਇੰਜ ਵਗ ਚੜ੍ਹੇਗਾ ਜਿਵੇਂ ਸਰਾਂ ਨੂੰ ਭਰਨ ਲਈ ਜਲ ਫੁਟ ਤੁਰਦਾ ਹੈ :

ਛਪੈ ਛੰਦ

ਅਮਿਤ ਤੇਜ ਪ੍ਰਗਾਸ ਅਮਿਤ ਬਲ ਧਾਰਿ ਪ੍ਰਬਲ ਬਲ ।
ਅਮਿਤ ਸੂਰ ਸੀਗਾਰ ਅਨਿਕ ਸੀਗਾਰ ਕਟਕ ਦਲ ।
ਚੜ੍ਹਗ ਸ਼ਾਹ ਸ਼ਾਹਾਨ ਖੜਗ ਗਹਿ ਅਮਿਤ ਅਪਾਰਾ ।
ਕਰਗੁ ਦੁਸ਼ਟ ਦਲ ਅਮਿਤ ਭਾਤ ਖਲਹਾਨ ਬਿਚਾਰਾ ।
ਉਮਗੰਤ ਨੀਰ ਸੁਭਰ ਸਰਸ ਤਿਹ ਸਮਾਨ ਰਕਤਰ ਚੜ੍ਹਗੁ ।
ਜੈਕਾਰ ਕਰਗੁ ਤਵ ਜਗ ਸਬੈ ਬਜਗ ਸਾਰ ਸਾਹਿਬ ਖੜਗੁ ॥ ੪ ॥ ੮੨੮ ॥

ਪਰ ਸਭ ਤੋਂ ਵਧ ਦੁਖ ਭਰੀ ਗੱਲ ਜੋ ਕਵੀ ਨੂੰ ਖਾ ਰਹੀ ਸੀ, ਉਹ ਸੀ ਆਨੰਦਪੁਰ ਦਾ ਉਜਾੜਾ, ਦੁਸ਼ਮਨ ਦੀਆਂ ਫੌਜਾਂ ਦਾ ਊਧਮ, ਪਹਾੜੀ ਰਾਜਿਆਂ ਦੀ ਹੈਂਕੜ ਅਤੇ ਲੋਕਾਂ ਦੇ ਸੁਖ ਦੀ ਬਰਬਾਦੀ । ਪਰ ਗੁਰੂ ਦੀ ਬਖਸ਼ੀ ਹੋਈ ਚੜ੍ਹਦੀਆਂ ਕਲਾ ਦੀ ਦਾਤ ਦੇ ਸਦਕੇ ਉਸ ਦਾ ਮਨ ਸਦਾ ਆਸ਼ਵਾਦੀ ਹੁਲਾਸ ਨਾਲ ਭਰਪੂਰ ਸੀ ਅਤੇ ਉਸ ਨੂੰ ਪੱਕਾ ਯਕੀਨ ਸੀ ਕਿ ਉਹ ਦਿਨ ਦੂਰ ਨਹੀਂ ਜਦ ਗੁਰੂ ਦੀ ਅਜ਼ਮਤ ਅਤੇ ਖਾਲਸੇ ਦੇ ਤੇਜ ਪ੍ਰਤਾਪ ਨਾਲ ਉਨ੍ਹਾਂ ਦੀ ਹਰ ਮੈਦਾਨ ਫ਼ਤਿਹ ਹੋਵੇਗੀ, ਵੈਰੀ ਮੈਦਾਨ ਛਡ ਕੇ ਭਜ ਜਾਣਗੇ, ਆਨੰਦਪੁਰ ਫੇਰ ਆਪਣੀ ਸ਼ਾਨ ਨਾਲ ਵਸੇਗਾ ਅਤੇ ਸਬ ਲੋਗ ਸੁਖੀ ਵਸਣਗੇ ਜਿਵੇਂ ਉਹ ਪੂਰੇ ਭਰੋਸੇ ਨਾਲ ਕਹਿੰਦਾ ਹੈ :

ਸਵੈਯਾ

ਪਿਰਥੀ ਪਤਿ ਭੂਪਤ ਸ਼ਾਹ ਸਭ ਛਬਿ ਦੇਖ ਮਹਾ ਡਰ ਪਾਵਹਿੰਗੇ ।

ਤਜਿ ਦੇਸ ਸੁਰੇਸ਼ ਨਰੇਸ ਖੜੇ ਡਰਿ ਕੇ ਸਭ ਹੀ ਭਜ ਜਾਵਹਿੰਗੇ ।
ਚਿਤਵੈ ਮਨ ਮੈ ਕਛੂ ਅਉਰ ਉਪਾਇ ਬਿਨ ਹਰਿ ਕਿਉਂ ਗਤ ਪਾਵਹਿੰਗੇ ।
ਭਲ ਭਾਗ ਭਯਾ ਤੁਮ ਤਾਹਿ ਕਹੌ ਗੜ੍ਹ ਆਨੰਦ ਫੇਰਿ ਬਸਾਵਹਿੰਗੇ ॥ ੫ ॥ ੮੨੯ ॥
ਸੰਤਨ ਕਾਜ ਕਰੀ ਹਰਿ ਲਾਜ ਕੀਉ ਯਹ ਸਾਜ ਸੁਹਾਵਹਿੰਗੇ ।
ਕਰਿ ਮੈ ਗਹਿ ਤੇਗ ਦਰੇਗ ਨਹੀ ਸਬ ਦੂਤਨ ਮਾਰਿ ਖਪਾਵਹਿੰਗੇ ।
ਭਜਿ ਹੈਂ ਇਹ ਭਾਂਤ ਕਮਾਨਨ ਤੇ ਸਰ ਧੋ ਤਿਨ ਕੋ ਬਿਚਲਾਵਹਿੰਗੇ ।
ਭਲ ਭਾਗ ਭਯਾ ਤੁਮ ਤਾਹਿ ਕਹੌ ਗੜ੍ਹ ਆਨੰਦ ਫ਼ੇਰਿ ਬਸਾਵਹਿੰਗੇ ॥ ੭ ॥ ੮੩੧ ॥
...ਦਲ ਦੂਤ ਕਰੋਰਨ ਮਾਰਿ ਲਏ ਕਹੂ ਢੂੰਢਤ ਹਾਥ ਨਾ ਆਵਹਿੰਗੇ ।
ਸੁਖ ਮੈ ਕ੍ਰਿਣ ਲੈ ਮਿਲ ਹੈ ਪ੍ਰਿਥਵੀ-ਪਤਿ ਆਪਨ ਆਪ ਬਚਾਵਹਿੰਗੇ...॥ ੮ ॥ ੮੩੨ ॥

ਜਦ ਖਾਲਸੇ ਦੀ ਰੱਛਿਆ-ਮਈ ਕਿਰਪਾਨ ਦੇ ਸਾਏ ਹੇਠ ਸਭ ਪਾਸੇ ਅਮਨ ਅਮਾਨ ਹੋ ਜਾਏਗਾ ਤਾਂ ਰਾਉ ਰੰਕ ਸਬ ਸੁਖੀ ਜੀਵਨ ਬਤੀਤ ਕਰਨਗੇ, ਕਿਸੇ ਨਾਲ ਕੋਈ ਭਿੰਨ ਭੇਦ ਨਹੀਂ ਵਰਤਿਆ ਜਾਏਗਾ, ਜ਼ੁਲਮ ਅਤੇ ਜ਼ਾਲਮ ਕਿਧਰੇ ਨਹੀਂ ਦਿਸਨਗੇ ਅਤੇ ਹਰ ਪਾਸੇ ਅਨੰਦ ਮੰਗਲ ਦੇ ਬਾਜੇ ਬੱਜਣਗੇ :

ਅਨੰਦ ਸੋ ਬਸਿ ਹੈ ਤਬ ਭੂਪਤ ਏਕ ਹੀ ਨਾਮ ਧਿਆਵਹਿੰਗੇ ।
ਜਪਿ ਖਾਲਸ ਸਾਸਿ ਗਿਰਾਸ ਮਨੈ ਕੁਛ ਦੂਸਰੁ ਭੇਦ ਨ ਲਾਵਹਿੰਗੇ ।
ਛਿਨ ਮੈ ਜਗ ਕੇ ਅਘ ਨਾਸ ਭਏ ਕਹੁ ਪਾਪ ਨਾ ਢੂੰਢਤ ਪਾਵਹਿੰਗੇ ।...। ੯ ॥ ੮੩੩ ॥
ਭਾਰ ਅਠਾਰਹ ਬਨਾਸਪਤੀ ਤਿਹ ਖਾਲਸ ਜਾਪ ਜਪਾਵਹਿੰਗੇ ।
ਬਨ ਮੈ ਤ੍ਰਿਣ ਮੈ ਪਸੁ ਪੰਖਨ ਮੈ ਕਰ ਏਕ ਹੀ ਜੋਤ ਦਿਖਾਵਹਿੰਗੇ ।
ਪਰਜਾ ਜਪ ਜਾਪ ਆਨੰਦ ਕਰੈ ਇਹ ਜਾਪ ਹੀ ਸੋ ਗਤਿ ਪਾਵਹਿੰਗੇ । ੧੦ ॥ ੮੩੬ ॥
ਸਿੱਧ ਸਾਧਿਕ ਸੰਤ ਮਹੰਤ ਸਬੈ ਮਨ ਆਨੰਦ ਸੋ ਗੁਨ ਗਾਵਹਿੰਗੇ ।
ਗਿਰਹੀ ਗ੍ਰਿਹਿ ਮੈ ਸੁਖ ਅਨੰਦ ਸੋ ਕਰਿ ਮੰਗਲ ਸਾਜ ਬਜਾਵਹਿੰਗੇ ।
ਭਲ ਭਾਗ ਭਯਾ ਤੁਮ ਤਾਹਿ ਕਹੌ ਗੜ੍ਹ ਅਨੰਦ ਫਿਰ ਬਸਾਵਹਿੰਗੇ ॥ ੧੨ ॥ ੮੩੬ ॥

ਗੁਰੂ ਗੋਬਿੰਦ ਸਿੰਘ ਜੀ ਦੇ ਦੇਹਾਂਤ ਤੋਂ ਕੁਝ ਮਹੀਨਿਆਂ ਬਾਦ ਹੀ ਬੰਦਾ ਸਿੰਘ ਦੀ ਅਗਵਾਈ ਵਿਚ ਪੰਜਾਬ ਵਿਚ ਸਿੰਘਾਂ ਦਾ ਬੋਲ ਬਾਲਾ ਹੋ ਗਿਆ ਅਤੇ ਆਨੰਦਪੁਰ ਮੁੜ ਵਸ ਗਿਆ । ਇਹ ਸਮਾਂ ਸੈਨਾਪਤਿ ਦੀਆਂ ਅੱਖੀਆਂ ਸਾਹਮਣੇ ਗੁਜ਼ਰ ਰਿਹਾ ਸੀ, ਅਤੇ ਜੋ ਪ੍ਰਭਾਵ ਉਸ ਦੇ ਮਨ ਪਰ ਉਸ ਵੇਲੇ ਪੈ ਰਹੇ ਸਨ, ਉਹ ਬੜੇ ਸੁਹਾਵਨੇ ਸਨ ਅਤੇ ਉਪਰ ਦਿੱਤੇ ਸ਼ਬਦ ਉਨ੍ਹਾਂ ਦਾ ਕੁਝ ਕੁ ਝਲਕਾਰਾ ਜਾਪਦੇ ਹਨ । ਪਰ ਇਨ੍ਹਾਂ ਦੀ ਪੂਰੀ ਮੂਰਤ ਸਿਖ ਮਿਸਲਦਾਰ ਸਰਦਾਰਾਂ ਦੇ ਵੇਲੇ ਖਿਚ ਹੋਣੀ ਸ਼ੁਰੂ ਹੋਈ ਜੋ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਸਿਰ ਚੜ੍ਹੀ । ਭਾਈ ਗੁਰਦਾਸ ਦੂਸਰੇ ਨੇ ਖਾਲਸੇ ਦੇ ਇਸ ਚੜ੍ਹਦੇ ਜੋਬਨ ਦਾ ਅੱਖੀਂ ਡਿੱਠਾ ਨਜ਼ਾਰਾ ਆਪਣੀ ਵਾਰ ਵਿਚ ਕੁਝ ਕੁ ਇਸ ਤਰ੍ਹਾਂ ਬਿਆਨ ਕੀਤਾ ਹੈ ਜਿਸ ਨਾਲ ਸੈਨਾਪਤਿ ਦੀ ਭਵਿੱਖ-ਬਾਣੀ ਸਾਖਿਅਤ ਮੂਰਤੀਮਾਨ ਹੋ ਗਈ ।

...ਜਹ ਉਪਜੇ ਸਿੰਘ ਮਹਾ ਬਲੀ ਖਾਲਸ ਨਿਰ ਧਾਰਾ ।
ਸਬ ਜਗ ਤਿਨਹੂ ਬੱਸ ਕੀਓ ਜਪ ਅਲਖ ਅਪਾਰਾ ।

ਗੁਰ ਧਰਮ ਸਿਮਰ ਜਗ ਚਮਕਿਓ ਮਿਟਿਉ ਅੰਧਾਰਾ ।
ਤਬ ਕਸ਼ਲ ਖੇਮ ਆਨੰਦ ਸਿਉਂ ਬਸਿਓ ਸੰਸਾਰਾ ॥ ੧੮ ॥
...ਯਹ ਬਾਰਹ ਸਦੀ ਨਬੇੜ ਕਰ ਗੁਰ ਫਤੇ ਬੁਲਾਏ ।
ਤਬ ਸਭ ਦੁਸ਼ਟ ਸਹਜੇ ਖਪੇ ਛਲ ਕਪਟ ਉਡਾਏ ।
ਇਉਂ ਹਰਿ ਅਕਾਲ ਕੇ ਹੁਕਮ ਸੋਂ ਰਣ ਜੁੱਧ ਮਚਾਏ ।
ਤਬ ਕੂਦੇ ਸਿਘ ਭੁਜੰਗੀਏ ਦਲ ਕਟਕ ਉਡਾਏ ।
ਇਉਂ ਫਤੇ ਭਈ ਜਗਜੀਤ ਕਰ ਸਚ ਤਖਤ ਰਚਾਏ ।
ਬਹੁ ਦੀਉ ਦਿਲਾਸਾ ਜਗਤ ਕੋ ਹਰਿ ਭਗਤ ਦਿੜ੍ਹਾਏ ।
ਤਬ ਸਭ ਪ੍ਰਿਥਵੀ ਸੁਖੀਆ ਭਈ ਦੁਖ ਦਰਦ ਗਵਾਏ ॥ ੧੯ ॥

'ਨਮੋ ਨਾਥ ਨਾਥੇ'

ਅੰਤਲੇ ਬੀਸਵੇਂ ਧਿਆਇ ਵਿਚ ਸੈਨਾਪਤਿ ਇਕ ਧਾਰਮਕ ਬਿਰਤੀ ਵਾਲੇ ਕਵੀ ਦੀ ਤਰ੍ਹਾਂ ਪਰਮਾਤਮਾ ਨੂੰ ਨਮਸਕਾਰ ਕਰਦਾ ਹੈ :

ਨਮੋ ਨਾਥ ਨਾਥੇ ਅਚਰਜੇ ਸਰੂਪੇ ।
ਨਮੋ ਸ੍ਰਿਸ਼ਟ ਕਰਤਾ ਅਨੰਤੇ ਬਿਭੂਤੇ ।
ਨਮੋ ਸਰਬ ਰੰਗੇ ਨਮੋ ਸਰਬ ਮਾਥੇ ।
ਨਮੋ ਅੰਗ ਸੰਗੀ ਨਮੋ ਸਰਬ ਸਾਥੇ ॥ ੨ ॥ ੮੩੮ ॥

ਉਹ ਗੁਰ-ਸਿੱਖੀ ਦੀ ਸਿੱਖਿਆ ਅਨੁਸਾਰ ਪਰਮਾਤਮਾ ਦੀ ਜੋਤਿ ਹਰ ਥਾਂ ਸਾਰਿਆਂ ਵਿਚ ਬ੍ਰਾਜਮਾਨ ਦੇਖਦਾ ਹੈ ।

ਏਕ ਹੀ ਜੋਤਿ ਜਗੈ ਸਬ ਹੀ ਜਗ ਬਿਰਾਜਤ ਹੈ ਸਭ ਹੀ ਘਟ ਮਾਂਹੀ ।
ਬ੍ਰਹਮ ਹੂ ਮੈ ਅਰੁ ਬਿਸਨ ਹੂ ਮੈ ਸ਼ਿਵ ਸ਼ੰਕਰ ਮੈ ਗਣਈਸ ਸਮਾਹੀ ।
ਦੇਵੀਅਨ ਮੈ ਨਵ ਨਾਥਨ ਮੈ ਸਿਧ ਸਾਧਕ ਸੰਤ ਮਹੰਤ ਕਹਾਹੀ ।
ਬਿਆਪਕ ਹੈ ਸਬ ਹੀ ਕੇ ਬਿਖੇ ਮਨ ਤਾ ਹੀ ਕੋ ਨਾਮ ਜਪੈ ਗਤਿ ਪਾਹੀ ॥ ੭ ॥ ੮੪੩॥

ਦੋਹਰਾ

ਜੋ ਜਨ ਹਰਿ ਪ੍ਰਭ ਛੋਡਿ ਕੈ ਕਰਤ ਅਵਰ ਕੀ ਸੇਵਾ ।
ਸੋ ਮੂਰਖ ਅਗਿਆਨ ਹੈ ਪਾਵਤ ਰੰਚ ਨਾ ਭੇਵ ॥ ੮ ॥ ੮੪੪ ॥

ਪਰਮਾਤਮਾ ਦੀ ਯਾਦ ਨਾਲ ਮਨੁੱਖ ਦੀ ਭਟਕਣਾ ਅਤੇ ਦੁਬਧਾ ਦੂਰ ਹੋ ਜਾਂਦੀ ਹੈ ਅਤੇ ਉਸ ਨੂੰ ਹਾਜ਼ਰ ਨਾਜ਼ਰ ਸਮਝਣ ਅਤੇ ਲੋਭ ਵਿਕਾਰ ਦੇ ਤਿਆਗ ਨਾਲ ਮਨ ਦੀ ਚਿੰਤਾ ਲਹਿ ਜਾਂਦੀ ਹੈ ਅਤੇ ਸੁਖ ਪ੍ਰਾਪਤ ਹੋ ਜਾਂਦਾ ਹੈ :

ਦੋਹਰਾ

ਚਉਰਾਸੀ ਮੈ ਪਰਤ ਹੈ ਬਿਨਾ ਭਗਤ ਨਰ ਸੋਇ ।
ਨਿਸ ਦਿਨ ਏਕ ਅਰਾਧੀਐ ਮਨ ਕੀ ਦੁਬਿਧਾ ਖੋਇ ॥ ੧੬ ॥ ੮੫੨ ॥
ਹਰਿ ਕੋ ਨਾਮ ਬਿਸਾਰ ਕੈ ਪਰਤ ਮੂੜ੍ਹ ਮੰਝਧਾਰ ।
ਮਾਯਾ ਮੈ ਭੂਲੋ ਫਿਰੈ ਕਰਤ ਨਾਹਿ ਬਿਚਾਰਿ ॥ ੫੧ ॥ ੮੮੭ ॥

ਲਾਲਚ ਲੋਭ ਬਿਕਾਰ ਤਜਿ ਹੋਤ ਅਨੇਕ ਅਨੰਦ ।
ਸਦਾ ਨਿਕਟ ਹੀ ਜਾਨੀਐ ਉਤਰੈ ਮਨ ਕੀ ਚਿੰਦ ॥ ੪੭ ॥ ੮੮੪ ॥

ਪਰ ਸਭ ਸ਼ੁਭ ਵਿਚਾਰ, ਸ਼ੁਭ ਕਰਮਾਂ ਲਈ ਉਤਸਾਹ ਅਤੇ ਸਰਬ ਸੁਖ, ਗੁਰੂ ਦੀ ਸੇਵਾ—ਗੁਰੂ ਦੀ ਆਗਿਆ, ਗੁਰੂ ਦੀ ਸਿਖਿਆ ਪਰ ਚਲਣ ਤੋਂ ਉਪਜਦੇ ਹਨ ਅਤੇ ਪਰਮਾਤਮਾ ਦੀ ਪ੍ਰਾਪਤੀ ਭਲੇ ਪੁਰਖਾਂ ਦੀ ਸਤਸੰਗਤ, ਉਨ੍ਹਾਂ ਦੀ ਕਰਨੀ ਅਤੇ ਕਥਨੀ ਨੂੰ ਆਪਣੇ ਜੀਵਨ ਵਿਚ ਗ੍ਰਹਿਣ ਕਰਨ ਤੋਂ ਹੁੰਦੀ ਹੈ :

ਸਰਬ ਸੁਖ ਉਪਜਤ ਮਨਾ ਕਰਿ ਸਤਿਗੁਰ ਕੀ ਸੇਵ ।
ਸਭ ਸੰਗਤ ਮੈ ਪਾਈਐ ਪ੍ਰਭ ਪੂਰਨ ਗੁਰਦੇਵ ॥ ੬੧ ॥ ੯੦੩ ॥

ਇਤਿਹਾਸ ਦਾ ਪਠਨ ਪਾਠਨ ਵੀ ਉਨ੍ਹਾਂ ਹੋ ਗੁਜ਼ਰੇ ਮਹਾਨ ਪੁਰਖਾਂ ਦੀ ਸੰਗਤ ਹੈ ਜਿਨ੍ਹਾਂ ਦੇ ਜੀਵਨ-ਕਰਮ ਉਸ ਵਿਚ ਅੰਕਤ ਹਨ । ਇਸੇ ਕਰਕੇ ਹੀ ਅੰਗਰੇਜ਼ੀ ਦੇ ਪਰਸਿੱਧ ਕਵੀ ਲੋਂਗਫੈਲੋ ਨੇ ਕਿਹਾ ਸੀ :

Lives of great men all remind us
we can make our lives sublime.
And departing leave behind us
footsteps on the sands of time.

ਮਹਾਂ ਪੁਰਖਾਂ ਦੇ ਜੀਵਨ ਸਭ ਯਾਦ ਕਰਵਾਨ ਸਾਨੂੰ
ਕਰ ਸਕਨੇ ਹਾਂ ਅਸਾਂ ਭੀ ਜੀਵਨ ਨਿਜ ਉਚੇਰੇ ।
ਅਰ ਜਾਣ ਸਮੇਂ ਛਡ ਜਾਈਏ ਪਿੱਛੇ
ਸਮੇਂ ਦੀ ਰੇਤਾ ਉੱਪਰ ਅਪਣੇ ਪੈਰ ਚਿਤੇਰੇ ।

ਸ੍ਰੀ ਗੁਰੂ ਸੋਭਾ ਵਿਚ ਸੰਸਾਰ ਦੇ ਇਕ ਅਦੁੱਤੀ ਸੰਤ-ਸਿਪਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦੇ ਕੁਝ ਡਿਠੇ, ਕੁਝ ਸੁਣੇ, ਵਾਕਿਆਤ ਲਿਖ ਕੇ ਕਵਿ ਸੈਨਾਪਤਿ ਨੇ ਇਕ ਬੜੀ ਵੱਡੀ ਸੇਵਾ ਕੀਤੀ ਹੈ ਜਿਸ ਨੇ ਪਿਛਲੇ ਢਾਈ ਸੌ ਸਾਲ ਤੋਂ ਉਪਰ ਸਮੇਂ ਵਿਚ ਅਨੇਕਾਂ ਇਤਿਹਾਸ-ਲੇਖਕਾਂ ਅਤੇ ਸਾਹਿਤਕਾਰਾਂ ਦੀ ਅਗਵਾਈ ਕੀਤੀ ਹੈ ਅਤੇ ਜੋ ਅੱਗੇ ਨੂੰ ਭੀ ਆਪਣੀ ਲੋ ਨਾਲ ਆਉਣ ਵਾਲੀਆਂ ਨਸਲਾਂ ਨੂੰ ਰਾਹ ਦਿਖਾਉਂਦੀ ਰਹੇਗੀ ।

# ਸ੍ਰੀ ਗੁਰ ਸੋਭਾ

ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤੇ ਹੈ

# ਸ੍ਰੀ ਗੁਰ ਸੋਭਾ ਗ੍ਰੰਥ ਲਿਖਿਯਤੇ

## ਪ੍ਰਿਥਮ ਧਿਆਉ

### ਪੰਥ ਪ੍ਰਗਾਸ ਬਰਨਨੰ

### ਖਾਲਸਾ ਬਾਚ

ਦੋਹਰਾ

ਏਕ ਸਮੈ ਹਿਤ ਸੋ ਹਿਤੂ ਉਚਰੀ ਹਿਤ ਚਿਤ ਲਾਇ ।
ਪ੍ਰਭ ਰਚਨਾ ਐਸੇ ਰਚੀ ਸੋ ਕਛੁ ਕਹੋ ਸੁਨਾਇ ॥ ੧ ॥

ਸਵੈਯਾ

ਸੁਨ ਕੈ ਉਪਜੀ ਤਬਹੀ ਮਨ ਮੈਂ ਬਰਨੋ ਉਪਮਾ ਪ੍ਰਭ ਕੀ ਕਹੀਐ ।
ਮਤਿ ਥੋਰੀ ਸੀ ਥੋਰੀ ਹੂ ਤੈ ਛਿਨ ਏਕਸੁ ਤੇਰੀ ਦਿਆਲ ਦਯਾ ਚਹੀਐ ।
ਕਹਿਥੋ ਬਿਨਤੀ ਕਰਿ ਜੋਰਿ ਦੋਊ ਹਰਿ ਕੀਜੈ ਸੋਉ ਜੁ ਪਰੈ ਸਹੀਐ ।
ਤੁਮਰੀ ਉਪਮਾ ਤੁਮ ਹੀ ਬਰਨੋ ਕਰਿ ਆਪਨ ਤੇ ਕਰ ਮੋ ਗਹੀਐ ॥ ੨ ॥

ਦੋਹਰਾ

ਮਤਿ ਥੋਰੀ ਉਪਮਾ ਘਨੀ ਕਿਹ ਬਿਧਿ ਬਰਨੀ ਜਾਇ ।
ਬਿਨਊ ਕਰੈ ਕਰਿ ਜੋਰਿ ਕਬਿ ਸਤਿਗੁਰ ਹੋਹੁ ਸਹਾਇ ॥ ੩ ॥

ਦੋਹਰਾ

ਨਮਸਕਾਰ ਕਰਿ ਜੋਰਿ ਕੈ ਕਰਿਤ ਜੀਵ ਅਰਦਾਸਿ ।
ਰਚੋਂ ਗ੍ਰੰਥ ਤੁਮਰੀ ਕਥਾ ਕਰਹੁ ਬੁਧ ਪ੍ਰਗਾਸ ॥ ੪ ॥
ਗੁਰ ਸੋਭਾ ਯਾ ਗ੍ਰੰਥ ਕੋ ਧਰੋ ਸੁ ਨਾਵ ਬਿਚਾਰ ।
ਸੁਨਤ ਕਹਤ ਗਤਿ ਹੋਤ ਹੈ ਮਨ ਅੰਤਰਿ ਉਰਧਾਰਿ ॥ ੫ ॥
ਸੰਮਤ ਸਤ੍ਰਹ ਸੈ ਭਏ ਬਰਖ ਅਠਾਸਠ[1] ਬੀਤ ।

---

[1]ਅਕਾਲੀ ਕੌਰ ਸਿੰਘ ਜੀ ਵਲੋਂ ਛਪੀ ਹੋਈ ਪੋਥੀ ਅਤੇ ਕੁਝ ਕੁ ਲਿਖਤੀ ਪੋਥੀਆਂ ਵਿਚ ਇਸ ਦੇ ਰਚਣ ਦੀ ਤਾਰੀਖ ਸੰਮਤ ੧੭੫੮ ਬਿਕਰਮੀ ਦਿੱਤੀ ਹੋਈ ਹੈ ਅਤੇ ਛਪੀ ਪੋਥੀ ਦੀ ਭੂਮਿਕਾ ਵਿਚ ਅਕਾਲੀ ਕੌਰ ਸਿੰਘ ਨੇ ਸੁਝਾਉ ਦਿੱਤਾ ਹੈ ਕਿ ਇਸ ਸੰਮਤ ਵਿਚ 'ਇਕ ਤਰ੍ਹਾਂ ਦਾ ਭੇਦ ਕਰਕੇ ੧੭੬੮ ਭੀ ਇਸ ਦੀ ਰਚਨਾ ਦਾ ਸਮਾਂ ਕਹਿ ਦੇਣਾ ਭਾਵੇਂ ਕੋਈ ਅਯੋਗ ਨਹੀਂ'। ਪਰ ਭਾਈ ਕਾਹਨ ਸਿੰਘ ਜੀ ਦੇ ਗ੍ਰੰਥ ਗੁਰਮਤ

(ਬਾਕੀ ਸਫ਼ਾ ੬੪ ਤੇ)

ਭਾਦਵ ਸੁਦ ਪੰਦ੍ਰਸ ਭਈ ਰਚੀ ਕਥਾ ਕਰਿ ਪ੍ਰੀਤਿ ॥ ੬ ॥
ਸਤਿਗੁਰ ਕੀ ਉਪਮਾ ਕਹੋ ਦਿਵਸ ਰੈਨਿ ਬੀਚਾਰਿ ।
ਦੀਜੈ ਸੁਧਿ ਬੁਧਿ ਬਰ ਕਰਨਹਾਰ ਕਰਤਾਰ ॥ ੭ ॥

ਚੌਪਈ

ਤ੍ਵਪ੍ਰਸਾਦਿ ਗੁਰੂ ਉਪਦੇਸੇ ।
ਜਨਮ ਜਨਮ ਕੇ ਮਿਟੇ ਅੰਦੇਸੇ ।
ਤਬ ਇਹ ਕੀਟ ਪਤਿਤ ਮਨਿ ਆਯੋ ।
ਭਈ ਕ੍ਰਿਪਾ ਗੁਰ ਮਾਰਗਿ ਪਾਯੋ ॥ ੮ ॥
ਤਬ ਮਨ ਮੀਤ ਮੋਹਿ ਇਮ ਭਾਖੀ ।
ਪ੍ਰਗਟਿ ਕਹੋ ਸਤਿਗੁਰ ਕੀ ਸਾਖੀ ।
ਜੋ ਪ੍ਰਭ ਗੁਰ ਕੇ ਬਚਨ ਸੁਨਾਏ ।
ਕਹੋ ਕਥਾ ਸੁਨੋ ਚਿੱਤ ਲਾਏ ॥ ੯ ॥
ਨਿਰਮਲ ਪੰਥ ਜੋਤਿ ਉਜਿਆਰੀ ।
ਦੀਰਘ ਪ੍ਰਬਲ ਸਬਲ ਅਤਿ ਭਾਰੀ ।
ਜਬ ਗੁਰ ਕਛੁ ਇਕ ਬੁਧਿ ਪ੍ਰਗਾਸੀ ।
ਦਯਾ ਕਰੀ ਪੂਰਨ ਅਬਿਨਾਸੀ ॥ ੧੦ ॥
ਸਤਿਗੁਰ ਸੋਭਾ ਇਹ ਤੇ ਕਹੋ ।
ਤਿਹ ਪਰਤਾਪ ਪਰਮ ਪਦ ਲਹੋ ।
ਪੂਰਨ ਪੁੰਨ ਪਰੇ ਤਿਹ ਸਰਨਾ ।
ਅਮਰ ਭਏ ਫਿਰਿ ਜਨਮ ਨਾ ਮਰਨਾ ॥ ੧੧ ॥
ਅਬ ਸਤਿਗੁਰ ਕੇ ਨਾਮ ਬਖਾਨੋ ।
ਪਰਮ ਪੁਰਖ ਤਿਹ ਤੇ ਪਹਿਚਾਨੋ ।
ਪ੍ਰਥਮੇ ਸਤਿਗੁਰ ਨਾਨਕ ਭਏ ।
ਅੰਗਦ ਅਮਰਦਾਸ ਪ੍ਰਗਟਏ ॥ ੧੨ ॥
ਤਿਹ ਤੇ ਰਾਮਦਾਸ ਗੁਰੂ ਜਾਨੋ ।
ਅਰਜਨ ਹਰਿਗੋਬਿੰਦ ਪਛਾਨੋ ।
ਤਿਹ ਤੇ ਗੁਰੂ ਭਏ ਹਰਿਰਾਇ ।
ਫੇਰਿ ਗੁਰੂ ਹਰਿ ਕ੍ਰਿਸ਼ਨ ਕਹਾਇ ॥ ੧੩ ॥

---

(ਸਫਾ ੬੩ ਦੀ ਬਾਕੀ)

ਸੁਧਾਕਰ (ਤੀਜੀ ਬਾਰ, ਸੰਨ ੧੯੨੨ ਈ., ਕਲਾ ੧੨, ਪੰਨਾ ੪੮੫) ਗੁਰਮਤ ਮਾਰਤੰਡ (ਭਾਗ ਪਹਿਲਾ, ਪੰਨਾ ੭੯), ਬਾਬਾ ਸੁਮੇਰ ਸਿੰਘ ਰਚਿਤ ਸ੍ਰੀ ਗੁਰ ਬਿਲਾਸ ਦਸਵੀਂ ਪਾਤਸ਼ਾਹੀ ਕਾ (ਸ੍ਰੀ ਗੁਰੂ ਪਦ ਪ੍ਰੇਮ ਪ੍ਰਕਾਸ਼, ਸੰਨ ੧੮੮੨ ਈ. ਮੰਡਲ ੧੦, ਪੰਨਾ ੭੧੩), ਅਤੇ ਇਕ ਲਿਖਤੀ ਪੋਥੀ ਵਿਚ ਇਸ ਦੀ ਰਚਨਾ ਦਾ ਸੰਮਤ ੧੭੬੮ ਦਿੱਤਾ ਹੋਇਆ ਹੈ ਜੋ ਜ਼ਿਆਦਾ ਠੀਕ ਮਲੂਮ ਹੁੰਦਾ ਹੈ। ਇਸੇ ਕਰਕੇ ਲਿਖਤੀ ਪੋਥੀ ਅਨੁਸਾਰ ਇਥੇ ਸੁਧਾਈ ਕਰ ਦਿੱਤੀ ਗਈ ਹੈ। ਵੇਰਵੇ ਸਹਿਤ ਵਿਚਾਰ ਲਈ ਦੇਖੋ ਭੂਮਿਕਾ।

ਪ੍ਰਗਟ ਭਏ ਗੁਰ ਤੇਗ ਬਹਾਦਰ ।
ਸਗਲ ਸ੍ਰਿਸਟਿ ਪੈ ਢਾਪੀ ਚਾਦਰ ।
ਕਰਮ ਧਰਮ ਕੀ ਜਿਨਿ ਪਤਿ ਰਾਖੀ ।
ਅਟਲ ਕਰੀ ਕਲਜੁਗ ਮੈਂ ਸਾਖੀ ॥ ੧੪ ॥
ਸਗਲ ਸ੍ਰਿਸਟਿ ਜਾ ਕਾ ਜਸ ਭਯੋ ।
ਜਿਹ ਤੇ ਸਰਬ ਧਰਮ ਬੰਚਯੋ ।
ਤਨਿ ਲੋਕ ਮੈ ਜੈ ਜੈ ਭਈ ।
ਸਤਿਗੁਰਿ ਪੈਜ ਰਾਖਿ ਇਮ ਲਈ ॥ ੧੫ ॥
ਤਿਲਕ ਜਨੇਊ ਅਰਿ ਧਰਮਸਾਲਾ ।
ਅਟਲ ਕਰੀ ਗੁਰ ਭਏ ਦਿਆਲਾ ।
ਧਰਮ ਹੇਤਿ ਪ੍ਰਭ-ਪੁਰਹਿ ਸਿਧਾਏ ।
ਗੁਰੂ ਗੋਬਿੰਦ ਸਿੰਘ ਕਹਿਲਾਏ ॥ ੧੬ ॥

ਸਵੈਯਾ

ਗੁਰੂ ਤੇਗ ਬਹਾਦਰ ਤੇ ਗੁਰੂ ਗੋਬਿੰਦ ਸਿੰਘ ਭਯੋ ਤਾਰਣ ਤਰਣੰ ।
ਤ੍ਰਈ ਲੋਕ ਬਿਖੈ ਜੈਕਾਰ ਭਯੋ ਪ੍ਰਗਟਿਓ ਗੁਰੂ ਆਦਿ ਕ੍ਰਿਆ ਕਰਣੰ ।
ਦੁਸ਼ਟ ਬਿਡਾਰਣ ਸੰਤ ਉਬਾਰਣ ਸਬ ਜਗ ਤਾਰਣ ਭਵ ਹਰਣੰ ।
ਜੈ ਜੈ ਜੈ ਦੇਵ ਕਰੈ ਸਭ ਹੀ ਤਿਹ ਆਨ ਪਰੇ ਗੁਰ ਕੀ ਸਰਣੰ ॥ ੧੭ ॥

ਚੌਪਈ

ਤਿਹ ਬਖਸੀਸ ਕਰੀ ਕਰਤਾਰੰ ।
ਪ੍ਰਭੂ ਬਾਕ ਇਮ ਕਹੋ ਬਿਚਾਰੰ ।
ਤੁਮ ਮੇਰਾ ਇਕ ਪੰਥ ਚਲਾਵੋ ।
ਸੁਮੱਤ ਦੇਹ ਲੋਗਨ ਸਮਝਾਵੋ ॥ ੧੮ ॥
ਜੋ ਪ੍ਰਾਨੀ ਜਮ ਮਗ ਤੇ ਡਰੈ ।
ਸੁਨ ਉਪਦੇਸ ਸਰਨਿ ਤੁਹਿ ਪਰੈ ।
ਜੋ ਪ੍ਰਭ ਪੰਥ ਰਚੈ ਰਚ ਪ੍ਰੀਤੰ ।
ਹੋਂ ਤਿਹ ਸੰਗਿ ਮੋਹਿ ਇਹ ਰੀਤੰ ॥ ੧੯ ॥
ਭਗਤਿ ਹੇਤ ਜੋ ਜੋ ਹਮ ਰਚੇ ।
ਲੈ ਲੈ ਸਿਧਿ ਜਗਤ ਮੈ ਮਚੇ ।
ਅਪਨੀ ਅਪਨੀ ਪੂਜ ਲਗਾਨੇ ।
ਅਪਨੇ ਆਪਿ ਆਪਿ ਉਰਝਾਨੇ ॥ ੨੦ ॥
ਹਮ ਸੋ ਇਹ ਬਿਧਿ ਕਰੈ ਕਰਾਰੀ ।
ਨਿਸ ਦਿਨ ਉਸਤਤਿ ਕਰਹਿ ਤਿਹਾਰੀ ।
ਬਚਨ ਬਿਸਾਰ ਰਹੇ ਬਿਖ ਮਾਹੀ ।

ਤਿਨ ਕੋ ਮੋਖ ਮੁਕਤਿ ਇਮ ਕਾਹੀ ॥ ੨੧ ॥

ਭੁਜੰਗ ਪ੍ਰਯਾਤ ਛੰਦ

ਬਨਾਯੰ ਬਿਨਾਸੰ ਉਪਾਯੰ ਖਪਾਯੰ ।
ਕਰਨਹਾਰ ਕਰਤਾਰ ਜੋਨੀ ਭੁਲਾਯੰ ।
ਕਈ ਜੰਤ ਜੋਧਾ ਬਡੇ ਆਪਿ ਕੀਨੇ ।
ਤਿਨੈ ਸ੍ਰਿਸਟਿ ਮੈ ਆਨ ਸਰਬੰਸ ਦੀਨੇ ।। ੨੨ ॥
ਉਦੇ ਅਸਤਿ ਲਉ ਰਾਜ ਰਾਜਾ ਕਹਾਏ ।
ਲਗੇ ਧਿਆਨ ਅਉਰੇ ਸੁ ਆਪੇ ਕਹਾਏ ।
ਬਡੇ ਰਾਛਸੰ ਜੋਰ ਜੋਧਾ ਬਲੀਅੰ ।
ਚਲੀਅੰ ਹਲੀਅੰ ਧਰੀਅੰ ਸੁਈਅੰ ॥ ੨੩ ॥
ਨਹੀਂ ਏਕ ਜਾਨੇ ਬਡੇ ਗਰਬਕਾਰੀ ।
ਤਿਨ ਮਾਰਿਬੇ ਕਾਜ ਚੰਡੀ ਸੁਧਾਰੀ ।
ਕੀਏ ਛਾਰ ਸੰਸਾਰ ਮੈਂ ਸੋਭ ਹੋਈ ।
ਕਹੈ ਤਾਹਿ ਏਹੀ ਸੋ ਦੂਜਾ ਨਾ ਕੋਈ ।। ੨੪ ॥
ਕੀਏ ਭੂਪ ਭਾਰੀ ਬਡੇ ਛਤ੍ਰਧਾਰੀ ।
ਸੁਈ ਭਰਮ ਭੂਲੇ ਕੀਏ ਜੁਧ ਭਾਰੀ ।
ਤਯੰ ਮਾਰਬੇ ਕਾਜ ਬਿਸਨੰ ਹਕਾਰੇ ।
ਧਰੇ ਆਨ ਸੰਸਾਰ ਅਉਤਾਰ ਸਾਰੇ ॥ ੨੫ ॥
ਤਿਨੈ ਮਾਰਿ ਕੈ ਛਾਰਿ ਕੈ ਕੈ ਰਿਸਾਏ ।
ਭਈ ਸੋਭ ਜਗ ਮੈ ਸੁ ਆਪੰ ਕਹਾਏ ।
ਮਹਾ ਬ੍ਰਹਮ ਰੂਪੰ ਸੁ ਬ੍ਰਹਮੈ ਕਹਾਯੋ ।
ਬ੍ਰਹਮ ਭੇਦ ਰੰਚ ਏਕ ਤਿਨਹੂੰ ਨ ਪਾਯੋ ॥ ੨੬ ॥
ਮਹਾ ਦੇਵ ਦੇਵੰਤ ਦੇਵਾ ਕਹਾਯੋ ।
ਗਯੋ ਭੂਲ ਸੋਊ ਸੁ ਲਿੰਗੰ ਪੁਜਾਯੋ ।
ਕਿਤੇ ਰਾਜ ਰਿਖੰ ਭਏ ਛਤਰਧਾਰੀ ।
ਕੀਏ ਤਾਹਿ ਸਿੰਮ੍ਰਿਤਿ ਭਈ ਪੂਜ ਸਾਰੀ ॥ ੨੭ ॥

ਰਸਾਵਲ ਛੰਦ

ਜਿਤੇ ਸਬਬ ਭੇਖੰ । ਤਿਤੇ ਸਰਬ ਪੇਖੰ ।
ਨ ਪਾਯੋ ਅਲੇਖੰ । ਯਹੈ ਬਾਤ ਦੇਖੰ ॥ ੨੮ ॥
ਜਿਤੇ ਮੈਂ ਪਠਾਏ । ਸੁ ਆਪੀ ਕਹਾਏ ।
ਕਹੀ ਬਾਤ ਸਾਚੋ । ਸੁ ਐਸੀ ਨਾ ਮਾਚੋ ॥ ੨੯ ॥
ਤੁਝੈ ਜੋ ਬਨਾਇਆ । ਸੁ ਏਹੀ ਉਪਾਇਆ ।
ਕਰਉ ਪੰਥ ਮੇਰਾ । ਧਰਮ ਕਾਜ ਕੇਰਾ ॥ ੩੦ ॥
ਯਹੈ ਕਹਿ ਪਠਾਯੋ । ਤਬੈ ਸ੍ਰਿਸਟਿ ਆਯੋ ।

ਭਏ ਕੇਸ ਧਾਰੀ। ਧਰੀ ਫੇਰਿ ਸਾਰੀ ॥ ੩੧ ॥
ਢੁਲੇ ਪਰੇਮ ਪਾਸਾ। ਅਜਾਇਬ ਤਮਾਸਾ।
ਕੀਏ ਬਾਕ ਭਾਰੇ। ਭਏ ਜੁਧ ਸਾਰੇ ॥ ੩੨ ॥
ਭਿਰੇ ਸਿੰਘ ਸੂਰੇ। ਕੀਏ ਕਾਜ ਪੂਰੇ।
ਅਚਲ ਨੀਵ ਡਾਰੀ। ਟਰੈਗੀ ਨਾ ਟਾਰੀ ॥ ੩੩ ॥
ਯਹੈ ਬਾਤ ਜਾਨੋ। ਰਿਦੇ ਸਾਚ ਆਨੋ।
ਕੀਓ ਪੰਥ ਐਸਾ। ਕਹਿਯੋ ਆਪ ਤੈਸਾ ॥ ੩੪ ॥
ਛਪੈ ਨ ਛਪਾਇਆ। ਘਟੈ ਨਾ ਘਟਾਇਆ।
ਦਿਨੋ ਦਿਨ ਸਵਾਇਆ। ਸੁ ਡੰਕਾ ਬਜਾਇਆ ॥ ੩੫ ॥
ਸੁਨੈ ਘੋਰ ਤਾ ਕੀ। ਮਿਲੈ ਤਾਹਿ ਝਾਕੀ।
ਸਰਣ ਤਾਹਿ ਆਵੈ। ਸੋਈ ਸੁਖ ਪਾਵੈ ॥ ੩੬ ॥

ਭੁਜੰਗ ਪ੍ਰਯਾਤ ਛੰਦ

ਕਈ ਭਰਮ ਭੂਲੇ ਭਰਮ ਮੈ ਭੁਲਾਨੇ।
ਕਈ ਸਰਨ ਆਏ ਕੀਏ ਤਾਹਿ ਗਿਯਾਨੇ।
ਕਿਤੇ ਜੀਵ ਆਈ ਕਹਾ ਚਾਲ ਕੀਨੀ।
ਦਇਆ ਧਾਰ ਕਰਤਾਰ ਯਹ ਬੁਧਿ ਦੀਨੀ ॥ ੩੭ ॥
ਦੋਊ ਹਾਥ ਜੋਰੇ ਸਰਨਿ ਤਾਹਿ ਪਾਈ।
ਕੀਉ ਨਾਮ ਖ਼ਾਲਸ ਖ਼ਲਾਸੀ ਬਤਾਈ।
ਸਰਬ ਸੁਖ ਪਾਏ ਦੀਏ ਰਾਜ ਰਾਜੰ।
ਸੁਨੋ ਬੇਨਤੀ ਰਾਜ ਰਾਜਾ ਧਿਰਾਜੰ ॥ ੩੮ ॥
ਸਿਦਕ ਮੋਰ ਸਾਬੂਤ ਮਜ਼ਬੂਤ ਕੀਜੋ।
ਕਰਨਹਾਰ ਕਰਤਾਰ ਯਹੀ ਦਾਨ ਦੀਜੋ।
ਕਰੋ ਦ੍ਰਿਸਟਿ ਐਸੀ ਸੁ ਤੋਯੰ ਨਿਹਾਰੋ।
ਕਥੋ ਬਾਕ ਬਾਨੀ ਸੁ ਤੱਤੰ ਬਿਚਾਰੋ। ੩੯ ॥
ਸਦਾ ਏਕ ਜੋਤੰ ਤਿਸੈ ਸਾਚ ਜਾਨੋ।
ਰਹਉ ਤਾਹਿ ਸਰਨੀ ਨ ਦੂਜੇ ਭ੍ਰਮਾਨੋ।
ਕਹੋਂ ਸੇਭ ਤੇਰੀ ਯਹੈ ਟੇਵ ਕੀਜੈ।
ਜਿ ਮੋ ਪੈ ਕਹਾਵੈ ਤੁ ਮੋ ਦਾਨ ਦੀਜੈ ॥ ੪੦ ॥
ਕਹਉ ਦਿਵਸ ਰੈ ਨਾ ਕਹੋ ਸਰਬ ਮਾਸੇ।
ਕਹੋ ਜਾਗਤੇ ਸੋਵਤੇ ਸਾਸਿ ਗ੍ਰਾਸੇ।
ਸੁ ਆਦੰ ਜੁਗਾਦੰ ਜਗੇ ਜੋਤਿ ਜਾ ਕੀ।
ਅਬੈ ਅੰਤ ਲਉ ਹੋਇਗੀ ਅੰਤ ਤਾ ਕੀ ॥ ੪੧ ॥

ਇਤ ਸ੍ਰੀ ਗੁਰ ਸੋਭਾ ਪੰਥ ਪ੍ਰਗਾਸ ਬਚਨ ਉਸਤਤਿ ਪ੍ਰਥਮ ਧਿਆਉ
ਸੰਪੂਰਨਮਸਤੁ ਸੁਭਮਸਤੁ ॥ ੧ ॥

ਧਿਆਉ ਦੂਸਰਾ

# ਤੇਗ ਪ੍ਰਗਾਸ--ਸ਼ਾਹ ਸੰਗ੍ਰਾਮ ਜੁਧ

[ਭੰਗਾਣੀ ਦਾ ਜੁਧ]

### ਦੋਹਰਾ

ਜੋ ਚਲਿਤ੍ਰ ਪ੍ਰਭ ਪੁਰਖ ਕੇ ਤਾ ਕੋ ਕਰਤ ਬਿਚਾਰ।
ਜਥਾ ਸਕਤਿ ਉਪਮਾ ਕਹਤ ਮਨ ਅੰਤਰਿ ਉਰਿਧਾਰਿ ॥ ੧ ॥ ੪੨ ॥
ਆਦਿ ਅੰਤ ਤਿਹ ਪੁਰਖ ਕੀ ਨਵਤਨ ਕਥਾ ਅਪਾਰ।
ਬਰਨਿ ਬਰਨਿ ਕਥਿ ਕਥਿ ਰਹਤ ਕੋਊ ਨ ਪਾਵਤ ਪਾਰ ॥ ੨ ॥ ੪੩ ॥

### ਚੌਪਈ

ਅਗਮ ਪੁਰਖ ਕੀ ਅਗਮ ਕਹਾਨੀ।
ਗੁਰ ਕ੍ਰਿਪਾ ਤੇ ਕੁਛ ਕੁ ਜਾਨੀ।
ਤਿਹ ਪ੍ਰਤਾਪ ਕਥਾਂ ਤਿਹ ਕਹੌ।
ਸਤਿਗੁਰ ਪਰਸ ਪਦਾਰਥ ਲਹੌ ॥ ੩ ॥ ੪੪ ॥
ਸਤਿ ਸਰੂਪ ਰੂਪ ਗੁਨ ਭਾਰੀ।
ਬਰਨ ਚਿਹਨ ਉਪਮਾ ਉਜਿਆਰੀ।
ਤਾ ਸਮ ਅਵਰ ਕਵਨ ਕਬ ਧਰੈ।
ਤੁਮਰੀ ਸੋਭਾ ਤੁਮੈ ਪ੍ਰਭ ਸਰੈ ॥ ੪ ॥ ੪੫ ॥

### ਕਬਿਤੁ

ਤੁਹੀ ਗੁਰੂ ਨਾਨਕ ਹੈ ਤੁਹੀ ਗੁਰੂ ਅੰਗਦ ਹੈ
ਤੁਹੀ ਗੁਰੂ ਅਮਰਦਾਸ ਰਾਮਦਾਸ ਤੁਹੀ ਹੈਂ।
ਤੁਹੀ ਗੁਰੂ ਅਰਜਨ ਹੈ ਤੁਹੀ ਗੁਰੂ ਹਰਿਗੋਬਿੰਦ
ਤੁਹੀ ਗੁਰੂ ਹਰਿਰਾਇ ਹਰਿ ਕ੍ਰਿਸ਼ਨ ਤੁਹੀ ਹੈਂ।
ਨਾਵੀਂ ਪਾਤਸ਼ਾਹੀ ਤੈ ਕਲਿ ਹੀ ਮੈ ਕਲਾ ਰਾਖੀ
ਤੇਗ ਹੀ ਬਹਾਦਰ ਜਗ ਚਾਦਰ ਸਭ ਤੁਹੀ ਹੈਂ।
ਦਸਵਾਂ ਪਾਤਸ਼ਾਹਿ ਤੁਹੀ ਗੁਰੂ ਗੋਬਿੰਦ ਸਿੰਘ
ਜਗਤ ਕੇ ਉਧਾਰਿਬੇ ਕੋ ਆਯੋ ਪ੍ਰਭ ਤੁਹੀ ਹੈਂ ॥ ੫ ॥ ੪੬ ॥

### ਸਵੈਯਾ

ਜਗੋ ਸਰਬ ਪਾਇਕ ਤਹੀ ਸਰਬ ਲਾਇਕ ਤੁਈ ਲੋਕ ਨਾਇਕ ਤੁਹੀ ਹੋਇ ਆਯ।
ਕਰੇ ਬੈਨ ਵਾਚਾ ਇਹੀ ਕਾਜ਼ ਰਾਚਾ ਕਰੋ ਪੰਥ ਸਾਚਾ ਸੁਤੋ ਕੋ ਸੁਨਾਯੋ।

ਕੀਓ ਸਤਿ ਸੱਤੇ ਤਿਹੀ ਰੰਗ ਰੱਤੇ ਦਈ ਸ੍ਰਿਸਟਿ ਮੱਤੇ ਕੁਪੱਤੇ ਖਪਾਯੇ ।
ਤਿਹੀ ਨਾਮ ਲਾਗੇ ਭਰਮ ਭਾਰ ਭਾਗੇ ਪ੍ਰਭੂ ਪ੍ਰੇਮ ਪਾਗੇ ਇਮੈ ਭੇਦ ਪਾਯੇ ॥ ੬ ॥ ੪੭ ॥

ਦੋਹਰਾ

ਮਾਖੋਵਾਲ ਸੁਹਾਵਨਾ ਸਤਿਗੁਰ ਕੋ ਅਸਥਾਨ ।
ਲੀਲਾ ਅਨਕ ਅਨੇਕ ਬਿਧਿ ਕਉਤਕ ਕਰਤ ਬਿਹਾਨ ॥ ੭ ॥ ੪੮ ॥

ਚੌਪਈ

ਕੇਤਕ ਬਰਸ ਭਾਂਤਿ ਇਹ ਭਏ ।
ਦੇਸ ਪਾਂਵਟੇ ਸਤਿਗੁਰ ਗਏ ।
ਜਮਨਾ ਤੀਰ ਮਹਲ ਬਨਵਾਏ ।[੨]
ਕਰਤ ਆਨੰਦ ਪ੍ਰਭੂ ਮਨ ਭਾਏ ॥ ੮ ॥ ੪੯ ॥
ਅਨਿਕ ਭਾਂਤਿ ਲੀਲਾ ਤਹ ਕਰੀ ।
ਫਤੇ ਸ਼ਾਹ ਸੁਨਿ ਕੈ ਮਨਿ ਧਰੀ ।
ਬਹੁਤ ਕੋਪ ਮਨ ਮਾਹਿ ਬਸਾਯੋ ।
ਫਉਜ ਬਨਾਇ ਜੁਧ ਕਉ ਆਯੋ ॥ ੯ ॥ ੫੦ ॥

ਦੋਹਰਾ

ਬਹੁਤ ਪਰਬਲ ਦਲ ਜੋਰਿ ਕੈ ਸੈਨਾ ਸੰਗਿ ਅਪਾਰ ।
ਨਿਕਟਿ ਆਨਿ ਡੇਰਾ ਦੀਏ ਖਬਰ ਭਈ ਦਰਬਾਰ ॥ ੧੦ ॥ ੫੧ ॥

ਸਵੈਯਾ

ਭਏ ਅਸਵਾਰ ਸੰਗ੍ਰਾਮ ਕੋ ਆਪ ਹੀ ਸਿੰਘ ਗੋਬਿੰਦ ਤਿਹ ਠਉਰ ਆਏ ।
ਡੰਕ ਕੀ ਘੋਰ ਜੈਸੇ ਭਈ ਠਉਰ ਤਹ ਬਜਤ ਨਿਸ਼ਾਨ ਮੁਹਰੇ ਸੁਹਾਏ ।
ਆਨ ਕੈ ਖੇਤ ਪੈ ਦੇਖ ਚਤੁਰੰਗ ਸਬ ਮੋਰਚੇ ਬਾਂਟਿ ਕੈ ਮਿਸਲ ਲਾਏ ।
ਬਜੀ ਹੈ ਭੇਰ ਕਰਨਾਇ ਸੁਰਨਾਇ ਸਬ ਸੁਨੇ ਤੇ ਸੂਰ ਹੋਇ ਲਾਲ ਆਏ ॥ ੧੧॥੫੨॥

ਦੋਹਰਾ

ਫਤੇ ਸ਼ਾਹ ਦਲ ਸਾਜ ਕੈ ਖਰਾ ਭਯੋ ਤਿਹ ਥਾਨ ।
ਸੰਗਿ ਰਾਵ ਰਾਜਾ ਘਨੇ ਮਨ ਮੈਂ ਕੀਓ ਗੁਮਾਨ ॥ ੧੨ ॥ ੫੩ ॥
ਕੇਤਕ ਦਲ ਇਹ ਫ਼ੌਜ ਕੋ ਕੀਨੋ ਸ਼ਾਹ ਸੁਮਾਰ ।
ਏਕ ਘਰੀ ਕੀ ਮਾਰਿ ਮੈ ਹੁਇ ਹੈ ਸਕਲ ਸਥਾਰ ॥ ੧੩ ॥ ੫੪ ॥
ਫਤੇ ਸ਼ਾਹ ਉਤ ਦਲ ਮੰਡਿਓ ਇਤੈ ਸ਼ਾਹ ਸੰਗ੍ਰਾਮ ।
ਪੰਚ ਬੀਰ ਜੋਧਾ ਬਲੀ ਜਿਨ ਜੀਤੇ ਸੰਗ੍ਰਾਮ ॥ ੧੪ ॥ ੫੫ ॥

ਸਵੈਯਾ

ਕੋਪ ਕੈ ਸੂਰ ਦੁਹੂੰ ਓਰ ਤੇ ਧਾਇ ਕੈ ਆਨ ਸੰਗ੍ਰਾਮ ਮੈਂ ਸਸਤ੍ਰ ਬਾਹੇ ।

---

[੨]ਕਿਆਸ ਹੈ ਕਿ ਗੁਰੂ ਜੀ ਸੰਮਤ ੧੭੪੩ ਬਿਕਰਮੀ ਨੂੰ ਅਸੂ-ਕਤਕ ਦੇ ਮਹੀਨੇ ਪਾਂਵਟੇ ਗਏ ਹੋਣੇ ਹਨ । ਕਵੀ ਸੇਵਾ ਸਿੰਘ ਦੇ ਸ਼ਹੀਦ-ਬਿਲਾਸ (ਛੰਦ ੫੮) ਅਨੁਸਾਰ ਭੰਗਾਣੀ ਦਾ ਜੁਧ ਸੰਮਤ ੧੭੪੫ ਬਿਕਰਮੀ ਮਿਤੀ ੧੮ ਅਸੂ (੧੮ ਸਤੰਬਰ, ੧੬੮੮ ਈ.) ਦਿਨ ਮੰਗਲਵਾਰ ਨੂੰ ਹੋਇਆ ਸੀ ।

ਗਿਰੇ ਸੁਆਰ ਇਹ ਭਾਂਤਿ ਭਵਚਾਲ ਰਣ ਮੈ ਭਯੋ ਮਾਰ ਹੀ ਮਾਰ ਕੈ ਆਨਿ ਗਾਹੇ ।
ਨਚਤ ਹੈ ਭੂਤ ਬੈਤਾਲ ਭੈਰੋ ਤਹਾਂ ਗਿੱਧ ਮੰਡਲਾਤ ਰਣ ਮੈ ਸੁਹਾਹੇ ।
ਆਨਿ ਕੈ ਜੋਗਨੀ ਪਤ੍ਰ ਪੂਰਨ ਭਰਿਓ ਅਚਵ ਕੈ ਉਦਰ ਤਿਨ ਕੇ ਅਘਾਹੇ ॥੧੫॥੫੬॥

ਸਵੈਯਾ

ਜੈਮਲ ਕੋਪ ਚੜ੍ਹਿਓ ਰਣ ਮੈ ਕਰ ਮੈਂ ਬਰਛੀ ਤਿਰਛੀ ਗਹਿ ਲੀਨੀ ।
ਫੌਜ ਮੈ ਧਾਇ ਪਰਿਉ ਖੁਨਸਾਇ ਕੈ ਕੇਤਨ ਕੇ ਉਰ ਅੰਦਰ ਦੀਨੀ ।
ਮਾਰਿ ਲੀਏ ਅਸਵਾਰ ਕਿਤੇ ਅਰਿ ਪੇਲ ਦਈ ਚਤੁਰੰਗ ਨਵੀਨੀ ।
ਧੂਮ ਪਰੀ ਸਗਰੇ ਰਣ ਮੈ ਅਬ ਏਕ ਸਵਾਰ ਯਹੈ ਗਤਿ ਕੀਨੀ ॥ ੧੬ ॥ ੫੭ ॥

ਸਵੈਯਾ

ਰਣ ਮੈ ਧਸਿ ਕੈ ਇਮ ਲੋਹ ਕੀਉ ਨ ਕੀਓ ਤਿਹ ਮੋਹ ਮਹਾ ਮਨ ਕੋ ।
ਜਿਮ ਸਾਰੰਗ ਮਾਹਿ ਪਤੰਗ ਪਰੈ ਨ ਡਰੈ ਕਰਿ ਲੋਭ ਕਛੂ ਤਨ ਕੋ ।
ਰਣ ਮੈਂ ਇਮ ਧੂਮ ਕਰੀ ਅਤ ਹੀ ਮਨੋ ਖੇਲਤ ਕਾਨਰ ਫਾਗਨ ਕੋ ।
ਇਹ ਭਾਂਤਿ ਗੁਲਾਬ ਗੁਲਾਲਿ ਲੀਏ ਕਰਿ ਜਾਤਿ ਜਮਾਤ ਕੇ ਡਾਰਨ ਕੋ ॥ ੧੭ ॥ ੫੮ ॥
ਮਾਹੁਰੀ ਚੰਦ ਕਰਵਾਰ ਸੰਭਾਰਿ ਕੈ ਟੂਮ ਕੈ ਅਸੁਰਣ ਮਾਹ ਦੀਨੋ ।
ਆਨਿ ਕੈ ਸੁਆਰ ਜੋ ਵਾਰ ਤਾ ਪੈ ਕਰੈ ਪਕਰਿ ਕੈ ਤਾਹਿ ਤਿਹ ਮਾਰਿ ਲੀਨੋ ।
ਭਾਂਤਿ ਇਹ ਸੂਰ ਕੇਤਾਨਿ ਮਾਰੇ ਤਹਾ ਆਪਨੇ ਜੀਵ ਕੋ ਭੈ ਨ ਕੀਨੋ ।
ਏਕ ਕੋ ਮਾਰ ਕੈ ਦੋਇ ਟੁਕੜੇ ਕਰੈ ਦੋਇ ਕੋ ਰੂਪ ਚਉਰੰਗ ਚੀਨੋ ॥ ੧੮ ॥ ੫੯ ॥
ਕਰੀ ਇਮ ਜੰਗ ਸੁਨਿ ਗੰਗਰਾਮੰ ਵਹੀ ਤੇਗ ਕਰ ਮੈ ਲਈ ਬੇਗ ਧਾਯੋ ।
ਦੇਤ ਅਸਵਾਰ ਕੇ ਸੀਸ ਪੈ ਆਨਿ ਕੇ ਕਰਤ ਦੁਇ ਟੂਕਿ ਭੁਇ ਮਾਹਿ ਪਾਯੋ ।
ਮਾਰਿ ਚਤੁਰੰਗ ਚਉਰੰਗ ਕੇਤੀ ਕਰੀ ਭੂਮ ਲੋਟੈ ਪਰੀ ਭੈ ਦਿਖਾਯੋ ।
ਧੂਮ ਐਸੀ ਪਰੀ ਭਾਜ ਯਾਹੀ ਘਰੀ ਕਾਲ ਕੋ ਰੂਪ ਇਮ ਸੂਰ ਆਯੋ ॥ ੧੯ ॥ ੬੦॥

ਨਿਰਾਜ ਛੰਦ

ਲਾਲ ਚੰਦ ਆਨਿ ਕੈ । ਕਮਾਨ ਬਾਨਿ ਤਾਨਿ ਕੈ ।
ਕੀਓ ਸੁ ਜੁਧ ਜਾਨਿ ਕੈ । ਭਲੀ ਭਈ ਭਲੀ ਭਈ ॥ ੨੦ ॥ ੬੧ ॥
ਸਰੂਪ ਰੂਪ ਧਾਰਈ । ਅਨੇਕ ਸਤਰੂ ਟਾਰਈ ।
ਕਰੈ ਸੁਮਾਰਿ ਮਾਰਈ । ਪੁਕਾਰਈ ਪੁਕਾਰਈ ॥ ੨੧ ॥ ੬੨ ॥
ਕ੍ਰਿਸਾਨ ਖੇਤ ਕਾਟਈ । ਕਰੀ ਸੁ ਤਾਹਿ ਬਾਟਈ ।
ਨ ਜੀਵ ਚਟਾ ਚਾਟਈ । ਸੁਥਾਟਈ ਸੁਥਾਟਈ ॥ ੨੨ ॥ ੬੩ ॥
ਕੀਓ ਸੁ ਲੋਹ ਲੋਹਈ । ਨ ਜੀਵ ਰਖ ਧੋਹਈ ।
ਸੁ ਚਾਲ ਸੂਰ ਸੋਹਈ । ਬਿਮੋਹਈ ਬਿਮੋਹਈ ॥ ੨੩ ॥ ੬੪ ॥

ਸਵੈਯਾ

ਮਾਹਰੂ ਕਾਹਰੂ ਕੋਪ ਕੈ ਜੀਵ ਮੈ ਸਸਤ੍ਰ ਲੈ ਹਾਥ ਮੈ ਬੇਗ ਧਾਏ ।
ਏਕ ਸੋ ਏਕ ਬਲਵੰਤ ਸੂਰਾ ਸਰਸ ਛਿਨਕ ਮੈ ਮਾਰਿ ਰਨ ਮੈ ਗਿਰਾਏ ।

ਲੋਥ ਪੈ ਲੋਥ ਤਹ ਡਾਰਿ ਕੇਤੀ ਦਈ ਸ੍ਰੋਨ ਕੇ ਸੁੰਬ ਯਉ ਉਮਡਿ ਆਏ।
ਪਰਤ ਹੈ ਨੀਰ ਗੰਭੀਰ ਭਾਰੀ ਕਹੂੰ ਮਿਲਤ ਹੈ ਨੀਰ ਇਕ ਤੀਰ ਜਾਏ ॥ ੨੪ ॥ ੬੫ ॥
ਮਨ ਮੈ ਅਤਿ ਧਾਰਿ ਕੀਉ ਅਤਿ ਸਾਰਿ ਸਮਿਓ ਐਸੀ ਬਾਰ ਨਹੀਂ ਕਰ ਆਵੈ।
ਕੋਪ ਕੈ ਕ੍ਰੋਧ ਸੋ ਕਾਢਿ ਕੈ ਮਿਆਨ ਤੇ ਕੇਤਨ ਕੇ ਸਿਰਿ ਕਾਟਿ ਲੈ ਆਵੈ।
ਭੇਟ ਕੀਏ ਪ੍ਰਭ ਕੀ ਤਬ ਹੀ ਅਰੁ ਕੋਪ ਕੈ ਜੁਧ ਕੋ ਫੇਰਿ ਸਿਧਾਵੈ ॥
ਐਸੇ ਪ੍ਰਕਾਮ ਕੀਏ ਦਯਾਰਾਮ ਸੁ ਦ੍ਰੂਉਨ ਜੋ ਦੇਖਿਓ ਮਹਾ ਰਨ ਪਾਵੈ ॥ ੨੫ ॥ ੬੬ ॥
ਲੈ ਕੁਤਕਾ ਕਰ ਮੇ ਕਿਰਪਾਨ ਸੰਭਾਰ ਕੈ ਖਾਨ ਹਯਾਤ ਕੋ ਮਾਰਿਓ।
ਐਸੀ ਦਈ ਸਿਰ ਮੇ ਤਿਹ ਕੇ ਮਨੋ ਤੋਰਿਓ ਪਹਾਰ ਗਦਾਨ ਸੋ ਡਾਰਿਓ।
ਮਾਤੇ ਮਤੰਗ ਮਹਾ ਬਲਵਾਨ ਹਨਿਓ ਛਿਨ ਮੈ ਰਨ ਮਾਹਿ ਪਛਾਰਿਓ।
ਏਕ ਦਈ ਸੁ ਦਈ ਉਹ ਕੋ ਫਿਰਿ ਦੂਸਰੀ ਸੋ ਇਕ ਅਉਰ ਸਿਘਾਰਿਓ ॥ ੨੬ ॥ ੬੭ ॥
ਲੈ ਬਰਛੀ ਕਰ ਮੈ ਤਬ ਹੀ ਮਨੋ ਦੇਖ ਕੁਰੰਗ ਕੋ ਸਿੰਘ ਜੋ ਧਾਯੋ।
ਮਾਰਿ ਹਕਾਰ ਬਿਦਾਰਿ ਦੀਉ ਦਲ ਪੇਲਤ ਪੇਲਤ ਪੇਲ ਚਲਾਯੋ।
ਟੂਟ ਕੈ ਸਸਤ੍ਰ ਪਰੇ ਸਬ ਹੀ ਕਰ ਲੈ ਜਮਧਾਰਿ ਕਿਤਾਨ ਕੋ ਘਾਯੋ।
ਘਾਇਲ ਸਾਰ ਸੁਮਾਰ ਭਯੋ ਸੁ ਨੰਦ ਹੀ ਚੰਦ ਗੋਬਿੰਦ ਬਚਾਯੋ ॥ ੨੭ ॥ ੬੮ ॥
ਖੜਗ ਸੰਭਾਰ ਲਲਾਕਰ ਖਤ੍ਰੀ ਚੜ੍ਹਿਉ ਜਾਇ ਰਨ ਮੈ ਪਰਿਓ ਅਤਿ ਸੁਹਾਯੋ।
ਲੋਥ ਪੈ ਲੋਥ ਤਿਹ ਡਾਰਿ ਕੇਤੀ ਦਈ ਛਿਨਕ ਮੈ ਅਨਿਕ ਬਿਧਿ ਲੋਹ ਪਾਯੋ।
ਬਾਨ ਚਲੇ ਤਨ ਘਾਵ ਢਲੈ ਸਹੈਂ ਸੂਰ ਭਲੇ ਰਣ ਰੰਗ ਮਚਾਯੋ।
ਆਪ ਰੱਛਾ ਕਰੀ ਆਣ ਤਾਹੀ ਘਰੀ ਕਾਲ ਕ੍ਰਿਪਾਲ ਐਸੇ ਬਚਾਯੋ ॥ ੨੮ ॥ ੬੯ ॥
ਸਾਹਿਬ ਚੰਦ ਗਇੰਦਨ ਜੋ ਮਨ ਮੈ ਕਰ ਰੋਸ ਤਬੈ ਉਠਿ ਧਾਯੋ।
ਮਾਰ ਹੀ ਮਾਰਿ ਕਹੈ ਮੁਖ ਤੇ ਕਰ ਵਾਰ ਸੰਭਾਰਿ ਕਿਤੋ ਦਲ ਪਾਯੋ।
ਜੋ ਕਰਵਾਰ ਸੁਵਾਰ ਸੰਭਾਰਿ ਕੈ ਜੁਧ ਕੋ ਸੂਰ ਕੇ ਸਾਮੂਹੇ ਆਯੋ।
ਤਾਹੂ ਕੋ ਵਾਰਿ ਬਿਦਾਰਿ ਹਕਾਰਿ ਆਪਨੇ ਵਾਰ ਸੋਂ ਤਾਹਿ ਗਿਰਾਯੋ ॥ ੨੯ ॥ ੭੦ ॥
ਸ਼ਾਹ ਸੰਗ੍ਰਾਮ ਨੇ ਕਾਮ ਐਸੇ ਕੀਏ ਭੀਮ ਤੇ ਜਾਨਿ ਗੁਨ ਚਾਰਿ ਭਾਰੇ।
ਭਲੇ ਖਾਨ ਖੁਆਨੀ ਹਨੇ ਛਾਰ ਕੀਨੇ ਘਨੇ ਹੋਇ ਕੈ ਅਨਮਨੇ ਸੋਂ ਸਿਧਾਰੇ।
ਗਜੈ ਸਿੰਘ ਸੰਗ੍ਰਾਮ ਮੈ ਭਾਂਤ ਤਾ ਕੀ ਕਹੌ ਮ੍ਰਿਗਨ ਕੋ ਮਾਰ ਨਾਹਰ ਡਕਾਰੈ।
ਤਹਾ ਕੋਪ ਕੈ ਕ੍ਰੋਧ ਸੋ ਆਨ ਸੰਗ੍ਰਾਮ ਮੈ ਨਿਕਟ ਆਨ ਕੇ ਸਸਤ੍ਰ ਧਾਰੇ ॥ ੩੦ ॥ ੭੧ ॥
ਕੋਧ ਸੋ ਕੋਪ ਕੈ ਆਨ ਹਰੀ ਚੰਦ ਨੇ ਪਕਰ ਗੁਨ ਬਾਨ ਐਸੇ ਪ੍ਰਹਾਰੇ।
ਭਲੀ ਭਾਂਤਿ ਸੋਂ ਖੇਤ ਮੈ ਥਾਨਿ ਅਸਥਿਰ ਕੀਓ ਸਸਤ੍ਰਧਾਰੀ ਹਨੇ ਭੂਮ ਡਾਰੇ।
ਸਸਤ੍ਰ ਸੰਭਾਰਿ ਕੈ ਜੀਤ ਮੱਲੰ ਮਨੋ ਹਨੇ ਹਰੀਚੰਦ ਇਹ ਭਾਂਤਿ ਮਾਰੇ।
ਬੀਰ ਤਾਕੇ ਬਨੇ ਵਾਰਿ ਬਾਹੇ ਘਨੇ ਸੁਰਗ ਲੋਕੰ ਤਬੈ ਤੇ ਸਧਾਰੇ ॥ ੩੧ ॥ ੭੨ ॥

ਭੁਜੰਗ ਪ੍ਰਯਾਤ ਛੰਦ

ਭਿਰੇ ਬੀਰ ਬੀਰੰ। ਪਰੇ ਭਾਰ ਭੀਰੰ।
ਬਗੇ ਬਾਨ ਤੀਰੰ। ਅਧੀਰੰ ਬਿਦਾਰੇ ॥ ੩੨ ॥ ੭੩॥

ਬ੍ਰਜੈ ਸਾਰ ਸਾਰੇ। ਝੜੈ ਚਨਿਗਿਆਰੇ।
ਕੜਕੇ ਕਮਾਣੰ। ਨਾ ਬਾਣੰ ਸਮਾਰੇ ॥ ੩੩ ॥ ੭੪ ॥
ਛੁਟੈ ਕੋਪ ਤੋਪੰ। ਕਈ ਸੂਰ ਸੋਖੰ।
ਮਿਲੈ ਤਾਹਿ ਮੋਖੰ। ਸੁ ਕੋਖੰ ਉਜਾਰੇ ॥ ੩੪ ॥ ੭੫ ॥
ਸੋਈ ਕਾਮ ਆਯੋ। ਤਿਨੈ ਸੂਰ ਘਾਯੋ।
ਸੁਰਗੇ ਸਿਧਾਰੇ। ਕੀਏ ਲੋਹ ਭਾਰੇ ॥ ੩੫ ॥ ੭੬ ॥

ਦੋਹਰਾ

ਜੇ ਸੂਰੇ ਦਲ ਮੈ ਹੁਤੇ ਫਉਜਨ ਕੇ ਸਿਰਦਾਰ।
ਜੇ ਜੂਝੇ ਸੂਝੇ ਸਬੈ ਬਾਜਿਓ ਸ਼ਾਹ ਅਥਾਰ ॥ ੩੬ ॥ ੭੭ ॥

ਸਵੈਯਾ

ਭਾਜ ਕੈ ਸ਼ਾਹ ਪਹਾੜ ਤਾਹੀਂ ਸਮੈ ਸੰਗਿ ਲੈ ਬੀਰੀਆ ਬੇਗ ਧਾਯੋ ॥
ਭਾਜਿਓ ਡਢਵਾਲੀਆ ਸੰਗਿ ਸੀਪਾਹ ਲੈ ਚਲਤ ਜੋ ਤੀਰ ਗੁਨ ਤੇ ਚਲਾਯੋ।
ਰਾਵਚੰਦੇ ਲੀਆ ਛੋਰਿ ਸੰਗ੍ਰਾਮ ਕੋ ਹਾਥਿ ਲ ਸਸਤ੍ਰ ਸੈਲੀ ਸਿਧਾਯੋ।
ਅੜੇ ਪਠਾਨ ਸੰਗ੍ਰਾਮ ਭਾਜੀ ਕੀਉ ਜੀਵ ਅਪਨਾ ਦੀਉ ਨਾਮ ਪਾਯੋ ॥ ੩੭ ॥ ੭੮ ॥
ਕੋਪ ਨਿਜਾਬਤਿ ਖਾਨ ਤਬੈ ਕਰ ਮੈ ਗਾਹਿ ਵਾਰਿ ਫਿਰਾਵਤ ਆਯੋ।
ਸ਼ਾਹ ਖਰੋ ਸੰਗ੍ਰਾਮ ਤਹਾ ਤਿਹ ਕੇ ਉਰ ਆਨ ਕੇ ਵਾਰ ਲਗਾਯੋ।
ਸਾਹ ਸੰਭਾਰਿ ਹਕਾਰਿ ਤਬੈ ਤਿਨ ਕੋ ਹਨਿ ਕੈ ਰਣ ਮਾਹਿ ਗਿਰਾਯੋ।
ਕੀਰਨ ਵਾਰ ਕਰੇ ਤਿਨ ਕੇ ਤਬ ਜੂਝਤ ਸ਼ਾਹ ਪ੍ਰਭੈ ਪੁਰ ਧਾਯੋ ॥ ੩੮ ॥ ੭੯ ॥

ਦਹਰਾ

ਸੰਗੋ ਕਾ ਪ੍ਰਭ ਨੇ ਧਰਿਓ ਨਾਵ ਸ਼ਾਹ ਸੰਗ੍ਰਾਮ।
ਤਿਹ ਪ੍ਰਕਾਮ ਐਸੋ ਕੀਓ ਤਵ ਪਾਯੋ ਯਹ ਨਾਮ ॥ ੩੯ ॥ ੮੦ ॥

ਸਵੈਯਾ

ਜੂਝ ਕੈ ਸ਼ਾਹ ਸੰਗ੍ਰਾਮ ਸੁਰਗੈ ਗਯੋ ਸ਼ਸਤ੍ਰ ਸੰਭਾਰਿ ਪ੍ਰਭ ਆਪ ਧਾਯੋ।
ਗਹੇ ਗੁਨ ਬਾਨ ਘਮਸਾਨ ਕੋ ਜਾਨ ਕੇ ਛੁਟਿਓ ਗੰਭੀਰ ਇਕ ਤਿਹ ਗਿਰਾਯੋ।
ਬਹੁਰਿ ਸੰਭਾਰਿ ਕੈ ਵਾਰ ਐਸਾ ਕੀਉ ਭੀਖਨੰ ਕੇ ਮੁਖੰ ਲਾਯੋ।
ਬਚਿਓ ਪਠ ਨ ਪੈ ਖੇਤ ਬਾਹਨ ਰਹਿਓ ਅਉਰ ਇਕ ਤੀਰ ਤੇ ਤਾਹਿ ਘਾਯੋ ॥ ੪੦ ॥ ੮੧ ॥

ਦੋਹਰਾ

ਬਾਨਨਿ ਸੇ ਪ੍ਰਭ ਜੀ ਤਬੈ ਮਾਰਿਓ ਭੀਖਨ ਖਾਨ।
ਅਉਰ ਬੀਰ ਜਾ ਕੇ ਹੁਤੇ ਰੁਪੇ ਚਹੂੰ ਦਿਸ ਆਨ ॥ ੪੧ ॥ ੮੨ ॥

ਨਿਰਾਜ ਛੰਦ

ਹਰੀਸੁ ਚੰਦ ਆਨ ਕੈ। ਕਮਾਨ ਬਾਨ ਤਾਨ ਕੈ।
ਨਿਹਾਰ ਬਾਨ ਬਾਹਿਓ। ਪ੍ਰਭੂ ਕੇ ਘਾਇ ਨ ਆਇਓ ॥ ੪੨ ॥ ੮੩ ॥

ਸੁ ਕਾਨ ਛੁਹੇ ਕੇ ਗਯੋ । ਨ ਕਾਮ ਤਾਹ ਤੇ ਭਯੋ ।
ਦੁਤੀਕ ਬਾਨ ਮਾਰਿਓ । ਸੰਭਾਰਿ ਕੈ ਨਿਹਾਰਿਓ ॥ ੪੩ ॥ ੮੪ ॥
ਚਿਲਤ ਮਾਹਿ ਲਗਿਓ । ਦਿਵਾਲ ਪਾਰਿ ਬਗਿਓ ।
ਚੁਭੀ ਸੁ ਚਿਚ ਰੰਚਈ । ਪ੍ਰਭੂ ਪੁਰਖ ਬੰਚਈ ॥ ੪੪ ॥ ੮੫ ॥
ਬਿਚਾਰ ਵਾਰ ਸਾਰਈ । ਕਮਾਨ ਬਾਨ ਧਾਰਈ ।
ਚਲਾਇ ਤੀਰ ਮਾਰਿਓ । ਸੁ ਦੂਤ ਕੋ ਨਿਹਾਰਿਓ ॥ ੪੫ ॥ ੮੬ ॥
ਅਨੇਕ ਬੀਰ ਧਾਵਹੀ । ਅਪਾਰ ਬਾਨ ਲਾਵਹੀ ।
ਹਰੀਸੁ ਚੰਦ ਮਾਰਿਓ । ਸਮੇਤ ਸਾਥਿ ਟਾਰਿਓ ॥ ੪੬ ॥ ੮੭ ॥
ਬਚੇ ਸੁ ਅੰਤਿ ਭੱਜਈ । ਪ੍ਰਭੂ ਨਿਸ਼ਾਨ ਬੱਜਈ ।
ਅਨੰਦ ਘੋਰ ਬਾਜਈ । ਪ੍ਰਭੂ ਦੁਆਰ ਛਾਜਈ ॥ ੪੭ ॥ ੮੮ ॥

ਸਵੈਯਾ

ਜੀਤ ਸੰਗ੍ਰਾਮ ਆਨੰਦ ਮੰਗਲ ਭਯੋ ਆਨ ਗੋਬਿੰਦ ਗੁਣ ਸਬਨ ਗਾਏ ।
ਧੰਨਿ ਹੋ ਧੰਨਿ ਪ੍ਰਭ ਨਾਮ ਤੁਮਰੋ ਲੀਓ ਦੁਸ਼ਟ ਕੋ ਜੀਤ ਡੰਕਾ ਬਜਾਏ ।
ਜੀਤ ਅਜੀਤ ਅਭੀਤ ਜੋਧਾ ਬਡੇ ਤੋਹਿ ਇਕ ਦਿਸਟ ਤੇ ਸਬੈ ਘਾਏ ।
ਭਯੋ ਜੈਕਾਰ ਤ੍ਰਈ ਲੋਕ ਚਉਦਾ ਭਵਨ ਜੀਤਿ ਕੈ ਸਿੰਘ ਗੋਬਿੰਦ ਆਏ ॥ ੪੮ ॥ ੮੯ ॥
ਜੀਤ ਕੈ ਖੇਤ ਪ੍ਰਭ ਆਨ ਕੇ ਪਾਂਵਟੇ ਕੂਚ ਕੋ ਸਾਜ ਮੰਗਾਇ ਲੀਨੋ ।
ਭਾਰ ਬਰਦਾਰ ਤਯਾਰ ਕੀਨੋ ਸਬੈ ਲਾਦ ਅਸਬਾਬ ਕੈ ਕੂਚ ਦੀਨੋ ।
ਆਨਿ ਕਹਿਲੂਰ ਮੈ ਆਪ ਤਾਹੀ ਸਮੇ ਅਨੰਦਪੁਰ ਬਾਂਧਿ ਬਿਸਰਾਮ ਕੀਨੋ ।
ਸੂਰ ਸੀਗਾਰ ਬੇਦਾਰ ਕਾਇਰ ਦਏ ਰੀਤ ਇਹ ਭਾਂਤਿ ਕੈ ਕੈ ਪਤੀਨੋ ॥ ੪੯ ॥ ੯੦ ॥

ਦੋਹਰਾ

ਕੇਤਕ ਦਿਨ ਕੇਤਕ ਬਰਸ ਤਿਹਿ ਪੁਰ ਗਏ ਬਿਹਾਇ ।
ਸੰਤਨ ਕੀ ਰੱਛਾ ਕਰੀ ਦੂਤਨ ਮਾਰਿਓ ਘਾਇ ॥ ੫੦ ॥ ੯੧ ॥

ਇਤ ਸ੍ਰੀ ਗੁਰ ਸੋਭਾ ਤੇਗ ਪ੍ਰਗਾਸ ਸ਼ਾਹ ਸੰਗ੍ਰਾਮ ਜੁਧ ਬ੍ਰਨਨੰ ਧਿਆਉ ਦੂਸਰਾ
ਸੰਪੂਰਨਮਸਤੁ ਸੁਭਮਸਤੁ ॥ ੨ ॥

ਧਿਆਉ ਤੀਸਰਾ

# ਰਾਜਨ ਹੇਤ ਸੰਗ੍ਰਾਮ

[ਨਾਦੌਣ ਜੁਧ]

### ਦੋਹਰਾ

ਰਾਜਨ ਕੇ ਹਿਤ ਕਾਰਨੇ ਕੀਓ ਜੁਧ ਇਮ ਜਾਨ ।
ਕਥਾ ਜੁਧ ਨਦਵਣ[1] ਕੋ ਬਰਨਤ ਤਾਹਿ ਬਿਆਨ ॥ ੧ ॥ ੯੨ ॥
ਮੀਆਂ ਖਾਂ ਕੀ ਤਰਫ ਤੇ ਅਲਫ ਖਾਨ ਸਿਰਦਾਰ ।
ਆਣ ਨਦਾਵਣ ਮੈ ਰਹਿਓ ਕੀਨੀ ਧੂਮ ਅਪਾਰ ॥ ੨ ॥ ੯੩ ॥
ਭੀਮ ਚੰਦ ਕਹਲੂਰੀਆ ਹੁਤੋ ਰਾਵ ਇਕ ਜਾਨ ।
ਤਿਹ ਸੋ ਤਿਹ ਕੀ ਨਹਿ ਬਨੀ ਰਚਿਓ ਜਧ ਘਮਸਾਨ ॥ ੩ ॥ ੯੪ ॥
ਦੇਸ ਦੇਸ ਕੇ ਰਾਵ ਸਬ ਲੀਨੇ ਤਿਨਹ ਹਕਾਰ ।
ਸਤਿਗੁਰ ਕੋ ਕੀਨਾ ਲਿਖਾ ਦਯਾ ਕਰੋ ਕਰਤਾਰ ॥ ੪ ॥ ੯੫ ॥

### ਸਵੈਯਾ

ਫਉਜ ਸੀਗਾਰ ਕੈ ਆਪ ਤਾਹੀ ਸਮੈ ਜੁਧ ਕੇ ਕਾਜ ਤਿਹ ਠਉਰ ਧਾਏ ।
ਏਕ ਸੋ ਏਕ ਬਲਵੰਤ ਸੂਰਾ ਸਰਸ ਭਿਰੇ ਤਿਹ ਠਉਰ ਡੰਕਾ ਬਜਾਏ ।
ਭਯੋ ਸੰਗ੍ਰਾਮ ਪਰਕਾਮ ਜੋਧਾਨ ਕੇ ਭਿਰੇ ਇਹ ਭਾਂਤਿ ਦਲ ਅਨਿਕ ਘਾਏ ।
ਤੁਪਕ ਸੰਭਾਰ ਕੈ ਆਪਿ ਤਾਹੀ ਸਮੈ ਸੂਰ ਕੇਤਾਨਿ ਤਿਹ ਠਉਰ ਧਾਏ ॥ ੫ ॥ ੯੬ ॥

### ਦੋਹਰਾ

ਦੂਤਨ ਕੇ ਦਲ ਅਤਿ ਬਿਕਟ ਨਿਕਟਿ ਪਹੂਚੇ ਆਨ ।
ਤਬ ਤੁਫੰਗ ਕਰਤੇ ਤਜੀ ਗਹਿ ਲੀਨੇ ਗੁਨ ਬਾਨ ॥ ੬ ॥ ੯੭ ॥

### ਸਵੈਯਾ

ਧਨਕ ਸੰਭਾਰ ਲਲਕਾਰ ਤਾਹੀ ਸਮੇ ਕਾਲ ਕੇ ਰੂਪ ਬਾਣੰ ਪਰਹਾਰੇ ।
ਅਨਕ ਜੋਧਾ ਹਨੇ ਅਨਕ ਹੋਇ ਅਨਮਨੇ ਅਨਿਕ ਤਜਿ ਖੇਤ ਖੇਤੰ ਸਿਧਾਰੇ ।
ਅਨਿਕ ਲੋਟੈ ਪਰੈ ਅਨਕ ਭਾਜੈ ਘਰੈ ਅਨਕ ਡਰ ਬਸਤ੍ਰ ਅਰ ਸ਼ਸਤ੍ਰ ਡਾਰੇ ।
ਹੁਤੀ ਇਕ ਬਾਰ ਉਜਾਰ ਕਦ ਕੀ ਪਰੀ ਭਾਜਿ ਕੈ ਖਾਨ ਤਾਂ ਮੈ ਪਧਾਰੇ ॥ ੭॥ ੯੮॥
ਸ਼ਸਤ੍ਰ ਸੰਭਾਰ ਲਲਕਾਰ ਘਨ ਜੋ ਕਰੀ ਮਾਰ ਹੀ ਮਾਰ ਕੈ ਸੂਰ ਧਾਏ ।

---

[1]ਸੰਮਤ ੧੭੪੭ ਬਿਕਰਮੀ, ਚੇਤ ੨੨, ਸੁਕਰਵਾਰ, ੨੦ ਮਾਰਚ ਸੰਨ ੧੬੯੧ ਈ. ਦੇਖੋ ਸੇਵਾ ਸਿੰਘ, ਸ਼ਹੀਦ ਬਿਲਾਸ, ਛੰਦ ੬੫, ਪੰਨਾ ੬੬; ਕਾਹਨ ਸਿੰਘ, ਮਹਾਨ ਕੋਸ਼, ੫੧੮ ।

ਭਜਿਓ ਜੋ ਖਾਨ ਇਕ ਬਾਰਕੀ ਓਟਿ ਲੈ ਬੈਠਿ ਤਿਹ ਠਉਰ ਫਿਰਿ ਜੁਧ ਪਾਏ ।
ਬਾਨ ਗੋਲੀ ਚਲੀ ਰੈਨਿ ਆਧੀ ਭਲੀ ਭਾਜਿ ਕੈ ਖਾਨ ਤਾ ਤੇ ਸਿਧਾਏ ।
ਅਲਫ ਖਾਨਾਨ ਅਰਮਾਨ ਰਾਖਿਓ ਨਹੀਂ ਆਪਨੇ ਜੋਰ ਕੇ ਤਾਨ ਲਾਏ ॥ ੮ ॥ ੯੯ ॥

ਦੋਹਰਾ

ਜੁਧ ਜੀਤ ਤਾਹੀ ਸਮੈ ਨਵ ਰਸ ਕੇ ਤਟਿ ਆਨ ।
ਪਾਂਚ ਦੋਇ ਅਰੁ ਏਕ ਦਿਨ ਰਹੇ ਤਹਾਂ ਇਮ ਜਾਨ ॥ ੯ ॥ ੧੦੦ ॥
ਪਉਰ ਪਉਰ ਦੇਖੀ ਠਉਰ ਰਾਜਨ ਕੇ ਅਸਥਾਨ ।
ਬਿਦਾ ਭਏ ਤਾਂਹੀ ਸਮੇ ਸਤਿਗਰ ਪੁਰਖ ਸੁਜਾਨ ॥ ੧੦ ॥ ੧੦੧ ॥
ਨਿਕਟਿ ਗਾਵ ਅਲਸੂਨ ਕੇ ਤਬੈ ਪਹੂਚੇ ਆਨ ।
ਤਾਹਿ ਸਮੇਂ ਐਸੇ ਕਹਿਓ ਲੂਟਿ ਲੇਹੁ ਇਹ ਧਾਮ[2] ॥ ੧੧ ॥ ੧੦੨ ॥

ਸਵੈਯਾ

ਆਨ ਅਲਸੂਨ ਪੈ ਸੂਰ ਐਸੇ ਰੁਪੈ ਪਕਰਿ ਕੈ ਸਸਤ੍ਰ ਐਸੇ ਚਲਾਏ ।
ਪਰੇ ਜੋ ਜਾਇ ਸੰਗ੍ਰਾਮ ਐਸੇ ਕੀਓ ਛਿਨਕ ਮੈ ਅਨਕ ਕੇਤ੍ਰਾਨਿ ਘਾਏ ।
ਮਾਰਿ ਕੇਤੇ ਲੀਏ ਅਉਰ ਭਾਜੇ ਸਬੈ ਛੋੜਿ ਧਨ ਧਾਮ ਐਸੇ ਸਿਧਾਏ ।
ਚਲਤ ਹੈ ਬਾਨ ਗੁਨਜਾਨਿ ਭਾਰੀ ਪ੍ਰਬਲ ਭਜੇ ਹੈ ਭਾਂਤਿ ਐਸੀ ਬਤਾਏ ॥ ੧੨॥੧੦੩॥

ਦੋਹਰਾ

ਫਤੇ ਕੀਓ ਅਲਸੂਨ ਕੋ ਬਾਜਿਓ ਤਬਲ ਨਿਸ਼ਾਨ ।
ਗੋਬਿਦ ਸਿੰਘ ਆਏ ਤਬੈ ਪੁਰ ਅਨੰਦ ਸੁਭ ਥਾਨ ॥ ੧੩ ॥ ੧੦੪ ॥

ਇਤ ਸ੍ਰੀ ਗੁਰ ਸੋਭਾ ਰਾਜਨ ਹੇਤ ਸੰਗ੍ਰਾਮ ਤੀਸਰਾ ਧਿਆਉ
ਸੰਪੂਰਨਮ ਸੁਭਮਸਤੁ ॥ ੩ ॥

---

[2]ਅਲਸੂਨ ਵਿਚ ਵੈਰੀਆਂ ਦਾ ਇਕ ਅੱਡਾ ਸੀ ਅਤੇ ਇਥੇ ਦੇ ਪਠਾਣਾਂ ਨੇ ਗੁਰੂ ਸਾਹਿਬ ਪਰ ਹੱਲਾਂ ਕੀਤਾ ਸੀ ਇਸ ਲਈ ਉਨ੍ਹਾਂ ਦੇ ਫਸਾਦੀ ਅੱਡੇ ਨੂੰ ਉਡਾਉਣਾ ਜ਼ਰੂਰੀ ਸੀ ਤਾਂ ਕਿ ਉਹ ਫੇਰ ਇਸ ਥਾਂ ਤੋਂ ਹੱਲਾ ਕਰਨ ਜੋਗੇ ਨ ਰਹਿਣ । ਨਿਜ-ਰੱਖਿਆ ਲਈ ਇਹ ਜ਼ਰੂਰੀ ਸੀ [ਗਿਆਨ ਸਿੰਘ, ਤਵਾਰੀਖ ਗੁਰੂ ਖਾਲਸਾ, ਉਰਦੂ, ਜਿਲਦ ਪਹਿਲੀ, ਪੰਨਾ ੧੫੯] ।

ਧਿਆਇ ਚੌਥਾ

## ਖਾਨਜ਼ਾਦੇ ਅਤੇ ਹੁਸੈਨੀ ਨਾਲ ਜੁਧ

ਦੋਹਰਾ

ਕੇਤਕ ਦਿਨ ਕੇਤਕ ਬਰਸ ਇਹ ਬਿਧਿ ਗਏ ਬਿਹਾਇ ।
ਜੋ ਪ੍ਰਭ ਸੋ ਚੋਰਤ ਕਛੂ ਤਿਨ ਤਿਨ ਮਾਰਿਓ ਘਾਇ ॥ ੧ ॥ ੧੦੫ ॥
ਖਾਨ ਦਿਲਾਵਰ ਆਇ ਕੈ ਸੁਤਿ[1] ਸੰਗ ਫਉਜ਼ ਬਨਾਇ[2] ।
ਤਿਨਨ ਕਹਿਓ ਪ੍ਰਭ ਸੋ ਅਰੋ ਨਿਮਖ ਬਿਲੰਬ ਨਹੀ ਲਾਇ ॥ ੨ ॥ ੧੦੬ ॥

ਸਵੈਯਾ

ਫਉਜ ਸੀਗਾਰ ਅਸਵਾਰ ਹਜ਼ਾਰ ਲੈ ਜੁਧ ਕੇ ਕਾਜ ਦਲ ਸਾਜ ਆਯੋ ।
ਦਿਵਸ ਬੀਤਿਓ ਸਬੈ ਰੈਨ ਬੱਗੀ ਗਈ ਭਯੋ ਅਸਵਾਰ ਡੰਕਾ ਬਜਾਯੋ ।
ਦੇਖਿ ਕੈ ਨੀਰ ਤਿਹ ਤੀਰ ਠਾਢੇ ਪਏ ਸਰਕ ਜਾਸੂਸ ਤਿਹ ਠਉਰ ਆਯੋ ।
ਲੱਗ ਦਰ ਪੈ ਤਬੈ ਦੇਤ ਚੌਕੀ ਸਬੈ ਤਿਨਨ ਕੇ ਪਾਸ ਤਾ ਨੇ ਜਨਾਯੋ ॥ ੩ ॥ ੧੦੭ ॥

ਦੋਹਰਾ

ਸ੍ਰਵਨਨ ਸੁਨਿ ਆਲਮ ਗਯੋ ਪ੍ਰਭ ਸੋ ਕਹਿਓ ਬਿਚਾਰ ।
ਬਿਦਾ ਫਉਜ ਕੀਨੀ ਤਬੈ ਅਪਨੀ ਕਿਰਪਾ ਧਾਰ ॥ ੪ ॥ ੧੦੮ ।

ਸਵੈਯਾ

ਫਉਜ ਲਲਕਾਰ ਸੰਭਾਰ ਹਥਿਆਰ ਪੁਕਾਰ ਕੈ ਮਾਰ ਹੀ ਮਾਰ ਧਾਏ ।
ਏਕ ਸੇ ਏਕ ਬਲਵੰਤ ਸੂਰਾ ਸਰਸ ਭਏ ਅਸਵਾਰ ਡੰਕਾ ਬਜਾਏ ।
ਡੰਕ ਝੁਨਕਾਰ ਲਲਕਾਰ ਸੂਰਾਨ ਕੀ ਸੁਨਤ ਹੀ ਖਾਨ ਖਾਨੇ ਸਿਧਾਏ ।
ਜਾਨ ਕੈ ਜੀਵ ਮੈ ਭਾਂਤਿ ਐਸੀ ਭਈ ਅਨ ਤ ਹਜ਼ਾਰ ਦਲ ਉਮਡ ਆਏ ॥ ੫ ॥ ੧੦੯ ॥

ਦੋਹਰਾ

ਭਜੇ ਖਾਨ ਤਾਹੀ ਸਮੈ ਮਨ ਮੈ ਅਤਿ ਡਰ ਪਾਇ ।
ਮ੍ਰਿਗ ਛਉਨਾ ਜਿਉ ਸਿੰਘ ਤੇ ਭਾਜੇ ਪੰਖ ਲਗਾਇ ॥ ੬ ॥ ੧੧੦ ॥
ਕਛ ਨਾ ਬਸਾਨੀ ਪ੍ਰਭੂ ਸੋ ਅਤਿ ਮਨ ਖੁਨਸਾਇ ।
ਬਰਵਾ ਗਾਂਵ ਉਜਾਰ ਕੈ ਚਲੇ ਅਵਰ ਦਿਸ ਧਾਇ[3] ॥ ੭ ॥ ੧੧੧ ॥

---

[1]ਦਿਲਾਵਰ ਖਾਨ ਦਾ ਪੁੱਤਰ ਜਿਸ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਬਚਿਤ੍ਰ ਨਾਟਕ ਵਿਚ ਖਾਨਜ਼ਾਦਾ ਕਰਕੇ ਲਿਖਿਆ ਹੈ [ਧਿਆਇ ੧੦] ।

[2]ਚੜ੍ਹਦੇ ਬਸੰਤ ਸੰਮਤ ੧੭੫੨ ਬਿਕਰਮੀ, ਜਨਵਰੀ ਸੰਨ ੧੬੯੬ ਈ. ।

[3]ਹੋਰ ਦੇਖੋ ਬਚਿਤ੍ਰ ਨਾਟਕ, ਧਿਆਇ ੧੦ ।

### ਭੁਜੰਗ ਪ੍ਰਯਾਤ ਛੰਦ

ਗਯੋ ਖਾਨਜ਼ਾਦਾ ਹੁਸੈਨੀ ਪਠਾਯੋ ।
ਲੀਏ ਫਉਜ ਕੋ ਸੰਗਿ ਵਹ ਬੇਗ ਧਾਯੋ ।
ਰਹੇ ਮਾਰਗੰ ਬੀਚਿ ਰਾਜੇ ਅਪਾਰੀ ।
ਕਰੀ ਰੀਤਿ ਬਿਪ੍ਰੀਤਿ ਛਿਨ ਸੇ ਅਪਾਰੀ ॥ ੮ ॥ ੧੧੨ ॥
ਲਰਿਓ ਖ਼ੇਤ ਕੋ ਰੋਪ ਕੈ ਖਾਂ ਹੁਸੈਨੀ ।
ਕਰੀ ਰਾਜ ਸੰਗੰ ਉਨੈ ਬਾਤ ਪੈਨੀ ।
ਲਰਿਓ ਹਿਮਤੰ ਕਿਮਤੰ ਖੇਤ ਪਾਯੋ ।
ਹਰੀ ਸਿੰਘ ਕ੍ਰਿਪਾਲ ਕੇ ਜੋਰ ਧਾਯੋ ॥ ੯ ॥ ੧੧੩ ॥
ਲੀਏ ਸਾਤ ਸਿਖੰ ਕੀਏ ਲੋਹ ਭਾਰੇ ।
ਜੁਝੇ ਸੰਗਤੀ ਸਿੰਘ ਦੂਰਗੈ ਸਿਧਾਰੇ ।
ਪ੍ਰਭੂ ਜੁਧ ਕੇ ਹੇਤ ਕੋ ਖਾਨ ਆਯੋ ।
ਕ੍ਰਿਪਾ ਕਾਲ ਕੈ ਰਾਹ ਬੀਚੈ ਖਪਾਯੋ ॥ ੧੦ ॥ ੧੧੪ ॥

### ਦੋਹਰਾ

ਖਾਨੁ ਹੁਸੈਨੀ ਜੁਧ ਕੋ ਚੜ੍ਹਿਓ ਸਕਲ ਦਲ ਸਾਜ ।
ਮਾਰਗ ਮੈ ਜੁਝਿਓ ਵਹੈ ਲੋਹ ਲਾਜ ਕੈ ਕਾਜ[4] ॥ ੧੧ ॥ ੧੧੫ ॥

### ਚਉਪਈ

ਕਉਤਕ ਅਉਰ ਕੀਏਂ ਪ੍ਰਭ ਘਨੇ ।
ਪ੍ਰਭ ਕੇ ਖੇਲ ਪ੍ਰਭੂ ਕੋ ਬਨੇ ।
ਜਾ ਕੋ ਭੇਦ ਨੈਕ ਨ ਹੋਈ ।
ਤਾ ਕੋ ਭੇਦ ਨਾ ਜਾਨੈ ਕੋਈ ॥ ੧੨ ॥ ੧੧੬ ॥

ਇਤ ਸ੍ਰੀ ਗੁਰ ਸੋਭਾ ਖਾਨਜ਼ਾਦੇ ਹੁਸੈਨੀ ਜੁਧ ਸੰਪੂਰਨ ਸੁਭਮਸਤੁ ॥ ੪ ॥

---

[4]ਸ਼ਹੀਦ ਬਿਲਾਸ ਭਾਈ ਮਨੀ ਸਿੰਘ ਵਿਚ ਹੁਸੈਨੀ (ਹੁਸੈਨ) ਖ਼ਾਨ ਦੇ ਜੁਧ ਦੀ ਤਿਥਿ ੨੩ ਫਗਣ ਸੰਮਤ ੧੭੫੨ ਬਿ., ੨੦ ਮਾਰਚ ਸੰਨ ੧੬੯੬ ਈ. ਦਿਤੀ ਹੋਈ ਹੈ ਜਿਸ ਦਿਨ ਕਿ ਹੁਸੈਨੀ ਖਾਨ ਮਾਰਿਆ ਗਿਆ ਸੀ ਅਤੇ ਸਤ ਸਿਖਾਂ ਸਮੇਤ ਭਾਈ ਸੰਗਤੀਆ ਖੇਤ ਰਿਹਾ ਸੀ । ਹੋਰ ਵਿਸਥਾਰ ਲਈ ਦੇਖੋ ਬਚਿਤ੍ਰ ਨਾਟਕ, ਧਿਆਇ ੧੧ ।

## ਧਿਆਉ ਪੰਜਵਾਂ

# ਬਚਨ ਪ੍ਰਗਾਸ

### ਦੋਹਰਾ

ਪੁਰ ਆਨੰਦ ਗੋਬਿੰਦ ਸਿਘ ਗੁਰ ਅਬ ਕਬਿ ਕਰਤ ਬਖਾਨ ।
ਗਿਰਦ ਪਹਾਰ ਅਪਾਰ ਅਤਿ ਸਤਿਲੁੱਦ੍ਰ ਤਟਿ ਸੁਭ ਥਾਨ ॥ ੧ ॥ ੧੧੭ ॥
ਚੇਤ ਮਾਸ ਬੀਤਿਉ ਸਕਲ ਮੇਲਾ ਭਯੋ ਅਪਾਰ ।
ਬੈਸ਼ਾਖੀ[1] ਕੇ ਦਰਸ ਪੈ ਸਤਿਗੁਰ ਕੀਯੋ ਬਿਚਾਰ ॥ ੨ ॥ ੧੧੮ ॥
ਸੰਗਤ ਦਰਸਨ ਕਰਤੁ ਸਬ ਨਗਰ ਨਗਰ ਬਿਸਥਾਰ ।
ਹੁਐ ਦਇਆਲ ਦਰਸਨ ਦੀਓ ਕਰਨਹਾਰ ਕਰਤਾਰ ॥ ੩ ॥ ੧੧੯ ॥
ਗੋਬਿੰਦ ਸਿੰਘ ਕਰੀ ਖੁਸ਼ੀ ਸੰਗਤਿ ਕਰੀ ਨਿਹਾਲ ।
ਕੀਉ ਪ੍ਰਗਟ ਤਬ ਖਾਲਸਾ ਚੁਕਿਓ ਸਕਲ ਜੰਜਾਲ ॥ ੪ ॥ ੧੨੦ ॥
ਸਬ ਸਮੂਹ ਸੰਗਤਿ ਮਿਲੀ ਸੁਭ ਸਤਿਲੁੱਦ੍ਰ ਕੇ ਤੀਰ ।
ਕੇਤਕ ਸੁਨ ਭਏ ਖਾਲਸਾ ਕੇਤਕ ਭਏ ਅਧੀਰ ॥ ੫ ॥ ੧੨੧ ॥
ਤਜ ਮਸੰਦ ਪ੍ਰਭ ਏਕ ਜਪ ਯਹਿ ਬਿਬੇਕ ਤਹਾ ਕੀਨ ।
ਸਤਿਗੁਰ ਸੋ ਸੇਵਕ ਮਿਲੇ ਨੀਰ ਮਧਿ ਜੋ ਮੀਨ ॥ ੬ ॥ ੧੨੨ ॥
ਸੋ ਸਤਿ ਸੰਗਤਿ ਜਾਨੀਐ ਜਹ ਬਿਬੇਕ ਬਿਚਾਰ ।
ਬਿਨ ਭਾਗਨ ਨਹੀਂ ਪਾਈਐ ਜਾਨਤ ਹੈ ਸੰਸਾਰ ॥ ੭ ॥ ੧੨੩ ॥
ਨੇਮ ਧਰਮ ਪੂਜਾ ਸਕਲ ਏਕ ਨਾਮ ਗੋਬਿੰਦ ।
ਏਕ ਬਾਰ ਮੁਖ ਤੇ ਕਹੋ ਹੋਤ ਅਨੇਕ ਅਨੰਦ ॥ ੮ ॥ ੧੨੪ ॥
ਬਚਨ ਕਹਤ ਗੁਰਦੇਵ ਕੇ ਸੁਨਿ ਮਨ ਮੀਤ ਬਿਚਾਰ ।
ਮਨ ਬਚ ਕਰਮ ਕਰ ਭਾਵਨੀ ਸਰਨ ਤਾਹਿ ਸੁਖ ਸਾਰ ॥ ੯ ॥ ੧੨੫ ॥
ਜਿਹ ਮਸਤਕ ਸੰਜੋਗ ਹੈ ਸਰਨਿ ਗਹੀ ਤਿਹ ਆਨਿ ।
ਇਕ ਐਡੇ ਐਡੇ ਫਿਰਤ ਮਨ ਮੈ ਕਰਤ ਗੁਮਾਨ ॥ ੧੦ ॥ ੧੨੬ ॥
ਮੋਹਿ ਮਾਲ ਸੰਗਤਿ ਸਕਲ ਕਹੀ ਸਿੰਘ ਗੋਬਿੰਦ ।
ਮਾਨੈ ਹੁਕਮ ਬਿਬੇਕ ਸੁਨਿ ਤਾਕੋ ਕਰਉ ਅਨੰਦ ॥ ੧੧ ॥ ੧੨੭ ॥
ਮਾਨ ਬਚਨ ਸਨਮੁਖ ਭਏ ਜਿਨ ਅੰਤਰਿ ਪਰਤੀਤ ।
ਏਕੋ ਨਾਮ ਨਿਧਾਨ ਜਪਿ ਲੀਓ ਜਨਮ ਜਿਨ ਜੀਤਿ ॥ ੧੨ ॥ ੧੨੮ ॥
ਗੁਰ ਗੋਬਿੰਦ ਗੋਬਿੰਦ ਗੁਰ ਕਰਨਹਾਰ ਕਰਤਾਰ ।
ਜਗਤ ਉਧਾਰਨ ਆਇਓ ਜਾਨਹੁ ਸਬ ਸੰਸਾਰ ॥ ੧੩ ॥ ੧੨੯ ॥

---

1. ੧ ਬਸਾਖ ਸੰਮਤ ੧੭੫੬ ਬਿਕਰਮੀ, ੩੦ ਮਾਰਚ ੧੬੯੯ ਈ. ।

ਕਬਿਤੁ

ਕਲ ਮੈ ਕਰਨਹਾਰ ਨਿਰੰਕਾਰ ਕਲਾ ਧਾਰ
ਜਗਤ ਕੇ ਉਧਾਰਬੇ ਗੋਬਿੰਦ ਸਿੰਘ ਆਯੋ ਹੈ ।
ਅਸੁਰ ਸਿੰਘਾਰਬੇ ਕੋ ਦੁਰਜਨ ਕੇ ਮਾਰਬੇ ਕੋ
ਸੰਕਟ ਨਿਵਾਰਬੇ ਕੋ ਖਾਲਸਾ ਬਨਾਯੋ ਹੈ ।
ਨਿੰਦਕ ਕੋ ਨਿੰਦ ਦਈ ਸਿਖ ਦਈ ਸਿਖਨ ਕੋ
ਤਾ ਕੇ ਮਹਾਤਮ ਤੇ ਰੈਨ ਦਿਵਸ ਧਿਆਯੋ ਹੈ ।
ਖਾਲਸੇ ਕੇ ਸਿਖਨ ਕੀ ਨਿੰਦਕੁ ਜੋ ਨਿੰਦ ਕਰੈ
ਜਾਨਿ ਬੂਝਿ ਨਰਕ ਪਰੈ ਨਰਕ ਐਸੋ ਬਤਾਯੋ ਹੈ ॥ ੧੪ ॥ ੧੩੦ ॥

ਦੋਹਰਾ

ਜਗਤ ਉਧਾਰਨ ਕਾਰਨੇ ਸਤਿਗੁਰ ਕੀਓ ਬਿਚਾਰ ।
ਕਰ ਮਸੰਦ ਤਵ ਦੂਰ ਸਬ ਨਿਰਮਲ ਕਰ ਸੰਸਾਰ ॥ ੧੫ ॥ ੧੩੧ ॥

ਛਪੈ ਛੰਦ

ਨਿਰਮਲ ਕਰਿ ਸੰਸਾਰ ਜਗਤ ਮੈ ਬਚਨਿ ਸੁਨਾਇ ।
ਕੀਓ ਖਾਲਸਾ ਪ੍ਰਗਟ ਸੁਨਤ ਦੁਰਜਨ ਡਰ ਪਾਏ ।
ਸੁਨਿ ਜਨ ਕਰਤ ਬਿਚਾਰ ਚਾਰ ਅਚਰਜ ਸੁਨਿ ਭਾਈ ।
ਗੁਪਤ ਬਾਤ ਭਈ ਪ੍ਰਗਟਿ ਅੰਤ ਗੁਰਦੇਵ ਬਤਾਈ ।
ਮਾਨਹਿ ਸੁ ਸੰਤ ਇਹ ਮੰਤ ਕੋ ਜਨਮ ਜੀਤ ਮੁਕਤਾ ਭਯੋ ।
ਕਬਿ ਤਾਸੁ ਰੇਨਿ ਤਿਹ ਸਿੱਖ ਕੀ ਜੁ ਸਤਿਗੁਰ ਕੀ ਸਰਨੀ ਅਯੋ ॥੧੬॥੧੩੨॥

ਦੋਹਰਾ

ਸੋ ਸਮਰਥ ਕਾਰਨ ਕਰਨ ਤਿਹ ਸਮਾਨ ਨਹੀ ਕੋਇ ।
ਤਾ ਕੀ ਸੇਵਾ ਸੋ ਕਰੇ ਜਿਸਹਿ ਪਰਾਪਤਿ ਹੋਇ ॥ ੧੭ ॥ ੧੩੩ ॥

ਚਉਪਈ

ਬਚਨ ਤਾਹਿ ਬਿਰਲੋ ਪਹਿਚਾਨੈ ।
ਜਾ ਕੋ ਦਯਾ ਕਰੈ ਸੋਈ ਜਾਨੈ ।
ਗੁਰ ਸਿਖਨ ਕੋ ਬਚਨ ਸੁਨਾਯੋ ।
ਜੋ ਸਿਖਨ ਜਗ ਮੈ ਪ੍ਰਗਟਾਯੋ ॥ ੧੮ ॥ ੧੩੪ ॥
ਸਿਰ ਗੁੰਮਨ ਕੇ ਮੁਖ ਨਹੀਂ ਲਾਗੋ ।
ਪਾਂਚਨ[੨] ਕੋ ਸਬ ਸੰਗਿ ਤਿਯਾਗੋ ।
ਮਰਨ ਪਰਨ ਤਿਨ ਕੇ ਕਛੂ ਹੋਵੇ ।
ਤਹਾ ਸਿਖ ਨਹੀਂ ਜਾਇ ਖਲੋਵੈ ॥ ੧੯ ॥ ੧੩੫ ॥

---

[੨]ਪਾਂਚਨ—ਨੜੀਮਾਰ, ਕੁੜੀਮਾਰ, ਮੀਨੇ, ਮਸੰਦ ਅਤੇ ਧੀਰਮੱਲੀਏ।

ਦੋਹਰਾ

ਮਰਨੇ ਪਰਨੇ ਤਾਸ ਕੇ ਸਿਖ ਨ ਕੋਈ ਜਾਇ ।
ਕਰਨਹਾਰ ਕੇ ਬਚਨ ਹੈ ਸੰਗਤਿ ਦੀਓ ਬਤਾਇ ॥ ੨੦ ॥ ੧੩੬ ॥

ਚੌਪਈ

ਹੱਕਾ ਤਿਆਗ ਹਰਿ ਗੁਨ ਗਾਵੈ ।
ਇਛਾ ਭੋਜਨ ਹਰਿ ਰਸੁ ਪਾਵੈ ।
ਭੱਦਰ ਤਿਆਗ ਕਰੋ ਰੇ ਭਾਈ ।
ਤਬ ਸਿਖਨ ਯਹ ਬਾਤ ਸੁਨਾਈ ॥ ੨੧ ॥ ੧੩੭ ॥
ਮਾਤਿ ਪਿਤਾ ਮਰੇ ਜੇ ਕੋਈ ।
ਤਉ ਭੀ ਕਰਤ ਨ ਭੱਦਰ ਹੋਈ ।
ਮਾਤਾ ਪਿਤਾ ਗੋਬਿੰਦ ਹਮਾਰਾ ।
ਏ ਸੰਸਾਰੀ ਝੂਠ ਪਸਾਰਾ ॥ ੨੨ ॥ ੧੩੮ ॥
ਤਾ ਪਰ ਭੱਦਰ ਭੂਲ ਨ ਕੀਜੈ ।
ਯਹ ਉਪਦੇਸ ਸਤਿ ਕਰ ਲੀਜੈ ।
ਭੱਦਰ ਭਰਮ ਧਰਮ ਕਛੁ ਨਾਹੀ ।
ਨਿਹਚੈ ਜਾਨਿ ਸੰਤ ਮਨ ਮਾਹੀ ॥ ੨੩ ॥ ੧੩੯ ॥

ਦੋਹਰਾ

ਸੰਗਤਿ ਭੱਦਰ ਮਤਿ ਕਰੋ ਖੁਰ ਨ ਲਾਵਉ ਸੀਸ ।
ਮਾਤ ਪਿਤਾ ਕੋਈ ਮਰੇ ਸਤਿਗੁਰ ਕਹੀ ਹਦੀਸ ॥ ੨੪ ॥ ੧੪੦ ॥

ਚੌਪਈ

ਮੰਨਤ ਗੋਲਕ ਅਰ ਦਸਵੰਧ ।
ਘਰਿ ਮੈ ਰਾਖੋ ਤਜੋ ਮਸੰਦ ।
ਭੇਟ ਕਾਰ ਸਤਿਗੁਰ ਕੀ ਹੋਇ ।
ਜਾਇ ਹਜੂਰਿ ਚੜ੍ਹਾਵੈ ਸੋਇ ॥ ੨੫ ॥ ੧੪੧ ॥
ਐਸੀ ਰੀਤਿ ਰਹਤ ਬਰਤਾਈ ।
ਸੰਤਨ ਸੁਨੀ ਅਧਿਕ ਮਨ ਭਾਈ ।
ਸਤ ਸੰਗਤਿ ਮਿਲਿ ਦਰਸਨ ਜਾਈਐ ।
ਦਰਸਨ ਦੇਖਿ ਬਹੁਤ ਸੁਖ ਪਾਈਯੈ ॥ ੨੬ ॥ ੧੪੨ ॥
ਜਨਮ ਜਨਮ ਕਾ ਮਿਟੈ ਅੰਧੇਰਾ ।
ਐਸਾ ਦਰਸਨ ਸਤਿਗੁਰ ਕੇਰਾ ।
ਅਪਰਾਧੀ ਕੋਉ ਦਰਸਨ ਕਰੈ ।
ਏਕ ਦਿਸਟਿ ਮੈ ਵਹੁ ਭੀ ਤਰੈ ॥ ੨੭ ॥ ੧੪੩ ॥

ਕਬਿਤੁ

ਕੀਓ ਹੈ ਪ੍ਰਕਾਸ ਲਾਸ ਚਮਕੀ ਚਹੂ ਓਰ

ਤਹਾਂ ਜੋਤਿ ਲਜਾਈਵੰਤ ਭਯੋ ਸੂਰਜ ਅਰ ਚੰਦ ਹੈ ।
ਜਾ ਕੋ ਦਰਸਨ ਐਸੋ ਦੁਰਮਤਿ ਮਲ ਸਗਲ ਖੇਤ
ਬਿਨਸਤਿ ਸਕਲ ਪਾਪ ਛੂਟਤ ਸਭਿ ਬੰਦ ਹੈ ।
ਖਾਲਸੇ ਮੈ ਸੁਫਲ ਸੇਵ ਕਰਤ ਹੈ ਸਗਲ ਦੇਵ
ਐਸੇ ਬਤਾਯੋ ਭੇਵ ਉਪਜਤ ਅਨੰਦ ਹੈ ।
ਕਹੋ ਸਿਖੋ ਵਾਹਗੁਰੂ ਵਾਹਗੁਰੂ ਵਾਹਗੁਰੂ
ਸਤਿਗੁਰੂ ਸਤਿਗੁਰੂ ਸਤਿਗੁਰੂ ਗੋਬਿੰਦ ਹੈ ॥ ੨੮ ॥ ੧੪੪ ॥

ਦੋਹਰਾ

ਮੋਹਿ ਆਸਰਾ ਤਾਹਿ ਕੋ ਐਸੇ ਸਮਰਥ ਸੋਇ ।
ਸਰਬ ਧਾਰਿ ਸਮਰਥ ਪ੍ਰਭ ਤਾ ਬਿਨ ਅਵਰੁ ਨ ਕੋਇ ॥ ੨੯ ॥ ੧੪੫ ॥

ਕਬਿਤੁ

ਕੀਏ ਜਦਿ ਬਦਨਿ ਸਤਿਗੁਰੂ ਕਾਰਨ ਕਰਨ
ਸਰਬ ਸੰਗਤਿ ਆਦਿ ਅੰਤਿ ਮੇਰਾ ਖਾਲਸਾ ।
ਮਾਨੇਗਾ ਹੁਕਮੁ ਸੋ ਤੋ ਹੋਵੈਗਾ ਸਿਖ ਸਹੀ
ਨ ਮਾਨੈਗਾ ਹੁਕਮ ਸੋ ਤੋ ਹੋਵੈਗਾ ਬਿਹਾਲਸਾ ।
ਪਾਂਚ ਕੀ ਕੁਸੰਗਤਿ ਤਜਿ ਸੰਗਤਿ ਸੋ ਪ੍ਰੀਤਿ ਕਰੇ
ਦਯਾ ਔਰ ਧਰਮ ਧਾਰ ਤਿਆਗੇ ਸਬ ਲਾਲਸਾ ।
ਹੁੱਕਾ ਨ ਪੀਵੈ ਸੀਸ ਦਾੜ੍ਹੀ ਨ ਮੁੰਡਾਵੈ
ਸੋ ਤੋ ਵਾਹਿਗੁਰੂ ਵਾਹਿਗੁਰੂ ਗੁਰੂ ਜੀ ਕਾ ਖਾਲਸਾ ॥ ੩੦ ॥ ੧੪੬ ॥

ਦੋਹਰਾ

ਦੈ ਦਰਸਨ ਕੀਨੋ ਬਿਦਾ ਮੰਤਰ ਦੀਓ ਪ੍ਰਭ ਏਕ ।
ਕਹਤ ਖਾਲਸਾ ਖਾਲਸਾ ਐਸੋ ਕਰਤ ਬਬੇਕ ॥ ੩੧ ॥ ੧੪੭ ॥

ਅੜਿੱਲ

ਕਰਨਹਾਰ ਕਰਤਾਰ ਹੁਕਮੁ ਕਰਤੇ ਕੀਆ ।
ਕਰ ਮਸੰਦ ਸਭਿ ਦੂਰਿ ਖਾਲਸਾ ਕਰਿ ਲੀਆ ।
ਮਾਨਹਿ ਸੇ ਪਰਵਾਨ ਸੁਫਲ ਤਿਨ ਕਾ ਜੀਆ ।
ਉਨ ਤੋਰੀ ਜਮ ਕੀ ਫਾਸ ਨਾਮ ਅੰਮ੍ਰਿਤ ਪੀਆ ।
ਜੀ ਜੋ ਤੂ ਕਰਹਿ ਸੁ ਹੋਇ ਕੀਆ ਸੋਈ ਥੀਆ ॥ ੩੨ ॥ ੧੪੮ ॥

ਦੋਹਰਾ

ਖਾਂਡੇ ਕੀ ਪਾਹਿਲ ਦਈ ਕਰਨਹਾਰ ਪ੍ਰਭ ਸੋਇ ।
ਕੀਓ ਦਸੋ ਦਿਸ ਖਾਲਸਾ ਤਾਂ ਬਿਨ ਅਵਰ ਨ ਕੋਇ ॥ ੩੩ ॥ ੧੪੯ ॥

ਅੜਿਲ

ਦੇ ਖਾਂਡੇ ਕੀ ਪਾਹਲ ਤੇਜ ਬਢਾਇਆ ।

ਜ਼ੋਰਾਵਰ ਕਰਿ ਸਿੰਘ ਹੁਕਮ ਵਰਤਾਇਆ।
ਜਿਹ ਮਸਤਕਿ ਸੰਜੋਗ ਤਿਨੀ ਕਮਾਇਆ।
ਇਕ ਭੂਲੇ ਭਰਮ ਗਵਾਰ ਮਰਮ ਨ ਪਾਇਆ।
ਜੀ ਉਨ ਕੇ ਕਛੂ ਨ ਹਾਥ ਧੁਰੋ ਫੁਰਮਾਇਆ ॥ ੩੪ ॥ ੧੫੦ ॥

ਦੋਹਰਾ

ਦੂਤਨ ਕੇ ਸੰਗਿ ਸਾਥਿ ਤਜਿ ਦੁਰਮਤਿ ਦੇਹੁ ਜਲਾਇ।
ਹੁਕਮੁ ਤੇਰਾ ਸਭ ਸਤ ਹੈ ਮਾਨਹਿ ਨਰਕ ਨ ਜਾਇ ॥ ੩੫ ॥ ੧੫੧ ॥

ਅੜਿਲ

ਸਿਰ ਗੁੰਮਨ ਕੇ ਮਰਨੇ ਪਰਨੇ ਨਹੀਂ ਜਾਈਐ।
ਪਾਂਚਨ[3] ਕੇ ਸੰਗਿ ਸਾਥ ਨੇਹ ਨਹੀਂ ਲਾਈਐ।
ਤਜਿ ਪਰਪੰਚ ਬਿਕਾਰ ਦੁਰਤ ਜਲਾਈਐ।
ਸਤ ਸੰਗਤਿ ਪਰਤਾਪ ਨਰਕ ਨ ਜਾਈਐ।
ਜੀ ਹੁਕਮੁ ਤੇਰਾ ਸਬ ਸਚੁ ਸਚੁ ਸੁਖਦਾਈਐ ॥ ੩੬ ॥ ੧੫੨ ॥

ਦੋਹਰਾ

ਹੁਕਮੁ ਤੇਰਾ ਸਬ ਸਚੁ ਹੈ ਸੁਆਮੀ ਸਿਰਜਨਹਾਰ।
ਕੇਤੇ ਭ੍ਰਮ ਭ੍ਰਮ ਪਚਿ ਮੁਏ ਨਹਿ ਪਾਵਤ ਬੀਚਾਰ ॥ ੩੭ । ੧੫੩ ॥

ਅੜਿਲ

ਬਚਨ ਕੀਓ ਕਰਤਾਰ ਖੁਰ ਨਹੀ ਲਾਈਐ।
ਮਨ ਅੰਤਰਿ ਕਰਿ ਪ੍ਰੀਤ ਬਚਨਿ ਕਮਾਈਐ।
ਮਾਤ ਪਿਤਾ ਮਰਿ ਜਾਇ ਨ ਭਦਰ ਕਰਾਈਐ।
ਕੇਤੇ ਮਾਨਹਿ ਨਾਹਿ ਧੂਮ ਉਠਾਈਐ।
ਜੀ ਹੁਕਮੁ ਤੇਰਾ ਸਭ ਸਚੁ ਸਚੁ ਮਨਾਈਏ ॥ ੩੮ ॥ ੧੫੪ ॥

ਦੋਹਰਾ

ਸਤਿਗੁਰ ਕੇ ਉਪਦੇਸ ਸੁਨਿ ਰਿਦੇ ਪ੍ਰੀਤ ਕਰਿ ਲੇਹੁ।
ਭੇਟ ਕਾਰ ਗੁਰਦੇਵ ਕੀ ਅਵਰ ਹਾਥ ਨਹੀਂ ਦੇਹੁ। ੩੯ ॥ ੧੫੫ ॥

ਅੜਿਲ

ਕਰਨਿਹਾਰ ਕੀ ਭੇਟਿ ਕਿਸੇ ਨਹ ਦੀਜੀਏ।
ਸਤਿਗੁਰ ਕੇ ਉਪਦੇਸ ਸਤਿ ਕਰਿ ਲੀਜੀਏ।
ਸਤਿ ਸੰਗਤਿ ਮੈ ਬੈਠਿ ਹਰਿ ਗੁਨ ਗਾਈਏ।
ਪੂਰਨ ਹੋਵੈ ਭਾਗ ਤਬ ਹੀ ਪਾਈਏ।
ਜੀ ਖਾਲਸੇ ਕੀ ਅਰਦਾਸ ਨਾਮ ਜਪਾਈਐ ॥ ੪੦ ॥ ੧੫੬ ॥

---

3. ਪੰਜ ਐਬ—ਚੋਰੀ, ਯਾਰੀ (ਵਿਭਚਾਰ), ਜੂਆ, ਸ਼ਰਾਬੀ ਪੁਣਾ, ਝੂਠ।

ਦੋਹਰਾ

ਏਕ ਸਿਖ ਸਨਮੁਖ ਕੀਏ ਏਕ ਨ ਮਾਨਹਿ ਸੋਇ ।
ਜੋ ਨਰ ਸਿਮਰੈ ਪ੍ਰੀਤ ਕਰਿ ਤਾ ਸਮਾਨ ਨਹੀਂ ਕੋਇ ॥ ੪੧ ॥ ੧੫੭ ॥

ਅੜਿਲ

ਹੁਕਮੁ ਤੇਰਾ ਸਭ ਸਚੁ ਸਚੁ ਬਨਵਾਰੀਆਂ ।
ਇਕ ਧੜੀਏ ਇਕ ਖਾਲਸਾ ਆਪੇ ਧਾਰੀਆ ।
ਇਕ ਮਾਨਹਿ ਇਕਿ ਮਨਹਿ ਨਹੀਂ ਗਵਾਰੀਆ ।
ਓਇ ਬੱਧੇ ਜਮ ਦੁਆਰ ਕਰਹਿ ਪੁਕਾਰੀਆ ।
ਜੀ ਜੋ ਤੂ ਕਰਹਿ ਸੁ ਹੋਇ ਸਚੁ ਸਿਰਜਨਹਾਰਿਆ ॥ ੪੨ ॥ ੧੫੮ ॥

ਦੋਹਰਾ

ਉਇ ਦੁਨੀਆ ਰੰਗਿ ਰਚਿ ਰਹੇ ਜਗ ਸੋ ਅਤਿ ਡਰ ਪਾਇ ।
ਜੋ ਜਗਿ ਕਹਿਓ ਸੁ ਉਨ ਕੀਓ ਗਰ ਕੇ ਬਚਨਿ ਭੁਲਾਇ ॥ ੪੩ ॥ ੧੫੯ ॥

ਅੜਿਲ

ਜੋ ਭੂਲੇ ਗੁਰਦੁਆਰ ਥਾਉਂ ਨ ਪਾਇਆ ।
ਮਾਯਾ ਮੋਹ ਬਿਕਾਰ ਮੂੜ੍ਹ ਲਪਟਾਇਆ ।
ਕਰਿ ਬਿਖਯਨ ਸੋ ਪ੍ਰੀਤ ਜਨਮ ਗਵਾਇਆ ।
ਹੈ ਦੁਨੀਆ ਖਿਨ ਏਕ ਬਿਰਖ ਕੀ ਛਾਇਆ ।
ਜੀ ਮੂਰਖ ਮਨਿ ਅਗਿਆਨ ਨਜ਼ਰਿ ਨਾ ਆਇਆ ॥ ੪੪ ॥ ੧੬੦ ॥

ਦੋਹਰਾ

ਜਿਹ ਜਨ ਉਪਜਤ ਨਾਮ ਧੁਨਿ ਤਿਹ ਜਨ ਨਿਰਮਲ ਰੀਤਿ ।
ਭਜਿ ਗੋਬਿੰਦ ਭਏ ਖਾਲਸਾ ਜਿਨ ਅੰਤਰਿ ਪਰਤੀਤ ॥ ੪੫ ॥ ੧੬੧ ॥

ਅੜਿਲ

ਪਾਰਬ੍ਰਹਮ ਪਰਮੇਸਰ ਗੁਰ ਗੋਬਿੰਦ ਹੈ ।
ਸਰਬ ਘਟਾ ਪ੍ਰਤਿਪਾਲ ਕਰਤ ਆਨੰਦ ਹੈ ।
ਸਿਮਰਤ ਨਾਮ ਪੁਨੀਤ ਟੂਟਤ ਫੰਦ ਹੈ ।
ਭਏ ਖਾਲਸਾ ਸੋਇ ਛੋੜਿ ਮਸੰਦ ਹੈ ।
ਜੀ ਪ੍ਰਗਟ ਭਏ ਚਹੂ ਓਰ ਸੂਰਜੋ ਚੰਦ ਹੈ ॥ ੪੬ ॥ ੧੬੨ ॥

ਦੋਹਰਾ

ਏਕ ਪ੍ਰਗਟ ਖਾਲਸਾ ਭਏ ਏਕਨ ਕੀ ਇਹ ਰੀਤ ।
ਅੰਧ ਕੂਪ ਮਹਿ ਪਚਿ ਰਹੇ ਨਾਹਿ ਤਾਹਿ ਸੋ ਪ੍ਰੀਤ ॥ ੪੭ ॥ ੧੬੩ ॥

ਅੜਿਲ

ਅੰਧ ਕੂਪ ਮੈ ਮੂੜ੍ਹ ਗਿਆਨ ਨ ਪਾਇਓ ।
ਸੰਤ ਜਨਾਂ ਸੋ ਨੇਹੁ ਨੈਕ ਨਹੀਂ ਲਾਇਓ ।

ਮਨ ਅੰਤਰਿ ਕਰਿ ਪ੍ਰੀਤ ਨਾਮ ਨ ਗਾਇਓ ।
ਮਾਯਾ ਮੋਹ ਬਿਕਾਰ ਤਾਹਿ ਲਪਟਾਇਓ ।
ਜੀ ਜੋ ਕਛੁ ਭਈ ਰਜ਼ਾਇ ਤਿਤੇ ਵਲਿ ਲਾਇਓ ॥ ੪੮ ॥ ੧੧੪ ॥

ਦੋਹਰਾ

ਜਿਨ ਕੇ ਮਨ ਮੈ ਭਾਵ ਨਹੀਂ ਰਚੈ ਪਰਪੰਚ ਬਿਕਾਰ ।
ਸੰਤ ਸਭਾ ਮਿਲਤੇ ਨਹੀਂ ਕਿਆ ਜਾਨਹਿ ਬੀਚਾਰ ॥ ੪੯ ॥ ੧੬੫ ॥

ਅੜਿਲ

ਹਰਿ ਕੋ ਨਾਮ ਬਿਸਾਰਿ ਪਰੇ ਮੰਝਿ ਧਾਰਿਆ ।
ਮਨ ਅੰਤਰਿ ਕਰਿ ਪ੍ਰੀਤ ਨਾਮੁ ਨ ਬਿਚਾਰਿਆ ।
ਭੂਲੇ ਜਗ ਕੀ ਕਾਣਿ ਜਨਮ ਸਬ ਹਾਰਿਆ ।
ਜਿਨ ਜਪਿਆ ਕਰਤਾਰ ਤਿਸਹਿ ਉਧਾਰਿਆ ।
ਜੀ ਖਾਲਸਾ ਸਰਨਿ ਦੁਆਰ ਕਰੋ ਨਿਸਤਾਰਿਆ ॥ ੫੦ ॥ ੧੬੬ ॥

ਦੋਹਰਾ

ਜੋ ਕਰਤਾ ਸਬ ਸਿਸਟਿ ਕੋ ਤਾਂਹਿ ਸਦਾ ਮਨਿ ਜਾਪ ।
ਦੁਰਮਤ ਮਿਟੈ ਹਉਮੈ ਛੁਟੈ ਸੰਤ ਜਨਾਂ ਪਰਤਾਪ ॥ ੫੧ ॥ ੧੬੭ ॥

ਅੜਿਲ

ਸੰਤ ਜਨਾ ਪਰਤਾਪ ਦੁਰਤ ਮਿਟਾਵਣੀ ।
ਮਨ ਬਚ ਕਰਿ ਗੋਬਿੰਦ ਸੋਭਾ ਗਾਵਣੀ ।
ਸੇਵਾ ਸੁਫਲ ਅਨੂਪ ਜੋ ਤੁਧੁ ਭਾਵਣੀ ।
ਤੇਰੀ ਉਪਮਾ ਅਪਰ ਅਪਾਰ ਬਹੁਤ ਸੁਹਾਵਣੀ ।
ਤੇਰੀ ਗਤਿ ਮਿਤਿ ਲਖੀ ਨ ਜਾਇ ਚਰਨ ਲਿਵ ਲਾਵਣੀ ॥੫੨॥੧੬੮॥

ਦੋਹਰਾ

ਮਰਿ ਮਰਿ ਜਮਨਹਿ ਅਨਕ ਬਾਰ ਚਉਰਾਸੀ ਬਿਉਹਾਰ ।
ਬਿਨੁ ਗੁਰ ਠਓਰ ਨ ਪਾਵਈ ਦੇਖਉ ਰਿਦੈ ਬਿਕਾਰ ॥ ੫੩ ॥ ੧੬੯ ॥

ਅੜਿਲ

ਜੋ ਗੁਰ ਤੇ ਬਿਮੁਖ ਭਏ ਤਿਨ ਠਉਰ ਨ ਕੋਈ ।
ਮਰ ਮਰ ਜਨਮਹਿ ਅਨਿਕ ਬਾਰ ਤਿਨ ਗਤਿ ਨਹੀਂ ਹੋਈ ।
ਚਉਰਾਸੀ ਮੈ ਭਰਮਤੇ ਪਾਵਤ ਦੁਖ ਸੋਈ ।
ਦੁਨਿਆ ਕੇ ਰੰਗਿ ਰਚਿ ਰਹੈ ਮੂਰਖ ਹੈ ਸੋਈ ।
ਜੀ ਉਨ ਹਰਿਨਾਮੁ ਨ ਪਾਇਓ ਖਟੈ ਸੋ ਖੋਈ ॥ ੫੪ ॥ ੧੭੦ ॥

ਦੋਹਰਾ

ਅੰਤਰ ਗਹਿ ਸਤਸੰਗਿ ਕੋ ਤਜਿ ਪਰਪੰਚ ਬਿਕਾਰ ।
ਦਿਵਸ ਰੈਨਿ ਬੀਚਾਰੀਏ ਮਨ ਤੇ ਦੁਬਧਾ ਟਾਰ ॥ ੫੫ ॥ ੧੭੧ ॥

ਅੜਿਲ

ਬਿਸਅਰ ਦੁਧ ਪੀਆਈਐ ਓਹੁ ਬਿਖ ਨਹੀ ਛੋਰੈ ।
ਗਰਧਬ ਸੁਗੰਧ ਲਗਾਈਐ ਭੁਇੰ ਸੁੱਤਾ ਲੋਰੈ ।
ਤੁੰਮਾ ਹੋਇ ਨ ਮਿੱਠੜਾ ਜੇ ਖੰਡ ਪਗੋਰੈ ।
ਸੁਆਨ ਪੂਛ ਟੇਢੀ ਰਹੈ ਕਛ ਹੋਤ ਨਾ ਹੋਰੈ ।
ਜੀ ਤਿਉ ਕਪਟੀ ਹੋਇ ਖਾਲਸਾ ਸਤਿਸੰਗ ਨ ਲੋਰੈ ॥ ੫੬ ॥ ੧੭੨ ॥

ਦੋਹਰਾ

ਤੇ ਨਰ ਉੱਝਰ ਪਾਈਅਹਿ ਜੋ ਮਨ ਮੈ ਗਰਬਾਹਿ ।
ਜਿਨ ਕੇ ਮਨ ਮੈ ਭੈ ਨਹੀਂ ਅੰਧੇ ਅੰਧੁ ਕੁਮਾਹਿ ॥ ੫੭ ॥ ੧੭੩ ॥

ਅੜਿਲ

ਸਤਿਸੰਗਤਿ ਮੂਲ ਨਾ ਜਾਇਨੀ ਗਿਆਨ ਹੋਰੁ ਕਮਾਇਆ ।
ਓਇ ਸਤਸੰਗਤਿ ਸੋ ਨਾ ਡਰਹਿ ਉਨ ਮਨ ਗਰਬਾਇਆ ।
ਜੋ ਸਤ ਸੰਗਤਿ ਨਾ ਮਿਲਹਿ ਉਨ ਜਨਮੁ ਗਵਾਇਆ ।
ਹਕਮੁ ਨਾ ਮਾਨਹਿ ਖਸਮ ਕਾ ਜਿਨਿ ਰਾਹੁ ਬਤਾਇਆ ।
ਜੀ ਓਇ ਕਪਟੀ ਹੋਇ ਨ ਖਾਲਸਾ ਕੇਤਾ ਸਮਝਾਇਆ ॥ ੫੮ ॥ ੧੭੪ ॥

ਅੜਿਲ

ਕੁੰਨੇ ਦੇ ਵਿਚਿ ਪਾਇ ਕੈ ਦਿੱਚੈ ਅੱਗ ਜਲਾਇ ।
ਕੋਰੜੁ ਮੋਠ ਨ ਸਿੱਜਦੀ ਕੇਤਾ ਕਰੋ ਉਪਾਇ ।
ਤਿਉ ਕਪਟੀ ਸੰਗਤਿ ਨਾ ਰਲਹਿ ਉਨ ਬੋਲਿਆ ਕਛੂ ਨ ਸੁਖਾਇ ।
ਉਸ ਸਿਰ ਮਿਲਨੁ ਨ ਲਿਖਿਓ ਭੰਭਲ ਭੂਸੇ ਖਾਇ ।
ਜੀ ਜੇ ਸਤਿਗੁਰ ਕਿਰਪਾ ਕਰੇ ਤਾਂ ਕਿਛੁ ਕਹੀ ਨਾ ਜਾਇ ॥ ੫੯ ॥ ੧੭੫ ॥

ਦੋਹਰਾ

ਖੋਜਤ ਕੋਟਿ ਅਨੇਕ ਜਨ ਸੋਭਾ ਅਪਰ ਅਪਾਰ ।
ਰਚ ਰਚਨਾ ਜਿਨ ਸਭ ਕੀਏ ਸੋ ਜਾਨੈ ਕਰਤਾਰ ॥ ੬੦ ॥ ੧੭੬ ॥

ਅੜਿਲ

ਤੂੰ ਏਕੋ ਨਾਮ ਅਨੇਕ ਅੰਤ ਨਾ ਪਾਈਐ ।
ਕਰ ਸੰਤਨ ਸੋਂ ਪ੍ਰੀਤ ਭਰਮ ਚੁਕਾਈਐ ।
ਤਾ ਕੋ ਨਾਮ ਬਿਸਾਰ ਅਉਰ ਕਿਤ ਜਾਈਐ ।
ਬਹੁਤ ਬਿਅੰਤ ਕਰਿਤਾਰ ਰੈਨ ਦਿਨ ਗਾਈਐ ।
ਜੀ ਖਾਲਸ ਕੀ ਅਰਦਾਸ ਚਰਨੀ ਲਾਈਐ ॥ ੬੧ ॥ ੧੭੭ ॥

ਦੋਹਰਾ

ਮੋਹਿ ਆਸਰੋ ਤਾਹਿ ਕੋ ਐਸੇ ਸਮਰਥ ਸੋਇ ।
ਸਰਬ ਧਾਰ ਸਮਰਥ ਪ੍ਰਭ ਤਾ ਬਿਨੁ ਅਵਰ ਨਾ ਕੋਇ ॥ ੬੨ ॥ ੧੭੮ ॥

ਅੜਿਲ

ਕਰਿ ਕਿਰਪਾ ਗੋਬਿੰਦ ਨਾਮ ਕੀਨੋ ਮਯਾ ।
ਓਹੁ ਬਡਭਾਗੀ ਜੁਗ ਮਾਹਿ ਨਾਮ ਜਿਨਿ ਜਪਿ ਲਯਾ ।
ਬਿਨਸੇ ਸਗਲ ਕਲੇਸ ਕੂੜ ਤਨ ਤੇ ਗਯਾ ।
ਨਿਰਮਲ ਭਏ ਸਰੀਰ ਜੀਵ ਸੋ ਭਉ ਭਯਾ ।
ਜੀ ਸੋ ਜਨ ਤਜਿ ਅਭਿਮਾਨ ਸੰਤ ਸਰਨੀ ਪਯਾ ॥ ੬੩ ॥ ੧੭੯ ॥

ਦੋਹਰਾ

ਕਰਿ ਕਿਰਪਾ ਪ੍ਰਭ ਆਪਨੀ ਧੁਰ ਹੀ ਲਏ ਮਿਲਾਇ ।
ਜੋ ਧੁਰਿ ਮਿਲੇ ਸੋ ਮਿਲਿ ਰਹੇ ਕਹੀ ਕਹਨ ਨ ਜਾਇ ॥ ੬੪ ॥ ੧੮੦ ॥

ਅੜਿਲ

ਇਕਨੀ ਕਿਰਪਾ ਧਾਰਿ ਬਖਸ਼ ਮਿਲਾਇਆ ।
ਇਕਨੀ ਭਰਮ ਭੁਲਾਇ ਉਝੜ ਪਾਇਆ ।
ਏਕ ਪਏ ਅਸਗਾਹ ਕੂੜ ਕਮਾਇਆ ।
ਇਕਨੀ ਦਿੱਤੋ ਨਾਮੁ ਹੁਕਮੁ ਮਨਾਇਆ ।
ਏਕ ਰਹੇ ਦਰਬਾਰ ਜਾ ਤੁਧ ਭਾਇਆ ॥ ੬੫ ॥ ੧੮੧ ॥

ਦੋਹਰਾ

ਆਦਿ ਅੰਤ ਤਿਹ ਪੁਰਖ ਕੀ ਨਉਤਨ ਕਥਾ ਅਪਾਰ ।
ਬਰਨ ਬਰਨ ਥਕਿ ਥਕਿ ਰਹੇ ਕੋਊ ਨ ਪਾਵਤ ਪਾਰ ॥ ੬੬ ॥ ੧੮੨ ॥

ਅੜਿਲ

ਤੂ ਸੱਚਾ ਕਰਤਾਰ ਹੈਂ ਤੇਰਾ ਅੰਤ ਨਾ ਪਾਰਾ ।
ਪ੍ਰਿਤਪਾਲਕ ਸੰਸਾਰ ਕੋ ਸਚੁ ਸਿਰਜਨਹਾਰਾ ।
ਜਿਨ ਤੂੰ ਸਿਮਰਿਓ ਅੰਤ ਬਾਰ ਤਿਸ ਪਾਰ ਉਤਾਰਾ ।
ਰਚ ਰਚਨਾ ਕਲ ਧਾਰਿਆ ਬਹੁ ਬਿਧਿ ਬਿਸਤਾਰਾ ।
ਜੀ ਲੀਲਾ ਲਖੀ ਨਾ ਜਾਇ ਕਿਛੁ ਤੂੰ ਕਰਨੇਹਾਰਾ ॥ ੬੭ ॥ ੧੮੩ ॥

ਦੋਹਰਾ

ਨਾਹੁਨ ਅੰਤ ਬਿਅੰਤ ਪ੍ਰਭ ਉਪਮਾ ਅਪਰ ਅਪਾਰ ।
ਰਮਿ ਰਹਿਓ ਸਬ ਸਿਸਟਿ ਮਹਿ ਕਹਤ ਬਿਚਾਰਿ ਬਿਚਾਰ ॥ ੬੮ ॥ ੧੮੪ ॥

ਅੜਿਲ

ਸਰਬ ਨਿਰੰਤਰਿ ਆਪਿ ਏਕੋ ਹੈ ਧਨੀ ।
ਤੇਰੀ ਉਪਮਾ ਅਪਰ ਅਪਾਰ ਸਚੁ ਸੋਭਾ ਬਨੀ ।
ਤੁਹਿ ਸਿਮਰੈ ਸੰਤ ਅਨੇਕ ਗਣਤੀ ਕਿਆ ਗਨੀ ।
ਪਰ ਸਰਨਿ ਦਰਬਾਰਿ ਛੋਡਿ ਮਨ ਤੇ ਮਨੀ
ਜੀ ਤੂੰ ਏਕੋ ਨਾਮੁ ਅਨੇਕ ਸਿਸਟਿ ਸਿਮਰੈ ਘਨੀ ॥ ੬੯ ॥ ੧੮੫ ॥

ਦੋਹਰਾ

ਕਿਉ ਸਹੀਐ ਜਮ ਤ੍ਰਾਸ ਜੋ ਜਪੀਐ ਕਰਤਾਰ ਗੁਨਿ ।
ਮੁਕਤ ਭਏ ਨਰ ਸੋਇ ਜਿਨ ਅੰਤਰਿ ਭਈ ਏਕ ਧੁਨਿ ॥ ੭੦ ॥ ੧੮੬ ॥

ਅੜਿਲ

ਜਹਾ ਦੁਤਨ ਕੇ ਤ੍ਰਾਸ ਪਰਤ ਜਮ ਜਾਰਸਾ ।
ਸਾਚਾ ਨਾਮ ਪੁਨੀਤ ਓਟਿ ਭਈ ਢਾਲਸਾ ।
ਬਿਨਸੈ ਸਗਲ਼ ਕਲੇਸ ਗਯੋ ਜੰਜਾਲਸਾ ।
ਚੁਕਿਉ ਆਵਨ ਜਾਨ ਮਿਟੀ ਸਬ ਲਾਲਸਾ ।
ਜੀ ਖਾਲਸਾ ਜਪਿ ਗੋਬਿੰਦ ਭਯੋ ਹੈ ਖਾਲਸਾ ॥ ੭੧ ॥ ੧੮੭ ॥

ਮਧਭਾਰ ਛੰਦ

ਹੋ ਕੈ ਉਦਾਸ । ਖਾਲਸ ਪ੍ਰਗਾਸ ।
ਅਪਰੰ ਅਪਾਰ । ਸੰਭਾਰਵਾਰ ॥ ੭੨ ॥ ੧੮੮ ॥
ਗੁਰ ਬਚਨ ਕੀਨ । ਸੁਨਿ ਸਬਨ ਲੀਨ ।
ਰਿਦ ਮਾਨਿ ਧਾਰਿ । ਕੀਨੋ ਬਿਚਾਰ ॥ ੭੩ ॥ ੧੮੯ ॥
ਤਜੀਐ ਮਸੰਦ । ਸਬ ਤੋਰ ਫੰਦ ।
ਤਜਿ ਪੰਚ ਸੰਗਿ । ਰਚਿ ਏਕ ਰੰਗ ॥ ੭੪ ॥ ੧੯੦ ॥
ਖਾਲਸ ਸਰੂਪ । ਅਨੂਪ ਰੂਪ ।
ਗਹਿ ਤੇਗ ਲੀਨ । ਅਤਿ ਜੁਧ ਕੀਨ ॥ ੭੫ ॥ ੧੯੧ ॥
ਕੇਤੇ ਪ੍ਰਕਾਰ । ਤਾ ਕੋ ਬਿਥਾਰ ।
ਜੋਧਾ ਅਪਾਰ । ਕਰਿ ਜੁਧਿ ਸਾਰ ॥ ੭੬ ॥ ੧੯੨ ॥
ਬਬੇਕੰ ਬਿਚਾਰ । ਤਨਖਾਹ ਦਾਰ ।
ਬਸਿਧਾ ਸੁਧਾਰ । ਕਰਿ ਜਗਤ ਸਾਰ ॥ ੭੭ ॥ ੧੯੩ ॥
ਪਾਸਾ ਸੁਢਾਰ । ਖੇਲੇ ਖਿਲਾਰ ।
ਨਗਰੰ ਅਪਾਰ । ਤਿਨ ਕੇ ਮਝਾਰ ॥ ੭੮ ॥ ੧੯੪ ॥
ਅਨੰਦ ਰੂਪ । ਸੁੰਦਰ ਸਰੂਪ ।
ਐਸੇ ਨਿਹਾਰ । ਗੁਰੂ ਕੇਸ ਧਾਰ ॥ ੭੯ ॥ ੧੯੫ ॥

ਇਤ ਸ੍ਰੀ ਗੁਰ ਸੋਭਾ ਬਚਨ ਪ੍ਰਗਾਸ ਪੰਚਮੋ ਧਿਆਓ
ਸੰਪੂਰਨ ਸੁਭਮਸਤੁ ॥ ੫ ॥

ਧਿਆਉ ਛੇਵਾਂ

# ਬਚਨ ਬਿਚਾਰ

## ਕਬਿਤ

ਬਚਨ ਕੀਓ ਕਰਨਹਾਰ ਸੰਤਨ ਕੀਓ ਬਿਚਾਰ
ਸੁਪਨੋ ਸੰਸਾਰ ਕਾਹੇ ਲਪਟਾਈਐ ।
ਬਿਖੀਅਨ ਸੋ ਤਜਿ ਸਨੇਹ ਸਤਿਗੁਰ ਕੀ ਸਿਖ ਲੇਹ
ਬਿਨਸੈ ਛਿਨ ਮਾਹਿ ਦੇਹਿ ਜਮ ਪੁਰ ਨ ਜਾਈਐ ।
ਸੀਸ ਨ ਮੁੰਡਾਵ ਮੀਤ ਹੁੱਕਾਂ ਤਜਿ ਭਲੀ ਰੀਤਿ
ਮਨ ਮੈ ਕਰ ਪ੍ਰੇਮ ਪ੍ਰੀਤਿ ਸੰਗਤਿ ਮੈ ਜਾਈਐ ।
ਜੀਵਨ ਦਿਨ ਚਾਰਿ ਸਮਝ ਦੇਖਿ ਬੂਝ ਮਨ ਬਿਚਾਰ
ਵਾਹਿਗੁਰੂ ਗੁਰੂ ਜੀ ਕਾ ਖਾਲਸਾ ਕਹਾਈਐ ॥ ੧ ॥ ੧੯੬ ॥

## ਦੋਹਰਾ

ਤਬ ਦਿੱਲੀ ਮੈ ਆਇ ਕੈ ਸਬ ਸੋ ਕਹੀ ਸੁਨਾਇ ।
ਕੇਤਨ ਮਾਨੀ ਪ੍ਰੀਤ ਕਰ ਕੇਤਨ ਦਈ ਭੁਲਾਇ ॥ ੨ ॥ ੧੯੭ ॥
ਬਰਨਤ ਆਗੈ ਕੀ ਕਥਾ ਭਈ ਨਗਰ ਮੈਂ ਸੋਇ ।
ਕਰਨਹਾਰ ਕਰਤਾ ਧਨੀ ਜੋ ਕੁਛੁ ਕਰੇ ਸੋ ਹੋਇ ॥ ੩ ॥ ੧੯੮ ॥

## ਚੌਪਈ

ਦਰਸਨ ਤੇ ਜਬ ਸੰਗਤਿ ਆਈ ।
ਗੁਪਤ ਬਾਤ ਲੈ ਪ੍ਰਗਟ ਸੁਨਾਈ ।
ਕੀਓ ਬਿਬੇਕ ਧਰਮ ਤਹਾ ਸਾਲਾ ।
ਸੁਨਿ ਬਿਬੇਕ ਸਿਖਨ ਸਭ ਪਾਲਾ ॥ ੪ ॥ ੧੯੯ ॥
ਕਰਿ ਪਾਹਲ ਸਬ ਸੰਗਤਿ ਚਾਖੀ ।
ਪਾਂਚ ਪਾਂਚ ਸਿਖ ਕੀਏ ਸਾਖੀ ।
ਖਤ੍ਰੀ ਬ੍ਰਹਮਣ ਦੁਇ ਰਹੈ ਨਿਰਾਰਾ ।
ਉਨ ਅਪਨੇ ਮਨ ਮਾਹਿ ਬਿਚਾਰਾ ॥ ੫ ॥ ੨੦੦ ॥
ਬ੍ਰਹਮਣ ਹੋਇ ਕੈ ਭਦਰ ਨ ਕੀਜੈ ।
ਜਗ ਮੇ ਸੋਭ ਕਵਨ ਬਿਧਿ ਲੀਜੈ ।
ਇਹ ਬਿਧਿ ਅਨਕ ਭਰਮ ਭਰਮਾਨੇ ।
ਕਰਨਹਾਰ ਕੇ ਬਚਨ ਭੁਲਾਨੇ ॥ ੬ ॥ ੨੦੧ ॥

ਦੋਹਰਾ

ਕੇਤਕ ਸੁਣ ਬਿਬੇਕ ਕੋ ਸੋਚ ਕੀਓ ਮਨ ਮਾਹਿ ।
ਕੁਲਾ ਕਰਮ ਛੂਟੇ ਸਕਲ ਹਮ ਤੇ ਹੋਵਤ ਨਾਹਿ ॥ ੭ ॥ ੨੦੨ ॥

ਚੋਪਈ

ਕੇਤਕ ਕਹਤ ਬਚਨ ਅਤਿ ਭਾਰੀ ।
ਕੁਲਾ ਕਰਮ ਛੁਟਤ ਬਿਓਹਾਰੀ ।
ਕੇਤਕ ਕਹਤ ਇਨੋ ਮਤ ਕੀਨਾ ।
ਸਤਿਗੁਰ ਹੁਕਮ ਨਹੀ ਕਛੁ ਦੀਨਾ ॥ ੮ ॥ ੨੦੩ ॥
ਕੇਤਕ ਕਹਤ ਲਿਖਾ ਕਛੁ ਆਵੈ ।
ਤਬ ਯਹ ਬਚਨ ਕਮਾਯਾ ਜਾਵੈ ।
ਕੇਤਕ ਸੁਨਿ ਕੈ ਪ੍ਰੀਤ ਲਗਾਈ ।
ਤਿਨਹੁ ਠਉਰ ਸੰਗਿਤ ਮੈ ਪਾਈ ॥ ੯ ॥ ੨੦੪ ॥
ਕੇਤਕ ਸੁਨਿ ਕੈ ਕੁਟੰਬ ਤਿਆਗੇ ।
ਜਿਨ ਕੈ ਬਚਨ ਅਮੋਲਕ ਲਾਗੇ ।
ਅੰਗ ਸੰਗ ਤਿਨ ਕੇ ਪ੍ਰਭ ਜਾਨੋ ।
ਪ੍ਰਭ ਸੰਗੀ ਤੇਈ ਪਹਿਚਾਨੋ ॥ ੧੦ ॥ ੨੦੫ ॥

ਦੋਹਰਾ

ਪ੍ਰਭ ਇਹ ਨਿਕਟਿ ਬਖਾਨੀਐ ਜਿਨਿ ਅੰਤਰਿ ਪ੍ਰਤੀਤਿ ।
ਪ੍ਰੀਤਿ ਬਿਨਾ ਕਿਵ ਪਾਈਐ ਜਾਹਿ ਕੋਟਿ ਜੁਗ ਬੀਤ ॥ ੧੧ ॥ ੨੦੬ ॥

ਚੋਪਈ

ਧਰਮਸਾਲ ਸੰਗਤਿ ਜਬਿ ਆਵੈ ।
ਦਰਸਨ ਪਾਰਬ੍ਰਹਮ ਕੋ ਪਾਵੈ ।
ਗੁਰ ਸੰਗਤਿ ਕਛੁ ਭੇਦ ਨਾ ਹੋਈ ।
ਮੁਨ ਜਨ ਕਥਾ ਬਖਾਨਤ ਸੋਈ ॥ ੧੨ ॥ ੨੦੭ ॥
ਕਰ ਦਰਸਨ ਦੁਰਮਤਿ ਮਲ ਛੀਜੈ ।
ਉਪਜੈ ਗਿਆਨ ਭਲਾ ਕਛੁ ਕੀਜੈ ।
ਇੱਛਾ ਮਨ ਮੈ ਜੋ ਕਛੁ ਆਵੈ ।
ਕਰਿ ਅਰਦਾਸ ਤੁਰਤ ਹੀ ਪਾਵੈ ॥ ੧੩ ॥ ੨੦੮ ॥
ਏ ਪ੍ਰਤਾਪ ਖਾਲਸੇ ਮਾਹੀਂ ।
ਸਮਸਰ ਤਾਸ ਔਰ ਕੋਊ ਨਾਹੀਂ ।
ਜੋ ਇਮ ਜਾਨੈ ਤਿਹ ਗਤਿ ਹੋਈ ।
ਤਿਹ ਕੀ ਪਦਵੀ ਲਹੈ ਨ ਕੋਈ ॥ ੧੪ ॥ ੨੦੯ ॥

ਦੋਹਰਾ

ਸਿਖ ਆਸਰੇ ਤਾਹਿ ਕੇ ਸਾਸਿ ਸਾਸਿ ਦਿਨ ਰੈਨਿ ।
ਏਕ ਘਰੀ ਸੰਗਤਿ ਬਿਨਾ ਪਰਤ ਨਾਹਿ ਤਿਹ ਚੈਨਿ ॥ ੧੫ ॥ ੨੧੦ ॥

ਚੌਪਈ

ਪ੍ਰਥਮੇ ਜਾਤਿ ਖਤ੍ਰੀ ਏਕ ।
ਤਾ ਪਰਿ ਸੰਗਤਿ ਕੀਓ ਬਬੇਕ ।
ਬਾਹ ਪਕਰਿ ਕੈ ਦੇਹੁ ਉਠਾਇ ।
ਕਹੋ ਇਸੇ ਅਪਨੇ ਘਰਿ ਜਾਇ ॥ ੧੬ ॥ ੨੧੧ ॥
ਸਿਰਗੁੰਮ ਨਾਂਵ ਤਾਹਿ ਠਹਰਾਯੋ ।
ਪ੍ਰਿਥਮੇ ਸਿਖਨ ਉਸਹਿ ਉਠਾਯੋ ।
ਕ੍ਰੋਧਵੰਤ ਮਨ ਮੈ ਅਤਿ ਭਯੋ ।
ਊਚ ਨੀਚ ਮੁਖ ਤੇ ਕਛੁ ਕਹਿਯੋ ॥ ੧੭ ॥ ੨੧੨ ॥
ਤਬ ਵਹੁ ਏਕ ਔਰ ਕੇ ਆਯੋ ।
ਉਸਹਿ ਆਨ ਕੈ ਭੇਦ ਬਤਾਯੋ ।
ਅਬ ਲਉ ਐਸੀ ਕਬੈ ਨ ਦੇਖੀ ।
ਨਈ ਬਾਤਿ ਇਨ ਕੀ ਇਮ ਪੇਖੀ ॥ ੧੮ ॥ ੨੧੩ ॥

ਦੋਹਰਾ

ਇਨ ਮੋ ਸੋ ਐਸੀ ਕਰੀ ਕਰ ਗਹਿ ਦੀਉ ਉਠਾਇ ।
ਸੁਨਿ ਪ੍ਰੀਤਮ ਕਿਆ ਕੀਜੀਐ ਅਬ ਮੋਹਿ ਦੇਹੁ ਬਤਾਇ ॥ ੧੯ ॥ ੨੧੪ ॥

ਚੌਪਈ

ਤਬ ਦੂਸਰ ਚਿੰਤਾ ਚਿਤ ਕਰੀ ।
ਅਬ ਤੇ ਬਾਤ ਕਠਨ ਬਿਧਿ ਪਰੀ ।
ਸੁਨਿ ਭਾਈ ਕਛੁ ਕਹਨ ਨ ਜਾਈ ।
ਮਹਾ ਪ੍ਰਬਲ ਬਿਧਿ ਧੂਮ ਉਠਾਈ ॥ ੨੦ ॥ ੨੧੫ ॥
ਬੁਰਾ ਭਲਾ ਸਬ ਕੋ ਵੇ ਕਹਿਤੇ ।
ਹਮ ਬੀ ਸੁਨਿ ਕੇ ਚੁਪ ਹੋ ਰਹਿਤੇ ।
ਦ੍ਰਿੜ੍ਹ ਕਰਿ ਰਾਖੋ ਆਪਨੋ ਚੀਤ ।
ਜੇ ਹੈ ਦੋਇ ਚਾਰਿ ਦਿਨ ਬੀਤ ॥ ੨੧ ॥ ੨੧੬ ॥
ਤਬ ਉਨ ਕਛੁ ਇਕ ਭੋਜਨ ਕੀਆ ।
ਕਰ ਕੈ ਤਾਸ ਮਿਤ੍ਰ ਕੋ ਦੀਆ ।
ਭੋਜਨ ਕਰਿ ਕੈ ਅਧਿਕ ਅਘਾਯੋ ।
ਤਬ ਸੰਤੋਖ ਤਾਹਿ ਮਨਿ ਆਯੋ ॥ ੨੨ ॥ ੨੧੭ ॥

ਦੋਹਰਾ

ਚਿਤ ਚਿੰਤਾ ਕਾਹੇ ਕਰੋ ਕਵਨ ਉਠਾਵਨਹਾਰ ।
ਸੋਭ ਤਿਹਾਰੀ ਨਗਰ ਮੈ ਜਾਨਤ ਸਬ ਸੰਸਾਰ ॥ ੨੩ ॥ ੨੧੮ ॥

ਚੌਪਈ

ਜਬ ਵਾਂ ਕੇ ਉਨ ਭੋਜਨ ਕੀਆ ।
ਭੋਜਨ ਖਾਇ ਨੀਰ ਕਛੁ ਪੀਆ ।
ਤਬ ਵਾਂ ਕੇ ਮਨਿ ਧੀਰਜ ਆਯੋ ।
ਪ੍ਰੀਤਮ ਨੇ ਕਛੁ ਭਲਾ ਸੁਨਾਯੋ ॥ ੨੪ ॥ ੨੧੯ ॥
ਅਬ ਤੋ ਬਾਹਿ ਦੂਸਰੀ ਭਈ ।
ਤਨ ਮਨ ਕੀ ਸਬ ਚਿੰਤਾ ਗਈ ।
ਦੀਪਤ ਪ੍ਰੀਤ ਭਾਂਤਿ ਇਹ ਹੋਈ ।
ਜਲੈ ਪਤੰਗ ਦੀਪ ਪਰ ਸੋਈ ॥ ੨੫ ॥ ੨੨੦ ॥
ਇਹ ਬਿਧਿ ਜੀਵ ਦੁਹਨ ਮਿਲਿ ਕੀਨਾ ।
ਜੈਸੇ ਪ੍ਰੀਤ ਹੋਤ ਜਲ ਮੀਨਾ ।
ਜਿਉ ਕਾਮੀ ਕਾਮਨਿ ਬਸਿ ਆਵੈ ।
ਲੋਗ ਲਾਜ ਮਨ ਤੇ ਬਿਸਰਾਵੈ ॥ ੨੬ ॥ ੨੨੧ ॥

ਦੋਹਰਾ

ਜੈਸੇ ਕਾਮੀ ਕਾਮ ਮੈ ਰੈਨਿ ਦਿਵਸ ਮਨਿ ਹੋਇ ।
ਲੋਗ ਲਾਜ ਮਨ ਤੇ ਤਜੈ ਹੋਨੀ ਹੋਇ ਸੁ ਹੋਇ ॥ ੨੭ ॥ ੨੨੨ ॥

ਚੌਪਈ

ਤਬ ਦੂਸਰ ਸਿਖੁ ਸਿਖਨ ਮੈ ਆਯੋ ।
ਸਿਖਨ ਭੇਦੁ ਕਹੀ ਸੁਨ ਪਾਯੋ ।
ਤਬ ਵਾ ਕੋ ਉਨ ਪੂਛਨ ਕੀਨਾ ।
ਕਾਹੇ ਭੋਜਨ ਤੈਂ ਉਨ ਦੀਨਾ ॥ ੨੮ ॥ ੨੨੩ ॥
ਵਹ ਤੋ ਸਿਰਗੁੰਮ ਹਮਨ ਉਠਾਯੋ ।
ਤੈ ਕਿਹ ਬਿਧ ਘਰਿ ਮੈ ਬਠਲਾਯੋ ।
ਹਾਥ ਜੋਰਿ ਕੈ ਐਸੇ ਕਹਿਯੋ ।
ਬਖਸ ਲੇਹੁ ਔਗਨ ਯਹ ਭਇਯੋ ॥ ੨੯ ॥ ੨੨੪ ॥
ਸਬ ਸਿਖਨ ਮਿਲਿ ਇਕ ਮਨ ਕੀਨਾ ।
ਤਬ ਵਾ ਕੋ ਮਿਲਾਇ ਕਰਿ ਲੀਨਾ ।
ਅਬ ਉਹਿ ਸੋ ਪ੍ਰੀਤ ਨਾ ਕਰਿਹੋਂ ।
ਜੋ ਕਛੁ ਕਹੋ ਸੋਈ ਮਨਿ ਧਰਿਹੋਂ ॥ ੩੦ ॥ ੨੨੫ ॥

ਦੋਹਰਾ

ਸਤਿਗੁਰ ਸੰਗਤ ਏਕ ਹੈ ਜਉ ਜਾਨੈ ਨਰ ਕੋਇ ।
ਮਾਰੈ ਬਖਸ਼ੈ ਆਪ ਹੀ ਤਿਹ ਬਿਨ ਨਾਹੀ ਕੋਇ ॥ ੩੧ ॥ ੨੨੬ ॥

ਚੌਪਈ

ਕੇਤਕਿ ਦਿਨ ਜਬ ਭਏ ਬਿਤੀਤਾ ।
ਅਧਕ ਤਾਸ ਤਾਹੀ ਸੰਗਿ ਪ੍ਰੀਤਾ ।
ਪ੍ਰਗਟਿ ਬਾਤ ਸਿਖਨ ਜਬ ਸੁਨੀ ।
ਕੇਤਕ ਸੁਨਿ ਕੇ ਮੂੰਡੀ ਧੁਨੀ ॥ ੩੨ ॥ ੨੨੭ ॥
ਏਕ ਸਿਖ ਕੋ ਅਉਸਰ ਭਇਉ ॥
ਤਬ ਦੂਸਰ ਸਿਖਨ ਮੈ ਗਇਉ ।
ਤਬ ਸਬ ਸਿਖਨ ਸੀਖ ਬਤਾਈ ।
ਬਾਹ ਪਕਰਿ ਕੈ ਦੀਓ ਉਨਾਈ ॥ ੩੩ ॥ ੨੨੮ ॥
ਕੇਤਕ ਸੰਗੀ ਅਵਰ ਉਠਾਏ ।
ਕ੍ਰੋਧਵੰਤ ਅਪਨੇ ਘਰਿ ਆਏ ।
ਕੋਪ ਕੀਓ ਮਨ ਮੈ ਅਤਿ ਭਾਰਾ ।
ਸਭਾ ਜੋਰ ਕੈ ਕੀਓ ਬਿਚਾਰਾ ॥ ੩੪ ॥ ੨੨੯ ॥

ਦੋਹਰਾ

ਕਪਟ ਬੈਨ ਕਹਿਤੋ ਗਯੋ ਕਰੀ ਨਈ ਇਕ ਰਾਹਿ ।
ਸਮਝਿ ਬਾਤਿ ਕਰਤੇ ਨਹੀ ਕਰਿ ਗਹਿ ਦੇਹਿ ਉਠਾਇ ॥ ੩੫ ॥ ੨੩੦ ॥

ਚੌਲੋਟਨ ਛੰਦ

ਤਬ ਗ੍ਰਿਹਿ ਮੈ ਆਯੋ ਨਰ ਸੋਈ, ਉਪਜਿਉ ਕ੍ਰੋਧ ਤਪਤੁ ਤਨ ਹੋਈ ।
ਕੇਤਕ ਸਿਖਨ ਲੀਓ ਬੁਲਾਈ, ਹੋਇ ਇਕੰਤ ਸਬ ਬੈਠੇ ਜਾਈ ।
ਬੈਠੇ ਸਬ ਜਾਈ ਬਾਤ ਚਲਾਈ ਸੁਨਿਹੋ ਭਾਈ ਕਿਆ ਕੀਜੈ ।
ਰੈਹਣਾ ਜਗ ਮਾਹੀ ਇਨ ਮਧਾਈ ਕਿਉ ਕਰਿ ਤਿਆਗ ਸੁ ਕਰ ਦੀਜੈ ।
ਮਰਨੇ ਅਰ ਪਰਨੇ ਕੁਲ ਬਿਉਹਾਰਾ ਇਨੋ ਬਿਚਾਰਾ ਦੂਰ ਕਰੋ ।
ਮਿਲੀਐ ਸਬ ਸੰਗੇ ਹੋ ਰੰਗੇ ਸਤਿਗੁਰ ਸਿਮਰੋ ਪਾਰ ਪਰੋ ॥ ੩੬ ॥ ੨੩੧ ॥

ਦੋਹਰਾ

ਨਿਸ ਦਿਨ ਸਿਮਰੋ ਤਾਸ ਕੋ ਦਿਵਸ ਰੈਨਿ ਬੀਚਾਰ ।
ਕਰਨ ਹਾਰ ਸਬ ਸਿਸਟ ਕੋ ਵਹੀ ਉਤਾਰੈ ਪਾਰਿ ॥ ੩੭ ॥ ੨੩੨ ॥

ਚੌਪਈ

ਤਬ ਵਾ ਨੇ ਇਕ ਬਾਤ ਬਿਚਾਰੀ ।
ਕਰਿ ਇਕੱਤ੍ਰ ਸੰਗਤਿ ਸਬ ਸਾਰੀ ।
ਅਬ ਉਪਾਵ ਐਸੋ ਕਛੁ ਕੀਜੈ ।
ਟਿਨ ਕੀ ਬਾਤ ਦੂਰਿ ਕਰਿ ਦੀਜੈ ॥ ੩੮ ॥ ੨੩੩ ॥

ਸਰਬ ਸੰਗਤਿ ਅਉਰ ਬੀ ਕੇਤੇ ।
ਭਏ ਇਕੱਠੇ ਥੇ ਸਬ ਜੇਤੇ ।
ਇਨ ਮਿਲਿ ਕੈ ਇਕ ਮੇਲਾ ਕੀਨਾ ।
ਨਾਈ ਫੇਰ ਨਗਰ ਮੈ ਦੀਨਾ ॥ ੩੯ ॥ ੨੩੪ ॥
ਸਬ ਸੰਗਤ ਤਿਹ ਠਉਰ ਬੁਲਾਈ ।
ਕਥਾ ਜੀਵ ਕੀ ਸਬਨ ਸੁਨਾਈ ।
ਦਾਰਾ ਪੁਰ ਮੇਲਾ ਠਹਰਾਯੋ ।
ਭੇਦ ਸਬੈ ਸੰਗਤਿ ਤੇ ਪਾਯੋ ॥ ੪੦ ॥ ੨੩੫ ॥

ਦੋਹਰਾ

ਦਾਰਾ ਕੇ ਬਾਜ਼ਾਰ ਮੈ ਮੇਲਾ ਭਯੋ ਅਪਾਰ ।
ਦਰਬਵੰਤ ਦੁਇ ਖਤ੍ਰੀ ਤਾ ਨੇ ਕਹਿਉ ਪੁਕਾਰ ॥ ੪੧ ॥ ੨੩੬ ॥

ਚੌਪਈ

ਤੁਮ ਜੁ ਹਮਨ ਧਰੀਆ ਠਹਰਾਯੋ ।
ਕਾਢ ਹੁਕਮੁ ਤੁਮੇ ਕਛੁ ਆਯੋ ।
ਹੁੱਕਾ ਪੀਵੈ ਸੀਸ ਮੁੰਡਾਈ ।
ਜੁ ਤੁਮਾਰੇ ਮਨ ਮੈ ਆਵੈ ਭਾਈ ॥ ੪੨ ॥ ੨੩੭ ॥
ਹਮਰੇ ਬਾਤਿ ਇਹੀ ਬਿਧਿ ਹੋਈ ।
ਭਾਵੈ ਤੁਮੈ ਕਰੋ ਸਬ ਸੋਈ ।
ਜੇ ਤੁਮ ਗੁਨਹਗਾਰ ਠੈਹਰਾਵੋ ।
ਮਿਲੇ ਨ ਹਮਰੇ ਕੋਈ ਆਵੋ ॥ ੪੩ ॥ ੨੩੮ ॥
ਤਬ ਸੁਨਿ ਕੈ ਸਬ ਹੀ ਚੁਪ ਧਾਰੀ ।
ਮਿਲਨ ਕਾਜ ਯਹ ਬਾਤ ਬਿਚਾਰੀ ।
ਧੰਨ ਧੰਨ ਕਹਿ ਉਠੇ ਪੁਕਾਰੇ ।
ਜਗ ਮੈ ਬਾਤ ਭਲੀ ਇਮ ਸਾਰੇ ॥ ੪੪ ॥ ੨੩੯ ॥

ਦੋਹਰਾ

ਜਉ ਲਗਿ ਲਿਖਾ ਹਜ਼ੂਰਿ ਕਾ ਆਵੈ ਸੰਗਤ ਮਾਹਿ ।
ਤਵ ਲਗਿ ਸਬ ਸੋ ਮਿਲਿ ਰਹੋ ਨਹੀਂ ਕਰੋ ਕਛੁ ਨਾਹਿ ॥ ੪੫ ॥ ੨੪੦ ॥

ਚੌਪਈ

ਤਬ ਉਨਹੀ ਜਾਹਗਾ ਇਕ ਦੀਨੀ ।
ਤਹਾ ਇਕੱਠੀ ਸੰਗਤਿ ਕੀਨੀ ।
ਖੁਲੀ ਬਾਤਿ ਸਬ ਨੇ ਠਹਰਾਈ ।
ਸਬ ਸੋ ਮੇਲ ਕਰੋ ਰੇ ਭਾਈ ॥ ੪੬ ॥ ੨੪੧ ॥
ਗਿਆਰਸ ਏਕ ਮੇਲ ਜਬ ਕੀਨਾ ।

ਯਹ ਉਪਦੇਸ ਸਬਨ ਕੋ ਦੀਨਾ ।
ਪਿਤਾ ਪੁਰਖੀ ਜੋ ਹੋਇ ਆਈ ।
ਸੋ ਕਰੀਐ ਐਸੇ ਬਤਰਾਈ ।। ੪੭ ।। ੨੪੨ ।।
ਕੇਤਕ ਕੇ ਸੁਨਿ ਮਨ ਚਿਤਿ ਆਈ ।
ਭਲੀ ਬਾਤ ਕੀਨੀ ਹੈ ਭਾਈ ।
ਕੇਤਨ ਕਹਿਓ ਰਹਤ ਨਹੀ ਹੋਈ ।
ਹਮ ਤੇ ਬਾਤਿ ਨ ਮਾਨੈ ਕੋਈ ।। ੪੮ ।। ੨੪੩ ।।

ਦੋਹਰਾ

ਰਹਤ ਤਿਆਗ ਤਿਨ ਨੇ ਕਰੀ ਭਏ ਖੁਲਾਸੇ ਸੋਇ ।
ਖਾਸ ਬਚਨ ਜਾਨੇ ਨਹੀਂ ਕਰਤਾ ਕਰੇ ਸੋ ਹੋਇ ।। ੪੯ ।। ੨੪੪ ।।

ਛਪੈ ਛੰਦ

ਕਰਤਾ ਕਰੇ ਸੁ ਹੋਇ ਰਹਤ ਤਿਨਹੂ ਸਭ ਤਿਆਗੀ ।
ਸਤਿ ਸੰਗਤਿ ਸੋ ਪ੍ਰੀਤ ਤੋਰਿ ਬਿਖਅਨ ਸੋ ਲਾਗੀ ।
ਗੁਰ ਕੇ ਬਚਨ ਬਿਸਾਰਿ ਕੀਉ ਬੀਚਾਰਿ ਖੁਲਾਸਾ ।
ਕਹਤ ਖਾਲਸਾ ਨਾਹਿ ਹੋਤ ਜਮ ਪੁਰਿ ਤਿਹ ਬਾਸਾ ।
ਐਸੋ ਬਿਚਾਰਿ ਮਨ ਮੀਤ ਕਰਿ ਸਕਲ ਭਰਮ ਤਜਿ ਦੀਜੀਐ ।
ਬਚਨ ਕੀਓ ਕਾਰਨ ਕਰਨ ਸਤਿ ਸਤਿ ਸਬ ਕੀਜੀਐ ।। ੫੦ ।। ੨੪੫ ।।

ਦੋਹਰਾ

ਬਚਨਿ ਕੀਓ ਕਰਤਾਰ ਸੁਨਿ ਮੇਰੇ ਮਨ ਪ੍ਰੀਤ ਕਰ ।
ਗਏ ਬਿਸਾਰਿ ਗਵਾਰ ਤਿਨ ਕੀ ਕਰੀ ਨ ਚੀਤ ਧਰਿ ।। ੫੧ ।। ੨੪੬ ।।

ਕਬਿਤੁ

ਖਾਲਸਾ ਬਿਸਾਰਿ ਕੈ ਉਧਾਰੁ ਕੀਓ ਚਾਹਤ ਹੈ
ਸੋ ਤੋ ਅਬ ਕਹੂ ਨਾਹਿ ਐਸੇ ਕਰਿ ਜਾਨੀਐ ।
ਜੈਸੇ ਕੈ ਮੀਨ ਛੀਨ ਨੀਰ ਬਿਨਾ ਤਜੈ ਪ੍ਰਾਨ
ਐਸਾ ਗੁਰ ਸਬਦਿ ਬਿਨਾ ਮੂਰਖ ਬਖਾਨੀਐ ।
ਚਿੱਲਾ ਜੋ ਨਹਿ ਕਮਾਨ ਕੈਸੇ ਕੇ ਚਲਾਵੈ ਬਾਨ ।
ਮਨ ਮੈ ਕਰਿ ਦੇਖਿ ਗਿਆਨ ਐਸੇ ਪਹਿਚਾਨੀਐ ।
ਚਲਨੀ ਜੋ ਰਹਤ ਛਾਨ ਮੂਰਖ ਹੈ ਤਾ ਸਮਾਨ
ਸਤਿਗੁਰ ਕੇ ਬਚਨ ਕਾਨ ਸੁਨਿ ਕੈ ਨ ਮਾਨੀਐ ।। ੫੨ ।। ੨੪੭ ।।

ਦੋਹਰਾ

ਪ੍ਰਭ ਕੇ ਬਚਨਿ ਬਿਸਾਰਿ ਕੈ ਮੀਤ ਕੀਓ ਸੰਸਾਰ ।
ਮਨ ਮੈ ਅਵਰ ਬਿਚਾਰਤੇ ਭੂਲਤ ਭਰਮ ਗਵਾਰ ।। ੫੩ । ੨੪੮ ।।

ਸਵੈਯਾ

ਮਨ ਤੇ ਤਜਿ ਲਾਜ ਅਕਾਜ ਕੀਓ ਜਿਨ ਕੋ ਦੁਰ ਬੁਧਿ ਪ੍ਰਕਾਸੁ ਕੀਓ ਹੈ।
ਕ੍ਰੋਧ ਮਹਾ ਹਿਰਦੇ ਤਿਨ ਕੇ ਜਿਨ ਕੇ ਉਰ ਪਾਪ ਨਿਵਾਸ ਕੀਓ ਹੈ।
ਝੂਠ ਕੀ ਬਾਤਨ ਸੇ ਲਿਪਟੇ ਅਟਕੇ ਸਤਿ ਸੰਗਤਿ ਸੋ ਸੁ ਕੀਓ ਹੈ।
ਧੰਨਿ ਤੇਈ ਜਨ ਧੰਨ ਸਦਾ ਜਿਨ ਏਕ ਹੀ ਨਾਮੁ ਅਧਾਰੁ ਕੀਓ ਹੈ ॥ ੫੪ ॥ ੨੪੯ ॥

ਦੋਹਰਾ

ਜਿਭ੍ਯਾ ਰਸ ਤਿਆਗੇ ਸਕਲ ਏਕ ਭਜਨ ਸੋ ਕਾਮ।
ਸੁਫਲ ਜਨਮ ਤਿਹ ਜਾਨੀਐ ਨਿਸ ਦਿਨ ਸਿਮਰੇ ਨਾਮ ॥ ੫੫ ॥ ੨੫੦ ॥

ਚੌਪਈ

ਨਾਮ ਨਿਰੰਜਨ ਹੈ ਪ੍ਰਭ ਸੋਈ।
ਪ੍ਰਗਟਿਓ ਸਾਤ ਦੀਪ ਤਿਹੁ ਲੋਈ।
ਨਵ ਖੰਡਨ ਮੇ ਜੋਤਿ ਤਿਹਾਰੀ।
ਸਿਮਰੈ ਮੁਨਿ ਜਨ ਵਾਰ ਨਾ ਪਾਰੀ ॥ ੫੬ ॥ ੨੫੧ ॥
ਅਨ ਗਨਿ ਕੋਟਿ ਜਪੰ ਤੁਹਿ ਕੇਤੇ।
ਸਗਲ ਸ੍ਰਿਸਟਿ ਮੇ ਪ੍ਰਾਨੀ ਜੇਤੇ।
ਮਨ ਬਚ ਕਰਮ ਸਤਿਗੁਰ ਕੋ ਧਿਆਵੈ।
ਤਿਹ ਪ੍ਰਤਾਪ ਜੋਨਿ ਨਹੀ ਆਵੈ ॥ ੫੭ ॥ ੨੫੨ ॥

ਤ੍ਰਿਭੰਗੀ ਛੰਦ

ਵੋ ਜੋਨ ਨ ਆਵੈ ਮਨਿ ਚਿਤ ਲਾਵੈ ਸਬਦਿ ਕਮਾਵੈ ਭਗਤਿ ਕਰੈ।
ਸੇਵੈ ਨਰ ਸੋਈ ਜਿਹ ਧਰਿ ਹੋਈ ਬਿਨ ਲੇਖੇ ਧੁਰਿ ਕਉਨ ਤਰੈ।
ਕਿਸ ਹੀ ਕਰ ਨਾਹੀ ਇਸ ਜਗ ਮਾਹੀ ਜੋ ਨਰ ਕੋਈ ਸਕਤਿ ਧਰੈ।
ਕਰਤਾ ਪ੍ਰਭ ਸੋਈ ਅਵਰ ਨ ਕੋਈ ਜੋ ਸਿਮਰੈ ਸੋ ਪਾਰਿ ਪਰੈ ॥ ੫੮ ॥ ੨੫੩ ॥

ਦੋਹਰਾ

ਪਤਿਤ ਉਧਾਰਨ ਭੈ ਹਰਨ ਸੁਮਤਿ ਤਾਹਿ ਸੁਖ ਸਾਰ।
ਸੋਈ ਪ੍ਰਭ ਇਮ ਰੂਪ ਹੈ ਜਿਨਿ ਸਿਰਜਿਓ ਸੰਸਾਰ ॥ ੫੯ ॥ ੨੫੪ ॥

ਤ੍ਰਿਭੰਗੀ ਛੰਦ

ਹੈ ਪ੍ਰਭ ਸੋਈ ਕਰੈ ਸੋ ਹੋਈ ਅਵਰ ਨ ਕੋਈ ਸੋ ਕਰਤਾ।
ਜਾ ਕੋ ਸਭ ਗਾਵੈ ਨੌ ਨਿਧ ਪਾਵੈ ਅਪਰੰ ਪਰ ਦੁਖ ਕੋ ਹਰਤਾ।
ਸਬ ਜਗ ਜਾਨੈ ਮੁਨਿ ਜਨ ਮਾਨੈ ਗਣ ਗੰਧ੍ਰਬ ਤਿਹ ਸੇਵ ਕਰੈ।
ਐਸਾ ਪ੍ਰਭ ਸੁਆਮੀ ਅੰਤਰਜਾਮੀ ਦੇਵ ਕੋਟਿ ਤੇਤੀਸ ਡਰੈ ॥ ੬੦ ॥ ੨੫੫ ॥

ਦੋਹਰਾ

ਸਾਸ ਸਾਸਿ ਸਿਮਰੇ ਸਦਾ ਦਿਵਸ ਰੈਣ ਬੀਚਾਰ।
ਉਤਮ ਕਿਰਿਆ ਕਰਤ ਹੈ ਸੋ ਗਨੀਐ ਸੰਸਾਰ ॥ ੬੧ ॥ ੨੫੬ ॥

ਚੌਪਈ

ਕਰਨਹਾਰ ਜਾਨਤ ਸਬ ਸੋਈ ।
ਬਾਹਰ ਭੇਸ ਕਿਹੀ ਬਿਧਿ ਹੋਈ ।
ਤਾ ਤੇ ਗੁਪਤ ਕਛੂ ਨਹੀਂ ਰਹੈ ।
ਜਾਨਤ ਸਬ ਕਛੁ ਬਿਨ ਹੀ ਕਹੈ ॥ ੬੨ ॥ ੨੫੭ ॥
ਹੈ ਸਮਰਥ ਪ੍ਰਭ ਅਗਮ ਬਖਾਨੈ ।
ਤਨ ਮਨ ਕੀ ਬਿਰਥਾ ਸਬ ਜਾਨੈ ।
ਪ੍ਰਭ ਪੂਰਨ ਕਰਤਾ ਪ੍ਰਭ ਸੋਈ ।
ਤਾ ਬਿਨੁ ਕਿਤਹੂ ਅਵਰ ਨ ਕੋਈ ॥ ੬੩ ॥ ੨੫੮ ॥

ਤ੍ਰਿਭੰਗੀ ਛੰਦ

ਅਵਰ ਨ ਕੋਈ ਚਹ ਦਿਸ ਸੋਈ ਪ੍ਰਗਟ ਪੁਰਖ ਹੈ ਏਕ ਧਨੀ ।
ਸੇਵਕ ਜੋ ਗਾਵੈ ਨਉ ਨਿਧਿ ਪਾਵੈ ਦੂਰ ਜਨ ਕੀ ਨਹੀਂ ਰਹਤ ਮਨੀ ।
ਕੇਤੇ ਗੁਨ ਗਾਵੈ ਸੋ ਸੁਖ ਪਾਵੈ ਤਿਨ ਕੋ ਜਸੁ ਜਗ ਮਾਹਿ ਭਨੀ ।
ਕਰਤਾ ਪ੍ਰਭ ਵੋਹੀ ਕਰੇ ਸੋ ਹੋਈ ਉਨ ਕੀ ਸੋਭਾ ਉਨਹਿ ਬਨੀ ॥ ੬੪ ॥ ੨੫੯ ॥
ਹੈ ਅਗਮ ਅਗੋਚਰ ਪਰੇ ਪਰੇਰੇ ਕਹਨੇ ਮੈ ਨਹੀ ਸੋ ਆਵੈ ।
ਵਾਕ ਰਹਤ ਕਿਆ ਵਾਕ ਬਖਾਨੈ ਦੇਖਤ ਹੀ ਸੋ ਬਨਿ ਆਵੈ ।
ਗੁਗਾ ਗੁੜ ਖਾਵੇ ਕਾਂਖ ਫੁਲਾਵੈ ਰਸੁ ਆਇ ਪੈ ਨਾਹਿ ਕਹੈ ।
ਤਿਉਂ ਸੰਤ ਗਿਆਨੀ ਦ੍ਰਿਸਟਿ ਹਰਾਨੀ ਬੁਧ ਮਗਨਾਨੀ ਮੋਨ ਰਹੈ ॥ ੬੫ ॥ ੨੬੦ ॥

ਇਤਿ ਸ੍ਰੀ ਗੁਰ ਸੋਭਾ ਬਚਨ ਬਿਚਾਰ ਛਠਮਾ ਧਿਆਇ
ਸੰਪੂਰਨਮ ਸੁਭਮਸਤੁ ॥ ੬ ॥

ਧਿਆਉ ਸਤਵਾਂ

# ਰਹਿਤ ਪ੍ਰਗਾਸ

ਦੋਹਰਾ

ਹਰਿ ਪ੍ਰਭ ਚਾਹੇ ਸੋ ਕਰੇ ਬੁਰਾ ਭਲਾ ਜਿਹ ਹਾਥ ।
ਸੰਗਤਿ ਬਿਨ ਨਹੀ ਪਾਈਐ ਸਮਝ ਦੇਖ ਯਹ ਬਾਤ ॥ ੧ ॥ ੨੬੧ ॥

ਸਵੈਯਾ

ਸੋ ਮਨ ਮੈ ਕਰ ਦੇਖ ਬਿਚਾਰ ਜਪੈ ਕਰਤਾਰ ਤਬੈ ਗਤਿ ਹੋਈ ।
ਦੁਖ ਮੈ ਭੁਖ ਮੈ ਸੁਖ ਮੈ ਤੁਹ ਕੋ ਹੋਤ ਸਹਾਇ ਕਰਤਾ ਪ੍ਰਭ ਸੋਈ ।
ਦੀਨ ਦਇਆਲ ਸਦਾ ਪ੍ਰਭ ਪੂਰਨ ਤਾਹਿ ਬਿਨਾ ਕਹੁ ਅਵਰ ਨ ਕੋਈ ।
ਐਸੀ ਜਗਤ ਮੈ ਜੋਤ ਤਿਹਾਰੀ ਬਿਚਾਰੀ ਸੁਯਾ ਕਬਿ ਕੀ ਗਤਿ ਜੋਈ ॥੨॥੨੬੨॥

ਦੋਹਰਾ

ਅੰਚਰ ਗਹਿ ਸਤਿਸੰਗ ਕੋ ਤਜਿ ਪ੍ਰਪੰਚ ਬਿਕਾਰ ।
ਦਿਵਸ ਰੈਨਿ ਬੀਚਾਰੀਐ ਪਤਿਤ ਉਧਾਰਨਹਾਰ ॥ ੩ ॥ ੨੬੩ ॥

ਚੌਪਈ

ਏਕ ਸਿਖ ਨਿਰਮਲ ਜਿਹ ਰੀਤਿ ।
ਅੰਤਰਿ ਗਤਿ ਸਤਿਗੁਰ ਸੋ ਪ੍ਰੀਤ ।
ਹੁਕਮੁ ਪਾਇ ਉਨ ਦੇਹ ਤ੍ਰਿਆਗੀ ।
ਅੰਤ ਸਮੇ ਗੁਰ ਸੌ ਲਿਵ ਲਾਗੀ । ੪ ॥ ੨੬੪ ॥
ਤਾ ਪਰ ਭੱਦਰ ਕੀਓ ਨ ਭਾਈ ।
ਜਾਤਿ ਲੋਕ ਸਬ ਦੀਏ ਉਠਾਈ ।
ਤਾ ਪਰ ਚਰਚਾ ਚਲੀ ਅਪਾਰਾ ।
ਭਯੋ ਇਕਤ੍ਰ ਨਗਰ ਸਬ ਸਾਰਾ ॥ ੫ ॥ ੨੬੫ ॥
ਇਨ ਸੋ ਬਨਜੁ ਕਰੋ ਮਤ ਕੋਈ ।
ਕੁਲ ਕੀ ਚਾਲ ਇਨੋ ਸਬ ਖੋਈ ।
ਤਬ ਪੰਚਨ ਮਿਲਿ ਲਿਖਤ ਕਰਾਏ ।
ਬੇਦ ਸਤਿ ਸਤਿ ਲਿਖਵਾਏ ॥ ੬ ॥ ੨੬੬ ॥

ਦੋਹਰਾ

ਇਨ ਸੋ ਸਵਦਾ ਮਤ ਕਰਹੁ ਨਹਿ ਕੁਟੰਬ ਬਿਉਹਾਰ ।
ਜੋ ਆਗੇ ਕੁਲ ਮੈ ਭਈ ਸੋ ਵਰਤੋ ਸੰਸਾਰ ॥ ੭ ॥ ੨੬੭ ॥

ਚੌਪਈ

ਇਹ ਬਿਦਾਰ ਪੰਚਨ ਮਿਲਿ ਕੀਨਾ।
ਕੇਤਨ ਮਿਲਿ ਕਰ ਮੰਤ੍ਰ ਦੀਨਾ।
ਇਨ ਸੋਂ ਬਾਤ ਭਾਂਤਿ ਇਹ ਕੀਜੈ।
ਇਨ ਕੀ ਬਾਤਿ ਚਲਨ ਨਹੀ ਦੀਜੈ॥ ੮॥ ੨੬੮॥
ਇਨੋ ਰਾਹ ਇਕ ਨਈ ਚਲਾਈ।
ਸਤਿਗੁਰ ਇਨੈ ਨਹੀ ਬਤਲਾਈ।
ਇਹ ਬਿਧਿ ਕਰਿ ਕੇ ਲਿਖਤ ਕਰਾਏ।
ਕੇਤਕ ਜੀਵ ਜਾਇ ਲਿਖ ਆਏ॥ ੯॥ ੨੬੯॥
ਕੇਤਨ ਲਿਖ ਕੈ ਦੀਓ ਬਹਾਈ।
ਯਹੀ ਬਾਤ ਸੰਗਤਿ ਬਤਲਾਈ।
ਕਰ ਬੀਚਾਰ ਯਹੈ ਠਹਰਾਯੋ।
ਪਾੜ ਚੀਰ ਕੈ ਲਿਖਤ ਬਹਾਯੋ॥ ੧੦॥ ੨੭੦॥

ਦੋਹਰਾ

ਜੋ ਸਭ ਸੰਗਤਿ ਨੇ ਕਹਿਓ ਵਹੈ ਕਾਜ ਉਨ ਕੀਨ।
ਲਿਖਿਓ ਸੁ ਲਿਖਤ ਬਹਾਈਐ ਯੇਹ ਬਬੇਕ ਤਵ ਦੀਨ॥ ੧੧॥ ੨੭੧॥

ਚੌਪਈ

ਚਲੀ ਬਾਤ ਪੰਚਨ ਮੈ ਆਈ।
ਲਿਖਤ ਸਕਲ ਉਨ ਦੀਓ ਬਹਾਈ।
ਤਬ ਉਨ ਹੀ ਬਿਚਾਰ ਯਹ ਕੀਨਾ।
ਸਭ ਬਜਾਰ ਬੰਦ ਕਰਿ ਦੀਨਾ॥ ੧੨॥ ੨੭੨॥
ਫਿਰਿ ਗਾਢੇ ਕਰਿ ਲਿਖਤ ਕਰਾਏ।
ਕੇਤਨ ਕਿਰਤ ਬਿਨਾ ਦੁਖੁ ਪਾਏ।
ਕੇਤਨ ਜਾਇ ਜਾਇ ਲਿਖਿ ਦੀਨਾ।
ਜੋ ਉਨ ਕਹਿਓ ਸੋਈ ਉਨ ਕੀਨਾ॥ ੧੩॥ ੨੭੩॥
ਕੇਤਨ ਆਸ ਏਕ ਪਰ ਧਰੀ।
ਕੇਤਨ ਊਚ ਨੀਚ ਚਿਤ ਕਰੀ।
ਕੇਤਨ ਦਰ ਦਰਸਨ ਕੋ ਧਾਏ।
ਕੇਤਨ ਗ੍ਰਿਹ ਹਾਕਮ ਕੇ ਆਏ॥ ੧੪॥ ੨੭੪॥

ਦੋਹਰਾ

ਕੇਤਕ ਦਰਸਨ ਕੋ ਗਏ ਕੇਤਕ ਭਏ ਉਦਾਸ।
ਕੇਤਕ ਹਾਕਮ ਕੇ ਗਏ ਨਹਿ ਰਾਖਿਓ ਬਿਸ੍ਵਾਸ॥ ੧੫॥ ੨੭੫॥

ਚੌਪਈ

ਕੇਤਕ ਸਿਖਨ ਯਹਿ ਮਤਿ ਧਾਰਾ।

ਹਾਕਮ ਆਗੇ ਕਰੀ ਪੁਕਾਰਾ।
ਪੰਚਨ ਨਗਰ ਬੰਦ ਸਭ ਕੀਨਾ।
ਇਨ ਕੋ ਹੁਕਮ ਕਛੂ ਤੁਮ ਦੀਨਾ ॥ ੧੬ ॥ ੨੭੬ ॥
ਮਧ ਮਜੀਤ ਰੀਤ ਉਨ ਧਾਰੀ।
ਕਰਨ ਨ ਪਾਵੈਂ ਹਮ ਬਿਉਹਾਰੀ।
ਤਬ ਹਾਕਮ ਬਿਚਾਰ ਯੋਹ ਕੀਨਾ।
ਤਿਨ ਕੇ ਹੁਕਮੁ ਸਾਥ ਕਰ ਦੀਨਾ ॥ ੧੭ ॥ ੨੭੭ ॥
ਜਾਇ ਮਜੀਤ ਕਹੋ ਰੇ ਭਾਈ।
ਇਨ ਕੀ ਹਾਟੈਂ ਦੇਹੁ ਖੁਲਾਈ।
ਲੀਨੇ ਹੁਕਮੁ ਤਹਾ ਚਲ ਆਏ।
ਜੇ ਸਿਰਦਾਰ ਤੇਈ ਬਤਲਾਏ ॥ ੧੮ ॥ ੨੭੮ ॥

ਦੋਹਰਾ

ਦੇਖਤ ਹੀ ਚਵਕੇ ਸਕਲ ਹੁਤੇ ਪੰਚ ਸਬ ਸੋਇ।
ਹਾਟ ਨਾ ਖੋਲਨ ਦੇਹਿੰਗੇ ਹੋਣੀ ਹੋਇ ਸੁ ਹੋਇ ॥ ੧੯ ॥ ੨੭੯ ॥

ਚੌਪਈ

ਮਿਲਿ ਪੰਚਨ ਇਮ ਬਾਤ ਬਨਾਈ।
ਸਬ ਮਜੀਤ ਬੰਦ ਕਰਵਾਈ।
ਮਿਲੇ ਅਪਾਰ ਨਗਰ ਮੈ ਸੋਈ।
ਕਹਤ ਖਾਲਸਾ ਕਿਹ ਬਿਧਿ ਹੋਈ ॥ ੨੦ ॥ ੨੮੦ ॥
ਦੇਖਹੁ ਅਬ ਕੈਸੇ ਬਨ ਆਵੈ।
ਕੈਸੀ ਸੋਭ ਖਾਲਸਾ ਪਾਵੈ।
ਕਰੀਐ ਅਬਿ ਇਨ ਸੋ ਬਿਧਿ ਸੋਈ।
ਕਹੈ ਨ ਫੇਰ ਖਾਲਸਾ ਕੋਈ ॥ ੨੧ ॥ ੨੮੧ ॥
ਮਿਲਿ ਹਾਕਮ ਕੇ ਬਾਤ ਬਨਾਈ।
ਇਨੋ ਰਾਹ ਇਕ ਨਈ ਚਲਾਈ।
ਕੁਲਾ ਕਰਮ ਕੇ ਮਾਰਗ ਤਿਆਗੇ।
ਕਰਿਹੈ ਚਾਲ ਅਉਰ ਇਮ ਲਾਗੇ ॥ ੨੨ ॥ ੨੮੨ ॥

ਦੋਹਰਾ

ਵਾਹਗੁਰੂ ਕਾ ਖਾਲਸਾ ਕਹਤ ਸਕਲ ਮਿਲਿ ਸਇ।
ਪੂਛੋ ਇਨੈ ਸੁਚੇਤਿ ਕੈ ਜੋ ਤੁਮਰੇ ਮਨ ਹੋਇ ॥ ੨੩ ॥ ੨੮੩ ॥

ਚੌਪਈ

ਪਾਤਸ਼ਾਹ ਦਿੱਲੀ ਪਤਿ ਸੋਈ।
ਕਹਤ ਖਾਲਸਾ ਤਾਂ ਕੇ ਹੋਈ।

ਤੁਮੋ ਖਾਲਸਾ ਕਿਆ ਮਤਿ ਧਾਰਾ ।
ਸੋ ਬਿਧਿ ਕਹੀਐ ਸੋਚ ਵਿਚਾਰਾ ॥ ੨੪ ॥ ੨੮੪ ॥
ਤਬ ਸਿਖਨ ਯਹ ਬਾਤ ਬਤਾਈ ।
ਸਤਿਗੁਰ ਪੁਰਖ ਮਹਾ ਸੁਖਦਾਈ ।
ਆਗੈ ਜਿਨ ਕੈ ਨਾਇਬ ਹੋਤੇ ।
ਨਾਵ ਮਸੰਦ ਸਗਲ ਥੇ ਜੇਤੇ ॥ ੨੫ ॥ ੨੮੫ ॥

ਦੋਹਰਾ

ਸੋ ਸਤਿਗੁਰ ਕੀਏ ਦੂਰਿ ਸਬ ਪਰਮ ਜੋਤਿ ਨਿਜ਼ ਧਾਰਿ ।
ਸਗਲ ਸਿਖ ਭਏ ਖਾਲਸਾ ਸੁਨੀਐ ਸਾਚ ਬਿਚਾਰ ॥ ੨੬ ॥ ੨੮੬ ॥

ਚੌਪਈ

ਤਬ ਬਿਚਾਰ ਹਾਕਮ ਸੁਨਿ ਰਹਾ ।
ਮਿਲਿ ਸਿਖਨ ਐਸੇ ਕਛੁ ਕਹਾ ।
ਤਬ ਮਿਲਿ ਪੰਚਨ ਯਹ ਮਤ ਕੀਨਾ ।
ਕਛੁ ਇਕ ਪਰਚੁ ਤਾਸ ਕੋ ਦੀਨਾ ।। ੨੭ ॥ ੨੮੭ ॥
ਏਕ ਬੇਰ ਇਨ ਕੋ ਗਹਿ ਕੀਜੈ ।
ਭੇਟ ਕਸੀ ਹਮ ਤੇ ਕਛੁ ਲੀਜੈ ।
ਤਬ ਉਨ ਖਰਚ ਹਾਥ ਕਰਿ ਲੀਨਾ ।
ਜੋ ਉਨ ਕਹਿਓ ਸੋਈ ਉਨ ਕੀਨਾ ॥ ੨੮ ॥ ੨੮੮ ॥
ਕੇਤਕ ਸਿਖ ਪਕਰਿ ਬੈਠਾਏ ।
ਕੇਤਕ ਸੁਨਤ ਮਹਾ ਡਰ ਪਾਏ ।
ਊਚ ਨੀਚ ਕੇਤਨ, ਸੋ ਕਰੀ ।
ਐਸੀ ਬਾਤ ਪ੍ਰਬਲ ਹੁਇ ਪਰੀ ॥ ੨੯ ॥ ੨੮੯ ॥

ਦੋਹਰਾ

ਮਿਲਿ ਪੰਚਨ ਕੀਨੋ ਮਤਾ ਧਰੀਏ ਸੰਗਿ ਅਪਾਰ ।
ਏਕ ਓਰ ਭਯੋ ਖਾਲਸਾ ਏਕ ਓਰ ਸੰਸਾਰ ॥ ੩੦ ॥ ੨੯੦ ॥

ਕਬਿਤ

ਸੰਤਨ ਕੇ ਕਾਜ ਤੀ ਸੁ ਲਾਜ ਤੈ ਹੀ ਭਰਨ ਕਹੀ
ਔਰ ਮੇਰੇ ਸੁਆਮੀ ਬੇਰ ਕੌਨ ਸੀ ਕਹੀ ਹੈ ।
ਧਰੀਏ ਬਟ ਪੜੀਏ ਔਰ ਨਗਰ ਕੋ ਅਪਾਰ ਲੋਗ
ਖਾਲਸੇ ਕੇ ਸਿਖੋਂ ਸਾਥ ਨੀਚ ਊਚ ਭਈ ਹੈ ।
ਕਹਤੇ ਹੈ ਕਪਟ ਬੈਨ ਸੁਨਤ ਹੀ ਨ ਪਰਤ ਚੈਨ
ਕਾਂਪਤ ਸਰੀਰ ਸਰਨ ਤੇਰੀ ਗਹੀ ਹੈ ।
ਸੁਨੀਐ ਪੁਕਾਰ ਕਰਨਹਾਰ ਨਹ ਬਿਲੰਮ ਧਾਰ
ਤੇਰੋ ਹੀ ਅਧਾਰ ਬਾਤ ਤੁਝ ਤਾਈਂ ਰਹੀ ਹੈ ॥ ੩੧ ॥ ੨੯੧ ॥

ਦੋਹਰਾ

ਸੁਨਿ ਦਿਆਲ ਕ੍ਰਿਪਾਲ ਹੋ ਭਯੋ ਜੁ ਆਨ ਸਹਾਇ ।
ਹਾਕਮ ਕੇ ਮਨ ਮੈ ਬਸੀ ਹਾਟੈਂ ਦਈ ਖੁਲਾਇ ॥ ੩੨ ॥ ੨੯੨ ॥

ਚੌਪਈ

ਸਬ ਮਜੀਤ ਖੋਲ ਕਰ ਦੀਨੀ ।
ਤਬੀ ਸੁਲਾ ਆਪਸ ਮੈ ਕੀਨੀ ।
ਹਾਟੈਂ ਖੁਲੀ ਭਯੋ ਰੁਜਗਾਰਾ ।
ਭਯੋ ਅਨੰਦ ਕ੍ਰੋਧ ਜਬ ਮਾਰਾ ॥ ੩੩ ॥ ੨੯੩ ॥
ਮਿਲਿ ਆਪਸ ਮੈ ਬਹੁ ਸੁਖ ਕੀਨਾ ।
ਅਧਿਕ ਹੇਤ ਆਗੇ ਤੇ ਚੀਨਾ ।
ਫੇਰਿ ਸਿਖ ਸੰਗਤਿ ਮੈ ਆਏ ।
ਕੇਤਨ ਆਇ ਗੁਨਾਹ ਬਖਸ਼ਾਏ ॥ ੩੪ ॥ ੨੯੪ ॥
ਤਬ ਸਿਖਨ ਉਨ ਲੀਓ ਮਿਲਾਈ ।
ਫੇਰਿ ਚਾਲ ਦਰਸ਼ਨ ਕੀ ਆਈ ।
ਦਰ ਦਰਸ਼ਨ ਕੋ ਸਿਖ ਸਿਧਾਏ ।
ਭਏ ਅਨੰਦ ਪ੍ਰਭੂ ਗੁਨ ਗਾਏ ॥ ੩੫ ॥ ੨੯੫ ॥

ਦੋਹਰਾ

ਤਿਨ ਕੋ ਲੀਓ ਮਿਲਾਇ ਜਿਨੋ ਲਿਖਤ ਲਿਖ ਲਿਖ ਦਏ ।
ਸਤਿਗੁਰ ਕੇ ਪਰਤਾਪ ਫੇਰ ਸਿਖ ਦਰਸ਼ਨ ਗਏ ॥ ੩੬ ॥ ੨੯੬ ॥
ਏ ਤੋ ਦਰਸ਼ਨ ਕੋ ਗਏ ਕਰਤਾ ਕਰੈ ਸੁ ਹੋਇ ।
ਕਥਾ ਜੁਧ ਸੰਗ੍ਰਾਮ ਕੀ ਬਰਨਤ ਹੌ ਅਬ ਸੋਇ ॥ ੩੭ ॥ ੨੯੭ ॥

ਇਤ ਸ੍ਰੀ ਗੁਰ ਸੋਭਾ ਰਹਤ ਪ੍ਰਗਾਸ ਸਪਤ ਧਿਆਇ
ਸੰਪੂਰਨਮ ਸੁਭਮਸਤੁ ॥ ੭ ॥

ਧਿਆਉ ਅਠਵਾਂ

# ਸੰਗ੍ਰਾਮ ਅਨੰਦਪੁਰ ਕਾ ਪਹਿਲਾ

### ਦੋਹਰਾ

ਗੋਬਿੰਦ ਸਿੰਘ ਅਨੰਦ ਪੁਰ ਸੁਬਸ ਬਾਸ ਤਿਹ ਥਾਨ ।
ਪਰਸਤ ਸੰਗਤ ਦਰਸ ਜਿਹ ਪਾਵਤ ਨਾਮ ਨਿਧਾਨ ॥ ੧ ॥ ੨੯੮ ॥
ਕੇਤਕ ਸਿਖ ਬਿਦਾ ਭਏ ਕੇਤਕ ਰਹੇ ਹਜ਼ੂਰ ।
ਕੀਓ ਸਾਜਿ ਸਜਿ ਜੁਧ ਕੋ ਬਾਜੈ ਅਨਹਦ ਤੂਰ ॥ ੨ ॥ ੨੯੯ ॥
ਵੈ ਜੋ ਸਿਖ ਬਿਦਾ ਭਏ ਨਗਰ ਨਗਰ ਬਿਸਥਾਰ ।
ਤਿਨੋ ਜਾਇ ਸੰਸਾਰ ਮੈ ਕਉਤਕ ਕਰੇ ਅਪਾਰ ॥ ੩ ॥ ੩੦੦ ॥
ਨਗਰ ਨਗਰ ਮੈ ਜੁਧ ਕਰਿ ਭਏ ਖਾਲਸਾ ਸੋਇ ।
ਮਾਨ ਬਚਨ ਸਨਮੁਖ ਭਏ ਤਿਹ ਸਮਾਨ ਨਹੀਂ ਕੋਇ ॥ ੪ ॥ ੩੦੧ ॥
ਯਹ ਲੀਲਾ ਆਗੇ ਕਹੀ ਦਿੱਲੀ ਕੇ ਬਿਸਥਾਰ ।
ਏਹੀ ਭਾਂਤਿ ਸੰਸਾਰ ਮੈ ਕਉਤਕ ਭਏ ਅਪਾਰ ॥ ੫ ॥ ੩੦੨ ॥
ਬਰਨਤ ਕਥਾ ਹਜ਼ੂਰ ਕੀ ਕਰਤ ਜੁਧ ਬੀਚਾਰ ।
ਦੀਜੈ ਸਿਧ ਸੁ ਬੁਧਵਰ ਕਰਨਹਾਰ ਕਰਤਾਰ ॥ ੬ ॥ ੩੦੩ ॥
ਕਛੁ ਸੁਨੀ ਕਛੁ ਉਕਤ ਕਰ ਬਰਨਤ ਹੋਂ ਅਬ ਹੋਇ ।
ਕਰਨਹਾਰ ਕਰਤਾ ਧਨੀ ਜੋ ਕਛੁ ਕਰੈ ਸੁ ਹੋਇ ॥ ੭ ॥ ੩੦੪ ॥

### ਸਵੈਯਾ

ਰਾਜਨ ਸੋ ਰਚ ਜੁਧ ਬਿਰੁਧ ਕੋ ਸਾਜ ਕੀਓ ਜੁ ਯਹੇ ਕਲਧਾਰੀ ।
ਤਾ ਤੇ ਬਸੀ ਜੀਅ ਮੈ ਓਹਿ ਰਾਵ ਕੇ ਬਾਂਧ ਕੇ ਤੇਗ ਕਰੀ ਅਸਵਾਰੀ ।
ਭੇਜ ਦੀਓ ਲਿਖ ਕੈ ਓਹਿ ਨੇ ਅਬ ਛਾਡੋ ਗੁਰੂ ਜੀ ਭੂਮ ਹਮਾਰੀ ।
ਕੈ ਕਛੂ ਦਾਮ ਦਯਾ ਕਰ ਦੇਵ ਕੈ ਜੁਧ ਕਰੋ ਯਹ ਬਾਤਿ ਬਿਚਾਰੀ ॥ ੮ ॥ ੩੦੫ ॥

### ਦੋਹਰਾ

ਸੁਨਤ ਬਾਤ ਸਤਿਗੁਰ ਤਬੈ ਕੋਪ ਭਯੋ ਮਨ ਮਾਹਿ ।
ਰਾਜ ਤੇਜ ਦੋਊ ਬਨੇ ਤਿਹ ਸਮਾਨਾ ਕੋਊ ਨਾਹਿ ॥ ੯ ॥ ੩੦੬ ॥

### ਸਵੈਯਾ

ਕੋਪ ਭਯੋ ਜੁ ਕਹਿਓ ਗੁਰੂ ਗੋਬਿੰਦ ਸਿੰਘ ਸੁ ਯਾ ਬਿਧਿ ਦਾਮ ਨਾ ਦੀਜੈ
ਮੂੜ੍ਹ ਅਜਾਨਨ ਸੋ ਹਿਤ ਕਊਨ ਹੈ ਸਿਧ ਯਹੈ ਅਬ ਯੁਧਹ ਕੀਜੈ ।

ਮਾਂਗਤ ਦਾਮ ਸੁਜਾਨ ਯਹੈ ਅਬ ਨੇਜ਼ੇ ਕੀ ਨੋਕ ਅਨੀ ਸੰਗਿ ਲੀਜੈ ।
ਐਸੇ ਹੂ ਜਾਨ ਕਹੀ ਅਭਮਾਨ ਤੂ ਮਾਰਗ ਮੈ ਨੀਰ ਨ ਪੀਜੈ ॥ ੧੦ ॥ ੩੦੭ ॥

ਦੋਹਰਾ

ਰਾਜਾ ਆਵ ਹਜ਼ੂਰ ਤੂ ਜੋ ਚਾਹੇ ਸੋ ਲੇਇ ।
ਕੈ ਕਛੁ ਜਧ ਬਿਰੁਧ ਕਤਿ ਕਰ ਸੋ ਏਕ ਨ ਦੇਇ ॥ ੧੧ ॥ ੩੦੮ ॥

ਅੜਿਲ

ਰਾਵ ਕੈਹਲੂਰ ਲਿਖਾ ਹਾਂਢੂਰ ਕੋ ।
ਏ ਰਾਜਾ ਤੂ ਆਵ ਮੋਹਿ ਹਜ਼ੂਰ ਕੋ ।
ਤੂ ਉਘੇ ਤੇ ਆਵ ਯਹੈ ਬਿਧਿ ਕੀਜੀਏ ।
ਜੀ ਬੀਚ ਘੇਰ ਕੈ ਲੇਹੁ ਜੁਧ ਇਮ ਕੀਜੀਏ ॥ ੧੨ ॥ ੩੦੯ ॥

ਦੋਹਰਾ

ਤਬੈ ਰਾਵ ਹੰਢੂਰ ਕੋ ਗਯਉ ਤਾਸ ਕੇ ਪਾਸ ।
ਜੋ ਕਛੁ ਕਹੋ ਸੁ ਕੀਜੀਐ ਕਰੀ ਯਹੈ ਅਰਦਾਸ ॥ ੧੩ ॥ ੩੧੦ ॥

ਛਪੈ ਛੰਦ

ਤਬੈ ਛਾਡਿ ਕੈਹਲੂਰ ਪੁਰ ਕੀਨੀ ਅਸਵਾਰੀ ।
ਮੁਹਰੇ ਧਰੇ ਨਿਸ਼ਾਨ ਚਲੈ ਪਖਰੇਤ ਸਿਗਾਰੀ ।
ਭਯੋ ਰਾਵ ਅਸਵਾਰ ਬਾਂਧਿ ਕਰਿ ਤੇਗ ਕਮਰ ਧਰ ।
ਲਈ ਸੁ ਬਰਛੀ ਹਾਥ ਨਾਭ ਆਗੇ ਜਮਧਰ ਧਰ ।
ਡਾਲੀ ਸੁ ਢਾਲ ਲਟਕਾਇ ਕੈ ਤਰਕਸ਼ ਕਮਾਨ ਸੰਗ ਹੀ ਲੀਉ ।
ਲੜਨ ਚੜ੍ਹਿਓ ਪ੍ਰਭ ਪੁਰਖ ਸੋ ਬਡਉ ਰਾਵ ਤੋਰੋ ਹੀਓ ॥ ੧੪ ॥ ੩੧੧ ॥

ਦੋਹਰਾ

ਤਬ ਰਾਵ ਕੈਹਲੂਰ ਕੋ ਚੜ੍ਹਿਓ ਸਕਲ ਦਲ ਸਾਜ ।
ਲੜਨ ਚਲੋ ਪ੍ਰਭ ਪੁਰਖ ਸੋ ਕੀਨੋ ਨਿਪਟ ਅਕਾਜ ॥ ੧੫ ॥ ੩੧੨ ॥

ਛਪੈ ਛੰਦ

ਭਯੋ ਰਾਵ ਅਸਵਾਰ ਫਉਜ ਮੈ ਭਯੋ ਨਗਾਰਾ ।
ਖੇਲਨ ਚੜ੍ਹਿਓ ਸ਼ਿਕਾਰ ਸੰਗਿ ਲੀਏ ਲੋਗ ਅਪਾਰਾ ।
ਬਹੁ ਬਿਧਿ ਫਉਜ ਬਨਾਇ ਸੰਗਿ ਰਾਜਾ ਸਭਿ ਲੀਨੇ ।
ਆਨੰਦ ਪੁਰ ਕੇ ਨਿਕਟਿ ਜਾਇ ਡੇਰਾ ਤਹ ਦੀਨੇ ।
ਐਸੋ ਬਿਚਾਰ ਰਾਜਾ ਕੀਉ ਬਿਦਾ ਫੌਜ ਸਭ ਕਰ ਦਈ ।
ਘੇਰਿਓ ਸੁ ਨਗਰ ਚਹੁ ਓਰ ਤੇ ਮਨਹਿ ਰਸਤਿ ਸਬ ਕਰਿ ਲਈ । ੧੬ ॥ ੩੧੩ ॥

ਦੋਹਰਾ

ਗੋਬਿੰਦ ਸਿੰਘ ਤਾਹੀ ਸਮੈ ਲੀਨੋ ਸਿਘ ਬੁਲਾਇ ॥
ਦੀਓ ਖੜਗ ਕਰ ਤਾਸ ਕੇ ਦੂਤਨ ਦੇਉ ਸਜਾਇ ॥ ੧੭ ॥ ੩੧੪ ॥

ਕਬਿਤੁ

ਤਬ ਹੀ ਬਚਨ ਪਾਇ ਚੜ੍ਹਿਓ ਨਗਾਰਾ ਬਜਾਇ
ਸੁਆਰ ਭਯੋ ਜੀਤ ਸਿੰਘ ਜੁਧ ਕ ਕਰਨ ਕੋ ।
ਸਿਘਨ ਕੋ ਸਾਥਿ ਲੀਏ ਮੁਹਰੇ ਨਿਸ਼ਾਨ ਦੀਏ
ਬਾਂਧਿਓ ਹੈ ਖੜਗ ਸੀਸ ਦ੍ਰੂਤ ਕੇ ਧਰਨ ਕੋ ।
ਬਾਂਧੀ ਜਮਧਾਰ ਔਰ ਤਰਕਸ਼ ਕਮਾਨ ਸੰਗਿ ਲੀਨੀ
ਕਰ ਬਰਛੀ ਬਲ ਬੈਰੀ ਕੇ ਹਰਨ ਕੋ ।
ਬਾਂਵੇ ਕਰਿ ਢਾਲ ਲਈ ਘੋਰੇ ਅਸਵਾਰ ਭਯੋ
ਗੋਬਿੰਦ ਸਿੰਘ ਬਲਿ ਸੰਗਿ ਜਾਤ ਰਾਵ ਸੋਂ ਲਰਨ ਕੋ ॥ ੧੮ ॥ ੩੧੫ ॥

ਦੋਹਰਾ

ਜਹਾਂ ਰਾਵ ਡੇਰਾ ਦੀਉ ਤਹਾਂ ਨਗਾਰਾ ਦੀਨ ।
ਸੁਨਤ ਸਰਵਨ ਧੁਨਿ ਤਾਸ ਕੀ ਬਹੁਤ ਸੋਚ ਮਨਿ ਕੀਨ ॥ ੧੯ ॥ ੩੧੬ ॥

ਕਬਿਤ

ਪੂਛ ਕੇ ਪ੍ਰਧਾਨ ਸੋ ਬਿਚਾਰ ਕੀਓ ਰਾਜਾ ਤਬ
ਕਹੋ ਬਾਤ ਜੀਵਹੂ ਕੀ ਕੈਸੇ ਜੁਧ ਕੀਜੀਐ ।
ਕਰੋ ਰਤਵਾਹਿ ਜਾਇ ਲੜੋ ਸਨਮੁਖ ਧਾਇ
ਐਸੋ ਹੈ ਬਿਚਾਰ ਕੈ ਸੁ ਸੁਲਾਹ ਕਰਿ ਲੀਜੀਐ ।
ਤਬ ਹੀ ਰਿਸਾਇ ਕੈ ਸੁਨਾਇ ਕਹਿਓ ਮੰਤ੍ਰੀ ਨੇ
ਕਉਨ ਦਬਕਉਨ ਗਾਢਿ ਏ ਸੁਲਾਹ ਦੀਜੀਐ ।
ਕੀਜੈ ਅਬ ਹੁਕਮੁ ਮੋਹ ਮਨ ਮੈ ਆਨੋ ਨ ਕੋਇ
ਆਏ ਹੋ ਧਾਇ ਜਾਂਇ ਜੁਧ ਕਿਉਂ ਨ ਕੀਜੀਐ ॥ ੨੦ ॥ ੩੧੭ ॥

ਦੋਹਰਾ

ਮੰਤ੍ਰ ਦੀਓ ਤਵ ਰਾਇ ਕੋ ਕਰਉ ਬੀਰ ਸੰਗ੍ਰਾਮ ।
ਲਰਨ ਭਿਰਨ ਸਾਕੇ ਕਰਨ ਏ ਰਾਜਨ ਕੇ ਕਾਮ ॥ ੨੧ ॥ ੩੧੮ ॥

ਸਵੈਯਾ

ਰਾਵ ਸੋ ਪੂਛ ਪ੍ਰਧਾਨ ਚੜ੍ਹਿਓ ਨ ਟਰਿਓ ਅਹਿਵਾਨ ਕਰੀ ਦੁਚਤਾਈ ।
ਸੰਗਿ ਸਪਾਹ ਸੁਮਾਰ ਨਹੀ ਕਛੂ ਵਾਰ ਨ ਪਾਰ ਗਨੀ ਨਹੀਂ ਜਾਈ ।
ਏਕ ਸੁ ਏਕ ਬਲੀ ਜੁ ਚਲੇ ਤਬ ਸਉਹ ਹੀ ਆਨਿ ਦਈ ਦਿਖ਼ਲਾਈ ।
ਮੋਰਚੇ ਬਾਂਧਿ ਕੇ ਠਾਢੇ ਭਏ ਭਈ ਸੂਰਨ ਕੇ ਮਨ ਮੈ ਜੁ ਬਧਾਈ ॥ ੨੨ ॥ ੩੧੯ ॥

ਦੋਹਰਾ

ਏਕ ਠਾਵ ਜਬ ਜੁਗਨੀ ਭਈ ਇਕਠੀ ਆਨ ।
ਬਾਜਤ ਰਾਗਨ ਰਾਗ ਸਬ ਕਰਤ ਸੂਰ ਸੰਗ੍ਰਾਮ ॥ ੨੩ ॥ ੩੨੦ ॥

ਸਵੈਯਾ

ਬਾਜਤ ਭੇਰ ਕਰਨਾਇ ਸੁਰਨਾਇ ਨਗਾਰੇ ਕੀ ਚੋਟ ਸੁਨਾਇ ਦਈ ਹੈ।
ਬਾਜਤ ਰਾਗ ਛਹੋ ਅਰ ਤੀਸ ਗਈ ਸੁਧ ਕਾਇਰ ਕੋ ਨ ਰਹੀ ਹੈ।
ਝੂਮਤ ਸੂਰ ਸੁਨੇ ਧੁਨਿ ਮਾਰੂ ਕੀ ਮਾਰ ਹੀ ਮਾਰਿ ਬਿਚਾਰ ਲਈ ਹੈ।
ਦੋਨੋ ਅਨੀ ਗੜ ਬੜ ਭਈ ਤਹ ਤੀਰ ਤੁਫੰਗ ਕੀ ਮਾਰ ਭਈ ਹੈ ॥ ੨੪ ॥ ੩੨੧ ॥

ਸੋਰਠਾ

ਪ੍ਰਿਥਮ ਮਾਰਿ ਬੰਦੂਕ ਕੀ ਪਾਛੇ ਤੀਰ ਕਮਾਨ।
ਫਿਰ ਪਾਛੇ ਸ਼ਮਸ਼ੇਰ ਲੈ ਕਰਤ ਸੂਰ ਸੰਗ੍ਰਾਮ ॥ ੨੫ ॥ ੩੨੨ ॥

ਛਪੈ ਛੰਦ

ਲਰਤ ਏਕ ਸੋਂ ਏਕ ਏਕ ਸੋਂ ਏਕ ਨਿਹਾਰੇ।
ਕਰਤ ਸੂਰ ਸੰਗ੍ਰਾਮ ਕਹਾਂ ਕਬਿ ਕਾਬਿ ਬੀਚਾਰੇ।
ਦਿਵਤਨ ਧਰਿਓ ਧਿਆਨ ਹੋਤ ਕਹੂ ਜੁਧ ਸਰਸ ਅਤਿ।
ਵੇ ਚੜ੍ਹ ਚਲੇ ਬਿਬਾਨ ਆਇ ਹੇਰਿਤ ਦੇਖਿ ਗਤਿ।
ਜੋਗਨ ਸੁ ਆਨ ਉਪਰ ਖਰੀ ਆਜ ਪਤ੍ਰ ਕੇਹੂ ਭਰੇ।
ਜੋਧਾ ਸੁ ਜੀਤਿਓ ਜੁਧ ਮੈ ਪ੍ਰਬਲ ਖਾਲਸਾਈ ਲਰੈ ॥ ੨੬ ॥ ੩੨੩ ॥

ਦੋਹਰਾ

ਸਤਿਗੁਰ ਕੇ ਪਰਤਾਪ ਤੇ ਲਰਤ ਖਾਲਸਾ ਸੋਇ।
ਸੂਰਾ ਸਬ ਤ੍ਰਿਹ ਲੋਕ ਮੈ ਤਿਹ ਸਮਾਨ ਨਹੀਂ ਕੋਇ ॥ ੨੭ ॥ ੩੨੪ ॥

ਕਬਿਤ

ਵਾਹਗੁਰੂ ਮਨਾਇ ਜੀਅ ਧਰ ਕੋਪ ਪਰੇ ਧਾਇ
ਕਰੈ ਲੋਗ ਹਾਇ ਹਾਇ ਐਸੀ ਬਿਧਿ ਕਰ ਹੀ।
ਮਾਰੇ ਸ਼ਮਸ਼ੇਰਨ ਕੇ ਲੋਥਨਿ ਪੈ ਲੋਥਿ ਡਾਰੀ
ਤੀਰਨ ਕੇ ਮਾਰੇ ਕਹੂ ਧੀਰਜ ਨ ਧਰ ਹੀ।
ਮਾਰੇ ਬੰਦੂਕਨ ਕੈ ਦੀਨੇ ਅਸਵਾਰ ਡਾਰ
ਨੇਜ਼ਨ ਕੇ ਮਾਰੇ ਨਰ ਧਰਨੀ ਪਰ ਧਰ ਹੀ।
ਮਾਰੇ ਜਮਧਾਰਨ ਕੇ ਜੀਵਨ ਕੇ ਨਾਹਿ ਮੂਲ
ਬਾਂਧਿ ਹਥਿਆਰ ਪਾਂਚ ਖਾਲਸਾ ਜੀ ਲਰ ਹੀ ॥ ੨੮ ॥ ੩੨੫ ॥

ਦੋਹਰਾ

ਚਲਤ ਤੀਰ ਬੰਦੂਕ ਤਹ ਨੇਜ਼ਾ ਸਰਸ ਅਪਾਰ।
ਬਗਤਿ ਬਹੁਤ ਤਰਵਾਰ ਜਹ ਚਮਕਤ ਹੈ ਜਮਧਾਰ ॥ ੨੯ ॥ ੩੨੬ ॥

ਛਪੈ ਛੰਦ

ਤਬੈ ਗਹੀ ਤਰਵਾਰ ਫਉਜ ਮੈ ਪਰਤ ਧਾਇ ਕਰਿ।
ਕਰਤ ਏਕ ਸੋ ਦੋਇ ਹੋਇ ਪਰਤ ਧਰਤ ਪਰ।

ਚਲਤ ਰਕਤ ਦਰੀਆਉ ਗਿਰਤ ਜੂਝੰਤ ਸੂਰ ਤਹ।
ਦਿਵਸ ਰੈਨਿ ਹੋਇ ਗਈ ਪਉਨ ਹੁਇ ਰਹੀ ਮੰਦ ਜਹ।
ਮਹਾਂ ਜੁਧ ਭਾਰੀ ਭਯੋ ਖਬਰ ਤੀਨ ਲੋਕਨ ਭਈ।
ਗੋਬਿੰਦ ਸਿਘ ਸੁਤ ਇਵ ਲਰਤ ਰਾਜਨ ਕੀ ਸੁਧਿ ਬੁਧਿ ਗਈ ॥ ੩੦ ॥ ੩੨੭ ॥

ਦੋਹਰਾ

ਰਾਜਨ ਕੀ ਸੁਧਿ ਬੁਧਿ ਗਈ ਭਯੋ ਜੁਧ ਜਬ ਜੋਰ।
ਲਰਤ ਸਿੰਘ ਰਣਜੀਤ ਤਹ ਫਉਜ ਦਈ ਸਬ ਮੋਰ ॥ ੩੧ ॥ ੩੨੮ ॥

ਚੋਪਈ

ਏਕ ਲਰੇ ਇਕ ਭਾਜਿ ਲੁਕਾਨੇ।
ਇਕ ਕਾਇਰ ਦੇਖਿ ਬਹੁਤ ਡਰ ਪਾਨੇ।
ਇਕ ਘਾਇਲ ਹੁਏ ਗਏ ਬਿਹਾਲ।
ਇਕ ਉਘਰੇ ਸੀਸ ਫਿਰੇਂ ਬਿਕਰਾਲ ॥ ੩੨ ॥ ੩੨੯ ॥
ਇਕ ਸਨਮੁਖ ਹੁਇ ਜੁਧ ਮਚਾਵੈਂ।
ਇਕ ਭਾਜੇ ਫਿਰ ਨਿਕਟਿ ਨ ਆਵੈਂ।
ਇਕ ਪਿਆਸੇ ਪਾਨੀ ਬਿਨੁ ਮਰਈ।
ਇਕ ਦੇਖੇ ਤੇਗ ਧੀਰ ਨਹੀ ਧਰਹੀ ॥ ੩੩ ॥ ੩੩੦ ॥
ਅਧਕ ਅਧੀਰ ਸ਼ਸਤ੍ਰ ਤਜਿ ਡਰੇ।
ਗਿਰ ਗਿਰ ਪਰੇ ਪਖਰੀਆ ਸਾਰੇ।
ਏਕ ਸੂਰ ਸਨਮੁਖ ਹੋਇ ਲਰਈ।
ਵੇ ਸਰਨੇ ਤੇ ਬਿਲਮ ਨ ਕਰਈ ॥ ੩੪ ॥ ੩੩੧ ॥

ਦੋਹਰਾ

ਲਰਤ ਸੂਰ ਸੰਗ੍ਰਾਮ ਮੇ ਮਹਾ ਨਿਡਰ ਮਨ ਸੋਇ।
ਤਾ ਸਮਾਨ ਤਿਹੂ ਲੋਕ ਮੈ ਬਿਰਲਾ ਗਨੀਐ ਕੋਇ ॥ ੩੫ ॥ ੩੩੨ ॥

ਸਵੈਯਾ

ਗਾਜਤ ਸੂਰ ਮਹਾ ਰਨ ਮੇ ਘਨ ਮੈ ਚਮਕੈ ਬਿਜਰੀ ਘਨ ਨਾਵੈ।
ਤਾਰਨ ਮੇ ਜਿਮ ਚੰਦ ਦਿਪੈ ਨ ਛਪੈ ਰਣਜੀਤ ਮਹਾ ਰਨ ਪਾਵੈ।
ਭਾਨ ਪ੍ਰਕਾਸ਼ ਕੀਓ ਜੁ ਤਬੈ ਨਿਸ ਭਾਜਤ ਹੈ ਤਿਹ ਨੇੜੇ ਨ ਆਵੈ।
ਮਾਨੋ ਪ੍ਰਕਾਮ ਕੀਓ ਜੁ ਤਬੈ ਸੈ ਬਾਜ ਸੁ ਯੋਹਿ ਦਲ ਰਾਜਨ ਕੇ ਬਿਚਲਾਵੈ ॥ ੩੬ ॥ ੩੩੩ ॥

ਦੋਹਰਾ

ਕੇਤਨ ਦਿਨ ਇਹ ਭਾਂਤ ਕਰਿ ਭਯੋ ਜੁਧ ਸੰਗ੍ਰਾਮ।
ਪ੍ਰਬਲ ਭਯੋ ਤਹ ਖਾਲਸਾ ਰਾਜਨ ਮਾਨੀ ਆਨ ॥ ੩੭ ॥ ੩੩੪ ॥

ਚੋਪਈ

ਤਬ ਉਪਾਵ ਰਾਜੇ ਇਮ ਕੀਨਾ।
ਮੰਤ੍ਰੀ ਸੰ ਬਿਚਾਰ ਕਰਿ ਲੀਨਾ।

ਇਹੀ ਭਾਂਤ ਦਾਵ ਕਰ ਆਵੈ ।
ਅਉਰ ਕਛੁ ਨਹੀਂ ਹੋਤ ਉਪਾਵੈ ॥ ੩੮ ॥ ੩੩੫ ॥
ਏਕ ਆਨ ਸਤਿਗੁਰ ਕੋ ਦੀਜੈ ।
ਤਬੈ ਠਾਵ ਅਪਨੀ ਕਰਿ ਲੀਜੈ ।
ਗਉ ਬਾਂਧਿ ਰਾਵ ਤਹ ਗਯੋ ।
ਛਾਡੋ ਗਾਂਵ ਭਾਂਤ ਇਹ ਕਹਿਯੋ ॥ ੩੯ ॥੩੩੬ ॥
ਸ੍ਰਵਨ ਸੁਨਤ ਗੋਬਿੰਦ ਸਿੰਘ ਦਾਤੇ ।
ਛਾਡੀ ਠਉਰ ਕਰੀ ਯਹ ਬਾਤੇ ।
ਪੁਰ ਨਿਰਮੋਹ ਕੀਨੋ ਬਿਸ੍ਰਾਮਾ ।
ਭੇਜੀ ਫਉਜ ਹਨਨ ਕੋ ਗ੍ਰਾਮਾ ॥ ੪੦ ॥ ੩੩੭ ॥

ਇਤ ਸ੍ਰੀ ਗੁਰ ਸੋਭਾ ਸੰਗ੍ਰਾਮ ਅਨੰਦਪੁਰ ਕਾ ਜੋ ਪਹਲਾ ਹੋਆ ਰਾਜੇ ਸਾਥ ਅਠਵਾਂ ਧਿਆਉ ਸੰਪੂਰਨ ਸੁਭਮਸਤੁ ॥ ੮ ॥

ਧਿਆਉ ਨੌਵਾਂ

## ਜੁਧ ਨਿਰਮੋਹ ਕਾ

ਦੋਹਰਾ

ਗੋਬਿੰਦ ਸਿੰਘ ਨਿਰਮੋਹ ਮੈ ਆਨ ਕੀਓ ਬਿਸ੍ਰਾਮ ।
ਚਲੀ ਫਉਜ ਕਹਲੂਰ ਕੋ ਲੂਟਿ ਲੇਹੁ ਸਭਿ ਗ੍ਰਾਮ ॥ ੧ ॥ ੩੩੮ ॥

ਸਵੈਯਾ

ਗੋਬਿੰਦ ਸਿੰਘ ਕੀ ਫਉਜ ਚਢੀ ਅਰਿ ਘੇਰਿ ਲੀਏ ਸਬ ਗਾਂਵ ਗੁਜਾਰਾ ।
ਦੇਖਿ ਨਿਹਾਰ ਮਹਾ ਬਿਸੁਮਾਰ ਪਹਾਰੀਏ ਕੇਤੇ ਹੀ ਮਾਰੇ ਅਪਾਰਾ ।
ਲੋਥਨ ਪੈ ਤਹ ਲੋਥ ਪਰੀ ਅਰੁ ਜੋਗਨਿ ਆਨ ਕੈ ਪਤ੍ਰ ਪਸਾਰਾ ।
ਜੂਝਤ ਸਾਹਿਬ ਚੰਦ ਤਹਾਂ ਜਹ ਜੋਰ ਪਰੀ ਰਨ ਮਾਹਿ ਪੁਕਾਰਾ ॥ ੨ ॥ ੩੩੯ ॥

ਦੋਹਰਾ

ਲੀਏ ਪਤ੍ਰ ਜੋਗਨਿ ਅਰੀ ਗਿਧ ਬਹੁਤ ਮੰਡਲਾਤ ॥
ਲਰਤ ਸੂਰ ਸੰਗ੍ਰਾਮ ਮਹਿ ਮਹਾ ਨਿਡਰ ਹੁਇ ਜਾਤ ॥ ੩ ॥ ੩੪੦ ॥

ਸਵੈਯਾ

ਮਾਰ ਹੀ ਮਾਰਿ ਪੁਕਾਰਤ ਹੈ ਤਹਾ ਜੂਝਤ ਸੂਰ ਮਹਾ ਰੰਗਿ ਰਾਤੇ ।
ਜੋਧਨ ਸੋ ਤਹ ਜੋਧ ਅਰੇ ਨ ਟਰੇ ਨ ਡਰੇ ਸੁ ਖਰੇ ਹੀ ਲਰਾਤੇ ।
ਜੂਝਤ ਸੂਰ ਗਿਰੈ ਧਰ ਪੈ ਸੁ ਪਰੈ ਰਨ ਮੈ ਜੁ ਮਹਾ ਹੀ ਸੁਹਾਤੇ ।
ਕਾਇਰ ਏਕ ਭਜੇ ਮੁਖ ਮੋਰਿ ਕੈ ਛੋਡਿ ਚਲੇ ਰਨ ਹੀ ਡਰ ਪਾਤੇ ॥ ੪ ॥ ੩੪੧ ॥

ਦੋਹਰਾ

ਲਰਤ ਜੋਰ ਸੰਗ੍ਰਾਮ ਮੇ ਟਾਰਿਓ ਨਾਹਿ ਟਰੰਤ ।
ਏਕ ਮਾਰਿ ਦੁਇ ਦੁਇ ਕਰਤ ਦੁਇ ਹੁਇ ਧਰਤ ਪਰੰਤ ॥ ੫ ॥ ੩੪੨ ॥

ਸਵੈਯਾ

ਜੋਰ ਲਰੈ ਤਹ ਖਾਲਸਾ ਆਛੈ ਹੂ ਮਦਤ ਸਾਹਿਬ ਚੰਦ ਕੀ ਜਾਈ ।
ਏਕ ਸੋ ਦੋਇ ਮਹਾਬਲੀ ਸੂਰ ਲਰੇ ਰਨ ਮੈ ਜੁ ਕਰੈ ਹਥਿ ਆਈ ।
ਮਾਰਿ ਲਈ ਤਹਾ ਫੌਜ ਕਿਤੀ ਜੁ ਰਹੀ ਸੁ ਅਤੀ ਜੁ ਦਈ ਬਿਚਲਾਈ ।
ਜੀਤ ਭਈ ਤਹਾ ਖਾਲਸੇ ਕੀ ਅਰੁ ਸਾਹਿਬ ਚੰਦ ਕੀ ਲੋਥ ਉਠਾਈ ॥ ੬ ॥ ੩੪੩ ॥

ਦੋਹਰਾ

ਲੀਏ ਲੋਥ ਨਿਰਮੋਹ ਮੈ ਆਨਿ ਦੀਓ ਤਿਹ ਦਾਗ ।
ਪ੍ਰਾਨ ਦੀਏ ਹੁਇ ਖਾਲਸਾ ਪੂਰਨ ਤਾ ਕੇ ਭਾਗ ॥ ੭ ॥ ੩੪੪ ॥

ਸਵੈਯਾ

ਕੇਤੇ ਹੀ ਗਾਂਵ ਅਪਾਰ ਨਿਹਾਰ ਕੇ ਮਾਰਿ ਲਏ ਜਬੈ ਖਾਲਸਾ ਧਾਯੋ ।
ਰਾਜਨ ਸੋਚ ਕੀਓ ਮਨ ਮੈ ਅਬ ਜੋਰ ਹੀ ਖਾਲਸੇ ਧੂਮ ਉਠਾਯੋ ।
ਗਾਂਵਨ ਕੇ ਨਰ ਭਾਜਿ ਗਏ ਸੁ ਬੇਸ ਬਨ ਮੈ ਨ ਰਹੈ ਠਹਰਾਯੋ ।
ਐਸੋ ਉਪਾਵ ਕੋਈ ਕਰੀਐ ਯਹ ਠਉਰ ਰਹੇ ਨਹੀਂ ਲੇਤ ਛਿਨਾਯੋ ॥ ੮ ॥ ੩੪੫ ॥

ਦੋਹਰਾ

ਤਬੈ ਰਾਵ ਕਹਲੂਰ ਕੇ ਕੀਨੋ ਏਕ ਉਪਾਉ ।
ਬਿਦਾ ਕੀਓ ਪ੍ਰਧਾਨ ਕੋ ਅਬੈ ਤੁਰਕ ਪੈ ਜਾਉ ॥ ੯ ॥ ੩੪੬ ॥

ਸਵੈਯਾ

ਜਾਇ ਕਹੀ ਸੁਲਤਾਨ ਹੀ ਸੋ ਹਮ ਸੋ ਇਨ ਜੋਰਨਿ ਜੋਰਿ ਕਰੀ ਹੈ ।
ਮਾਰਿ ਲੀਏ ਤਿਹ ਗਾਂਵ ਸਬੈ ਜੁ ਅਬੈ ਕੇਹਲੂਰ ਪੈ ਚੋਟ ਧਰੀ ਹੈ ।
ਜਾਨੀ ਨ ਜਾਤਿ ਕਰੇਗੋ ਕਹਾ ਸੁ ਯਹੈ ਬਿਧਿ ਜਾਨਿ ਕੈ ਸਿਸਟਿ ਡਰੀ ਹੈ ।
ਕੀਜੈ ਅਬੈ ਉਪਰਾਲੋ ਹਮਾਰਾ ਸੁ ਕਿਉ ਨ ਕਰੋ ਤੁਮਹੂ ਜੁ ਸਰੀ ਹੈ ॥ ੧੦ ॥ ੩੪੭ ॥

ਦੋਹਰਾ

ਆਨਿ ਤੁਰਕ ਕੇ ਕਰਿ ਦਈ ਰਾਜਾ ਕੀ ਅਰਦਾਸ ।
ਤੁਰਕ ਕਹਿਓ ਇਕ ਔਰ ਸੋ ਜਾਹੁ ਤਾਸ ਕੇ ਪਾਸਿ ॥ ੧੧ ॥ ੩੪੮ ॥

ਸਵੈਯਾ

ਤਉ ਸੁਲਤਾਨ ਕਹਿਓ ਇਕ ਔਰ ਸੋ ਜਾਹੁ ਅਬੈ ਇਹ ਕੇ ਸੰਗ ਭਾਈ ।
ਸੀਰੰਦ ਹੀ ਵਾਲੇ ਕੋ ਸੰਗਿ ਲੀਏ ਮਿਲਿ ਕੈ ਸਬ ਜਾਹੁ ਕਰੋ ਜੁ ਚਢਾਈ ।
ਜਉ ਮਿਲਿ ਹੈ ਤੁ ਮਿਲਾਵਹੁ ਆਨ ਜੁ ਨਾਹ ਮਿਲੈ ਤੁ ਕਰੋ ਹਥਿਆਈ ।
ਐਸੇ ਬਿਚਾਰਿ ਕੇ ਫਉਜੈ ਦਈ ਮਿਲ ਕੈ ਜੁ ਸਤੈ ਸਿਰਹੰਦਿ ਮੈ ਆਈ ॥ ੧੨ ॥ ੩੪੯॥

ਦੋਹਰਾ

ਸੀਰੰਦ ਮੈ ਸਿਰਦਾਰ ਇਕ ਰਹਤ ਤੁਰਕ ਕੋ ਸੋਇ ।
ਸੰਗਿ ਫਉਜ ਕੇਤੀ ਲਈ ਚੜ੍ਹਿਓ ਨਿਡਰ ਮਨ ਸੋਇ ॥ ੧੩ ॥ ੩੫੦ ॥
ਏ ਕਉਤਕ ਤਹ ਮੰਡਿ ਰਹੇ ਕਰਤ ਤਾਸ ਬੀਚਾਰ ।
ਨਗਰ ਨਗਰ ਕੀ ਸੰਗਤੇਂ ਆ ਪਹੁਚੀਂ ਦਰਬਾਰ ॥ ੧੪ । ੩੫੧ ॥
ਰਾਖੇ ਤਬੈ ਹਜ਼ੂਰ ਪ੍ਰਭ ਕਰ ਚਾਕਰ ਦਰਬਾਰ ।
ਮੁਜਰੇ ਲੀਨੇ ਤਿਨਨ ਕੇ ਪਹਿਰਾਏ ਹਥਿਆਰ ॥ ੧੫ ॥ ੩੫੨ ॥

ਅੜਿਲ

ਮਹਾਂ ਕਾਤਕੀ ਜਾਨ ਕਿ ਦਰਸਨ ਕੋ ਆਏ ।
ਨਿਰਮਲ ਭਏ ਸਰੀਰ ਕਿ ਦਰਸਨ ਜਬ ਭਏ ।
ਰਾਖੇ ਸਬੈ ਹਜ਼ੂਰ ਕਿ ਪ੍ਰਭ ਪੂਰਨ ਧਨੀ ।
ਜੀ ਜੋ ਵਹੁ ਕਰੈ ਸੁ ਹੋਇ ਕਰੀ ਤਾਂ ਕੀ ਬਨੀ ॥ ੧੬ ॥ ੩੫੩ ॥

ਦੋਹਰਾ

ਰਚਨਾ ਸਭ ਕਰਤਾਰ ਕੀ ਜ ਵਹੁ ਕਰੇ ਸੁ ਹੋਇ ।
ਰਹੈ ਜੁ ਸਿਖ ਹਜ਼ੂਰ ਮੈ ਤਿਹ ਸਮਾਨ ਨਹੀਂ ਕੋਇ ॥ ੧੭ ॥ ੩੫੪ ॥
ਪ੍ਰਭ ਪੂਰਨ ਸਾਮਾਂ ਕਰੀ ਰਚਹੁ ਜੁਧ ਮਹ ਮੰਤ ।
ਸੋ ਸਮਰਥ ਕਾਰਨ ਕਰਨ ਭ੍ਰਮਤ ਮੂੜ੍ਹ ਬਹੁ ਜੰਤ ॥ ੧੮ ॥ ੩੫੫ ॥

ਤੋਟਕ ਛੰਦ

ਲੀਏ ਸੰਗਿ ਸਮਾਨਨ ਔਰ ਪਠਾਨਨ ਕੋਪ ਚੜ੍ਹਿਓ ਸਿਰਹੰਦ ਕੋ ਸੂਬਾ ।
ਤਿਉ ਉਤ ਤੇ ਕੈਹਲੂਰ ਕੋ ਰਾਵ ਚੜ੍ਹਿਓ ਲੀਏ ਸੰਗਿ ਮਹਾ ਦਲ ਦੂਜਾ ।
ਐਸੇ ਹੀ ਗੂਜਰ ਅਉਰ ਗਵਾਰ ਆਏ ਜੁ ਕਿਤੇ ਤਿਹ ਵਾਰ ਨ ਪਾਰੇ ।
ਘੋ ਉਮਡੇ ਚਹੂ ਓਰ ਘਟਾ ਮਾਨੋ ਘੇਰਤ ਭਾਨ ਕੋ ਆਨ ਘਟਾ ਰੇ ॥ ੧੯ ॥ ੩੫੬ ॥

ਦੋਹਰਾ

ਚਹੂ ਓਰ ਘੇਰਾ ਪਰਿਓ ਜਿਉ ਤਾਰਨ ਮੈਂ ਚੰਦ :
ਤਿਹ ਸਮਾਨਿ ਛਬ ਤਬ ਧਰੀ ਪ੍ਰਭ ਕੈ ਪਰਮ ਅਨੰਦ ॥ ੨੦ ॥ ੩੫੭ ॥

ਸਵੈਯਾ

ਜੈਸਾ ਨਗੀਨਾ ਅੰਗੂਠੀ ਮੈ ਹੋਤ ਸੁ ਹੋਤ ਹੈ ਚੰਦ ਜੁ ਤਾਰਿਅਨ ਮਾਹੀ ।
ਜੋ ਘਨ ਮੈ ਬਿਜਰੀ ਚਮਕੈ ਦਮਕੈ ਤਹਾ ਖਾਲਸਾ ਫ਼ੌਜਨ ਮਾਹੀ ।
ਸਿੰਘ ਇਕੈ ਅਰੁ ਲਛ ਪਸੂ ਸਭ ਭਾਜਣ ਦੇਖਤ ਹੀ ਬਨ ਮਾਹੀ ।
ਐਸੇ ਮਨੋ ਤਹਾ ਖਾਲਸਾ ਸਿੰਘ ਹੈ ਔਰ ਨਹੀਂ ਸਮਤਾ ਜਗ ਮਾਹੀ ॥ ੨੧ ॥ ੩੫੮ ॥

ਦੋਹਰਾ

ਲਗੇ ਮੋਰਚੇ ਤੁਰਕ ਕੇ ਊਪਰਿ ਚਢੀ ਕਮਾਨ ।
ਇਤ ਸਨਮੁਖਿ ਭਯੋ ਖਾਲਸਾ ਹੋਤ ਬੀਰ ਸੰਗ੍ਰਾਮ ॥ ੨੨ ॥ ੩੫੯ ॥

ਸਵੈਯਾ

ਤੋਪ ਛੁਟੈ ਗਰਜੈ ਘਨ ਜੋ ਲਰਜ਼ੈ ਹੀਅਰਾ ਸੁ ਮੁਹਰਜ਼ੈ ਭਇ ਮਾਹੀ ।
ਐਸੇ ਮਨੋਨ ਚਲੈ ਭਵ ਚਾਲ ਹਲੈ ਬਸੁਧਾ ਸਮ ਤਾਸ ਕੀ ਆਹੀ ।
ਦਾਮਨਿ ਜਿਯੋ ਚਮਕੈ ਤਿਹ ਠਓਰ ਸੁ ਲਾਗਤ ਜਾਮ ਗਹੀ ਸੁ ਤਹਾਹੀ ।
ਸੇਤ ਮਨੋ ਬਰਖੈ ਘਨ ਤੇ ਤਹਾ ਗੋਲਾ ਚਲੈ ਸਮਤਾ ਸੂ ਅਸਾਹੀ ॥ ੨੩ ॥ ੩੬੦ ॥

ਦੋਹਰਾ

ਜਿਹ ਜਨ ਕੇ ਗੋਲਾ ਲਗੇ ਰਟਤ ਜੀਵ ਸੋਈ ਠਉਰ ।
ਮਨ ਕੀ ਮਨ ਹੀ ਹੈ ਰਹਤ ਕਹਤ ਬਚਨ ਨਹੀ ਅਉਰ ॥ ੨੪ ॥ ੩੬੧ ॥
ਘਨ ਉਮਡਿਓ ਚਹੂ ਓਰ ਤੇ ਮਹਾ ਪ੍ਰਬਲ ਬਿਸਥਾਰ ।
ਤਿਉ ਦਲ ਸਤ੍ਰਨ ਕੋ ਅਯੋ ਨਾਹਨ ਪਰਤ ਸੁਮਾਰ ॥ ੨੫ ॥ ੩੬੨ ॥

ਸਵੈਯਾ

ਸਿਆਮ ਘਟਾ ਉਮਡੈ ਚਹੂ ਓਰ ਤੇ ਯਉ ਉਮਡੇ ਦਲ ਦੂਤ ਕੇ ਆਹੀ ।

ਦਾਮਨ ਜੋ ਦਮਕੈ ਤਰਵਾਰ ਲੀਏ ਕਰਵਾਰ ਫਿਰਾਵਤ ਤਾਹੀ ।
ਸੂਰ ਕੀ ਸੁਆਬੀ ਤੇ ਧਾਰ ਪਰੈ ਘਨ ਮੈ ਮਾਨੋ ਤਾਸ ਕਮਾਨ ਕੀ ਨਿਆਹੀ ।
ਛੂਟਤ ਤੀਰ ਮਨੋ ਰਨ ਮਧਿ ਜੁ ਸਾਵਨ ਕੀ ਵਰਖਾ ਬਰਖਾਹੀ ॥ ੨੬ ॥ ੩੬੩ ॥

ਦੋਹਰਾ

ਚਲਤ ਤੀਰ ਗੰਭੀਰ ਜਹ ਅਰਜਨ ਤਾਸ ਸਮਾਨ ।
ਜਿਹ ਉਰ ਲਾਗਤ ਜਾਤ ਬਿਧਿ ਛੁਟਕ ਜਾਤ ਤਿਹ ਪ੍ਰਾਨ ॥ ੨੭ ॥ ੩੬੪ ॥

ਸਵੈਯਾ

ਘਾਇਲ ਘੁਮਤ ਹੈ ਰਨ ਮੈ ਜੁ ਲਰੈ ਕਰਿ ਜੋਰਿ ਕੀਓ ਘਨ ਸਾਰਾ ।
ਝੂਮਤ ਸੂਰ ਗਿਰੇ ਧਰਿ ਪੈ ਜੁ ਪਰਿਉ ਰਨ ਜੋਰ ਮਹਾ ਬਿਕਰਾਰ ।
ਸ੍ਰੋਨ ਚਲਿਓ ਤਿਨ ਕੇ ਤਨ ਤੇ ਜੁ ਧਰੀ ਛਬਿ ਯੋ ਕਰ ਲੋਥ ਕਨਾਰਾ ।
ਜੋ ਘਨ ਤੇ ਬਰਖਾ ਬਰਖੈ ਜੁ ਚਲਿਓ ਪਰਵਾਰ ਰਕਤ੍ ਕੋ ਧਾਰਾ ॥ ੨੮ ॥ ੩੬੫ ॥

ਸੋਰਠਾ

ਸਕਲ ਸਮਾਜ ਬਿਸਾਰ ਝੁਝ ਸੂਰ ਧਰ ਪੈ ਪਰਤ ।
ਚਲਤ ਰਕਤ ਪਰਵਾਰ ਇਕ ਘਾਇਲ ਰਨ ਮੈ ਫਿਰਤ ॥ ੨੯ ॥ ੩੬੬ ॥

ਸਵੈਯਾ

ਖੇਲਤ ਸੂਰ ਮਹਾ ਰਨ ਮੈ ਬਨ ਮੈ ਮਾਨੋ ਸਿਆਮ ਜੀ ਫਾਗ ਮਚਾਇਓ ।
ਦਉਰਤ ਸੂਰ ਲੀਏ ਕਰ ਮੈ ਪਿਚਕਾਰਨ ਜੋ ਸੁ ਬੰਦੂਕ ਚਲਾਇਓ ।
ਸ੍ਰੋਨਤ ਧਾਰਿ ਚਲੀ ਤਿਨ ਕੇ ਤਨ ਤੇ ਮਾਨਹੁ ਲਾਲ ਗੁਲਾਲ ਲਗਾਇਓ ।
ਬਾਗੇ ਬਨੇ ਤਿਨ ਕੇ ਤਨ ਲਾਲ ਮਨੋ ਰੰਗਰੇਜ਼ ਰੰਗੇ ਰੰਗ ਲਿਆਇਓ ॥ ੩੦ ॥ ੩੬੭ ॥

ਦੋਹਰਾ

ਤਨ ਝਾਰੀ ਕਰ ਸੂਰਮਾ ਸ੍ਰੋਨ ਰੰਗ ਭਰ ਲੀਨ ।
ਛਿਰਕ ਛਿਰਕ ਫਿਰ ਫਿਰ ਲਰਤ ਫਾਗਨ ਕੀ ਰੁਤ ਕੀਨ ॥ ੩੧ ॥ ੩੬੮ ॥

ਸਵੈਯਾ

ਜੋਧਨ ਜੁਧ ਰਚਿਓ ਰਨ ਮੈ ਬਨ ਮੈ ਮਾਨੋ ਸਿਆਮ ਜੀ ਰਾਸ ਮਚਾਏ ।
ਬਾਜੇ ਬਜੇ ਰਨ ਮੈ ਜੁ ਵੇਈ ਅਰ ਨਾਚਤ ਗਿਧ ਸਰੋਜ ਸੁਨਾਏ ।
ਝੂਮਤ ਸੂਰ ਮਹਾ ਰਨ ਮੈ ਮਾਨੋ ਦੇਖਤ ਰਾਸ ਉਨੀਂਦੇ ਸੇ ਆਏ ।
ਲਾਲ ਨਿਹਾਲੀ ਕੀ ਸੇਜ ਕੀਏ ਧਰ ਸੋਵਤ ਸੂਰ ਪਲੰਗ ਬਿਛਾਏ ॥ ੩੨ ॥ ੩੬੯ ॥

ਦੋਹਰਾ

ਬਸੁਧਾ ਸਮ ਕੀਨੋ ਪਲੰਗ ਰਕਤ ਨਿਹਾਲੀ ਡਾਰ ।
ਮਹਾ ਉਨੀਂਦੇ ਰੈਨ ਕੇ ਸੋਵਤ ਪਾਇ ਪਸਾਰ ॥ ੩੩ ॥ ੩੭੦ ॥

ਸਵੈਯਾ

ਖੇਲਤ ਸੂਰ ਮਹਾਂ ਮਹ ਮਤ ਬਲਵੰਤ ਮਹਾ ਰਨ ਪਾਇਓ ;
ਸ੍ਰੋਨ ਸਮੂਹ ਪ੍ਰਵਾਹ ਚਲਿਓ ਤਹ ਜੋਗਨ ਪਾਤ੍ਰ ਸੁ ਪੂਰ ਭਰਾਇਓ ।

ਏਕ ਸੋ ਏਕ ਮਹਾਬਲੀ ਸੂਰ ਗਿਰੇ ਧਰ ਪੈ ਸੁ ਇਹੈ ਛਬ ਛਾਇਓ ।
ਪੌਨ ਪ੍ਵਾਹ ਚਲੈ ਜੁ ਤਹਾ ਧਰ ਤੇ ਜੁ ਉਖਾਰ ਕੈ ਰੂਖ ਗਿਰਾਇਓ ॥ ੩੪ ॥ ੩੭੧ ॥

ਦੋਹਰਾ

ਮਹਾਂ ਪ੍ਰਬਲ ਰਨ ਤਹ ਪਰਿਓ ਸਹਿ ਨ ਸਕਤਿ ਭੂਅ ਭਾਰ ।
ਪੜ੍ਹ ਪੂਰ ਜੋਗਨਿ ਚਲਤ ਸ੍ਰੋਨਤ ਕੀ ਤਹਾਂ ਧਾਰਿ ॥ ੩੫ ॥ ੩੭੨ ॥
ਸਾਤਿ ਪਹਰ ਲੌ ਰਨ ਪਰਿਓ ਮਹਾ ਪ੍ਰਬਲ ਇਕ ਸਾਰ ।
ਹਟੀ ਫ਼ੌਜ ਤੁਰਕਾਨ ਕੀ ਸਤਿਗੁਰ ਕੀਓ ਬਿਚਾਰ ॥ ੩੬ ॥ ੩੭੩ ॥

ਸਵੈਯਾ

ਛਾਡਿ ਦੀਓ ਤਬ ਥਾਨ ਨਿਰਮੋਹ ਕੋ ਪਾਰ ਭਏ ਜਬ ਸਾਇਰ ਤੀਰਾ ।
ਏਕ ਸੋ ਏਕ ਮਹਾ ਬਲੀ ਸੂਰ ਪਰੀ ਚਲ ਚਾਲ ਰਹਿਓ ਨਹੀ ਧੀਰਾ ।
ਕੋਪ ਚੜ੍ਹੇ ਜੁ ਪਠਾਨ ਵੋਈ ਫਿਰਿ ਜੁਧ ਮਚਿਓ ਦਰੀਆਉ ਕੇ ਨੀਰਾ ।
ਜੂਝਤ ਸੂਰ ਮਹਾ ਮਹਮਤ ਨ ਚਿੰਤ ਭਏ ਤਜਿ ਦੇਹ ਸਰੀਰਾ ॥ ੩੭ ॥ ੩੭੪ ॥

ਦੋਹਰਾ

ਸਵਾ ਪਹਿਰ ਲੌ ਰਨ ਪਰਿਓ ਮਹਾ ਪ੍ਰਬਲ ਇਕ ਸਾਰ ।
ਬਹੁਤ ਸੂਰ ਜੂਝੇ ਤਹਾਂ ਤਬ ਯਹ ਕੀਓ ਬਿਚਾਰ ॥ ੩੮ ॥ ੩੭੫ ॥

ਸਵੈਯਾ

ਪ੍ਰਭੂ ਸੋ ਪੁਰਖ ਕੀ ਸਰਨ ਗਹੁ ਰੇ ਮਨਾ ਆਨ ਔ ਸਰਬ ਨਾ ਦਾਵ ਤੇਰੋ ।
ਖੇਲ ਕੀਨੋ ਧਨੀ ਭਰਮ ਭੂਲੀ ਘਨੀ ਨਾਹਿ ਰਾਖਿਓ ਮਾਨ ਕਿਉਂ ਹੂ ਕੇਰੋ ।
ਜੀਵ ਅਰੁ ਜੰਤ ਭਰਮਾਈ ਦੀਨੇ ਸਕਲ ਸਬੈ ਸੰਸਾਰ ਨਿੰਦਾ ਸੁਹੇਰੋ ।
ਕੀਉ ਸਬਜਾਨਿ ਪ੍ਰਮਾਨ ਏਤਾ ਕਹੋ ਰਾਖੀਏ ਸਰਨਿ ਪ੍ਰਭ ਜੀਵ ਤੇਰੋ ॥ ੩੯ ॥ ੩੭੬ ॥

ਦੋਹਰਾ

ਰਾਖ ਲੀਏ ਪ੍ਰਭ ਜੀ ਤਬੈ ਐਸੋ ਕੀਓ ਬਿਚਾਰ ।
ਦੀਏ ਫੇਰ ਦਲ ਤੁਰਕ ਕੇ ਮਹਾ ਪ੍ਰਬਲ ਬਲਧਾਰ ॥ ੪੦ ॥ ੩੭੭ ॥

ਸਵੈਯਾ

ਗੋਬਿੰਦ ਸਿਘ ਮਹਾ ਬਲ ਧਾਰ ਬਿਦਾਰ ਦਏ ਦਲ ਤੁਰਕਨ ਕੇਰੇ ।
ਐਸੀ ਭਈ ਪ੍ਰਭ ਕੀ ਰਚਨਾ ਸਭਿ ਭਾਜਿ ਗਏ ਫਿਰਿ ਆਏ ਨ ਨੇਰੇ ।
ਰਾਵ ਬਿਸਾਲੀ ਕੋ ਆਨਿ ਮਿਲਿਉ ਕਰਿ ਜੋਰਿ ਕਹਿਓ ਹਮ ਸੇਵਕ ਤੇਰੇ ।
ਕੀਨੀ ਮਜਾ ਤਿਹ ਠਉਰ ਪ੍ਰਭੂ ਸੁ ਕੀਏ ਤਿਹ ਠਾਵ ਤਿਹੀ ਪੁਰ ਡੇਰੇ ॥ ੪੧ ॥ ੩੭੮ ॥

ਇਤ ਸ੍ਰੀ ਗੁਰ ਸੋਭਾ ਜੁਧ ਨਿਰਮੋਹ ਕਾ ਨਾਵਾਂ ਧਿਆਇ
ਸੰਪੂਰਨਮਸਤੁ ਸੁਭਮਸਤੁ ॥ ੯ ॥

ਧਿਆਇ ਦਸਵਾਂ

## ਜੁੱਧ ਬਿਸਾਲੀ ਕਲਮੋਟ ਕਾ

ਦੋਹਰਾ

ਸਰਬ ਖਾਲਸੇ ਠਾਂਵ ਤਿਹ ਉਤਰ ਕੀਓ ਬਿਸਰਾਮ ।
ਬਹੁਤ ਫੋਜ ਕੈਹਲੂਰ ਕੀ ਭਈ ਮੁਹਬਲ ਆਨ ॥ ੧ ॥ ੩੭੯ ॥

ਸਵੈਯਾ

ਫੇਰਿ ਮਚਿਓ ਅਤਿ ਜੁਧ ਤਹਾਂ ਸੁ ਜਹਾਂ ਕਰ ਮੈ ਗਹਿ ਵਾਰਿ ਫਿਰਾਏ ।
ਏਕ ਸੋਂ ਏਕ ਮਹਾ ਮਹਿਮਤ ਭਿਰੇ ਬਲਵੰਤ ਸੁ ਧੋ ਰਾਜ ਗਾਏ ।
ਛੂਟਤ ਹੈ ਚਰਖੀ ਜੁ ਤਹਾ ਸੁ ਤੁਫੰਗ ਚਲੈ ਗਢ ਨੇਜ਼ਾ ਬਨਾਏ ।
ਸ਼ਾਹ ਸੋਈ ਗੁਰੂ ਗੋਬਿੰਦ ਸਿੰਘ ਹੈ ਬੈਠਿ ਝਰੋਖੇ ਗਇੰਦ ਲੜਾਏ ॥ ੨ ॥ ੩੮੦ ॥

ਦੋਹਰਾ

ਦਉਰ ਦਉਰ ਜੋਧਾ ਅਰਤ ਮਾਨਹੁ ਲਰਤ ਗਇੰਦ ।
ਚਲਤ ਚਾਲ ਧਰਨੀ ਹਲਤ ਬਜਤ ਸਾਰ ਕਿਲਕੰਤ ॥ ੩ ॥ ੩੮੧ ॥

ਸਵੈਯਾ

ਬਾਜਤ ਸਾਰ ਸੋਂ ਸਾਰ ਤਹਾ ਚਮਕੈ ਚਿਨਗੀ ਸਮ ਤਾਰਨ ਜੈਸੀ ।
ਐਸੀ ਬਨੀ ਰੁਤਿ ਸਾਵਨ ਕੀ ਪਟ ਬੀਜਨ ਜੋਤਿ ਅਨੂਪ ਰਤੈਸੀ ।
ਇਉਂ ਉਪਜੈ ਝੁਨਕਾਰ ਤਹਾ ਮਾਨੋਂ ਸੈਲ ਪੈ ਬਾਜਤ ਹੈਂ ਚਮਕੈਸੀ ।
ਮਾਨੋ ਮਹਾ ਘਨ ਮੈ ਚਮਕੈ ਦਮਕੈ ਤਰਵਾਰ ਮਹਾ ਬਿਜਲੈਸੀ ॥ ੪ ॥ ੩੮੨ ॥

ਦੋਹਰਾ

ਛੁਟਤ ਮਹਾ ਬੰਦੂਕ ਤਹ ਚਲਤ ਤੀਰ ਕਿਲਕੰਤ ।
ਮਾਨੋ ਰਾਵ ਕੀ ਜੋਤਿ ਮੈ ਪ੍ਰਬਲ ਮੇਹ ਬਰਖੰਤ ॥ ੫ ॥ ੩੮੩ ॥

ਸਵੈਯਾ

ਚਾਰਿ ਓਰਨ ਤੇ ਉਮਡਿਓ ਜੁ ਲਰੈ ਤਹ ਖਾਲਸੇ ਐਸੋ ਕੀਓ ਹੈ ।
ਦਾਸਨ ਜੋ ਕਰ ਮੈ ਗਹਿ ਵਾਰ ਸਬੈ ਦਲ ਮਾਰਿ ਬਿਦਾਰਿ ਦੀਓ ਹੈ ।
ਮਾਰਿ ਧਰੀ ਅਰਿ ਤੀਰਨ ਕੀ ਜੁ ਕੀਏ ਚਲਿਨੀ ਜਿਮ ਧੀਰ ਟਰਿਓ ਹੈ ।
ਭਾਜ ਗਏ ਕਹਿਲੂਰ ਕੇ ਪੂਰ ਕਰੂਰ ਭਏ ਸੁ ਗਰੂਰ ਕੀਓ ਹੈ ॥ ੬ ॥ ੩੮੪ ॥

ਦੋਹਰਾ

ਭਾਜੀ ਫੋਜ ਕੈਹਲੂਰ ਕੀ ਹੁਇ ਕਰਿ ਸਕਲ ਅਧੀਰ ।
ਜਾਨੋ ਗੁਨ ਤੇ ਛੁਟਕੇ ਕੈ ਭਜਿਓ ਜਾਤਿ ਹੈ ਤੀਰ ॥ ੭ ॥ ੩੮੫ ॥
ਜੋ ਜੋ ਨਰ ਗਰਬਤ ਭਏ ਦੀਨੇ ਭਰਮਿ ਭੂਲਾਇ ।

ਜੋ ਜਨ ਸਿਮਰਤ ਪ੍ਰੀਤ ਕਰਿ ਉਇ ਲੀਨੇ ਲੜ ਲਾਇ ॥ ੮ ॥ ੩੮੬ ॥

ਕਬਿਤ

ਕੀਓ ਪ੍ਰਕਾਸ ਜੋਤਿ ਚਮਕਤ ਹੈ ਚਹੂ ਓਰ
ਦੀਸੈ ਰਵ ਚੰਦ ਹੂ ਮੈ ਤੇਰੀ ਸਬ ਜੋਤਿ ਹੈ ।
ਜੇਤੇ ਹੈ ਜੀਵ ਜੰਤ ਕਰਨਹਾਰ ਤੁਹੀ ਹੈ ਪੂਰਿ ਰਹਿਓ
ਸਰਬ ਹੀ ਮੈ ਆਪਿ ਓਤ ਪੋਤ ਹੈ ।
ਸੇਵਾ ਜਾ ਕੀ ਅਨੂਪ ਸੁੰਦਰ ਸਰੂਪ ਰੂਪ
ਚਰਨ ਕਵਲ ਨਿਰਖੇ ਤੇ ਜਨ ਕੀ ਗਤਿ ਹੋਤ ਹੈ ।
ਬਿਨਸੇ ਹੈ ਸਬੈ ਪਾਪ ਨਿਸ ਦਿਨ ਪ੍ਰਭ ਏਕ ਜਾਪ
ਚਹੂ ਓਰ ਆਪ ਆਪ ਆਪ ਹੀ ਦਿਸੋਤ ਹੈ ॥ ੯ ॥ ੩੮੭ ॥

ਦੋਹਰਾ

ਐਸੇ ਸਮਰਥ ਨਾਮੁ ਹੈ ਤਾਂ ਸਮ ਅਵਰ ਨ ਕੋਇ ।
ਜੀਵਨ ਮੈ ਭਰਪੂਰ ਹੈ ਜਿਤ ਦੇਖੋ ਤਿਤ ਸੋਇ ॥ ੧੦ ॥ ੩੮੮ ॥
ਠਾਂਵ ਬਿਸਾਲੀ ਮੈ ਕੀਏ ਕੇਤਕ ਦਿਨ ਬਿਸਰਾਮ ।
ਖੇਲਨ ਚੜ੍ਹੇ ਸ਼ਿਕਾਰ ਕੋ ਫੇਰਿ ਕੀਓ ਸ੍ਰੰਜਾਮ ॥ ੧੧ ॥ ੩੮੯ ॥

ਕਬਿਤ

ਨਾਂਵ ਕੋ ਸ਼ਿਕਾਰ ਕਹਾ ਕੁਦਰਤ ਕੇ ਕਰਨਹਾਰ
ਜੁਧ ਕੋ ਭਏ ਸੁਆਰ ਨਉਬਤ ਬਜਾਇ ਕੈ ।
ਵੇ ਜੋ ਕਲਮੋਟ ਮੇ ਗਰੂਰ ਲੋਗ ਰਹਤੇ ਥੇ
ਘੇਰਾ ਥਾ ਸਿਖਨ ਕੋ ਤਬ ਮਾਰਗ ਮੈ ਆਇ ਕੈ ।
ਰਹੇ ਥੇ ਪਿਛਾਰੀ ਮੈ ਕੇਤੇ ਹੀ ਸਿਖ ਤਹਾ
ਜੁਧ ਭਯੋ ਤਿਨ ਹੀ ਸੋ ਲੀਏ ਦੋਇ ਘਾਇ ਕੈ ।
ਕਹਾ ਹਜ਼ੂਰ ਜਾਇ ਸਿੱਖਾਂ ਨੇ ਖ਼ਾਵੰਦ ਜੀ
ਸੋ ਘੇਰੀ ਕਲਮੋਟਿ ਧਾਇ ਸਾਹਿਬ ਨੇ ਜਾਇ ਕੈ ।। ੧੨ ॥ ੩੯੦ ॥

ਦੋਹਰਾ

ਤਬੈ ਖ਼ਾਲਸੇ ਆਇ ਕੈ ਘੇਰ ਲਈ ਕਲਮੋਟਿ ।
ਦੂਹ ਓਰ ਤੇ ਪ੍ਰਬਲ ਹੀ ਭਈ ਬੰਦੂਕਨ ਚੋਟ ॥ ੧੩ ॥ ੩੯੧ ।

ਸਵੈਯਾ

ਧੋ ਉਮਡਿਓ ਦਲ ਗੋਬਿੰਦ ਸਿਘ, ਕੋ ਵਾਰ ਨ ਪਾਰ ਸੁਮਾਰਨ ਪਾਇਓ ।
ਘੇਰ ਲੀਓ ਕਲਮੋਟ ਕੋ ਕੋਟ ਭਈ ਜਬ ਚੋਟਿ ਤੁਫੰਗ ਚਲਾਇਓ ।
ਮਾਰਿ ਕਰੀ ਤਿਨ ਕੋ ਅਤਿ ਹੀ ਜੁ ਭਜੇ ਗਿਰਤੇ ਸਭ ਹੀ ਬਿਸਰਾਇਓ ।
ਸਾਂਗ ਕਹੀ ਸਿਰ ਵਾਰ ਕਹੀ ਕਰਵਾਰ ਕਹੀ ਜੁ ਭਏ ਬਿਕਲਾਇਓ ॥ ੧੪ ॥ ੩੯੨ ॥

ਦੋਹਰਾ

ਬਿਆਕੁਲ ਹੋ ਗ੍ਰਿਹ ਤੇ ਭਜੇ ਸਬ ਤਨ ਭਯੋ ਅਧੀਰ ।

ਸੁਧ ਨ ਪਰੀ ਕਛੁ ਜੁਧ ਕੀ ਥਰਹਰ ਕਰਤ ਸਰੀਰ ॥ ੧੫ ॥ ੩੯੩ ॥
ਤਉ ਨਿਸ਼ਾਨ ਗੁਰਦੇਵ ਕੇ ਚਢੇ ਕੋਟਿ ਪਰਿ ਜਾਇ ।
ਨਉਬਤਿ ਬਾਜੀ ਫਤੇ ਕੀ ਦੀਨੇ ਦੂਤ ਭਗਾਇ ॥ ੧੬ ॥ ੩੯੪ ॥

ਸਵੈਯਾ

ਮਿਲਿ ਕੈ ਕਲਮੋਟਿ ਕੇ ਲੋਗ ਸਬੈ ਫਿਰਿ ਜੁਧ ਕੋ ਆਨ ਭਏ ਇਕ ਠੌਰੇ ।
ਮਾਨੋ ਅੰਧੇਰੀ ਚਲੀ ਉਡਿ ਕੈ ਤਿਨ ਕੇ ਪਗ ਤੇ ਬਸੁਧਾ ਪਰ ਦਉਰੈ ।
ਐਸੀ ਹੀ ਸਾਜਿ ਚੜ੍ਹੇ ਤਬ ਹੀ ਦਲ ਦੇਖਤ ਮੂਸ ਭਏ ਨਿਰਭੌਰੇ ।
ਐਸੇ ਅਜਾਨ ਮਹਾ ਅਗਿਆਨ ਸੁ ਜਾਨਤ ਹੈ ਪ੍ਰਭ ਕੋ ਕਛੁ ਔਰੇ ॥ ੧੭ ॥ ੩੯੫ ॥

ਦੋਹਰਾ

ਮਿਲਿ ਕੈ ਸਭ ਕਲਮੋਟੀਅਨ ਗਹਿ ਗਾਡੇ ਮਨਿ ਧੀਰ ।
ਤਲੇ ਆਨ ਕਲਮੋਟ ਕੇ ਬਹੁਤ ਚਲਾਏ ਤੀਰ ॥ ੧੮ ॥ ੩੯੬ ॥
ਸਾਹਿਬ ਸਿਉਂ ਕੇਤਨ ਕਹਿਓ ਦਲ ਆਏ ਹੈਂ ਫੇਰਿ ।
ਬਚਨ ਕੀਓ ਕਾਰਨ ਕਰਨ ਹੋਵਨ ਦੇਹੁ ਸਵੇਰਿ ॥ ੧੯ ॥ ੩੯੭ ॥
ਸਗਲ ਰੈਨ ਇਹ ਭਾਂਤ ਕਰਿ ਚਲੇ ਸੁ ਤੀਰ ਅਪਾਰ ।
ਕਿਸ ਹੀ ਕੇ ਲਾਗਿਓ ਨਹੀਂ ਰਾਖਿ ਲੀਏ ਕਰਤਾਰ ॥ ੨੦ ॥ ੩੯੮ ॥
ਨਿਸ ਬੀਤੀ ਇਹ ਭਾਂਤ ਕਰਿ ਰਵਿ ਕੀਨੋ ਪ੍ਰਗਾਸ ।
ਬਿਦਾ ਕੀਓ ਤਾਂਹੀਂ ਸਮੈ ਪ੍ਰੇਮ ਖਾਲਸਾ ਖਾਸ ॥ ੨੧ ॥ ੩੯੯ ॥

ਸਵੈਯਾ

ਦਉਰ ਪਰਿਓ ਦਲ ਗੋਬਿੰਦ ਸਿੰਘ ਕੋ ਬਾਜ ਚਲਿਓ ਚਿਰੀਆਨ ਪੈ ਧਾਯੋ ।
ਐਸੇ ਕੁਰੰਗ ਪੈ ਸਿੰਘ ਚਲਿਓ ਤਹਾ ਖਾਲਸਾ ਸਿੰਘ ਮਹਾ ਪ੍ਰਬਲਾਯੋ ।
ਦੇਖਤ ਹੀ ਤਿਹ ਕੀ ਛਬਿ ਮੂੜ ਮਹਾ ਭੈ ਮਾਨ ਭਇ ਖਾਇਓ ।
ਭਾਜਿ ਗਏ ਰਨ ਮੈ ਨ ਰਹੇ ਮਾਨੋ ਤੀਰ ਚਲਿਓ ਗੁਨ ਤੇ ਛੁਟਕਾਯੋ ॥ ੨੨ ॥ ੪੦੦ ॥

ਦੋਹਰਾ

ਛੋਡ ਖੇਤ ਕਲਮੋਟ ਕੋ ਭਜੇ ਮੂੜ ਅਗਿਆਨ ।
ਫਤੇ ਭਈ ਪ੍ਰਭ ਪੁਰਖ ਕੀ ਰਾਜਨ ਮਾਨੀ ਆਨ ॥ ੨੩ ॥ ੪੦੧ ॥
ਰਾਜਾ ਗੜ ਕੇਹਲੂਰ ਕੋ ਮਿਲੇ ਪ੍ਰਭੂ ਸੋ ਆਨ ।
ਸਤਿਗੁਰ ਕੀ ਸਰਨੀ ਗਹੀ ਚੂਕਿਓ ਮਨਿ ਅਭਿਮਾਨ ॥ ੨੪ ॥ ੪੦੨ ॥
ਪ੍ਰਬਲ ਭਯੋ ਤਹਾਂ ਖਾਲਸਾ ਸਤਿਗੁਰ ਕੈ ਬਲਿ ਜਾਨ ।
ਬਹੁਰ ਬਿਸਾਲੀ ਆਇਓ ਸਤਿਗੁਰ ਪੁਰਖ ਸੁਜਾਨ ॥ ੨੫ ॥ ੪੦੩ ॥
ਸਬ ਕਉਤਕ ਆਪੇ ਕੀਏ ਆਪੇ ਕੀਓ ਉਧਾਰ ।
ਫਿਰਿ ਅਨੰਦਗੜ੍ਹ ਬਾਂਧਿਓ ਬਹੁ ਬਿਧਿ ਕਰਿ ਬਿਸਥਾਰ ॥ ੨੬ ॥ ੪੦੪ ॥

ਇਤ ਸ੍ਰੀ ਗੁਰ ਸੋਭਾ ਜੁਧ ਬਿਸਾਲੀ ਕਲਮੋਟ ਕੀ ਫਤੇ
ਦਸਵਾਂ ਧਿਆਇ ਸੰਪੂਰਨਮ ॥ ੧੦ ॥

ਧਿਅਉ ਗਿਆਰੁਵਾਂ

# ਆਨੰਦ ਗੜ੍ਹ ਦਾ ਦੂਸਰਾ ਜੁੱਧ

ਦੋਹਰਾ

ਫੇਰ ਬਸਿਉ ਆਨੰਦ ਗੜ੍ਹ ਰਾਜਨ ਮਾਨੀ ਆਨ।
ਬੇਸਾਲੀ ਤੇ ਕੂਚ ਕਰਿ ਬਸੇ ਪ੍ਰਭੂ ਤਿਹ ਥਾਨ ॥ ੧ ॥ ੪੦੫ ॥
ਦਰਸਨ ਕਰੈ ਨਿਤ ਖਾਲਸਾ ਖੁਸੀ ਹੋਤ ਨਿਤ ਨੀਤ।
ਸੇਵਾ ਸਤਿਗੁਰ ਕੀ ਕਰੈ ਮਨ ਅੰਤਰਿ ਕਰਿ ਪ੍ਰੀਤ ॥ ੨ ॥ ੪੦੬ ॥
ਨਗਰ ਨਗਰ ਤੇ ਖਾਲਸਾ ਆਵਤ ਹੈ ਤਿਹ ਠਉਰ।
ਦਰਸ ਕਰਤ ਪ੍ਰਭ ਪੁਰਖ ਕੋ ਭਰਮ ਰਹਤ ਨਹੀ ਅਉਰ ॥ ੩ ॥ ੪੦੭ ॥
ਨਿਕਟਿ ਗਾਂਵ ਜੇਤੇ ਬਸੈ ਲਏ ਖਾਲਸੇ ਜੀਤ।
ਕੇਤਕ ਦਿਨ ਅਰ ਦੁਇ ਬਰਸਇਹਿ ਬਿਧਿ ਭਏ ਬਤੀਤ ॥ ੪ ॥ ੪੦੮ ॥

ਚੌਪਈ

ਤਬੈ ਖਾਲਸਾ ਐਸੀ ਕਰੈ।
ਹੁਇ ਅਸੁਵਾਰ ਗਾਂਵਨ ਪੈ ਚਰੈ।
ਜੋ ਆਗੇ ਤੇ ਮਿਲਨੇ ਆਵੈ।
ਬਸਤ ਰਹੈ ਕਛੁ ਭੇਟ ਚੜ੍ਹਾਵੈ ॥ ੫ ॥ ੪੦੯ ॥
ਕਰੈ ਬਿਲੰਮ ਭੇਟ ਨਹੀ ਦੇਈ।
ਤਾ ਕੋ ਲੂਟ ਖਾਲਸਾ ਲੇਈ।
ਇਹ ਬਿਧਿ ਚਰਚਾ ਭਈ ਅਪਾਰਾ।
ਤਬ ਰਾਜਨ ਮਨ ਮਾਹਿ ਬਿਚਾਰਾ ॥ ੬ । ੪੧੦ ॥
ਹਮਰੋ ਰਾਜ ਅਕਾਰਥ ਗਯੋ।
ਸਤਿਗੁਰ ਰਾਜ ਚਹੂ ਦਿਸ ਭਯੋ।
ਤਵ ਬਿਚਾਰ ਰਾਜਨ ਮਨ ਆਇਓ।
ਠਉਰ ਠਉਰ ਤੇ ਲੋਗ ਬੁਲਾਯੋ ॥ ੭ ॥ ੪੧੧ ॥

ਦੋਹਰਾ

ਤਬ ਰਾਜਨ ਯਹ ਬਿਧਿ ਕਰੀ ਸੈਨਾ ਲਈ ਬੁਲਾਇ।
ਸਕਲ ਸੰਗ ਦਲ ਜੋਰਿ ਕੈ ਨਿਕਟਿ ਪਹੁੰਚੇ ਆਇ ॥ ੮ ॥ ੪੧੨ ॥
ਫੇਰਿ ਲਿਖਾ ਰਾਜਨ ਕੀਓ ਸੁਨਹੁ ਗਰੀਬ ਨਿਵਾਜ।
ਅਬ ਛਾਡੋ ਆਨੰਦ ਗੜ੍ਹ ਭਲੀ ਬਾਤ ਹੈ ਆਜੁ ॥ ੯ ॥ ੪੧੩ ॥

ਪ੍ਰਭੁ ਬਾਕ ਐਸੋ ਭਯੋ ਬਹੁ ਬਿਧਿ ਭਏ ਤਿਆਰ ।
ਠਉਰ ਠਉਰ ਧਰਿ ਮੋਰਚੇ ਹੋਨ ਲਗੀ ਤਿਹ ਮਾਰ ॥ ੧੦ ॥ ੪੧੪ ॥
ਮਿਲਿ ਰਾਜਨ ਐਸੋ ਕੀਓ ਬਾਂਟਿ ਲਈ ਸਬ ਠਉਰ ।
ਚਹੂ ਓਰ ਤੇ ਆਵਹੀ ਫੌਜਾਂ ਦਉਰਾ ਦਉਰ ॥ ੧੧ ॥ ੪੧੫ ॥

ਸਵੈਯਾ

ਤੋਪ ਛੁਟੇ ਗਰਜੈ ਘਨ ਜੋ ਲਰਜੈ ਹੀਅਰਾ ਮਾਨੋ ਬਿਜ ਕੜਕੈ ।
ਠਉਰ ਰਹੇ ਜਿਹਕੇ ਉਰ ਲਾਗਤ ਹੋਤ ਹੈ ਛਾਤੀ ਕੈ ਪਾਟ ਪੜਕੈ ।
ਯਾ ਬਿਧਿ ਮੋ ਤਹਿ ਗੋਲਾ ਚਲੈ ਟਿਹਕੈ ਨਹੀ ਸੂਰਮਾ ਤਾਹੀਕੇ ਧੱਕੈ ।
ਰਾਜਨ ਕੇ ਅਵਸਾਨ ਗਏ ਜਬ ਆਨੰਦ ਤੇ ਤੋਪ ਛੁੜੱਕੇ ॥ ੧੨ ॥ ੪੧੬ ॥

ਦੋਹਰਾ

ਜਿਹ ਜਨ ਕੇ ਗੋਲਾ ਲਗੇ ਰਹੇ ਜੀਵ ਸੇਟੀ ਠਉਰ ।
ਮਨ ਕੀ ਮਨ ਹੀ ਮੈ ਰਹਤ ਕਹਤ ਬਚਨ ਨਹੀਂ ਅਉਰ ॥ ੧੩ ॥ ੪੧੭ ॥

ਸਵੈਯਾ

ਕਹਿ ਕੋ ਕਹਿ ਬਾਨ ਛੁਟੇ ਕਹਿ ਕਾਹਕ ਐਸੇ ਅਵਾਜ਼ ਕਰੈ ਰਨ ਮੈ ।
ਤਹਾਂ ਡਾਰ ਸੁਆਰ ਪਛਾਰਤ ਘੇਰਨ ਮਾਰਤ ਠਉਰ ਨਹੀ ਪਨ ਮੈ ।
ਇਹ ਭਾਂਤ ਯਹੈ ਕਰ ਡਾਰਤ ਹੈ ਮਨੋ ਦਾਧੀ ਸੀ ਚੋਬ ਖਰੀ ਬਨ ਮੈ ।
ਗਿਰੈ ਪਰਹੈ ਕਰਹੈ ਇਹ ਭਾਂਤਿ ਸੁ ਕੇਤਕ ਮਾਰ ਲਏ ਛਿਨ ਮੈ । ੧੪ ॥ ੪੧੮ ॥

ਦੋਹਰਾ

ਤੋਪ ਬਾਨ ਗੋਲੀ ਚਲੈ ਛੁਟਤ ਤੀਰ ਅਪਾਰ ।
ਸਾਵਨ ਜੋ ਭਾਰੀ ਭਰਹਿ ਇਵ ਬਰਸੇ ਨਿਸਤਾਰ ॥ ੧੫ ॥ ੪੧੯ ॥
ਚੜੇ ਸਿਘ ਦਲ ਸਾਜਿ ਕੈ ਪਰੈ ਫਉਜ ਮੈਂ ਧਾਇ ।
ਤਹਾਂ ਮਾਰਿ ਇਹ ਬਿਧਿ ਕਰੀ ਰਾਜੇ ਦੀਏ ਉਠਾਇ ॥ ੧੬ ॥ ੪੨੦ ॥
ਬਹੁਤ ਰਾਵ ਮਾਰੇ ਤਹਾਂ ਜੋਧਾ ਬਡੇ ਅਪਾਰ ।
ਮਿਲਿ ਰਾਜੇ ਮਸਲਤ ਕਰੀ ਕਿਆ ਕਰੀਐ ਕਰਤਾਰ ॥ ੧੭ ॥ ੪੨੧ ॥
ਸਿਘ ਬਹੁਤ ਇਹ ਬਿਧਿ ਕਰਤਿ ਤਿਹ ਸਮਾਨ ਕਹੀਂ ਨਾਹਿ ।
ਬਡੇ ਸੂਰਮਾ ਅਤਿ ਬਲੀ ਮਾਰਿ ਲੀਏ ਰਨ ਮਾਹਿ ॥ ੧੮ ॥ ੪੨੨ ॥

ਚੋਪਈ

ਰਾਜੇ ਭਾਜਿ ਤੁਰਕ ਪੈ ਆਏ ।
ਸਬ ਤੁਰਕਨ ਕੋ ਭੇਦ ਬਤਾਏ ।
ਅਬ ਹਮਰੋ ਉਪਰਾਲੋ ਕੀਜੈ ।
ਆਨੰਦ ਗੜ੍ਹ ਹਮਕੋ ਲੈ ਦੀਜੈ ॥ ੧੯ ॥ ੪੨੮ ॥
ਤੁਰਕ ਸਤੈ ਮਿਲਿ ਕੈ ਉਠਿ ਧਾਏ ।
ਸਾਮਾ ਕਰੀ ਬੇਗ ਹੀ ਆਏ ।

ਬਹੁਤ ਮੁਗਲ ਅਰ ਘਨੇ ਪਠਾਨ।
ਚੜੇ ਸਾਜ ਦਲ ਚਾਬੇਂ ਪਾਨ ॥ ੨੦ ॥ ੪੨੪ ॥
ਗੂਜਰ ਰੰਘੜ ਬਹੁਤ ਅਪਾਰ।
ਬਡੇ ਬਡੇ ਜੋਧਾ ਅਸਵਾਰ।
ਸੀਰੰਦ ਵਾਲੇ ਹੈ ਹਮਰਾਹੀ।
ਗੜ੍ਹ ਲਾਹੌਰ ਤੇ ਫਉਜ ਮੰਗਾਈ ॥ ੨੧ ॥ ੪੨੫ ॥

ਦੋਹਰਾ

ਬਹੁਤ ਫਉਜ ਕਰਿ ਏਕਠੀ ਜੰਮੂ ਸੰਗ ਮਿਲਾਇ।
ਸਬ ਰਾਜਾ ਦਲ ਜੋਰਿ ਕੈ ਫੇਰ ਪਹੁੰਚੇ ਆਇ ॥ ੨੨ ॥ ੪੨੬ ॥
ਖਬਰ ਸੁਨੀ ਕਾਰਨ ਕਰਨ ਫੇਰ ਕੀਓ ਫੁਰਮਾਨ।
ਠਉਰ ਠਉਰ ਧਰ ਮੋਰਚੇ ਬੈਠਿ ਰਹੇ ਤਿਹ ਥਾਨ ॥ ੨੩ ॥ ੪੨੭ ॥
ਤੀਰ ਬਾਨ ਗੋਲੀ ਚਲੀ ਬਰਖੈ ਧੂਆਂ ਧਾਰ।
ਤਿਹ ਪਾਛੈ ਮਿਲ ਸੁਰਮੇ ਕਰਨ ਗਹੀ ਤਰਵਾਰ ॥ ੨੪ ॥ ੪੨੮ ॥

ਸਵੈਯਾ

ਭਭਕੇ ਸਿੰਘ ਜਬ ਜਾਇ ਰਨ ਮੈ ਪਰੈ ਕੀਉ ਸੰਗ੍ਰਾਮ ਇਹ ਭਾਂਤ ਪੂਰਾ।
ਬਜੈ ਸਾਰ ਸੋ ਸਾਰ ਤਰਵਾਰ ਚਮਕੈ ਘਨੀ ਮਿਲਿਤ ਦੋਨੋ ਅਨੀ ਬਜਤ ਤੂਰਾ।
ਛੁਟਤ ਹੈ ਤੀਰ ਤਹਾ ਧੀਰ ਕਿਸ ਹੀ ਰਹੈ ਲਗੈ ਜਿਹ ਜਾਇ ਛਾਡੈ ਸਰੀਰਾ।
ਕਰੈ ਮਾਰਿ ਦਹੁ ਓਰ ਤੇ ਧਾਇ ਕੈ ਲਰਤ ਤਿਹ ਠਉਰ ਇਹ ਭਾਂਤ ਸੂਰਾ। ੨੫ ॥ ੪੨੯ ॥

ਦੋਹਰਾ

ਏਕ ਸੂਰ ਸਨਮੁਖ ਲਰੈ ਕਰਤ ਬੀਰ ਸੰਗ੍ਰਾਮ।
ਏਕ ਭਾਜਿ ਪਾਛੈ ਫਿਰੈ ਤਿਨ ਤੇ ਹੋਤ ਨ ਕਾਮ ॥ ੨੬ ॥ ੪੩੦ ॥

ਚੋਪਈ

ਸੂਰ ਸਬੈ ਐਸੀ ਬਿਧਿ ਕਰਹੀ।
ਦਾਇ ਧਾਇ ਫਉਜਨ ਮੈ ਪਰਹੀ।
ਭਿਰੇ ਸੂਰਮਾ ਬਹੁਤ ਅਪਾਰਾ।
ਕਰਤ ਮਾਰ ਕੇਤੇ ਹਥਿਆਰਾ ॥ ੨੭ ॥ ੪੩੧ ॥
ਐਸੀ ਮਾਰ ਭਈ ਤਿਹ ਥਾਨੇ।
ਬਾਪਹਿ ਨਾਂਹਿ ਪੂਤ ਪਹਚਾਨੇ।
ਬਹੁਤ ਸੂਰ ਜੂਝੈ ਧਰਿ ਪਰ ਹੀ।
ਇਕ ਘਾਇਲ ਹ੍ਵੈ ਪਾਛੈ ਪਰਹੀ ॥ ੨੮ ॥ ੪੩੨ ॥
ਏਕ ਸੂਰ ਸਨਮੁਖਿ ਉਠਿ ਧਾਵੈ।
ਵੇ ਮਰਨੇ ਤੇ ਬਿਲਮ ਨ ਲਾਵੈ।
ਪਕਰੈ ਸਸਤ੍ਰ ਬਸਤ੍ਰ ਜੋ ਲੇਹੀ।
ਧੁਬੀਆ ਜੋ ਅਉਰਨ ਸਿਰ ਦੇਹੀ ॥ ੨੯ ॥ ੪੩੩ ॥

ਦੋਹਰਾ

ਏਕ ਭਾਜਿ ਪੀਛੈ ਫਿਰੈ ਏਕ ਘਾਇ ਬੇਹਾਲ ।
ਏਕ ਜੂਝ ਰਨ ਮੈ ਪਰੇ ਸਕਲੀ ਸਮਝ ਬਿਸਾਰ ॥ ੩੦ ॥ ੪੩੪ ॥
ਦੇਖਿ ਤਬੈ ਰਾਜਨ ਕਹਿਓ ਕਿਆ ਕਰੀਐ ਕਰਤਾਰ ।
ਸਿੰਘ ਬਹੁਤ ਇਹ ਬਿਧਿ ਲਰਤ ਨਾਹਨ ਪਰਤ ਸੁਮਾਰ ॥ ੩੧ ॥ ੪੩੫ ॥

ਛਪੈ ਛੰਦ

ਲਰਤ ਸਿੰਘ ਇਹ ਭਾਂਤ ਫਉਜ ਮੈਂ ਪਰਤ ਧਾਇ ਕਰ ।
ਕਾਟਤ ਹੈ ਤਿਹ ਮੂੰਡ ਧਰਤ ਪਰ ਪਰਤ ਆਇ ਧਰ ।
ਇਹ ਬਿਧਿ ਕਰਿ ਸੰਗ੍ਰਾਮ ਸੂਰ ਰਨ ਮਾਂਹਿ ਮਚਾਵੈਂ ।
ਨਿਮਖ ਬਿਲਮ ਨਹੀਂ ਕਰੈਂ ਲੋਥ ਪਰ ਲੋਥ ਗਿਰਾਵੈਂ ।
ਕੀਨੇ ਪ੍ਰਹਾਰ ਇਹ ਭਾਂਤ ਕਰ ਦੇਖ ਰਾਵ ਪਾਛੇ ਫਿਰੇ ।
ਦੀਨੇ ਬਿਡਾਰ ਭਾਜੇ ਅਪਾਰ ਕਤੇ ਸੁਆਰ ਕਰ ਮੈ ਕਰੇ ॥ ੩੨ ॥ ੪੩੬ ॥

ਦੋਹਰਾ

ਬਿਨੋ ਕਰੈਂ ਘਘਿਆਇ ਕੈ ਇਹ ਬਿਧਿ ਕਰੈਂ ਕਤਾਰ ।
ਫੇਰ ਨ ਆਵੈਂ ਜੁਧ ਮੈਂ ਜੋ ਛੂਟੈਂ ਇਹ ਬਾਰ ॥ ੩੩ ॥ ੪੩੭ ॥
ਤਜੈ ਗਾਂਵ ਕੈਹਲੂਰ ਕੇ ਬਸੈ ਅਉਰ ਦਿਸ ਜਾਇ ।
ਛਾਡ ਦਏ ਤਾਤੇ ਤਬੈ ਭਾਜੇ ਪੰਖ ਲਗਾਇ ॥ ੩੪ ॥ ੪੩੮ ॥
ਕੇਤਕ ਦਿਨ ਇਹ ਭਾਂਤ ਕਰਿ ਬਹੁਤ ਪ੍ਰਬਲ ਭਈ ਮਾਰ ।
ਤਬ ਰਾਜਨ ਮਸਲਤ ਕਰੀ ਸਕਲ ਸਭਾ ਬਿਚਾਰ ॥ ੩੫ ॥ ੪੩੯ ॥
ਤੁਰਕਨ ਰਾਜਨ ਸੋਂ ਕਹਿਓ ਯਾ ਤੇ ਭਲੀ ਨ ਅਉਰ ।
ਘੇਰ ਲੇਹ ਚਹੂ ਓਰ ਤੇ ਬੈਠਿ ਰਹੋ ਤਿਹ ਠਉਰ ॥ ੩੬ ॥ ੪੪੦ ॥

ਚੋਪਈ

ਗੁਜਰ ਰੰਘੜ ਅਉਰ ਪਠਾਨ ।
ਰਾਜੇ ਪਰੇ ਚਹੂੰ ਦਿਸ ਆਨ ।
ਘੇਰਿ ਨਗਰ ਭਾਂਤਿ ਯਹ ਕੀਨੀ ।
ਮਨਹ ਰਸਤ ਸਬ ਹੀ ਕਰਿ ਲੀਨੀ ॥ ੩੭ ॥ ੪੪੧ ॥
ਆਵਨ ਜਾਨ ਨ ਕੋਊ ਪਾਵੈ ।
ਤਹਾਂ ਰਸਤ ਕੈਸੇ ਕਰਿ ਆਵੈ ।
ਕੇਤਕ ਦਿਨ ਬੀਤੇ ਬਿਧਿ ਯਾਹੀ ।
ਏਕ ਰੁਪੀਐ ਸੇਰੁ ਬਿਕਾਹੀ ॥ ੩੮ ॥ ੪੪੨ ॥
ਚਾਰਿ ਸਿਖ ਪਾਨੀ ਕੋ ਜਾਵੈਂ ।
ਦੋ ਜੂਝੈਂ ਦੋ ਪਾਨੀ ਲਿਆਵੈਂ ।
ਐਸੀ ਭਾਂਤਿ ਖੇਲ ਪ੍ਰਭ ਕਰੀ ।
ਪਿਰਥੀ ਅਨਕ ਦੇਖ ਕੈ ਡਰੀ ॥ ੩੯ ॥ ੪੪੩ ॥

ਦੋਹਰਾ

ਇਹ ਬਿਧਿ ਸੋਂ ਭਾਰੀ ਕਠਨ ਆਨ ਬਨੀ ਤਿਹ ਠਾਂਇ ।
ਜੋ ਕਛੁ ਅੰਦਰਿ ਸੋ ਮਿਲੈ ਸੋਈ ਸਿਖ ਸਬ ਖਾਂਇ ।। ੪੦ ।। ੪੪੪ ।।

ਚੌਪਈ

ਏਕ ਰੁਪੀਯੇ ਸੇਰ ਬਿਕਾਵੈ ।
ਸੋ ਭੀ ਢੂੰਡਤ ਹਾਥ ਨ ਆਵੈ ।
ਮਿਲਿ ਜੋਧਨ ਇਹ ਭਾਂਤ ਨਿਹਾਰਾ ।
ਅਪਨੇ ਮਨ ਕੇ ਬੀਚ ਬਿਚਾਰਾ ।। ੪੧ ।। ੪੪੫ ।।
ਕੇਤਕ ਸਿੰਘ ਯਹੈ ਬਿਧਿ ਕਰਹੀਂ ।
ਰਾਤ੍ਰਿ ਸਮੈ ਫਉਜਨ ਪਰ ਪਰਹੀਂ ।
ਕਰ ਸੰਗ੍ਰਾਮ ਅੰਤ ਤਹਾਂ ਲੀਨਾ ।
ਪੋਟ ਬਾਂਧ ਕੇਤਨ ਸਿਰ ਦੀਨਾ ।। ੪੨ ।। ੪੪੬ ।।
ਕੇਤਕ ਕਰਤ ਜੁਧ ਤਿਹ ਠਾਈਂ ।
ਕੇਤਕ ਪੋਟ ਲੀਏ ਸਿਰ ਜਾਂਹੀਂ ।
ਇਹ ਬਿਧਿ ਅੰਨ ਬਹੁਤ ਲੈ ਆਏ ।
ਕੇਤਕ ਦਿਨ ਇਹ ਭਾਂਤਿ ਬਿਤਾਏ ।। ੪੩ ।। ੪੪੭ ।।

ਦੋਹਰਾ

ਤਬ ਇਹ ਬਿਧਿ ਸੂਰਨ ਕਰੀ ਕੇਤਕ ਦਿਨ ਗੁਜ਼ਰਾਨ ।
ਖਰਚ ਖਾਤ ਪੂਰਨ ਭਏ ਫਿਰਿ ਪਹੂਚੇ ਤਿਹਥਾਨ ।। ੪੪ ।। ੪੪੮ ।।
ਤਬ ਰਾਜਨ ਇਹ ਬਿਧ ਕਰੀ ਧਰਿਓ ਤਹਾਂ ਅੰਨ ਘੇਰ ।
ਨਿਸ ਬਾਸੁਰ ਜਾਗਤ ਰਹੈਂ ਫਉਜ ਫਿਰੈਂ ਚਹੂ ਫੇਰਿ ।। ੪੫ ।। ੪੪੯ ।।

ਚੌਪਈ

ਫਿਰਤ ਫਉਜ ਤਬ ਸਿੰਘ ਨਿਹਾਰੇ ।
ਅਬ ਕਿਹ ਬਿਧਿ ਕੀਜੈ ਬੀਚਾਰੇ ।
ਨਾਹਨ ਰਾਹੁ ਕਹੋ ਕਿਤ ਜਾਵੈਂ ।
ਮਾਟਗ ਕਉਨ ਰਸਤ ਲੈ ਆਵੈਂ ।। ੪੬ ।। ੪੫੦ ।।
ਕਰੋ ਜੁਧ ਹੋਨ ਸੋ ਹੋਈ ।
ਅਬ ਮੁਖ ਫੇਰ ਚਲੋ ਮਤੁ ਕੋਈ ।
ਪਰੈ ਸਿੰਘ ਫਉਜਨ ਮੈਂ ਧਾਈ ।
ਕੀਓ ਜੁਧ ਸਬ ਦੀਏ ਉਠਾਈ ।। ੪੭ ।। ੪੫੧ ।।
ਗਿਰੀ ਲੋਥ ਪੈ ਲੋਥ ਅਪਾਰਾ ।
ਤਬ ਰਾਜਨ ਮਨ ਮਾਂਹਿ ਬਿਚਾਰਾ ।
ਹੋਇ ਇਕੱਤ੍ਰ ਸਬ ਹੀ ਉਠਿ ਧਾਏ ।
ਚਹੂੰ ਓਰ ਤੇ ਸੂਰ ਰਿਸਾਏ ।। ੪੮ ।। ੪੫੨ ।।

ਦੋਹਰਾ

ਲਰਤ ਲਰਤ ਦਿਨ ਹੁਇ ਗਇਓ ਤਬ ਰਾਜਨ ਇਵ ਕੀਨ ।
ਚਹੂ ਓਰ ਦਲ ਸਾਜ ਕੈ ਘੇਰਿ ਸਿਘ ਸਬ ਲੀਨ ॥ ੪੯ ॥ ੪੫੩ ॥

ਚੌਪਈ

ਚੌਹੂ ਓਰ ਦਲ ਪਰਾ ਅਪਾਰਾ ।
ਮਾਰਿ ਮਾਰਿ ਕਹਿ ਉਠੇ ਪੁਕਾਰਾ ।
ਧਿਰ ਧਿਰ ਚੋਟ ਕਰੈਂ ਅਤਿ ਭਾਰੀ ।
ਲਰੈਂ ਸਿਘ ਮਾਰੈਂ ਕਿਲਕਾਰੀ ॥ ੫੦ ॥ ੪੫੪ ॥
ਬਰਖੈ ਤੀਰ ਮੇਹ ਅਤਿ ਭਾਰਾ ।
ਗੋਲੀ ਲਾਗੈ ਜਾਹਿ ਦੁਸਾਰਾ ।
ਲਗੈ ਤੇਗ ਤਿਹ ਤਨ ਬਿਸਰਾਵੈ ।
ਪਰੈ ਬਾਨ ਕਛੁ ਬਿਲਮ ਨ ਲਾਵੈ ॥ ੫੧ ॥ ੪੫੫ ॥
ਐਸੋ ਜੁਧ ਭਯੋ ਤਿਹ ਭਾਰਾ ।
ਪਰੀ ਲੋਥ ਪੈ ਲੋਥ ਅਪਾਰਾ ।
ਜਪੈ ਖਾਲਸਾ ਸੁਰਤਿ ਨ ਔਰ ।
ਜੂਝੈ ਸਿਘ ਸਬੈ ਇਕ ਠਉਰ ॥ ੫੨ ॥ ੪੫੬ ॥

ਦੋਹਰਾ

ਤਬ ਸਿਖਨ ਮਿਲ ਕੈ ਕਰੀ ਸਤਿਗੁਰ ਪੈ ਅਰਦਾਸ ।
ਸਿਘ ਗਏ ਥੇ ਰਸਤ ਕੋ ਸਬਨ ਤਜੇ ਮਿਲ ਸਾਸ ॥ ੫੩ ॥ ੪੫੭ ॥
ਬਿਨਾ ਹੁਕਮ ਵੇ ਕਿਉਂ ਗਏ ਸਤਿਗੁਰ ਕਹੀ ਸੁਨਾਇ ।
ਮੁਕਤਿ ਕੀਓ ਤਿਨ ਸਬਨ ਕੋ ਜੋ ਜੂਝੇ ਰਨ ਪਾਇ ॥ ੫੪ । ੪੫੮ ॥
ਸਦਾ ਕਮਰ ਬਾਂਧੇ ਰਹੈ ਦਰਸਨ ਦੇਖ ਅਘਾਇ ।
ਜੋ ਕਛੁ ਮਿਲੇ ਹਜੂਰ ਤੇ ਤਬੈ ਸਿਖ ਕਛੁ ਖਾਇ ॥ ੫੫ ॥ ੪੫੯ ॥
ਨਿਸ ਬਾਸੁਰ ਜਾਗਤ ਰਹੈਂ ਫਿਰਤ ਰਹੈਂ ਚਹੂੰ ਓਰ ।
ਇਹ ਬਿਧਿ ਚਉਕੀ ਦੇਤ ਹੈਂ ਮਤਿ ਚੜ੍ਹ ਆਵੈਂ ਚੋਰ ॥ ੫੬ ॥ ੪੬੦ ॥

ਚੌਪਈ

ਇਸ ਹੀ ਭਾਂਤਿ ਕਈ ਦਿਨ ਗਏ ।
ਨਗਰ ਲੋਗ ਠਾਢੇ ਸਭਿ ਭਏ ।
ਦਰ ਕੈ ਆਗੈ ਕਰੀ ਪੁਕਾਰਾ ।
ਅੰਨਿ ਬਿਨ ਜੀ ਜੀਉ ਜਾਇ ਹਮਾਰਾ ॥ ੫੭ ॥ ੪੬੧ ॥
ਦੇਖਹੁ ਯਹ ਹਵਾਲ ਅਬ ਭਯੋ ।
ਰਹੇ ਹਾਡ ਚਾਮਿ ਉਡਿ ਗਇਯੋ ।
ਬਿਨਾ ਭੋਜਨ ਜੀਵਨ ਅਬ ਨਾਹੀਂ ।
ਸੋਬੀ ਜੋ ਹੈ ਸਾਂਝ ਸੁਭਾ ਹੀ ॥ ੫੮ ॥ ੪੬੨ ॥

ਇਹ ਬਿਧਿ ਨਗਰ ਸਬੈ ਹਠਿ ਰਹਿਓ ।
ਤਾਹਿ ਸਮੈ ਪ੍ਰਭ ਨੇ ਇਮ ਕਹਿਓ ।
ਕੇਤਕ ਦਿਨ ਤੁਮ ਔਰ ਬਿਤਾਵੋ ।
ਫਿਰ ਮਨ ਇੱਛੇ ਭੋਜਨ ਖਾਵੋ ॥ ੫੯ ॥ ੪੬੩ ॥

ਸੋਰਠਾ

ਛਾਡੈ ਤੈ ਆਨੰਦ ਗੜ੍ਹ ਹੋਤ ਬੀਰ ਸੰਗ੍ਰਾਮ ।
ਬਡੇ ਸਿੰਘ ਜੋਧਾ ਬਲੀ ਤੇ ਜੂਝੇ ਤਿਹ ਥਾਨ ॥ ੬੦ ॥ ੪੬੪ ॥

ਦੋਹਰਾ

ਸਬ ਸਿੱਖਨ ਐਸੇ ਕਹਿਓ ਬੁਰਾ ਹੋਤ ਨਹੀਂ ਕੋਇ ।
ਛਾਡਿ ਚਲੋ ਆਨੰਦਗੜ੍ਹ ਭਲੀ ਬਾਤ ਹੈ ਸੋਇ ॥ ੬੧ ॥ ੪੬੫ ॥

ਚੌਪਈ

ਸਤਿਗੁਰ ਕਹੀ ਸੁਨੋ ਬਿਧਿ ਸਾਈ ।
ਬੁਰਾ ਹੋਤ ਤੁਮਰੇ ਸਿਰ ਭਾਈ ।
ਯਉ ਸਬ ਸੇ ਤਉ ਹੱਦ ਲਿਖਵਾਏ ।
ਹੋਹੁ ਤਯਾਰ ਤਬੈ ਫ਼ੁਰਮਾਏ ॥ ੬੨ ॥ ੪੬੬ ॥
ਨਗਰ ਭਯੋ ਇਹ ਭਾਂਤਿ ਤਯਾਰ ।
ਬਾਂਧੇ ਬੋਝ ਲੀਜੈ ਸਿਰ ਭਾਰ ।
ਸਾਮਾਂ ਸਬਹੂੰ ਕੂਚ ਨਾ ਕੀਨੋ ।
ਆਪਨ ਬੋਝ ਆਪ ਸਿਰ ਲੀਨੋ ॥ ੬੩ ॥ ੪੬੭ ॥
ਸਾਮਾਂ ਕੂਚ ਸਾਹਿਬ ਨੇ ਕੀਨਾ ।
ਸਿੱਖਨ ਬਾਂਟ ਖਜਾਨਾ ਦੀਨਾ ।
ਸਬਨ ਪਾਂਚ ਹਥਿਆਰ ਬੰਧਾਏ ।
ਸਿੰਘ ਸੂਰ ਬਨਿ ਬਨਿ ਸਭਿ ਆਏ ॥ ੬੪ ॥ ੪੬੮ ॥

ਦੋਹਰਾ

ਔਰ ਵਸਤੁ ਜੇਤੀ ਹੁਤੀ ਦੀਨੀ ਸਬੈ ਜਲਾਇ ।
ਛੋਡਿ ਚਲੇ ਆਨੰਦਗੜ੍ਹ ਨਿਮਖ ਬਿਲਮ ਨਹੀ ਲਾਇ ॥ ੬੫ ॥ ੪੬੯ ॥

ਇਤਿ ਸ੍ਰੀ ਗੁਰ ਸੋਭਾ ਆਨੰਦਗੜ੍ਹ ਕਾ ਜੁਧ ਦੂਸਰਾ
ਯਾਰਵਾਂ ਧਿਆਇ ਸੰਪੂਰਨਮਸਤੁ ਸੁਭਮਸਤੁ ॥ ੧੧ ॥

## ਧਿਆਉ ਬਾਰੁਵਾਂ

# ਚਮਕੌਰ ਦਾ ਜੁੱਧ

### ਦੋਹਰਾ

ਸਤਿਗੁਰ ਕਿਰਪਾ ਤੇ ਕਹੌਂ ਧਿਆਵ ਬੀਰ ਸੰਗ੍ਰਾਮ ।
ਜਥਾ ਸਕ੍ਰਤਿ ਉਪਮਾ ਕਹੌਂ ਜੋਧਨ ਕੇ ਪਰਕਾਮ ॥ ੧ ॥ ੪੭੦ ॥
ਸ਼ਾਹੀ ਟਿੱਬੀ ਆਨਿ ਕੈ ਖੜੇ ਭਏ ਤਿਹ ਥਾਨ ।
ਰਾਜਾ ਅਰੁ ਤੁਰਕਾਨ ਸਬ ਨਿਕਟਿ ਪਹੂਚੇ ਆਨ ॥ ੨ ॥ ੪੭੧ ॥
ਉਦੇ ਸਿੰਘ ਲਲਕਾਰ ਕੈ ਖੁਸ਼ੀ ਕਰੀ ਕਰਤਾਰ ।
ਸਫਲ ਜਨਮੁ ਇਹ ਭਾਂਤ ਕਹਿ ਦੂਤਨ ਕਰੋ ਸੰਘਾਰ ॥ ੩ ॥ ੪੭੨ ॥
ਉਦੇ ਸਿੰਘ ਕੋ ਛੋਰ ਕੈ ਚਲ ਆਏ ਤਿਹ ਠਉਰ ।
ਬਾਗ ਦੇਖਿ ਬੈਠੇ ਤਹਾਂ ਨਿਕਟਿ ਗਾਂਵ ਚਮਕੌਰ ॥ ੪ ॥ ੪੭੩ ॥
ਖਬਰ ਸੁਨੀ ਜਿਮੀਦਾਰ ਨੇ ਮੱਧ ਬਸੇ ਚਮਕੌਰ ।
ਸੁਨਤ ਬਚਨ ਤਤਕਾਲ ਹੀ ਵਹੁ ਆਯੋ ਉਠਿ ਦਉਰ ॥ ੫ ॥ ੪੭੪ ॥
ਹਾਥ ਜੋਰਿ ਐਸੇ ਕਹਿਓ ਬਿਨਤੀ ਸੁਨੋ ਕਰਤਾਰ ।
ਬਸੋ ਮਧਿ ਚਮਕੌਰ ਕੈ ਆਪਨੀ ਕ੍ਰਿਪਾ ਧਾਰਿ ॥ ੬ ॥ ੪੭੫ ॥
ਤਬ ਸੁਆਰ ਸਾਹਿਬ ਭਏ ਛਾਡਿ ਬਾਗ ਕੀ ਠਉਰ ।
ਸਿੰਘ ਸਾਥ ਸਬਹੀ ਲੀਏ ਆਇ ਬਸੇ ਚਮਕਉਰ ॥ ੭ ॥ ੪੭੬ ॥
ਤਬ ਦੂਤਨ ਕੀਨੇ ਲਿਖੇ ਤੁਮ ਚਲਿ ਆਯੋ ਦਉਰ ।
ਸਿੰਘ ਰਹੇ ਹੈਂ ਆਨ ਕੈ ਨਿਕਟਿ ਗਾਂਵ ਚਮਕਉਰ ॥ ੮ ॥ ੪੭੭ ॥
ਠਉਰ ਠਉਰ ਕੀਨੇ ਲਿਖੇ ਐਸੇ ਦੂਤ ਗਾਵਾਰ ।
ਉਦੇ ਸਿੰਘ ਪੀਛੇ ਰਹਾ ਸੁਨਹੁ ਤਾਹਿ ਬੀਚਾਰ ॥ ੯ ॥ ੪੭੮ ॥
ਰਾਜਾ ਅਰ ਤੁਰਕਾਨ ਸਬ ਨਿਕਟਿ ਪਹੂਚੇ ਆਇ ।
ਉਦੇ ਸਿੰਘ ਤਿਨ ਮੈ ਪਰਿਓ ਨਿਖਮ ਬਿਲਮ ਨਹੀ ਲਾਇ ॥ ੧੦ ॥ ੪੭੯ ॥

### ਝੂਲਨਾ ਸਵੈਯਾ

ਦਉਰ ਕੈ ਧਾਇ ਜਬ ਜਾਇ ਰਨਿ ਮੈ ਪਰਿਓ ਭਲੇ ਅਸਵਾਰ ਰਨ ਮੈ ਪਛਾਰੇ ।
ਗਿਰੀ ਹੈ ਲੋਥ ਛੀਂਬੰ ਯੋ ਧਰੀ ਤਾਹਿ ਕੀ ਬਸਤ੍ਰ ਸੂਕੇ ਧਰੇ ਸਰ ਕਿਲਾਰੇ ।
ਸੋਨ ਕੇ ਰੰਗ ਮੈ ਲਾਲ ਹੁਇ ਭੁਇ ਪਰੇ ਮਨੋ ਰੰਗਰੇਜ਼ ਰੰਗ ਰੰਗ ਡਾਰੇ ।
ਪਉਨ ਪਰਵਾਹ ਇਹ ਭਾਂਤਿ ਭਾਰੀ ਬਹਿਓ ਗਿਰੇ ਹੈਂ ਰੂਖ ਐਸੇ ਅਪਾਰੇ ॥ ੧੧॥ ੪੮੦ ॥

ਦੋਹਰਾ

ਪਹਰ ਏਕ ਲੌ ਰਨ ਪਰਿਓ ਮਹਾਂ ਪ੍ਰਬਲ ਇਕ ਸਾਰ ।
ਉਦੇ ਸਿਘ ਜੂਝੇ ਤਬੈ ਸਤਿਗੁਰ ਸਰਨ ਬਿਚਾਰ ॥ ੧੨ ॥ ੪੮੧ ॥

ਸਵੈਯਾ

ਕੇਤੇ ਸਿਖ ਸਾਥ ਲੈ ਲੈ ਹਥਿਆਰ ਹਾਥ ਪਰੇ ਜਾਇ ਫਉਜਨ ਮੈ ਭਾਰੀ ਰਨ ਕਰਹੀ ।
ਕਿਨਹੂੰ ਤਲਵਾਰ ਕਿਨਹੀ ਲੀਨੀ ਬਰਛੀ ਸੰਭਾਰਿ ਮੁਖ ਤੇ ਕਹਿ ਮਾਰਿ ਮਾਰਿ ਧਾਇ ਧਾਇ ਪਰਹੀ ।
ਕੋਊ ਚਲਾਵੈ ਬਾਨ ਕਿਸ ਹੀ ਕਰ ਮੈ ਕਮਾਨ ਮਾਰਤ ਹੈ ਤੀਰ ਧੀਰ ਲਗੇ ਤੇਨ ਧਰਹੀ ।
ਐਸੀ ਕਰੀ ਹੈ ਮਾਰਿ ਨਾਹਨ ਕਛੁ ਵਾਰਿ ਪਾਰਿ ਲੋਥ ਕੇ ਕੀਏ ਪਹਾਰ ਐਸੇ ਸਿਘ ਲਰਹੀ ।
॥ ੧੩ ॥ ੪੮੨ ॥

ਦੋਹਰਾ

ਪਹਰ ਏਕ ਲੌ ਏ ਲਰੇ ਸਿਘ ਸਬੈ ਇਕ ਸਾਰ ।
ਲਰਤ ਲਰਤ ਜੂਝੇ ਸਬੈ ਸਤਿਗੁਰ ਸਰਨ ਬਿਚਾਰ ॥ ੧੪ ॥ ੪੮੩ ॥
ਤਾਹਿ ਸਮੈ ਦਲ ਦੇਖਿ ਕੈ ਹੋਇ ਰਹੈ ਹੈਰਾਨ ।
ਆਪ ਕਰਨ ਕਾਰਨ ਕਹਾ ਦੇਖਿ ਰਹੇ ਸਬ ਥਾਨ ॥ ੧੫ ॥ ੪੮੪ ॥
ਲਿਖੇ ਬਹੁਤ ਦਨਕੌਰ ਤੇ ਤਬੈ ਪਹੂਚੇ ਆਨ ।
ਕਰਿ ਸਾਮਾਂ ਫਿਰਿ ਜੁਧ ਕੀ ਸਬ ਪਹੂਚੇ ਤਿਹ ਥਾਨ ॥ ੧੬ ॥ ੪੮੫ ॥
ਠਉਰ ਠਉਰ ਧਰਿ ਮੋਰਚੇ ਤਬੈ ਪਹੂਚੇ ਆਇ ।
ਰਚੈ ਜੁਧ ਤਾਹੀ ਸਮੈ ਦਈ ਪਲੀਤੀ ਲਾਇ ॥ ੧੭ ॥ ੪੮੬ ॥
ਚਹੂ ਓਰ ਸਬ ਦਲ ਖਰੇ ਬੀਚ ਸਿਘ ਗੋਬਿੰਦ ।
ਤਾਹਿ ਸਮੈ ਛਬਿ ਯੋ ਕਹੋ ਜਿਉਂ ਤਾਰਨ ਮੈਂ ਚੰਦ ॥ ੧੮ ॥ ੪੮੭ ॥
ਗਿਰਦ ਆਇ ਸਬ ਦਲ ਖਰੈ ਖੇਤ ਖਾਰ ਜ੍ਹਿਉਂ ਹੋਇ ।
ਇਹ ਸਮਾਨ ਘੇਰਾ ਪਰੇ ਚਹੁ ਦਿਸ ਰਾਹ ਨ ਕੋਇ ॥ ੧੯ ॥ ੪੮੮ ॥

ਸਵੈਯਾ

ਮਾਠੋ ਘਟਾ ਉਮਡੀ ਚਹੂੰ ਓਰ ਤੇ ਯੋ ਓਮੜੇ ਦਲ ਦੂਤ ਕੇ ਆਈ ।
ਘੇਰਿ ਲਈ ਚਮਕਉਰ ਸਬੈ ਸੁ ਰਹਿਓ ਨਹੀਂ ਰਾਹ ਕਹੋ ਕਿਤ ਜਾਹੀ ।
ਚਾਰੋ ਦਿਸ਼ਾ ਦਲ ਆਨ ਪਰੇ ਤਹ ਦੇਖਤ ਸਿੰਘ ਉਠੇ ਭਭਕਾਹੀ ।
ਸਾਹਿਬ ਸਿਉਂ ਤਬ ਲੇਤ ਖੁਸ਼ੀ ਮਨ ਮੈ ਕਰਿ ਆਨੰਦ ਜੂਝਨ ਜਾਹੀ ॥ ੨੦ ॥ ੪੮੯ ॥
ਆਜ ਮੱਲ ਜੁਰ ਪਰੇ ਦਰ ਗੋਬਿੰਦ ਸਿਘ ਹੀ ਕੇ ਜੋ ਕਹੈ ਸਬ ਹੀ ।
ਕਰਿ ਮੈ ਗਹਿ ਵਾਰ ਜੁਝਾਰ ਬਡੇ ਰਨ ਮਾਹਿ ਪਰੇ ਨ ਰਹੇ ਤਬ ਹੀ ।
ਸਬ ਆਪਸ ਮੋ ਮਿਲਿ ਲੇਤ ਖੁਸ਼ੀ ਐਸੇ ਅਬ ਦਾਵ ਭਯੋ ਨ ਕਬਹੀ ।
ਸਬ ਅੰਤ ਕੀ ਬਾਰ ਸੰਭਾਰਿ ਪ੍ਰਭ ਕਰਹੈ ਇਵ ਸਾਰ ਲਰੈ ਜਬ ਹੀ ॥ ੨੧ ॥ ੪੯੦ ॥
ਗਰਜ ਕੈ ਸਿੰਘ ਸੋ ਜਾਇ ਰਣ ਮੈ ਪਰੇ ਕੀਉ ਹੈ ਲੋਹ ਐਸੇ ਬਤਾਏ ।
ਕਿਸੀ ਤਲਵਾਰ ਜਮਧਾਰ ਨੇਜ਼ਾ ਕਿਸੀ ਕਿਸੀ ਬੰਦੂਕ ਤੀਰੋਂ ਚਲਾਤੇ ।

ਸੂਰ ਸੰਭਾਰਿ ਹਥੀਆਰ ਪਾਂਚੋਂ ਕਰੇ ਮਾਰਿ ਹੀ ਮਾਰਿ ਜੋਧਾ ਗਿਰਾਏ ।
ਭਏ ਭੈਮਾਨ ਪੈ ਜਾਨਿ ਐਸੀ ਸਮੈ ਕਾਲ ਕੇ ਰੂਪ ਇਮ ਸਿੰਘ ਆਏ ॥ ੨੨ ॥ ੪੯੧ ॥

ਚੌਪਈ

ਦਉਰ ਦਉਰ ਫਉਜਨ ਮੈਂ ਪਰਹੀਂ ।
ਸਿੰਘ ਸਬੈ ਐਸੀ ਬਿਧਿ ਕਰਹੀਂ ।
ਬਜੇ ਸਾਰ ਸੋ ਸਾਰ ਅਪਾਰਾ ।
ਝੜ ਝੜਾਕ ਬਾਜੈ ਝੁਨਕਾਰਾ ॥ ੨੩ ॥ ੪੯੨ ॥
ਧੜ ਧੜਾਕ ਧਰਤੀ ਪਰ ਪਰਹੀ ।
ਜੂਝੇ ਸੂਰ ਬਹੁਤ ਤਹਿ ਮਰਹੀ ।
ਇਕ ਘਾਇਲ ਹ੍ਵੈ ਗਿਰੇ ਬਿਹਾਲਾ ।
ਏਕਨ ਆਪ ਤਜੈ ਤਤਕਾਲਾ ॥ ੨੪ ॥ ੪੯੩ ॥
ਇਕਿ ਭਾਜੇ ਫਿਰਿ ਨਿਕਟਿ ਨ ਆਵੈ ।
ਇਕ ਸਨਮੁਖਿ ਹ੍ਵੈ ਜੁਧ ਮਚਾਵੈ ।
ਲਰੈ ਸਿੰਘ ਇਹ ਭਾਂਤਿ ਅਪਾਰੇ ।
ਚੜ੍ਹੀ ਖੁਮਾਰ ਭਏ ਮਤਵਾਰੇ ॥ ੨੫ ॥ ੪੯੪ ॥
ਗੋਲੀ ਲਾਗੇ ਜਾਹਿ ਗਿਰੀਨੇ ।
ਬਸਤਰ ਲਾਲ ਅੰਗ ਸਬ ਕੀਨੇ ।
ਚਹੂ ਓਰ ਚਮਕੈ ਤਰਵਾਰੀ ।
ਛੁਟੈ ਤੀਰ ਕਛੂ ਵਾਰ ਨ ਪਾਰੀ ॥ ੨੬ ॥ ੪੯੫ ॥
ਗੋਲੀ ਲਾਗੈ ਜਾਹਿ ਦੂਸਾਰਾ ।
ਬਰਸੈ ਸੇਤ ਮੇਹਿ ਅਤਿ ਭਾਰਾ ।
ਜੂਝ ਸਿੰਘ ਸਬੈ ਇਕ ਸਾਰਾ ।
ਜਪੈ ਖਾਲਸਾ ਬਾਰੰਬਾਰਾ ॥ ੨੭ ॥ ੪੯੬ ॥

ਦੋਹਰਾ

ਤਾਹਿ ਸਮੈ ਕਾਰਨ ਕਰਨ ਲੀਨੋ ਸਿੰਘ[1] ਬੁਲਾਇ ।
ਕਹੀ ਸਿੰਘ ਰਣਜੀਤ ਸੋ ਦੂਤਨ ਦੇਹੁ ਸਜਾਇ ॥ ੨੮ ॥ ੪੯੭ ॥
ਬਿਨਉ ਕਰੀ ਕਰਿ ਜੋਰਿ ਕੈ ਖੁਸ਼ੀ ਕਰਉ ਕਰਤਾਰ ।
ਕਰਉ ਬੀਰ ਸੰਗ੍ਰਾਮ ਮੇ ਦੇਖਉ ਆਪਿ ਨਿਹਾਰਿ ॥ ੨੯ ॥ ੪੯੮ ॥

ਸਵੈਯਾ

ਭਈ ਆਸ ਵਾਜ ਅਬ ਜਾਹ ਰਣਜੀਤ ਸਿੰਘ ਤੁਮ ਕਰਹੁ ਸੰਗ੍ਰਾਮ ਦੂਤਨ ਸੰਘਾਰੋ ।
ਖੁਸ਼ੀ ਤਾਹੀ ਸਮੈ ਲਈ ਗੁਰਦੇਵ ਸੋ ਆਨ ਰਨ ਮਾਹਿ ਦਲ ਕੋ ਨਿਹਾਰੋ ।

[1]ਸਾਹਿਬ ਅਜੀਤ ਸਿੰਘ ਜੀ ।

ਕਰੀ ਆਵਾਜ਼ ਅਬ ਆਉ ਅਰਮਾਨ ਜਿਹ ਸਕਲ ਦਲ ਦੇਖ ਦਉਰ ਅਪਾਰੇ ।
ਘੇਰਿ ਚਹੂੰ ਦਿਸ ਲੀਉ ਆਇ ਤੁਰਕਾਨ ਨੇ ਕਰਤ ਸੰਗ੍ਰਾਮ ਰਣਜੀਤ ਭਾਰੇ ॥ ੩੦ ॥ ੪੯੯ ॥

ਛਪੈ ਛੰਦ

ਤਾ ਦਿਨ ਗਡਹੁ ਰਣ ਖੰਭ ਸਿੰਘ ਰਣਜੀਤ ਧਰਤ ਪਰ ।
ਧਰਤ ਲਰਜ਼ ਉਠੀ ਧੂਰ ਭਾਨ ਛਿਪ ਗਯੋ ਆਪ ਘਰ ।
ਪਵਨ ਮੰਦ ਹੁਇ ਰਹੀ ਰੈਨਿ ਭਈ ਦਿਵਸ ਛਪਾਨ ।
ਲਰਜ਼ੇ ਸਕਲ ਅਕਾਸ ਤੱਪ ਛੂਟੀ ਪਰ ਮਾਨੋ ।
ਬਜਿਓ ਨਿਸ਼ਾਨ ਤਿਹੁ ਲੋਕ ਮੈ ਸੁਨਿ ਦੇਵਨ ਮਨ ਧਉ ਭਯੋ ।
ਚੜ੍ਹਿ ਚੜ੍ਹਿ ਬਿਬਾਨ ਦੇਖਨ ਚਲੇ ਸੁ ਸੰਕਰ ਸਮੇਤਿ ਨਹੀਂ ਕੋ ਰਹਿਓ ॥ ੩੧ ॥ ੫੦੦ ॥

ਦੋਹਰਾ

ਤਹਾਂ ਆਨ ਜੋਗਨਿ ਖਰੀ ਨਾਰਦ ਵਾਵੈ ਤੂਰ ।
ਜੀਤ ਸਿੰਘ ਰਣ ਮੈ ਮੰਡਿਓ ਹੋਤ ਪਤ੍ਰ ਭਰਪੂਰਿ ॥ ੩੨ ॥ ੫੦੧ ॥
ਚਹੂੰ ਓਰ ਦਲ ਦੇਖਿ ਕੇ ਕਰ ਮੈ ਗਹੀ ਕਮਾਨ ।
ਇਹ ਬਿਧਿ ਚਲਤ ਅਪਾਰ ਸਰ ਸਾਵਨ ਮੇਹ ਸਮਾਨ ॥ ੩੩ ॥ ੫੦੨ ॥
ਜਿਰ ਸਰ ਲਾਗਤ ਜਾਇ ਕੈ ਰਹਤ ਨਾਹਿ ਅਰੁਮਾਨ ।
ਮਾਨਹੁ ਮੰਡਪ ਖੱਖਰੋ ਗਿਰ ਗਿਰ ਪਰਤ ਪਠਾਨ ॥ ੩੪ ॥ ੫੦੩ ॥

ਛਪੈ ਛੰਦ

ਕਰ ਮੈ ਗਹੈ ਕਮਾਨ ਜੁਧ ਕੀਨੋ ਆਸਰਾ ਸਰ ।
ਜਿਹ ਉਰ ਮਾਰਤ ਤੀਰ ਫੋਰ ਬਖਤ੍ਰ ਸੁ ਜਾਤ ਸਰ ।
ਲਗੈ ਤਾਹਿ ਕੋ ਆਨ ਮਾਨ ਕਰ ਰਹਤ ਸਹਿ ਕਰ ।
ਭੂਲਤ ਹੈ ਘਰ ਬਾਰ ਸਬੈ ਸੁਧ ਜਾਤ ਬਿਸਰ ਕਰ ।
ਮਾਰੇ ਪਠਾਨ ਇਹ ਭਾਂਤਿ ਕਰ ਜੀਤ ਸਿੰਘ ਤਿਨ ਮੈ ਪਰੋ ।
ਕਰ ਸੋਂ ਕਮਾਨ ਤਜਿ ਸਾਂਗ ਗਹਿ ਸੁ ਕੋਤੇ ਹਥਿਆਰਨ ਲਰੋ ॥ ੩੫ ॥ ੫੦੪ ॥

ਦੋਹਰਾ

ਦੋਰਿਓ ਦਲ ਮੈ ਧਾਇ ਕੈ ਲੈ ਕਰ ਸਾਂਗ ਬਨਾਇ ।
ਮਾਰਤ ਜਿਹ ਅਸਵਾਰ ਕੋ ਛਿਨ ਮੈ ਦੇਤ ਗਿਰਾਇ ॥ ੩੬ ॥ ੫੦੫ ॥

ਸਵੈਯਾ

ਚਲੇ ਰਣਜੀਤ ਜਬ ਜਾਇ ਰਣ ਮੈ ਪਰੋ ਕੀਓ ਸੰਗ੍ਰਾਮ ਐਸੇ ਅਪਾਰੇ ।
ਲੋਥ ਪਰ ਲੋਥ ਤਹ ਡਾਰਿ ਕੇਤੀ ਦਈ ਭਭਕ ਕਰਿ ਰਕਤ ਹੁਇ ਚਲੇ ਨਾਰੇ ।
ਲੀਏ ਕਰਿ ਸਾਂਗ ਤਿਹ ਆਂਗ ਪਰ ਧਰਤਿ ਹੈ ਤਬੈ ਤਤਕਾਰ ਤਿਹ ਠਉਰ ਮਾਰੇ ।
ਭੁਜਨ ਪੈ ਜੋਰ ਕਰਿ ਲੇਤ ਉਠਾਇ ਕੈ ਸਬਨ ਦਿਖਲਾਇ ਭੁਇ ਮਾਹਿ ਡਾਰੇ ॥ ੩੭ ॥ ੫੦੬ ॥

ਦੋਹਰਾ

ਲੇਤ ਪਰੋਇ ਪਠਾਨ ਕੋ ਸਬਹਨ ਸਾਂਗ ਦਿਖਲਾਇ ।
ਦੇਖਤ ਹੀ ਸਬ ਕਰਤ ਹੈ ਅਰੇ ਖ਼ੁਦਾਇ ਖ਼ੁਦਾਇ ॥ ੩੮ ॥ ੫੦੭ ॥

ਸਵੈਯਾ

ਭਾਂਤਿ ਇਹ ਜੁਧ ਰਣਜੀਤ ਭਾਰੀ ਕੀਓ ਸਭੈ ਦਲ ਵਾਹਿ ਵਾਹਿ ਕਹਿ ਪੁਕਾਰੇ ।
ਤਹਾਂ ਮਾਰ ਸਾਂਗਨ ਧਰੀ ਸਿੰਘ ਐਸੀ ਕਰੀ ਲੋਥ ਪਰ ਲੋਥ ਕੀਨੇ ਕਿਨਾਰੇ ।
ਰਕਤ ਦਰੀਆਉ ਹੁਇ ਚਲੋ ਤਿਹ ਮਧ ਤੇ ਬਹਿਓ ਪਰਵਾਹਿ ਨਹੀ ਵਾਰ ਪਾਰੇ ।
ਅਸ੍ਰ ਪੈਰਤ ਫਿਰੇ ਸੂਰ ਐਸੀ ਕਰੈ ਆਪਨੇ ਹਾਥ ਦਲ ਧਉ ਸੰਘਾਰੇ ॥ ੩੯ ॥ ੫੦੮॥

ਦੋਹਰਾ

ਕਰਤ ਮਾਰ ਚਾਰੋ ਦਿਸਾ ਜੀਤ ਸਿੰਘ ਅਸਵਾਰ ।
ਸਾਂਗ ਤਜੀ ਕਰਤੇ ਤਬੈ ਗਹ ਲੀਨੀ ਤਰਵਾਰ ॥ ੪੦ ॥ ੫੦੯ ॥

ਸਵੈਯਾ

ਟੂਟ ਕੈ ਸਾਂਗ ਦੁਇ ਟੂਕ ਹੁਇ ਭੁਇ ਪਰੀ ਗਹੀ ਤਰਵਾਰ ਦਲ ਬਹੁਤ ਮਾਰੇ ।
ਏਕ ਕੇ ਸੀਸ ਧਰਿ ਦੁਇ ਟੁਕਰੇ ਕਰੇ ਦੁਇ ਕੇ ਸੀਸ ਧਰਿ ਕਰਤ ਚਾਰੇ ।
ਭਾਂਤ ਇਹ ਪੂਰ ਪਰਵਾਰ ਦੀਨੇ ਕਈ ਰਕਤ ਦਰੀਆਉ ਮੈ ਪਰੇ ਸਾਰੇ ।
ਗਿਰੇ ਬਿਕਰਾਲ ਬੇਹਾਲ ਸੁਧ ਕਛੁ ਨਹੀ ਪਰੇ ਰਣ ਮਾਹਿ ਸਬ ਕਛੁ ਬਿਸਾਰੇ ॥ ੪੧ ॥ ੫੧੦ ॥

ਦੋਹਰਾ

ਬਹੁਤ ਜੁਧ ਭਾਰੀ ਭਯੋ ਨਿਕਟਿ ਗਾਂਵ ਚਮਕਉਰ ।
ਜਿਹਕੋ ਮਾਰਤ ਵਾਰ ਗਹਿ ਤੇ ਰਾਖਤ ਹੈ ਠਉਰ ॥ ੪੨ ॥ ੫੧੧ ॥
ਕੀਉ ਜੁਧ ਇਹ ਭਾਂਤ ਕਰਿ ਬਲੀ ਸਿੰਘ ਰਣਜੀਤ ।
ਬਡੇ ਸੂਰਮਾ ਜੇ ਹੁਤੇ ਚੁਨ ਮਾਰੇ ਇਹ ਰੀਤ ॥ ੪੩ ॥ ੫੧੨ ॥

ਸਵੈਯਾ

ਲਰਤ ਰਣਜੀਤ ਤਿਹ ਠੌਰ ਐਸਾ ਕੀਓ ਕਈ ਦਲ ਮਥਨ ਕੈ ਮਾਰਿ ਡਾਰੇ ।
ਲਈ ਤਰਵਾਰ ਅਰ ਵਾਰ ਐਸੇ ਕਰੇ ਕਰੈ ਦੁਇ ਟੂਕ ਭੁਇ ਮਾਹ ਡਾਰੇ ।
ਸ੍ਰੋਨ ਭਾਰੀ ਬਹਿਯੋ ਉਮਗ ਦਰੀਆਉ ਜੋ ਪਰੀ ਹੈ ਲੋਥ ਮਾਨੋ ਕਿਨਾਰੇ ।
ਅਸ੍ਰ ਪੈਰਤ ਫਿਰੈ ਸੂਰ ਐਸੀ ਕਰੈ ਕੀਉ ਸੰਗ੍ਰਾਮ ਐਸੇ ਅਪਾਰੇ ॥ ੪੪ ॥ ੫੧੩ ॥

ਦੋਹਰਾ

ਲਰਤ ਸੂਰ ਸੰਗ੍ਰਾਮ ਮੈਂ ਕਰਿ ਲੀਨੈ ਤਰਵਾਰ ।
ਬਡੇ ਸੂਰ ਮਾਰੇ ਤਹਾਂ ਫਉਜਨ ਕੇ ਸਿਰਦਾਰ ॥ ੪੫ ॥ ੫੧੪ ॥

ਦੋਹਰਾ

ਤਬ ਸਬ ਕਟਕ ਇਕਤ੍ਰ ਹੋਇ ਪਰੇ ਚਹੂੰ ਦਿਸ ਧਾਇ ।
ਕਰ ਮੈ ਗਹਿ ਕਰ ਵਾਰ ਸਬ ਨਿਕਟਿ ਪਹੁਚੇ ਆਇ ॥ ੪੬ ॥ ੫੧੫ ॥

ਜਵੈਯਾ

ਦੇਖਿ ਤਬੈ ਬਿਧਿ ਐਸੀ ਭਈ ਰੁਤਿ ਫਾਗਨ ਜੋ ਮਾਨੋ ਖੇਲਨ ਆਯੋ ।
ਲਾਗਤਿ ਸਾਂਗਨ ਤੇਗਨਿ ਤੀਰ ਤੁਫੰਗਨ ਸ੍ਰੋਨ ਚਲਿਯੋ ਭਭਕਾਯੋ ।
ਤ ਹਿ ਸਮੇ ਛਬਿ ਐਸੀ ਭਈ ਮਾਨੋ ਲਾਲ ਗੁਲਾਲ ਕੋ ਰੰਗ ਬਨਾਯੋ ।
ਬਾਗੋ ਬਨੋ ਜਿਹ ਕੇ ਗਲ ਲਾਲ ਮਾਨੋ ਰੰਗਰੇਜ ਅਬੈ ਰੰਗ ਲਿਆਯੋ ॥ ੪੭ ॥ ੫੧੬ ॥

ਦੋਹਰਾ

ਤਨ ਝਾਰੀ ਕਰ ਸੂਰਮਾ ਸ੍ਰੋਨ ਰੰਗ ਭਰਿ ਲੀਨ ।
ਛਿਰਕ ਛਿਰਕ ਤਨ ਰੰਗਿਓ ਫਾਗਨ ਕੀ ਰੁਤ ਕੀਨ ॥ ੪੮ ॥ ੫੧੭ ॥

ਸਵੈਯਾ

ਆਨ ਜੋਗਨ ਖਰੀ ਲੀਏ ਪਤ੍ਰ ਅਰੀ ਕਰੋ ਭਰਪੂਰ ਰਣਜੀਤ ਪਿਆਰੇ ।
ਤੁਮ ਬਿਨਾ ਕੌਨ ਯਹ ਪਤ੍ਰ ਪੂਰਾ ਭਰੇ ਕਉਨ ਸੰਗ੍ਰਾਮ ਯਉਂ ਕਰੇ ਭਾਰੇ ।
ਗਿਧ ਮੰਡਲਾਤ ਅਰ ਨਾਚ ਨਾਰਦ ਕਰੈ ਸੂਰ ਅਨਗਿਨਤ ਤਹਾਂ ਠਉਰ ਮਾਰੇ ।
ਜੁਧ ਭਾਰੀ ਭਯੋ ਮਧਿ ਚਮਕਉਰ ਕੇ ਕੀਓ ਸੰਗ੍ਰਮ ਐਸੇ ਅਪਾਰੇ ॥ ੪੯ ॥ ੫੧੮ ॥

ਦੋਹਰਾ

ਲਗੀ ਕਾਰ ਅਸਵਾਰ ਕੈ ਕੀਨੋ ਕਾਮ ਅਪਾਰ ।
ਪੀਓ ਪਿਆਲਾ ਪ੍ਰੇਮ ਕਾ ਮਗਨ ਭਯੋ ਅਸਵਾਰ ॥ ੫੦ ॥ ੫੧੯ ॥
ਤਾਂਹਿ ਸਮੈ ਐਸੇ ਕਹਿਓ ਗੋਬਿੰਦ ਸਰਨ ਬੀਚਾਰ ।
ਆਜ ਖ਼ਾਸ ਭਏ ਖ਼ਾਲਸਾ ਸਤਿਗੁਰ ਕੇ ਦਰਬਾਰ ॥ ੫੧ ॥ ੫੨੦ ॥

ਸਵੈਯਾ

ਰਾਸ ਰਚੈ ਬਨ ਮੇ ਹਰਿ ਜੀ ਛਬਿ ਤਾਂ ਦਿਨ ਤਾਂਹੀ ਕੀਯੋ ਰਣ ਪਾਯੋ ।
ਬਾਜਤ ਸਾਰ ਸੋ ਸਾਰ ਅਪਾਰ ਕਰੈ ਝੁਨਕਾਰ ਸੁ ਯੌ ਧੁਨ ਲਾਯੋ ।
ਸੂਰ ਸਬੈ ਮਿਲਿ ਖੇਲਤ ਫਾਗਨ ਦੇਖਤ ਰਾਸ ਉਨੀਂਦੇ ਹੀ ਆਯੋ ।
ਲਾਲ ਨਿਹਾਲੀ ਕੀ ਸੇਜ ਕੀਏ ਧਰ ਸੋਵਤ ਸੂਰ ਪਲੰਘ ਬਿਛਾਯੋ ॥ ੫੨ ॥ ੫੨੧ ॥

ਦੋਹਰਾ

ਹਿਤ ਚਿਤ ਕੈ ਤਾਹੀਂ ਸਮੈ ਚਰਨ ਕਵਲ ਸੋ ਧਿਆਨ ।
ਵਾਹਿਗੁਰੂ ਮੁਖ ਤੇ ਕਹਿਓ ਸਮੈ ਅੰਤ ਕੀ ਜਾਨ ॥ ੫੩ ॥ ੫੨੨ ॥

ਸਵੈਯਾ

ਦੇਖਨ ਕੋ ਬਿਧਿ ਯੋਂ ਹੀ ਭਈ ਪ੍ਰਭ ਕੀ ਗਤਿ ਕੀ ਕੋਊ ਕਾ ਮਿਤਿ ਜਾਨੈ ।
ਜੂਝ ਪਰੇ ਕਿ ਗਏ ਕਿਤਹੂੰ ਦਿਸ ਦੇਖਿ ਰਹੈ ਕਿਨਹੂੰ ਨ ਪਛਾਨੈ ।
ਲੋਥਨ ਮੈ ਨਹੀਂ ਲੋਥ ਪਰੀ ਨਿਕਸੇ ਕਿਤਹੂੰ ਕਿਨਹੂੰ ਨਹੀ ਮਾਨੈ ।
ਏਕ ਬਿਚਾਰ ਬਿਚਾਰ ਕੀਓ ਕੋਊ ਤਾ ਕੋ ਬਿਚਾਰ ਬਿਚਾਰ ਨ ਆਨੈ ॥ ੫੪ ॥ ੫੨੩ ॥

ਦੋਹਰਾ

ਜਬ ਦੇਖਿਓ ਜੁਝਾਰ ਸਿੰਘ ਸਮਾ ਪਹੂਚਿਓ ਆਨ ।
ਦੋਰਿਓ ਦਲ ਮੈ ਧਾਇ ਕੈ ਕਰ ਮੈ ਗਹੀ ਕਮਾਨ ॥ ੫੫ ॥ ੫੨੪ ॥

ਸਵੈਯਾ

ਦਲ ਮੇ ਜੁ ਧਸਿਓ ਬਲਵੰਤ ਬਲੀ ਇਹ ਭਾਂਤ ਸੋ ਤੀਰ ਚਲਾਵਤ ਹੈ ।
ਜਿਹ ਕੇ ਉਰ ਮਾਰਤ ਦੇਤ ਗਿਰਾਇ ਪਰੇ ਰਨ ਮੇ ਬਿਲਲਾਵਤ ਹੈ ।
ਗਿਰੀ ਲੋਥ ਪੈ ਲੋਥ ਅਪਾਰ ਤਹਾਂ ਖਰੀ ਜੋਗਨ ਪਤ੍ਰ ਪੂਰਾਵਤ ਹੈ ।
ਇਹ ਭਾਂਤਿ ਜੁਝਾਰ ਕਰੈ ਰਨ ਮਾਰ ਸੁਯੋ ਰਣ ਮੈ ਰਣ ਪਾਵਤ ਹੈ ॥ ੫੬ ॥ ੫੨੫ ॥

ਛਪੈ ਛੰਦ

ਕਰ ਮੈ ਰਹੇ ਕਮਾਨ ਤੀਰ ਇਹ ਭਾਂਤ ਚਲਾਵੈ ।
ਜਿਹ ਉਰ ਮਾਰਤ ਧਾਇ ਜਾਤਿ ਬਿਧਿ ਬਿਲਮ ਨ ਲਾਵੈ ।
ਨਿਕਸੈ ਜਾਇ ਦੁਸਾਰ ਗਿਰੇ ਅਸਵਾਰ ਅੰਤ ਤਹਿ ।
ਛਿਨ ਮੈ ਤਜੇ ਪਰਾਨ ਤੀਰ ਲਾਗੰਤ ਜਾਇ ਜਿਹ ।
ਮਾਰੇ ਪਠਾਨ ਇਹ ਭਾਂਤ ਕਹਿ ਚਹੂ ਓਰ ਲੋਟੈ ਪਰੈ ।
ਨਾ ਹਨ ਸੁਮਾਰ ਏਤੇ ਅਪਾਰ ਐਸੇ ਜੁਝਾਰ ਤਿਨ ਮੈ ਲਰੇ ॥ ੫੭ ॥ ੫੨੬ ॥

ਦੋਹਰਾ

ਚਹੂ ਓਰ ਦਲ ਦੇਖ ਕੈ ਨਿਕਟਿ ਪਹੂਚੇ ਆਇ ।
ਤਬ ਨੇਜ਼ਾ ਕਰ ਮੈ ਲੀਓ ਨਿਮਖ ਬਿਲਮ ਨਹੀ ਲਾਇ ॥ ੫੮ ॥ ੫੨੭ ॥

ਕਬਿਤ

ਐਸੇ ਹੀ ਚਲਿਓ ਜਬ ਬਰਛੀ ਫਿਰਾਵੈ ਹਾਥ
ਲੇਤ ਹੈ ਪਰੋਇ ਮਾਨੋ ਫੂਲ ਪੋਈਅਤ ਹੈ ।
ਗੂੰਦਬੇ ਕੋ ਹਾਰ ਡਾਰ ਡਾਰ ਡਾਰੀ ਘਨ ਸਾਰ
ਪਉਨ ਪਰਵਾਹ ਬਹਿਓ ਐਸੋ ਜੋਈਅਤ ਹੈ ।
ਬਰਛਾ ਲਗਾਵੈ ਜਾਇ ਲੇਤ ਹੈ ਪਰੋਇ ਤਾਹਿ
ਸਬਨ ਦਿਖਲਾਇ ਡਾਰਯਉ ਬਿਰੋਈਅਤ ਹੈ ।
ਸ੍ਰੋਨ ਕੋ ਅਗੰਮ ਨੀਰ ਦੇਖ ਕੈ ਨ ਰਹੈ ਧੀਰ
ਤਾਹੀ ਮੈ ਲੋਥ ਡਾਰ ਯੋ ਡਬੋਈਅਤ ਹੈ ॥ ੫੯ ॥ ੫੨੮ ॥

ਸਵੈਯਾ

ਯਾ ਬਿਧਿ ਸੋ ਲਰਹੈ ਤਹ ਸੂਰਮਾ ਕੇਤਕ ਮਾਰਿ ਲਏ ਛਿਨ ਮਾਹੀ ।
ਡਾਰ ਸੁਆਰ ਬਿਥਾਰ ਘਨੇ ਤਿਹ ਦੇਖਤ ਭਾਜਿ ਪਰੇ ਹਟ ਜਾਹੀ ।
ਮਾਰ ਹੀ ਮਾਰ ਪੁਕਾਰਤ ਹੈ ਸਬ ਤੀਰ ਤੁਫੰਗਨ ਚੋਟ ਚਲਾਹੀ ।
ਯਾ ਬਿਧਿ ਦੇਖਿ ਗਹੀ ਕਰਿ ਤੇਗ ਸੁ ਸਿੰਘ ਪਰੇ ਰਣ ਮੈ ਭੜਕਾਹੀ ॥ ੬੦ ॥ ੫੨੯ ॥
ਕਰਤ ਸੰਗ੍ਰਾਮ ਜੋ ਜਾਇ ਰਣ ਮੈ ਪਰੇ ਅਰੇ ਇਹ ਭਾਂਤ ਨਹਿ ਟਰਤ ਸੂਰਾ ।
ਲੀਏ ਤਰਵਾਰ ਅਰ ਵਾਰ ਐਸੇ ਕਰੇ ਏਕ ਦੇ ਦੋਇ ਕਰਿ ਕਰਤ ਪੂਰਾ ।
ਲੋਥ ਪਰ ਲੋਥ ਡਾਰ ਕੇਤੀ ਦਈ ਪਉਨ ਪਰਵਾਹ ਚਲ ਪਰਤ ਕੂਰਾ ।
ਮਾਰ ਤੇਗਨ ਧਰੀ ਸਿੰਘ ਐਸੀ ਕਰੀ ਲਰਤ ਜੁਝਾਰ ਬਾਜੰਤ ਤੂਰਾ ॥ ੬੧ ॥ ੫੩੦ ॥

ਸਵੈਯਾ

ਦਲ ਮੈ ਜੁ ਧਸਿਓ ਕਰ ਮੈ ਗਹਿ ਤੇਗ ਕਰੀ ਬਿਧਿ ਯੋ ਮਿਲਿ ਸੂਰਨ ਸੰਗੇ ।
ਹਾਥ ਸੋ ਵਾਰ ਗਹੇ ਜਿਨ ਕੇ ਤਿਨ ਕੇ ਸਿਰ ਦੇਤ ਹੈ ਤੇਗਨ ਸੰਗੇ ।
ਯਾ ਬਿਧ ਸੋਂ ਰਨ ਡਾਰਤ ਹੈ ਮਿਲ ਕੈ ਸਬ ਸੂਰ ਗਏ ਤਿਹ ਸੰਗੇ ।
ਦੇਖਿ ਜੁਝਾਰ ਰਹਿਓ ਤਬ ਹੀ ਅਬ ਕਉਨ ਉਪਾਵ ਕਰੋ ਪ੍ਰਭ ਮੰਗੇ ॥ ੬੨ ॥ ੫੩੧ ॥

ਜੋਰ ਜੁਰਾਵਰ ਸਿੰਘ ਚੜੇ ਰਨ ਮੈ ਜੁ ਪਰੇ ਤਿਹ ਐਸੇ ਕਰੇ ਹੈ ।
ਏਕ ਸੇ ਏਕ ਕੋ ਦੋਇ ਕਰੇ ਦੁਇ ਚਾਰ ਕਰੈ ਦਲ ਐਸੇ ਦਰੇ ਹੈ ।
ਇਤ ਤੇ ਉਤ ਜਾਇ ਫਿਰੈ ਉਤ ਤੇ ਫਿਰਿ ਮਧਿ ਪਰੈ ਨਹ ਨੈਕ ਡਰੇ ਹੈ ।
ਸਾਂਗਨ ਨੇਜਨ ਤੀਰਨ ਤੇਗਨ ਸੂਰਨ ਕੇ ਸੰਗ ਐਸੇ ਲਰੇ ਹੈ ॥ ੬੩ ॥ ੫੩੨ ॥

ਕਬਿਤ

ਖੈਚਤ ਖੜਗ ਜਦ ਮਾਰਤ ਸੜਕ
ਗਿਰ ਪਰਤ ਤੜਕ ਅਸਵਾਰ ਆਗੇ ਤਾਹੀ ਕੇ ।
ਗਿਰਤ ਬਿਹਾਲ ਬਿਕਰਾਲ ਸੁਧ ਨਾਹੀ ਕਛੁ
ਲੋਟਤ ਧਰਤ ਜੋ ਕਪੋਤ ਸੁਤ ਤਾਹੀ ਕੇ ।
ਐਸੇ ਮਾਰੇ ਅਸਵਾਰ ਏਕ ਏਕ ਝਾਰ ਝਾਰ
ਮਾਨੋ ਕੇ ਬੇਗ ਬਿਆਰ ਪਤਿ ਬਿਰਖਾਹੀ ਕੇ ।
ਕੋਨ ਹੈ ਕਹੈ ਬਿਚਾਰ ਨਾਹੀ ਕਛੁ ਪਾਰਾਵਾਰ
ਜੁਰਾਵਰ ਸਿੰਘ ਦਲ ਮਾਰੇ ਰਾਈ ਰਾਈ ਕੇ ॥ ੬੪ ॥ ੫੩੩ ॥

ਦੋਹਰਾ

ਪਟਕ ਪੁਟਕ ਕੈ ਤ੍ਰਟਕ ਕੋ ਝਟਕ ਨਿਕਸਿ ਗਯੋ ਪਾਰ ।
ਜੋਰਾਵਰ ਪ੍ਰਭ ਜ਼ੋਰ ਕਰਿ ਰਾਖ ਲੀਓ ਕਰਤਾਰ ॥ ੬੫ ॥ ੫੩੪ ॥
ਸੰਤ ਸਿੰਘ ਤਾਹੀ ਸਮੈ ਗਹਿ ਲੀਨੀ ਤਰਵਾਰ ।
ਦੋਰਿਓ ਦਲ ਮੈ ਧਾਇ ਕੇ ਫੇਰ ਨ ਐਸੀ ਬਾਰ ॥ ੬੬ ॥ ੫੩੫ ॥

ਕਬਿਤ

ਐਸੇ ਲਲਕਾਰਤ ਹੈ ਪਾਸ ਤ ਪਚਾਰਤ ਹੈ
ਸੂਰਨ ਕੋ ਮਾਰਤ ਹੈ ਡਾਰਤ ਹੈ ਰਨ ਮੇ ।
ਤੀਖੀ ਤਰਵਾਰ ਸਿੰਘ ਤਾਹੀ ਸੋ ਕਰੈ ਜੁ ਵਾਰ
ਚਮਕੈ ਯਾ ਭਾਂਤਿ ਮਾਨੋ ਦਾਮਨਿ ਜੋ ਘਨ ਮੇ ।
ਤੀਰਨ ਸੋ ਭਯੋ ਮੇਹ ਲਗੇ ਉਰ ਭਿਜੀ ਦੇਹ
ਲਾਗ ਰਹੇ ਯਾਹੀ ਬਿਧੀ ਰੋਮਨ ਜੋ ਤਨ ਮੇ ।
ਐਸੀ ਭਈ ਹੈ ਮਾਰਿ ਨਾਹਨ ਕਛੁ ਪਾਰਾਵਾਰ
ਮਾਨੋ ਆਜ ਫੂਲ ਡੋਲ ਖੇਲ ਚਲੇ ਬਨ ਮੇ ॥ ੬੭ ॥ ੫੩੬ ॥

ਸਵੈਯਾ

ਪਰੇ ਜੋ ਜਾਇ ਖੁਨਸਾਇ ਤਾਹੀ ਸਮੇ ਕੀਓ ਸੰਗ੍ਰਾਮ ਐਸੇ ਅਪਾਰੇ ।
ਤੇਗ ਸੰਭਾਰ ਕੈ ਦੇਤ ਅਸਵ ਰ ਕੈ ਕਰੈ ਦੋ ਟੂਕ ਭੁਇ ਮਾਹਿ ਡਾਰੇ ।
ਝਾਰਿ ਕੈ ਸਵਾਰ ਤੇ ਜੀਨ ਆਲੀ ਕੀਏ ਸੂਰ ਅਨੇਕ ਤਿਹ ਠਉਰ ਮਾਰੇ ।
ਬਹੁਤੁ ਘਾਇਲ ਭਯੋ ਸ੍ਰੋਨ ਤਨ ਤੇ ਗਯੋ ਜੂਝ ਕੈ ਖੇਤ ਮੈ ਯੋ ਬਿਚਾਰੇ ॥ ੬੮ ॥ ੫੩੭ ॥

ਦੋਹਰਾ

ਕਹੈ ਖਾਲਸਾ ਖਾਲਸਾ ਦੂਸਰ ਅਉਰ ਨ ਆਸ ।
ਵਾਹਗੁਰੂ ਮੁਖ ਤੇ ਕਹਿਓ ਸੰਤ ਸਿਘ ਤਜੇ ਮਾਸ ॥ ੬੯ ॥ ੫੩੮ ॥
ਬਹੁਤ ਸੂਰ ਜੂਝੇ ਤਹਾਂ ਜੋਧਾ ਬਡੇ ਅਪਾਰ ।
ਗਹਿ ਕਮਾਨ ਤਾਹੀ ਸਮੇ ਭਏ ਆਪ ਅਸਵਾਰ ॥ ੭੦ ॥ ੫੩੯ ॥

ਸਵੈਯਾ

ਤਬ ਹੀ ਗਹਿ ਬਾਨ ਕਮਾਨ ਗਹੀ ਕਰ ਮੈ ਸਜਿ ਕੈ ਦਲ ਕੋ ਉਠਿ ਧਾਏ ।
ਮਾਰਤ ਤੀਰ ਬਿਲੰਮੁ ਨਹੀ ਕਛੁ ਚੋਟ ਪੈ ਚੋਟ ਕਰੈ ਧੁਨਿ ਲਾਏ ।
ਤਾਹਿ ਸਮੈ ਪ੍ਰਭ ਕੌਤਕ ਕੈ ਇਕ ਦੂਤ ਨੇ ਚੋਟ ਕਰੀ ਖੁਨਸਾਇ ।
ਯੋ ਪ੍ਰਭ ਜੀ ਕਰਨੀ ਇਵ ਹੀ ਇਕ ਉਂਗਲ ਪੋਰ ਗਹੀ ਤਿਹ ਠਾਏ ॥ ੭੧ ॥ ੫੪੦ ॥

ਦੋਹਰਾ

ਪ੍ਰਭੂ ਰਚਨਾ ਐਸੀ ਭਈ ਚਲੇ ਅਵਰ ਦਿਸ ਧਾਇ ।
ਪੈ ਕਿਨਹੂ ਪੇਖਿਓ ਨਹੀ ਇਮ ਪ੍ਰਭ ਭਏ ਸਹਾਇ ॥ ੭੨ ॥ ੫੪੧ ॥

ਸਵੈਯਾ

ਜੋ ਦਲ ਮੈ ਦਲ ਬਾਕੀ ਰਹੇ ਮਿਲਿ ਕੇ ਸਬ ਹੀ ਚਮਕੌਰ ਪੈ ਧਾਏ ।
ਸਾਹਿਬਜ਼ਾਦੇ ਲੀਏ ਗਹਿ ਕੈ ਮਿਲਿ ਕੈ ਸਬ ਸੀਰੰਦ ਲਾਏ[1] ।
ਭਾਰੀ ਜਬਾਬ ਜੁਝਾਰ ਦਏ ਸੁਨਿ ਕੈ ਸਬ ਦੂਤਨ ਅੰਗ ਪਿਰਾਏ ।
ਯੋ ਪ੍ਰਭ ਕੋ ਕਰਨੀ ਤਬ ਹੀ ਦੋਊ ਜੂਝਤ ਹੀ ਪ੍ਰਭ ਲੋਕ ਸਿਧਾਏ ॥ ੭੩ ॥ ੫੪੨ ॥

ਦੋਹਰਾ

ਧੰਨਿ ਧੰਨਿ ਗੁਰਦੇਵ ਸੁਤ ਤਨ ਕੋ ਲੋਭ ਨ ਕੀਨ ।
ਧਰਮ ਰਾਖ ਕਲ ਮੇ ਗਏ ਦਾਦੇ ਸੇ ਜਸ ਲੀਨ ॥ ੭੪ ॥ ੫੪੩ ॥
ਫਤੇ ਸਿੰਘ ਜੁਝਾਰ ਸਿੰਘ ਇਹ ਬਿਧਿ ਤਜੇ ਪ੍ਰਾਨ ।
ਪ੍ਰਗਟ ਭਏ ਤਿਹ ਲੋਕ ਮੈ ਜਾਨਤ ਸਕਲ ਜਹਾਨ ॥ ੭੫ ॥ ੫੪੪ ॥

ਇਤਿ ਸ੍ਰੀ ਗੁਰ ਸੋਭਾ ਸੰਗ੍ਰਾਮ ਜੁਧ ਚਮਕੌਰ ਕਾ ਬਾਰ੍ਹਵਾਂ ਧਿਆਇ
ਸੰਪੂਰਨਮਸਤੁ ਸੁਭਮਸਤੁ ॥ ੧੨ ॥

---

[1]ਇਥੇ ਲੇਖਕ ਨੂੰ ਭੁਲੇਖਾ ਲਗ ਗਿਆ । ਛੋਟੇ ਸਾਹਿਬਜ਼ਾਦੇ ਚਮਕੌਰ ਤੋਂ ਨਹੀਂ ਸਨ ਫੜੇ ਗਏ । ਉਨ੍ਹਾਂ ਨੂੰ ਪਿੰਡ ਸਹੇੜੀ ਤੋਂ ਗ੍ਰਿਫਤਾਰ ਕਰ ਕੇ ਮੁਰਿੰਡੀਆਂ ਨੇ ਸਰਹੰਦ ਪਹੁੰਚਾਇਆ ਸੀ, ਜਿਥੇ ਉਹ ਸ਼ਹੀਦ ਕੀਤੇ ਗਏ ਸਨ ।

ਲੇਖਕ ਨੇ ਸਾਹਿਬ ਜੁਝਾਰ ਸਿੰਘ ਅਤੇ ਜ਼ੋਰਾਵਰ ਸਿੰਘ ਵਿਚ ਭੀ ਗਮਝਲਾ ਪਾ ਦਿੱਤਾ ਹੈ । ਜੁਝਾਰ ਸਿੰਘ ਦੀ ਲੜਾਈ ਦੇ ਵਿਚ ਹੀ ਅਚਾਨਕ ਜ਼ੋਰਾਵਰ ਸਿੰਘ ਜੀ ਨੂੰ ਲਿਆ ਖੜਾ ਕੀਤਾ ਹੈ ਜਿਸ ਨਾਲ ਇਕ ਦੀ ਥਾਂ ਦੂਸਰੇ ਦਾ ਭੁਲੇਖਾ ਪੈ ਗਿਆ ਹੈ ਅਤੇ ਲੇਖਕ ਸਰਹੰਦ ਵਿਚ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਛੋਟੇ ਜਿਹੇ ਤਿੰਨ ਬੰਦਾਂ ਵਿਚ ਮੁਕਾ ਕੇ ਰਖ ਦਿੱਤਾ ਹੈ [੫੪੧—੪੪] । ਹੋਰ ਵਿਸਤਾਰ ਲਈ ਦੇਖੋ ਭੂਮਿਕਾ ।

ਧਿਆਉ ਤੇਰ੍ਹਵਾਂ

# ਕਲਾ ਪ੍ਰਗਾਸ

ਦੋਹਰਾ

ਨਿਰੰਕਾਰ ਅਪਾਰ ਗਤਿ ਬਹੁ ਬਿਧਿ ਕਰਿ ਬਿਸਥਾਰ ।
ਸਬੈ ਛਾਡਿ ਛਿਨ ਮੈ ਦੀਓ ਰਹਿਓ ਸੁ ਏਕੰਕਾਰ ॥ ੧ ॥ ੫੪੫ ॥

ਸਵੈਯਾ

ਛੋਡ ਚਮਕੌਰ ਕਰਤਾਰ ਤਾਹੀ ਸਮੈ ਰੂਪ ਯੋ ਧਾਰਿ ਦਿਸ ਔਰ ਆਯੋ ।
ਛੋਡ ਧਨ ਧਾਮ ਸੁਤ ਬੰਧ ਦਾਰਾ ਸਬੈ ਏਕ ਅੰਕਾਰ ਹੋ ਯੌਂ ਦਿਖ ਯੋ ।
ਸਰਬ ਸਾਮਾਨ ਛਿਨ ਮਾਹਿ ਐਸੇ ਤਜੇ ਭੇਖਿ ਨਿਰਬਾਨ ਕੇ ਰੂਪ ਆਯੋ ।
ਸਿਘ ਗੋਬਿਦ ਇਮ ਫੇਰ ਰਚਨਾ ਰਚੀ ਧਰਨ ਆਕਾਸ ਤਾ ਤੇ ਟਿਕਾਓ ॥ ੨ ॥ ੫੪੬ ॥

ਦੋਹਰਾ

ਨਿਰੰਕਾਰ ਆਕਾਰ ਕਰਿ ਮਨਸਾ ਮਨਿ ਬੀਚਾਰ ।
ਮੁਕਤ ਕਰਨ ਸੰਸਾਰ ਕੋ ਪ੍ਰਗਟ ਭਯੋ ਕਰਤਾਰ ॥ ੩ ॥ ੫੪੭ ॥
ਕਰਨ ਕਰਾਵਨਹਾਰ ਪ੍ਰਭ ਸਮਰਥ ਸਿੰਘ ਗੋਬਿੰਦ ।
ਕਲਾ ਧਾਰਿ ਪ੍ਰਗਟ ਭਯੋ ਚਹੁ ਦਿਸ ਭਯੋ ਅਨੰਦ ॥ ੪ ॥ ੫੪੮ ॥

ਸਵੈਯਾ

ਕਲਿ ਮੈ ਕਲਿ ਧਾਰਿ ਅਕਾਰਿ ਕੀਓ ਕਰਿ ਆਪਨ ਦੂਤ ਸੰਘਾਰਨ ਕੋ ।
ਚਮਕੀ ਦਿਸ ਚਾਰ ਹੂ ਜੋਤ ਮਹਾ ਜਗ ਪਾਪ ਸਮੂਹ ਬਿਡਾਰਨ ਕੋ ।
ਕਰਿ ਖਾਲਸ ਜਾਪ ਦਏ ਹਰਿ ਨੇ ਹਥਿਆਰ ਅਪਾਰ ਜੁਝਾਰਨ ਕੋ ।
ਗੁਰੂ ਗੋਬਿਦ ਸਿਘ ਕੀਓ ਇਤਨਾ ਭਵ ਸਾਗਰ ਪਾਰ ਉਤਾਰਨ ਕੋ ॥ ੫ ॥ ੫੪੯ ॥

ਚੌਪਈ

ਰੂਪ ਅਨੇਕ ਪ੍ਰਭੂ ਇਮ ਧਾਰੇ ।
ਜੀਵ ਕਹਾ ਗਤਿ ਤਾਹਿ ਬਿਚਾਰੇ ।
ਤਬ ਪ੍ਰਭ ਬੈਰਾਗਨ ਮਹਿ ਆਏ ।
ਸਬ ਸਿੰਘਨ ਮਿਲਿ ਦਰਸਨ ਪਾਏ ॥ ੬ ॥ ੫੫੦ ॥
ਜਨਮ ਜਨਮ ਕੀ ਮੈਲ ਬਿਨਾਸੀ ।
ਨੈਨਨ ਪੇਖਿਓ ਪ੍ਰਭ ਅਬਿਨਾਸੀ ।
ਚਿੰਤਾ ਫਿਕਰ ਗਯੋ ਦੁਖ ਦੂਰੇ ।
ਦੀਨੇ ਦਰਸ ਜਬੈ ਗੁਰ ਪੂਰੇ ॥ ੭ ॥ ੫੫੧ ॥

ਅਉਗੁਨ ਮੇਟਿ ਸਬੈ ਗੁਨ ਕੀਨੇ ।
ਐਸਾ ਦਾਨ ਦਇਆ ਕਰਿ ਦੀਨੇ ।
ਅਧਮ ਕਰਮ ਤਜਿ ਨਿਰਮਲ ਭਏ ।
ਸਤਿਗੁਰ ਸਰਨਿ ਸਿਖ ਜੋ ਗਏ ॥ ੮ ॥ ੫੫੨ ॥

ਦੋਹਰਾ

ਸਾਇਰ ਏਕ ਅਪਾਰ ਸਰ ਸੁਭਰ ਭਰਿਓ ਤਿਹ ਨੀਰ ।
ਤਿਹ ਥਾਂ ਕੀਨੀ ਛਾਵਨੀ ਗੋਬਿੰਦ ਸਿੰਘ ਪ੍ਰਵੀਨ ॥ ੯ ॥ ੫੫੩ ॥

ਸਵੈਯਾ

ਸਿੰਘ ਗੋਬਿੰਦ ਤਿਹ ਠਉਰ ਕੀਨੀ ਮਯਾ ਬਜੈ ਘਨਘੋਰ ਅਨਾਹਦ ਪੂਰਾ ।
ਪਢੇ ਸਿੰਘ ਦਿਨ ਰੈਨਿ ਤਿਹ ਠਉਰ ਇਹ ਭਾਂਤ ਬਾਨੀ ਗੁਰ ਮਾਰੂ ਸੁ ਬਾਜੰਤ ਤੂਰਾ ।
ਕਥੈ ਮੁਖਿ ਪਾਠ ਕਵਿ ਛੰਦ ਸੰਗ੍ਰਾਮ ਕੇ ਸੁਨਤ ਆਨੰਦ ਸੇ ਸਢੇ ਸੂਰਾ ।
ਭਯੋ ਜੈਕਾਰ ਤ੍ਰਈ ਲੋਕ ਚਉਦਹ ਭਵਨ ਸੁਨੇ ਤੇ ਦੂਤ ਕਾਪੇ ਸ੍ਰੀਰਾ ॥ ੧੦॥ ੫੫੪ ॥

ਸਵੈਯਾ

ਭਨਕ ਪ੍ਰਭ ਕੀ ਤਬੈ ਸੁਨੀ ਦੂਤਾਨ ਨੇ ਫੌਜ ਸੀਗਾਰ ਕੇ ਫੇਰਿ ਧਾਏ ।
ਦੇਖ ਐਸੇ ਕਹਿਓ ਜਾਹੁ ਸੰਗ੍ਰਾਮ ਕੋ ਫੇਰ ਵੇ ਫੌਜ ਲੈ ਤੁਰਤ ਆਏ ।
ਸਿੰਘ ਚਾਰੋ ਦਿਸਾ ਦੋਰ ਦਲ ਮੈ ਪਰੇ ਸਿਘਾਨ ਹੁਜੈ ਸਹਾਏ[1] ।
ਮਾਰਿ ਐਸੀ ਕਰੈ ਸੂਰ ਤਾਹੀ ਸਮੈ ਭਏ ਗਹਿ ਗਡਿ ਦਲ ਯੋ ਗਿਰਾਏ ॥ ੧੧ ॥ ੫੫੫ ॥

ਸਵੈਯਾ

ਖੇਤ ਕੈਸਾਨ ਤਿਹ ਭਾਂਤਿ ਐਸਾ ਕੀਓ ਧਰਤ ਤੇ ਧਰਤ ਪੈ ਮੂੰਡ ਡਾਰੇ ।
ਤੇਗ ਚੋਗਾਨ ਅਰ ਸੀਸ ਬੰਟਾ ਕਰੇ ਖੇਲਤੇ ਸਿੰਘ ਗੋਬਿੰਦ ਪਿਆਰੇ ।
ਲੋਥ ਬੀਚਾਰ ਬਿਸਥਾਰ ਕੇਤਾ ਕਹੋਂ ਪੌਨ ਪਰਵਾਹ ਪਤ ਹੋਤ ਝਾਰੇ ।
ਮਾਰ ਅਪਾਰ ਤਿਹ ਠੌਰ ਐਸੀ ਭਈ ਭਾਜਿ ਕੈ ਦੂਤ ਸਾਰੇ ਸਿਧਾਰੇ ॥ ੧੨ ॥ ੫੫੬ ॥

ਸਵੈਯਾ

ਭਾਜਿ ਤੁਰਕਾਨ ਮੈਦਾਨ ਛੋਡੈ ਤਬੈ ਖੇਤ ਸਿਘਾਨ ਕੋ ਹਾਥ ਆਯੋ ।
ਕੀਉ ਬੀਚਾਰ ਕਰਤਾਰ ਮਨ ਮੈ ਇਤੈ ਸ਼ਾਹ ਕੋ ਭੇਦ ਚਹੀਯੈ ਸੁਨਾਯੋ ।

---

[1]ਇੱਥੇ ਇਸ਼ਾਰਾ ਮੁਕਤਸਰ ਦੇ ਜੰਗ ਵੱਲ ਹੈ ਜੋ ੩੦ ਪੋਹ, ਮਾਘ ਵਦੀ ੧੦, ਸੰਮਤ ੧੭੬੨ ਬਿ., ੨੯ ਦਸੰਬਰ, ਸਨ ੧੭੦੫ ਈ. ਨੂੰ ਹੋਇਆ ਸੀ । ਅਗਲੇ ਦਿਨ ਮਾਘੀ (੧ ਮਾਘੀ) ਨੂੰ ਸ਼ਹੀਦ ਸਿੰਘਾਂ ਦਾ ਸਸਕਾਰ ਕੀਤਾ ਗਿਆ ਸੀ । ਗਿਆਨੀ ਗਿਆਨ ਸਿੰਘ ਨੇ ਇਸ ਦੀ ਤਾਰੀਖ ਤਵਾਰੀਖ ਗੁਰੂ ਖਾਲਸਾ ਪੰਨਾ ੩੩੯ ਵਿਚ ੨੧ ਬਸਾਖ ਸੰਮਤ ੧੭੬੧ ਬਿ., ਪੰਥ ਪ੍ਰਕਾਸ਼ ਦੀ ਦੂਸਰੀ ਐਡੀਸ਼ਨ ਪੰਨਾ ੨੨੬ ਵਿਚ ਬਸਾਖ ੧੭੬੧ ਅਤੇ ਛੇਵੀਂ ਐਡੀਸ਼ਨ ਪੰਨਾ ੨੭੯ ਵਿਚ ਬਸਾਖ ੧੭੬੨ ਦਿੱਤੀ ਹੈ। ਪਰ ਅੰਤਮ ਬਾਰ ਸੋਧ ਕੇ ਛਾਪੀ ਹੋਈ ਤਵਾਰੀਖ ਗੁਰੂ ਖਾਲਸਾ ਦੀ ਉਰਦੂ ਐਡੀਸ਼ਨ (ਸਨ ੧੯੨੩) ਪੰਨਾ ੧੮੭ ਵਿਚ ੧ ਮਾਘ ਸਨ ੧੭੬੨ ਦਿੱਤੀ ਹੈ । ਇਸ ਲਈ ਇਹ ਹੀ ਪਰਵਾਨ ਕਰਨੀ ਜੋਗ ਹੈ । ਹੋਰ ਵਿਚਾਰ ਲਈ ਵੇਖੋ ਭੂਮਿਕਾ ।

ਦਯਾ ਕੋ ਸਿਘ ਤਿਹ ਸਾਜਿ ਸੀਗਾਰ ਕੈ ਖੁਸ਼ੀ ਕਰਤਾਰ ਕਰਕੈ ਪਠਾਯੋ[2]।
ਕਰੀ ਤਸਲੀਮ ਤਿਹ ਹੁਕਮ ਕੋ ਦੇਖ ਕੈ ਸੀਸ ਪੈ ਬਾਂਧ ਤਾਂ ਤੇ ਸਿਧਾਯੋ ॥ ੧੩ ॥ ੫੫੭॥

ਸਵੈਯਾ

ਕਹੀ ਸਮਝਾਇ ਕਰਤਾਰ ਤਾਹੀ ਸਮੇ ਲਿਖਾ ਔਰੰਗ ਕੇ ਹਾਥ ਦੀਜੈ।
ਸਾਥ ਸਹਾਇ ਸੋ ਜਾਨ ਮੇਰਾ ਬਚਨ ਨਾਹਿ ਮਨ ਮਾਹਿ ਕਛੂ ਸ਼ੰਕ ਕੀਜੈ।
ਤੀਨ ਦੋ ਪਾਂਚ ਲੈ ਖਾਲਸੇ ਪਾਸਿ ਤੇ ਖਰਚ ਦਰਬਾਰ ਬੀਚਾਰ ਲੀਜੈ।
ਸ਼ਾਹਿ ਪੈ ਜਾਇ ਦਰਿ ਆਇ ਦਰਬਾਰ ਮੈ ਬੇਗ ਫ਼ੁਰਮਾਨ ਤੱਯਾਰ ਕੀਜੈ ॥ ੧੪ ॥ ੫੫੮॥

ਦੋਹਰਾ

ਬਿਦਾ ਭਯੋ ਤਾਹੀ ਸਮੈ ਪ੍ਰਭ ਕੋ ਸੀਸ ਨਿਆਇ।
ਅਹਦੀ ਭੇਸ ਬਨਾਇ ਕੈ ਚਲਿਓ ਸਿਘ ਤਬ ਧਾਇ ॥ ੧੫ ॥ ੫੫੯ ॥

ਭੁਜੰਗ ਪ੍ਰਯਾਤ ਛੰਦ

ਕੀਓ ਅਹਿਦੀਅੰ ਭੇਸ ਬੇਗੰ ਸਿਧਾਯੋ।
ਤਿਨੇ ਗਾਂਵ ਗਾਂਵੈ ਬਿਗਾਰੰ ਬੁਲਾਯੋ।
ਕੀਏ ਕੂਚ ਕੇਤੇ ਕਰੀ ਹੈਲਗਾਰੰ।
ਕਿਤੇ ਦਿਉਸ ਮੈ ਆਇ ਦਿੱਲੀ ਮਝਾਰੰ ॥ ੧੬ ॥ ੫੬੦ ॥
ਮਿਲੀ ਸਾਧ ਸੰਗਤਿ ਮਹਾ ਸੁਖ ਪਾਯੋ।
ਹੁਕਮ ਕਾਢਿ ਕੈ ਤਾਹਿ ਤਾਂ ਤੇ ਬਚਾਯੋ।
ਲੀਏ ਦਾਮ ਜਾ ਤੇ ਲਿਖੇ ਤਾਹਿ ਨਾਮੰ।
ਚਲੇ ਕੂਚ ਕੈ ਕੈ ਕੀਓ ਏਹ ਕਾਮੰ ॥ ੧੭ ॥ ੫੬੧ ॥
ਆਏ ਆਗਰੇ ਕਾਮ ਕੈ ਕੈ ਸਿਧਾਏ।
ਲਖੀ ਚੰਬਲੰ ਛੋੜਿ ਗਲਏਰ ਧਾਏ।
ਆਏ ਨਰਵਰੰ ਕਾਲ ਬਾਗੰ ਸਿਰੂਜੈਨੰ[3]।
ਦਈ ਛੋਡਿ ਕੇ ਸੋਇ ਆਏ ਉਜੈਨੰ ॥ ੧੮ ॥ ੫੬੨ ॥

---

[2] ਭਾਈ ਦਯਾ ਸਿੰਘ ਦੇ ਹੱਥੀਂ ਜੋ ਚਿੱਠੀ ਦੀਨੇ ਤੋਂ ਗੁਰੂ ਜੀ ਨੇ ਬਾਦਸ਼ਾਹ ਔਰੰਗਜ਼ੇਬ ਪਾਸ ਭੇਜੀ ਸੀ ਉਹ ਜ਼ਫ਼ਰਨਾਮਾ ਕਰਕੇ ਪ੍ਰਸਿਧ ਹੈ ਅਤੇ ਦਸਮ ਪਾਤਸ਼ਾਹ ਦੇ ਗ੍ਰੰਥ ਵਿਚ ਦਰਜ ਹੈ ਅਤੇ ਵੱਖਰੀ ਛਪੀ ਹੋਈ ਭੀ ਮਿਲਦੀ ਹੈ। ਫ਼ਾਰਸੀ ਤੋਂ ਅਨਜਾਣ ਗੁਰਮੁਖੀ ਲਿਖਾਰੀਆਂ ਦੇ ਹੱਥੀਂ ਇਸ ਵਿਚ ਕਈ ਲਫ਼ਜ਼ੀ ਗਲਤੀਆਂ ਪੈ ਗਈਆਂ ਹਨ ਅਤੇ ਗੁਰਮੁਖੀ ਤੋਂ ਮੁੜ ਫਾਰਸੀ ਵਿਚ ਲਿਖਣ ਵੇਲੇ ਭੀ ਅਜੇਹੀਆਂ ਗਲਤੀਆਂ ਵਧੀਆਂ ਹਨ। ਪਰ ਇਹ ਕੇਵਲ ਇੱਕੇ ਦੁੱਕੇ ਲਫ਼ਜ਼ਾਂ ਵਿਚ ਹੀ ਹਨ, ਬੰਦਾਂ ਦੀ ਗਿਣਤੀ, ਬਣਤਰ ਅਤੇ ਮਜ਼ਮੂਨ ਵਿਚ ਕਿਧਰੇ ਕੋਈ ਫਰਕ ਨਹੀਂ ਪਿਆ।

ਜ਼ਫ਼ਰਨਾਮਾ ਬਾਦਸ਼ਾਹ ਨੂੰ ਲਿਖਣ ਦਾ ਵੱਡਾ ਮਕਸਦ ਇਹ ਸੀ ਕਿ ਉਸ ਨੂੰ ਠੀਕ ਗੱਲ ਦਾ ਪਤਾ ਲਗ ਜਾਵੇ ਕਿ ਸ਼ਾਹੀ ਅਹਿਲਕਾਰ, ਬਖਸ਼ੀ ਅਤੇ ਦੀਵਾਨ, ਝੂਠੇ ਆਦਮੀ ਹਨ, ਅਤੇ ਇਨ੍ਹਾਂ ਨੇ ਕੁਰਾਨ ਦੀਆਂ ਕਸਮਾਂ ਖਾ ਕੇ ਵਹਿਦੇ ਕਰ ਕੇ ਧੋਖਾ ਕੀਤਾ ਅਤੇ ਅਚਾਨਕ ਹੱਲਾ ਬੋਲ ਕੇ ਬਚਨ ਭੰਗ ਕੀਤਾ ਹੈ, ਇਸ ਲਈ ਇਨ੍ਹਾਂ ਪਰ ਕੋਈ ਇਤਬਾਰ ਨਹੀਂ ਰਿਹਾ, ਪਰ ਜੇ ਬਾਦਸ਼ਾਹ ਫ਼ਰਮਾਨ ਭੇਜੇ ਅਤੇ ਆਪਣੇ ਕੌਲ ਪਰ ਕਾਇਮ ਰਹੇ ਤਾਂ ਗੁਰੂ ਸਾਹਿਬ ਉਸ ਨੂੰ ਮਿਲਣ ਵਾਸਤੇ ਉਸ ਪਾਸ ਜਾਣ ਨੂੰ ਤਿਆਰ ਹਨ (ਮਾਂਖਿਜ਼ਿ ਤਵਾਰੀਖਿ-ਸਿੱਖਾਂ, ਜ਼ਫ਼ਰਨਾਮਾ, ੬੬-੭੧)।

[3] ਪਾਠਾਂਤ੍ਰ—ਬਾਗੰ ਸਿਰਉਂਜੈ।

ਲਖੀ ਨਰਬਦਾ ਪਾਰ ਪੈ ਲੇ ਸਿਧਾਰੇ ।
ਗਏ ਮਾਲਵੇ ਕੇ ਮਹਾ ਕੋਸ ਭਾਰੇ ।
ਗੜ੍ਹੰ ਦੇਖਿ ਆਸੇਰ ਤਾਂ ਤੇ ਪਧਾਰੇ ।
ਆਏ ਨਗਰ ਬੁਰਹਾਨ ਪੂਰੈ ਮਝਾਰੰ ॥ ੧੯ ॥ ੫੬੩ ॥
ਕੀਉ ਬਾਹਨੰ ਅਸਬ ਤਾਂ ਤੇ ਸਿਧਾਯੋ ।
ਕੀਏ ਕੂਚ ਅਉਰੰਗ ਆਬਾਦ ਆਯੋ ।
ਕੀਉ ਕਾਮ ਤਾਂ ਤੇ ਤਹਾਂ ਤੇ ਸਿਧਾਯੰ ।
ਤਬੈ ਲਸ਼ਕਰੰ ਅਹਿਮਦਾ ਨਗਰ ਆਯੰ ॥ ੨੦ ॥ ੫੬੪ ॥
ਸਮੇ ਸੋਦਰੰ ਬੇਦਰੰ ਸਿਘ ਆਯੋ ।
ਕਿਨੀ ਕੰਜ ਮੈ ਜੇਠ ਸਿੰਘੰ ਬਤਾਯੋ ।
ਰਹੇ ਧਾਮ ਤਾਂ ਕੇ ਸੁ ਰੈਨੰ ਬਿਤਾਯੋ ।
ਭਈ ਭੋਰ ਤੇ ਧਰਮਸਾਲੰ ਸਿਧਾਯੋ ॥ ੨੧ ॥ ੫੬੫ ॥

ਸਵੈਯਾ

ਸਿਘ ਤਾਹੀ ਸਮੈ ਆਨ ਦੱਛਨ ਦਿਸਾ ਮੇਲ ਸਤਿਸੰਗ ਬੀਚਾਰ ਕੀਨਾ ।
ਕਹੋ ਜਿਹ ਭਾਂਤਿ ਅਰਜ਼ੀ ਕਰੋ ਸ਼ਾਹ ਕੋ ਲਿਖਾ ਸਿਘ ਗੋਬਿੰਦ ਦੀਨਾ ।
ਬਾਕ ਬੀਚਾਰ ਬਿਸਥਾਰ ਕੇਤਾ ਭਯੋ ਭਰਮ ਭੂਲੇ ਜਿਵੇ ਬੇਦਿਰੀਨਾ ।
ਹੁਕਮੁ ਕਰਤਾਰ ਕਾ ਮਾਨ ਕੇ ਖਾਲਸੇ ਪ੍ਰੀਤ ਸੋ ਆਪ ਕੇ ਸੀਸ ਲੀਨਾ ॥ ੨੨ ॥ ੫੬੬ ॥

ਦੋਹਰਾ

ਮਨ ਬਚ ਕ੍ਰਮ ਕਰ ਭਵਾਨੀ ਅਤਿ ਹਿਤ ਚਿਤਿ ਮਨ ਲਾਇ ।
ਨਿਸ ਦਿਨ ਸੇਵਾ ਸਿਘ ਕੀ ਕਰੇ ਖਾਲਸਾ ਜਾਇ ॥ ੨੩ ॥ ੫੬੭ ॥

ਚੌਪਈ

ਮਾਇਆ ਕੇ ਮਦ ਜੋ ਜਨ ਫੂਲੇ ।
ਐਡੇ ਫਿਰੈ ਹੁਕਮ ਤੇ ਭੂਲੇ ।
ਫੀਕੇ ਬੈਨ ਕਹੈ ਅਤਿ ਭਾਰੀ ।
ਪ੍ਰਭ ਕੀ ਕ੍ਰਿਆ ਨ ਨੈਕ ਬਿਚਾਰੀ ॥ ੨੪ ॥ ੫੬੮ ॥
ਜਿਹ ਦਿਸ ਘਾਤ ਸਿਘ ਕਛੁ ਧਰੇ ।
ਇਹੀ ਉਪਾਵ ਅਰਜ਼ ਕੋ ਕਰੈ ।
ਤਾਂ ਕੀ ਭਨਕ ਮੂੜ੍ਹ ਸੁਨਿ ਪਾਵੈਂ ।
ਤਿਹ ਢਿਗ ਜਾਇ ਮਨੈ ਕਰ ਆਵੈਂ ॥ ੨੫ ॥ ੫੬੯ ॥
ਅਨਿਕ ਉਪਾਵ ਸਿਘ ਨੇ ਕਰੈ ।
ਛੰਦ ਬੰਦ ਕਛੁ ਨੇਕ ਨ ਸਰੈ ।
ਲਿਖੀ ਕਥਾ ਪ੍ਰਭ ਪਾਸ ਪਠਾਈ ।
ਦਯਾ ਕਰੋ ਇਮ ਹੋਹੁ ਸਹਾਈ ॥ ੨੬ ॥ ੫੭੦ ॥

ਸੋਰਠਾ

ਦਯਾ ਸਿੰਘ ਅਰਦਾਸ ਲਿਖਿ ਭੇਜੀ ਪ੍ਰਭ ਕੋ ਤਬੈ ।
ਆਪਨ ਕਾਜ ਸੁਧਾਰ, ਹੁਇ ਸਹਾਇ ਅਬ ਪ੍ਰਭੂ ਜੀ ॥ ੨੭ ॥ ੫੭੧ ॥

ਦੋਹਰਾ

ਜੋਰੀ ਏਕ ਬੁਲਾਇ ਕੈ ਕਾਸਦ ਕਰਾ ਤਯਾਰ ।
ਸੋ ਪਠਾਏ ਪ੍ਰਭ ਪੈ ਤਬੈ ਆ ਪਹੁੰਚੇ ਦਰਬਾਰ ॥ ੨੮ ॥ ੫੭੨ ॥
ਪ੍ਰਭੂ ਬਾਚ ਅਰਦਾਸ ਕੋ ਪਾਂਚ ਹੁਕਮ ਲਿਖ ਦੀਨ ।
ਆਪਨ ਕਾਜ ਸੁਹਾਰਨੇ ਆਪ ਸਹਾਇ ਇਮ ਕੀਨ ॥ ੨੯ ॥ ੫੭੩ ॥
ਕਾਸਦ ਫਿਰਿ ਇਤ ਤੇ ਚਲੇ ਤੇ ਮਾਰਗ ਮੰਝਾਰ ।
ਅਬ ਲੀਲਾ ਉਤ ਕੀ ਕਹੌਂ ਜੋ ਕੀਨੀ ਕਰਤਾਰ ॥ ੩੦ ॥ ੫੭੪ ॥

ਚੌਪਈ

ਕਾਬੂ ਏਕ ਸਿੰਘ ਕਰਿ ਆਯੋ ।
ਸਿੰਘ ਸਾਥ ਉਨ ਭੇਦ ਬਨਾਯੋ ।
ਤਾਹਿ ਬਿਚਾਰ ਅਰਜ਼ ਇਮ ਕਰੀ ।
ਵਰਕੀ ਹਾਥ ਸ਼ਾਹ ਕੇ ਪਰੀ ॥ ੩੧ ॥ ੫੭੫ ॥
ਤਾਂ ਮੈ ਲੀਲਾ ਲਿਖੀ ਅਪਾਰਾ ।
ਭਾਂਤ ਭਾਂਤ ਸੋ ਸ਼ਾਹ ਬਿਚਾਰਾ ।
ਤਾ ਕੀ ਤਨਕ ਭਨਕ ਇਮ ਕਹੀ ।
ਸਰਬ ਕਥਾ ਕੀ ਮਿਤਿ ਨਹੀ ਲਹੀ ॥ ੩੨ ॥ ੫੭੬ ॥

ਸਵੈਯਾ

ਸ਼ਾਹਿ ਔਰੰਗ ਕੋ ਲਿਖਾ ਇਹ ਭਾਂਤਿ ਸੈ ਚਾਹਤਾ ਆਪ ਤੁਹਿ ਪਾਸ ਆਯੋ ।
ਕੌਲ ਬਿਕੌਲ ਸਬ ਲੋਗ ਤੇਰੇ ਭਏ ਜੰਗ ਕੋ ਭੇਦ ਐਸੇ ਬਤਾਯੋ[4] ।

---

[4]ਗੁਰੂ ਸਾਹਿਬ ਦੀ ਔਰੰਗਜ਼ੇਬ ਦੇ ਨਾਉਂ ਦੀਨੇ ਤੋਂ ਭੇਜੀ ਚਿੱਠੀ ਜ਼ਫ਼ਰਨਾਮੇ ਵਿਚ ਜਿਥੇ ਉਪਰਲੇ ੪੭੭-੭੯. ੫੮੧ ਛੰਦਾਂ ਦੇ ਮਜ਼ਮੂਨ ਦਾ ਜ਼ਿਕਰ ਆਇਆ ਹੈ, ਉਹ ਬੰਦ ਇਹ ਹਨ :

ਨਾ ਕਤਰਾ ਮਰਾ ਇਤਬਾਰੇ ਬਰ-ਉਸਤ ।
ਕਿ ਬਖਸ਼ੀ ਓ ਦੀਵਾਂ ਹਮਾ ਕਿਜ਼ਬ-ਗੋਸ਼ਤ ॥ ੧੪ ॥
ਹਮੂੰ ਮਰਦ ਬਾਯਦ ਸ਼ਵਦ ਸੁਖ਼ਨਵਰ ।
ਨਾ ਸ਼ਿਕਮਿ ਦਿਗਰ ਦਰ ਦਹਾਨਿ ਦਿਗਰ ॥ ੫੫ ॥
ਅਗਰ ਹਜ਼ਰਤਿ ਖ਼ੁਦ ਸਿਤਾਦਹ ਸ਼ਵਦ ।
ਬ-ਜਾਨੋ ਦਿਲ ਕਾਰ ਵਾਜ਼ਹਿ ਸ਼ਵਦ ॥ ੫੨ ॥
ਸ਼ਹਨਸ਼ਾਹ ਰਾ ਬੰਦਾ ਓ ਚਾਕਰੇਮ ।
ਅਗਰ ਹੁਕਮ ਆਯਦ ਬਜਾਂ ਹਾਜ਼ਰੇਮ ॥ ੬੨ ॥
ਅਗਰ ਚਿਹ ਬਿਆਯਦ ਬ-ਫ਼ਰਮਾਨਿ ਮਨ ।
ਹਜ਼ੂਰਤ ਬਿਆਯਮ ਹਮਹ ਜਾਨੋ ਤਨ ॥ ੬੩ ॥

ਰਾਵ ਰਾਜੇ ਘਨੇ ਆਨ ਰਨ ਮੈ ਤਨੇ ਭਏ ਹੈ ਅਨਮਨੇ ਤਿਤਨ ਘਾਯੋ ।
ਦੇਖਿ ਕੈ ਚੇਤ ਬੀਚਾਰ ਏਤਾ ਯਹੀ ਸਿਘ ਤੁਹਿ ਪਾਸਿ ਯਾ ਤੇ ਪਠਾਯੋ ॥ ੩੩ ॥ ੫੭੭ ॥

ਭੁਯੰਗ ਪ੍ਰਾਯਾਤ ਛੰਦ

ਮਹਾ ਬੋਝ ਹੈ ਸੀਸ ਪੈ ਜਾਨ ਤੇਰੇ ।
ਭਏ ਕਉਲ ਬੇਕਉਲ ਸੋ ਲੋਗ ਤੇਰੇ ।
ਲਿਖਾ ਹੈ ਤੁਝੇ ਜਾਨ ਈਮਾਨ ਸੰਗੇ ।
ਕਰੋਗੇ ਕਹਾ ਜੀਵ ਕਰਤਾਰ ਮੰਗੇ ॥ ੩੪ ॥ ੫੭੮ ॥
ਸੁਖਨ ਮਰਦ ਕੋ ਜਾਨ ਮੈ ਜਾਨ ਰਾਖੇ ।
ਸੁਖਨ ਬੇਸੁਖਨ ਅਉਰ ਕੀ ਅਉਰ ਭਾਖੇ ।
ਦਿਲੋ ਜਾਨ ਸੇ ਕਾਮ ਕੋ ਜਾਨ ਕੀਜੈ ।
ਕਰੋਗੇ ਜ਼ਰੂਰੀ ਨਹੀਂ ਢੀਲ ਦੀਜੈ ॥ ੩੫ ॥ ੫੭੯ ॥
ਕਿ ਅਸਵਾਰ ਹਜ਼ਾਰ ਸੇ ਸਾਥ ਆਵੈ ।
ਭਲੀ ਫੋਜ ਸੋ ਸਿਘ ਡੰਕਾ ਬਜਾਵੈ ।
ਕਿਲੇਦਾਰ ਓ ਫੌਜਦਾਰੰ ਅਪਾਰੇ ।
ਸੂਬੇਜਾਤ ਹੈਂ ਰਾਹ ਕੇ ਬੀਚ ਸਾਰੇ ॥ ੩੬ ॥ ੫੮੦ ॥
ਯਾ ਫ਼ਰਮਾਨ ਕੇ ਤਯਾਰ ਕੈ ਭੇਜਿ ਦੀਜੈ ।
ਲਿਖਾ ਠਉਰ ਹੀ ਠਉਰ ਕੋ ਆਪ ਕੀਜੈ ।
ਹੁਕਮ ਸ਼ਾਹ ਕਾ ਜੋ ਕਬੀ ਹਾਥ ਆਵੈ ।
ਚਲੈਂ ਕੂਚ ਕੈ ਕੈ ਇਹੀ ਮੋਹਿ ਭਾਵੈ ॥ ੩੭ ॥ ੫੮੧ ॥

ਸਵੈਯਾ

ਦੇਖਿ ਬੀਚਾਰ ਮਨ ਮਾਹਿ ਏਤਾ ਕਹਿਓ ਕਉਨ ਸੰਜੋਗ ਕਰਤਾਰ ਆਵੈ ।
ਲਿਖਾ ਕੈ ਦੇਹੁ ਤਾਕੀਦ ਦਰਬਾਰ ਮੈ ਸਿਘ ਤਤਕਾਲ ਯਾ ਤੇ ਸਿਧਾਵੈ ।
ਗੁਰਜ਼ ਬਰਦਾਰ ਫ਼ਰਮਾਨ ਭੇਜਾ ਤਬੈ ਸਿਘ ਗੋਬਿੰਦ ਕੇ ਪਾਸ ਜਾਵੈ ।
ਜੋਰ ਕਰ ਬੇਨਤੀ ਜਾਇ ਐਸੇ ਕਰੋ ਰਹੋ ਤਿਹ ਠਉਰ ਜਹਾਂ ਜੀਵ ਆਵੈ ॥ ੩੮ ॥ ੫੮੨ ॥

ਦੋਹਰਾ

ਗੁਰਜ਼ਦਾਰ ਫ਼ੁਰਮਾਨ ਲੈ ਦਯਾ ਸਿਘ ਕੇ ਸੰਗਿ[5] ।
ਬਿਦਾ ਕੀਏ ਤਾਹੀ ਸਮੈ ਬਾਦਸ਼ਾਹ ਔਰੰਗ ॥ ੩੯ ॥ ੫੮੩ ॥

ਭੁਜੰਗ ਪ੍ਰਜਾਤ ਛੰਦ

ਗੁਰਜ਼ਦਾਰ ਆਰ ਸਿਘ ਤਾਂ ਤੇ ਸਿਧਾਏ ।
ਲਿਖੇ ਪਾਂਚ ਦਰਬਾਰ ਤੇ ਹੁਕਮ ਆਏ ।

---

[5]ਬਾਦਸ਼ਾਹ ਔਰੰਗਜ਼ੇਬ ਨੇ ਜ਼ਫਰਨਾਮਾ ਮਿਲਣ ਪਰ ਗੁਰੂ ਗੋਬਿੰਦ ਸਿੰਘ ਜੀ ਨੂੰ ਦੱਖਣ ਆਉਣ ਦਾ ਜੋ ਸੱਦਾ ਵਿਜ਼ਾਰਤ-ਪਨਾਹ ਮੁਨਇਮ ਖਾਨ ਨਾਇਬ ਸੂਬੇਦਾਰ ਲਾਹੌਰ ਨੂੰ ਭੇਜਿਆ ਸੀ ਉਹ ਮੁਹੰਮਦ ਬੇਗ ਗੁਰਜ-ਬਰਦਾਰ ਅਤੇ ਯਾਰ ਮੁਹੰਮਦ ਮਨਸਬਦਾਰ ਦੀ ਹੱਥੀਂ ਭੇਜਿਆ ਗਿਆ ਸੀ (ਇਨਾਇਤੁੱਲਾ ਬਿਸਮੀ, ਅਹਿਕਾਮਿ ਆਲਮਗੀਰੀ, ਮਾਖ਼ਜ਼ਿ ਤਵਾਰੀਖਿ ਸਿੱਖਾਂ, ੭੪-੭੫) ।

ਭਯੋ ਧੀਰਜੰ ਜੀਵ ਮੈ ਸ਼ਾਂਤਿ ਆਈ ।
ਹੁਕਮ ਵਾਰ ਬੀਚਾਰ ਕੈ ਕੈ ਸੁਨਾਈ ॥ ੪੦ ॥ ੫੮੪ ॥

ਪਉੜੀ

ਬਿਰਦ ਬਾਣੇ ਦੀ ਪੈਜ ਰਖਦਾ ਆਇਆ ।
ਹੁਕਮਾਂ ਦੇ ਵਿਚ ਲਿਖ ਸਤਿਗੁਰਾਂ ਪਠਾਇਆ ।
ਕਛੁ ਨ ਕਰੋ ਵਿਸਵਸਾ ਇਉਂ ਫੁਰਮਾਇਆ ।
ਸੁਣਿਆਂ ਮਨ ਸੰਤੋਖ ਬਹੁਤ ਸੁਖ ਪਾਇਆ ।
ਜੀ ਨਿੰਦਕ ਮੁਠੇ ਰੋਇ ਜਿਨੀ ਜਨਮੁ ਗਵਾਇਆ ॥ ੪੧ ॥ ੫੮੫ ॥

ਪਉੜੀ

ਖਾਸ ਕਲਮ ਕਰਤਾਰ ਲਿਖਿਆ ਨ ਡਰੋ ।
ਦਯਾ ਸਿੰਘ ਕੇ ਨਾਲ ਕੰਮ ਸ਼ਾਮਲ ਕਰੋ ।
ਨਿਮਖ ਬਿਲਮ ਨਹੀਂ ਹੋਇ ਕਾਰ, ਐਸੀ ਕਰੋ ।
ਸਤਿਗੁਰ ਸੋ ਕਰ ਪ੍ਰੀਤ ਦੁਰਮਤ ਮਨ ਤੇ ਹਰੋ ।
ਜੀ ਜੁਗ ਜੁਗ ਹੋਇ ਸਹਾਇ ਧਿਆਨ ਤਿਨ ਕਾ ਧਰੋ ॥੪੨॥੫੮੬॥

ਪਉੜੀ

ਸੁਣਿਆ ਸੁਖ ਸਮੂਹ ਦੁਖ ਗਵਾਇਆ ।
ਬਿਨਸੇ ਸਗਲ ਕਲੇਸ ਭਰਮ ਚੁਕਾਇਆ ।
ਚਿੰਤਾ ਫਿਕਰ ਬਿਸਾਰ ਇਉਂ ਫੁਰਮਾਇਆ ।
ਰਹੋ ਸਤਸੰਗ ਨਿਸੰਗਿ ਦੁਖ ਲਗੇ ਨ ਕਾਇਆ ।
ਜੀ ਕਰ ਸੰਤਨ ਕੋ ਪ੍ਰੀਤ ਮੇਲ ਸਵਾਇਆ ॥ ੪੩ ॥ ੫੮੭ ॥

ਪਉੜੀ

ਜੋ ਜਨ ਕਰਸੀ ਕਾਰ ਹੁਕਮ ਇਉਂ ਲਿਖਿਆ ।
ਤਿਸ ਦੀ ਪੂਰਨ ਘਾਲ ਪੂਰੀ ਦੀਖਿਆ ।
ਤਿਸ ਨੂੰ ਸੋਭਾ ਅਪਾਰ ਸਤਿਗੁਰ ਆਖਿਆ ।
ਜਰਾ ਮਰਨ ਨਹੀਂ ਹੋਇ ਜਮ ਪੰਥ ਨ ਪੇਖਿਆ ।
ਜੀ ਸੋ ਜਨ ਸਦਾ ਹਜ਼ੂਰਿ ਜੁਗੋ ਜੁਗੁ ਰਖਿਆ ॥ ੪੪ ॥ ੫੮੮ ॥

ਪਉੜੀ

ਜੋ ਕਹਿਆ ਕਰਤਾਰ ਕਿਉਂ ਬਿਰਥਾ ਜਾਵਏ ।
ਜੋ ਮੰਨੇ ਸੋ ਪ੍ਰਵਾਨ ਇਉਂ ਹੀ ਭਾਵਏ ।
ਸਿਰ ਸ਼ਾਹਾਂ ਦੇ ਸ਼ਾਹ ਹੁਕਮ ਮਨਾਵਏ ।
ਮੰਨੇ ਸੋ ਜਿਣ ਜਾਇ ਪਦਵੀ ਪਾਵਏ ।
ਜੀ ਗੋਬਿੰਦ ਸਿੰਘ ਧਿਆਇ ਤਾਂ ਬਣ ਆਵਏ ॥ ੪੫ ॥ ੫੮੯ ॥

ਪਉੜੀ

ਬਚਨ ਸੁਣੈ ਕਰਤਾਰ ਕਾ ਜੋ ਰਿਦੈ ਬਸਾਵੈ ।
ਮਨ ਇਛੇ ਫਲ ਪਾਵਏ ਜੋ ਕਾਰ ਕਮਾਵੈ ।
ਮੂਰਖ ਕਬੈ ਨ ਚੇਤਈ ਮਨ ਮੈ ਗਰਬਾਵੈ ।
ਕਾਗ ਕਪੂਰ ਤਿਆਗ ਕੈ ਦੁਰਗੰਧ ਲੁਭਾਵੈ ।
ਜੀ ਜੋ ਭਾਵੀ ਅੰਕੂਰ ਹੋਇ ਸੋ ਪ੍ਰਗਟ ਆਵੈ ॥ ੪੬ ॥ ੫੯੦ ॥

ਪਉੜੀ

ਇਕ ਨਿੰਦਕ ਇਕ ਖ਼ਾਲਸਾ ਕਰਤੇ ਇਉਂ ਭਾਇਆ ।
ਜੁਗ ਜੁਗ ਖੇਲ ਵਰਤਦਾ ਏਵੇਂ ਹੁੰਦਾ ਆਇਆ ।
ਜਿਸ ਨੂੰ ਰਖੇ ਰਹੈ ਸੋ ਜਿਨਿ ਧੁਰੋਂ ਲਿਖਾਇਆ ।
ਪੂਰਖ ਏਕ ਨ ਜਾਨਨੀ ਦੂਜੇ ਭਰਮਾਇਆ ।
ਜੀ ਜਮ ਪੁਰ ਬੱਧੇ ਮਾਰੀਅਨਿ ਫਿਰਿ ਪਛੋਤਾਇਆ ॥ ੪੭ ॥ ੫੯੧ ॥

ਪਉੜੀ

ਸਤਿਸੰਗਤਿ ਵਿਚ ਬੈਠਿ ਕੈ ਬੋਲੈ ਹੰਕਾਰੋ ।
ਭੌ ਸਾਇਰ ਕਿਓਂ ਲੰਘਸੀ ਕਿਉਂ ਉਤਰੇ ਪਾਰੋ ।
ਕਿਉਂ ਕਰਿ ਦਰਗਹਿ ਸਿਝਸੀ ਕਰਿ ਦੇਖਿ ਵਿਚਾਰੋ ।
ਲੋਹਾ ਕੰਚਨ ਕਿਉਂ ਥੀਏ ਭਾਵੈ ਜਿਉਂ ਜਾਰੋ ।
ਜੀ ਸਤਿਗੁਰ ਪਾਰਸ ਜੇ ਮਿਲੈ ਛਿਨ ਮੈ ਨਿਸਤਾਰ ॥ ੪੮ ॥ ੫੯੨ ॥

ਪਉੜੀ

ਅਤਿ ਅਪਰਾਧੀ ਜੇ ਥੀਐ ਕੁਲ ਕੀ ਘਾਤ ਕਰੇ ।
ਖੋਟੇ ਖੋਟ ਕਮਾਵਈ ਇਤ ਮੰਦੇ ਅਮਰ ਕਰੇ ।
ਪਰ ਨਿੰਦਾ ਚੋਰੀ ਕਰੇ ਹਰਿ ਜਸੁ ਨਹਿ ਉਚਰੇ ।
ਬਚਨ ਕਰੇ ਹਿਤ ਲਾਇ[6] ਪਰ ਧਨੁ ਨਿਤ ਹਰੇ ।
ਜੀ ਸਤਿਗੁਰ ਚਾਹੇ ਬਕਸ਼ ਕੈ ਤਿਹ ਕੋ ਸਾਧੁ ਕਰੇ ॥ ੪੯ ॥ ੫੯੩ ॥

ਪਉੜੀ

ਸਭ ਤੇਰੀ ਤੂੰ ਸਭਸਿ ਦਾ ਕੋ ਕਿਧਰ ਜਾਵੈ ।
ਪੁਤ ਕੁਪੁੱਤੀ ਜੇ ਕਰੇ ਪਿਓ ਮੁਖਹੁ ਨ ਪਾਵੈ ।
ਭਾਵੈ ਕੇਤਾ ਭਰਮਣਾ ਜੋ ਸਰਣੀ ਆਵੈ ।
ਆਉਗਣ ਮੇਟੇ ਗੁਣ ਕਰੇ ਭੀ ਮਾਹਿ ਸਮਾਵੈ ।
ਜੀ ਗੋਬਿੰਦ ਸਿੰਘ ਦਇਆਲ ਹੈ ਸਤਿਸੰਗ ਮਿਲਾਵੈ ॥ ੫੦ ॥ ੫੯੪ ॥

ਪਉੜੀ

ਜੋ ਕਹਿਆ ਕਰਤਾਰ ਸੋ ਰਿਦੈ ਬਸਾਵਣਾ ।
ਤਜਿ ਪ੍ਰਪੰਚ ਬਿਕਾਰ ਨਹੀਂ ਲਲਚਾਵਣਾ ।

---

[6]ਪਾਠਾਂਤ੍ਰ—ਕੈ ਤਿਹ ਪ੍ਰਾਨ ਹਰੇ ।

ਦੂਜਾ ਭਾਵ ਮਿਟਾਇ ਇਕੈ ਧਿਆਵਣਾ
ਚਰਨ ਕਵਲ ਸੋ ਪ੍ਰੀਤ ਭਰਮ ਚੁਕਾਵਣਾ।
ਜੀ ਬਾਧਿ ਪਾਂਚ ਹਥਿਆਰ ਦਰਸਨ ਆਵਣਾ ॥ ੫੧ ॥ ੫੯੫ ॥

ਇਤਿ ਸ੍ਰੀ ਗੁਰ ਸੋਭਾ ਕਲਾ ਪ੍ਰਗਾਸ ਧਿਆਇ ਤੇਰ੍ਹਵਾਂ
ਸੰਪੂਰਨਮਸਤੁ ਸੁਭਮਸਤੁ ॥ ੧੩ ॥

ਧਿਆਉ ਚੌਧਵਾਂ

# ਕੀਚਕ ਮਾਰ

ਦੋਹਰਾ

ਬਹੁਤ ਦਿਵਸ ਬੀਤਿਉ ਤਹਾਂ ਪ੍ਰਗਟ ਕਹੋਂ ਬੀਚਾਰ ।
ਦਯਾ ਸਿਘ ਇਤ ਤੇ ਚਲਿਓ ਉਤ ਤੇ ਸਿਰਜਨ ਹਾਰ ॥ ੧ ॥ ੫੯੬ ॥
ਦਯਾ ਸਿਘ ਦੱਛਨ ਦਿਸਾ ਲਾਗੀ ਬਹੁਤ ਅਵਾਰੇ ।
ਸਿਘਨ ਕੋ ਸਾਹਿਬ ਕਹਿਓ ਸਬੈ ਹੋਹੁ ਤਈਯਾਰ ॥ ੨ ॥ ੫੯੭ ॥

ਸੋਰਠਾ

ਮਾਰਵਾਰ ਕੇ ਰਾਹ ਦਿਸ ਦੱਛਨ ਕੋ ਕੂਚ ਹੈ ।
ਸਬੈ ਹੋਹੁ ਤਈਯਾਰ ਪ੍ਰਭ ਇਮ ਕਹੀ ਸੁਨਾਇ ਕੈ ॥ ੩ ॥ ੫੯੮ ॥

ਸਵੈਯਾ

ਭੇ ਤਯਾਰ ਹਿਥਿਆਰ ਪਾਚੋਂ ਕਸੇ ਸਿਘ ਤਿਹ ਠਉਰ ਬਨ ਬੇਗ ਆਏ ।
ਏਕ ਸੇ ਏਕ ਬਲਵੰਤ ਸੂਰਾ ਸਰਸ ਟਾਂਕ ਦੂਇ ਤੀਨ ਆਹੂ ਤੜਾਏ ।
ਦੇਖਿ ਕਰਤਾਰ ਤਿਹ ਓਰ ਐਸੇ ਕਹਿਓ ਅਨੀਕੇ ਜੁਆਨ ਹੈ ਦਿਸਟ ਆਏ ।
ਅਸੁਵ ਬਾਨੀ ਸਰਸ ਸਾਜਿ ਸੀਗਾਰ ਕੇ ਬੇਗ ਲੇ ਆਵ ਐਸੇ ਬਤਾਏ ॥ ੪ ॥ ੫੯੯ ॥

ਸਵੈਯਾ

ਤੁਰਕੀ ਅਸੁ ਅਛ ਸੁਪਿਛ ਬੜੇ ਤਿਹ ਉਪਰ ਪਾਖਰ ਆਨ ਧਰੀ ।
ਛਬ ਸੰਹਤ ਜ਼ੀਨ ਜ਼ਰਾ ਇਨ ਕੀ ਸਬ ਸਾਜ਼ਿ ਸਮੇਤ ਅਨੂਪ ਖਰੀ ।
ਗਜ ਮੋਤਨ ਕੇ ਗੁਲ ਬੰਦਨ ਕੇ ਕਲਗੀ ਸਿਰ ਸੋਭ ਜਰਾਵ ਜਰੀ ।
ਬਰਨੇ ਛਬ ਯੋ ਜਲ ਚਾਬ ਚਲੈ ਛਿਪ ਹੈ ਤਿਹ ਦੇਖਤ ਹੂਰ ਪਰੀ ॥ ੫ ॥ ੬੦੦ ॥

ਦੋਹਰਾ

ਚੇਚਲ ਚਪਲ ਚਲਾਕ ਹੈ ਅਰੁ ਗਤਿ ਅਨਕ ਅਪਾਰ ।
ਬਰਨ ਚੇਹਨ ਸੰਦ ਸਰਸ ਰੂਪ ਦੀਓ ਕਰਤਾਰ ॥ ੬ ॥ ੬੦੧ ॥

---

[1]ਗੁਰੂ ਸਾਹਿਬ ਨੇ ਦਮਦਮਾ ਸਾਹਿਬ ਤੋਂ ਅਗਾਊਂ ਖੈਮੇ ਆਦਿ ੨੦-੨੧ ਅਕਤੂਬਰ ਸੰਨ ੧੭੦੬ ਨੂੰ ਤੋਰ ਦਿੱਤੇ ਜਾਪਦੇ ਹਨ [ਹੁਕਮਨਾਮਾਂ ੬੨, ਮਿਤੀ ੨੦ ਕਤਕ ਸੰਮਤ ੧੭੬੩] ਅਤੇ ਆਪ ਕੱਤਕ ਸੁਦੀ ੫ ਸੰਮਤ ੧੭੬੩ (੩੦ ਅਕਤੂਬਰ ੧੭੦੬) ਨੂੰ ਚਲੇ [ਮਾਲਵਾ ਦੇਸ ਰਟਣ ਦੀ ਸਾਖੀ ਪੋਥੀ, ਸਾਖੀ ੧੦੫, ਪੰਨਾ ੧੧੬ : *Travels of Guru Teg Bahadur and Guru Gobind Singh*, **117**] ।

ਦੋਹਰਾ

ਅਰਦਾਸ ਕੀਨੀ ਅਰਦਾਸੀਏ ਅਰਜੁ ਸੁਨੀਐ ਕ੍ਰਿਪਾ ਧਾਰਿ ।
ਅਤਿ ਸੁੰਦਰ ਬਾਣੀ ਸਰਨ ਭਜੋ ਅਸੁਵ ਤਈਯਾਰ ॥ ੭ ॥ ੬੦੨ ॥

ਸਵੈਯਾ

ਤਾਹਿ ਸਮੇਂ ਪ੍ਰਭ ਨੇ ਇਸਨਾਨ ਕੀਓ ਕਰ ਕੇ ਹਥਿਆਰ ਸੰਭਾਰੇ ।
ਲੈ ਤਿਨ ਕੋ ਇਸਨਾਨ ਦੀਓ ਕਰ ਆਪ ਅਗੋਛਨ ਪੋਛ ਸੁਧਾਰੇ ।
ਕਾਢਿ ਤਿਨੈ ਚਮਕਾਇ ਚਹੂ ਦਿਸ ਮਿਆਨਨ ਮੈਂ ਜਬ ਹੀ ਨਿਰਵਾਰੇ ।
ਖੇਲ ਅਪਾਰ ਕਰੇ ਕਰਤਾ ਜਨ ਜੀਵ ਕਹਾਂ ਗਤਿ ਤਾਹਿ ਬਿਚਾਰੇ ॥ ੮ ॥ ੬੦੩ ॥

ਦੋਹਰਾ

ਤੋਸ਼ਕਚੀ ਤਾਹੀ ਸਮੇਂ ਬਸਤ੍ਰ ਸਬੈ ਕਰ ਕੀਨ ।
ਆਗੇ ਸਤਿਗੁਰ ਕੇ ਧਰੇ ਪਹਰ ਤਬੈ ਸਬ ਲੀਨ ॥ ੯ ॥ ੬੦੪ ॥

ਸਵੈਯਾ

ਸੀਸ ਪੈ ਤਾਜ ਲੈ ਸੋਂਨ ਕਲਗੀ ਧਰੀ ਲਾਇ ਹੀਰੇ ਜਰੀ ਜਗਮਗਾਵੈ ।
ਹੀਰੇ ਪੰਨਾ ਖਰੇ ਔਰ ਮੋਤੀ ਜਰੇ ਝਲਕ ਛਬ ਸੋਭ ਤਾ ਕੀ ਸੁਹਾਵੈ ।
ਝਕ ਐਸੇ ਲਸੈ ਜੋਤ ਕੁੰਦਨ ਦਿਸ ਸੋਭ ਆਪਾਰ ਨਹੀਂ ਬਰਨਿ ਆਵੈ ।
ਪ੍ਰਗਟਿ ਪ੍ਰਚੰਡਿ ਤ੍ਰਈਲੋਕ ਸੋਭਾ ਕਰੈ ਪੇਖੇ ਤਿਹ ਸੰਤ ਸੁਖ ਸਰਬ ਪਾਵੈ ॥ ੧੦ ॥ ੬੦੫ ॥
ਚਿਲਤਾ ਕਰਿਕੈ ਸਬ ਸਾਜਹੀ ਸੋਂ ਬਰਨੋ ਹਥਿਆਰ ਕਹੋ ਸਬ ਹੀ ।
ਕਟਿਸੋ ਤਰਵਾਰ ਬਨੀ ਜਮਧਾਰ ਆਲੀ ਬੰਦ ਢਾਲ ਫਬੈ ਜਬ ਹੀ ।
ਦਿਸ ਦਾਹਨ ਬਾਨ ਕਮਾਨ ਸਜੈ ਕਰ ਮੈ ਬਰਛਾ ਕਰੌ ਛਿਨ ਮੈਂ ਹੀ ।
ਸਬ ਦੂਤਨ ਛਾਰ ਕਰੋ ਛਿਨ ਮੈਂ ਕਹਿ ਗੋਬਿੰਦ ਸਿੰਘ ਚੜ੍ਹੇ ਤਬ ਹੀ ॥ ੧੧ ॥ ੬੦੬ ॥

ਦੋਹਰਾ

ਵਾਹਗੁਰ ਜੀ ਕੀ ਫਤੇ ਕਹਿ ਕੈ ਭਏ ਸੁਆਰ ।
ਭਯੋ ਡੰਕ ਤ੍ਰਿਹ ਲੋਕ ਮੈ ਚੜ੍ਹਤ ਕਲੀ ਕਰਤਾਰ ॥ ੧੨ ॥ ੬੦੭ ॥

ਸਵੈਯਾ

ਡੰਕਨ ਘੋਰ ਸੁਘੋਰ ਭਈ ਸੁਨਿ ਕੈ ਪੁਰੀਆ ਸਬਹੀ ਲਰਜੀ ।
ਲਰਜ਼ੇ ਸਸਿ ਭਾਨ ਭਿਆਨ ਭਏ ਕਿਹ ਕਾਰਨ ਕਾਜਿ ਚੜ੍ਹਿਓ ਹਰਿ ਜੀ ।
ਤ੍ਰਈ ਲੋਕ ਅਲੋਕ ਸਬੇ ਲਰਜ਼ੇ ਸ਼ਿਵਜੀ ਕੈਲਾਸ ਪਤਿ ਯੋ ਡਰ ਜੀ ।
ਸੁਨ ਸ਼ੇਸ਼ ਮਹੇਸ ਬਡੇ ਲਰਜ਼ੇ ਸਿੰਘ ਗੋਬਿੰਦ ਕੇ ਡਰ ਡਰ ਜੀ ॥ ੧੩ ॥ ੬੦੮ ॥

ਸਵੈਯਾ

ਭਏ ਭੈਮਾਨ ਪਾਤਾਰ ਆਕਾਸ਼ ਕਹਿਓ ਕਰਤਾਰਿ ਦਿਸ ਦਛਿ ਆਨੋ ।
ਕੌਨ ਕਾਰਨ ਪ੍ਰਭੂ ਫੇਰ ਦੱਛਨ ਦਿਸਾ ਭਏ ਸੁਆਰ ਕੈਸੇ ਕਿ ਮਾਨੋ ।
ਸਿਧ ਸਾਧਕ ਸਭੋ ਭਏ ਭੈਮਾਨ ਅਬੇ ਕੌਨ ਕੀ ਕਾਨ ਗੁਰ ਕੀ ਨਸ਼ਾਨੋ ।
ਡੰਕ ਕੀ ਘੋਰ ਸੁਨਿ ਲੰਕ ਕੰਪੀ ਚੜ੍ਹਤ ਸਿੰਘ ਗੋਬਿੰਦ ਐਸੇ ਬਖਾਨੋ ॥ ੧੪ ॥ ੬੦੯ ॥

ਦੋਹਰਾ

ਕਰਤ ਕੂਚ ਆਏ ਤਹਾਂ ਰਾਜਪੂਤਨ ਕੇ ਦੇਸ।
ਆਨ ਆਨ ਰਾਜਾ ਮਿਲੇ ਜੋਧਾ ਬਡੇ ਨਰੇਸ ॥ ੧੫ ॥ ੬੧੦ ॥

ਚੌਪਈ

ਸਿਘਨ ਸਿੱਖਨ ਮਨ ਮੈ ਆਨੀ।
ਉਨ ਉਚਰੀ ਪ੍ਰਭ ਸੋ ਇਮ ਬਾਨੀ।
ਹੋਹੁ ਦਇਆਲ ਬਿਆਹ ਪ੍ਰਭ ਕਰੋ।
ਤਉ ਇਹ ਮਗ ਪਗ ਆਗੈ ਧਰੋ ॥ ੧੬ ॥ ੬੧੧ ॥

ਰੂਆਮਲ ਛੰਦ

ਸੁਨਤ ਬਚਨ ਬਿਗਾਸ ਸੋ ਪ੍ਰਭ ਸਬ ਸਾਮਾਂ ਕੀਨ।
ਹੁਕਮੁ ਸਿਘਨ ਕੋ ਕੀਓ ਮੰਗਵਾਇ ਸਬੁ ਕਛੁ ਲੀਨ।
ਸਾਜ ਸਾਮਾਨੇ ਸਬ ਆਨੰਦ ਤੁਰ ਬਜਾਇ।
ਬਿਆਹ ਕਰ ਕੈ ਆਪਨਾ ਪ੍ਰਭ ਚਲੇ ਤਾਂ ਧਾਇ ॥ ੧੭ ॥ ੬੧੨ ॥

ਦੋਹਰਾ

ਦਯਾ ਸਿਘ ਤਾਂਹੀ ਦਿਸਾ ਮਿਲਾ ਪ੍ਰਭੂ ਸੋ ਜਾਇ।
ਗੁਰਜ਼ਦਾਰ ਦਿੱਲੀ ਗਯੋ ਵਹਿ ਉਸ ਰਾਹਿ ਨ ਜਾਇ ॥ ੧੮ ॥ ੬੧੩ ॥
ਜਿਹ ਗਾਂਵਨ ਖਾਲਸਾ ਪਰੇ ਲੂਟ ਕੂਟ ਤਿਹ ਲੇਤ।
ਗਾਂਵ ਬਚੇ ਰਾਜਾ ਮਿਲੇ ਭੇਟ ਪ੍ਰਭੂ ਸੋ ਦੇਤ ॥ ੧੯ ॥ ੬੧੪ ॥
ਜੋ ਰਾਜਾ ਕਰਿ ਜੋਰ ਕੈ ਮਿਲਤੇ ਪ੍ਰਭੂ ਸੋ ਧਾਇ।
ਬਸਹੈ ਦੇਸ ਅਨੰਦ ਸੋ ਤਾਂ ਢਿਗ ਕੋਇ ਨ ਜਾਇ ॥ ੨੦ ॥ ੬੧੫ ॥
ਜੋ ਮਨ ਮੈ ਗਰਬਤ ਰਹੈ ਮਿਲਨਾ ਉਨ ਨਹੀਂ ਕੀਨ।
ਲੂਟ ਕੂਟ ਕੈ ਖਾਲਸੇ ਭੂੰਚ ਤਾਹਿ ਕਉ ਲੀਨ ॥ ੨੧ ॥ ੬੧੬ ॥
ਕੂਚ ਕਰਤ ਮਾਰਗ ਚਲਤ ਇਹੀ ਭਾਂਤ ਸੋ ਜਾਤ।
ਆਗੇ ਕੋ ਮਾਰਗਿ ਨਹੀਂ ਸੁਨੀ ਪ੍ਰਭ ਇਮ ਬਾਤ ॥ ੨੨ ॥ ੬੧੭ ॥

ਚੌਪਈ

ਵਹੁ ਦਿਸ ਛੋੜ ਅਵਰ ਦਿਸ ਧਾਏ।
ਕੂਚ ਕਰਤ ਕੇਤਕ ਦਿਵ ਆਏ।
ਚੜ੍ਹਿ ਘਾਟੀ ਕੇ ਪਾਰ ਸਿਧਾਨੇ।
ਪ੍ਰਭ ਸੋ ਬਾਤ ਕਹੀ ਇਕ ਆਨੇ ॥ ੨੩ ॥ ੬੧੮ ॥
ਔਰੰਗਸ਼ਾਹ ਗਉਨ ਕਰਿ ਗਯੋ[੨]।
ਜਗ ਤੇ ਬਿਦ ਭਾਂਤਿ ਇਹ ਭਯੋ।

[੨]ਬਾਦਸ਼ਾਹ ਔਰੰਗਜ਼ੇਬ ਦਾ ਦੇਹਾਂਤ ਅਹਿਮਦ ਨਗਰ ਵਿਚ ੨੮ ਜ਼ੀ-ਕ਼ਦਾ ੧੧੧੮ ਹਿਜਰੀ, ੨੦ ਫ਼ਰਵਰੀ ਸੰਨ ੧੭੦੭ ਈਸਵੀ ਨੂੰ ਹੋਇਆ।

ਛੋਡਿ ਗਯੋ ਸਬ ਮੁਲਕ ਖਜ਼ਾਨਾ।
ਕਾਲ ਗ੍ਰਸਿਓ ਬਲ ਕਛੁ ਨ ਬਸਾਨਾ ॥ ੨੪ ॥ ੬੧੯ ॥

ਦੋਹਰਾ

ਕੂਚ ਕੀਉ ਪ੍ਰਭ ਨੇ ਤਬੈ ਲੈ ਘੇਰਨ ਕੇ ਤੰਗ।
ਭਾਂਤ ਅਨੇਕਨ ਦੇਖੀਐ ਜ਼ਾ ਸੁਲਤਾਨੀ ਜੰਗ ॥ ੨੫ ॥ ੬੨੦ ॥

ਚੌਪਈ

ਕੇਤਕਿ ਦਿਨ ਪ੍ਰਭ ਔਰ ਬਿਤਾਏ।
ਕੂਚ ਮੁਕਾਮ ਕਰਤ ਦਲਿ ਆਏ।
ਬਿਰਛ ਏਕ ਦੀਰਘ ਅਤਿ ਘਨਾ।
ਸੁੰਦਰ ਸਰ ਸਰੂਪ ਤਿਹ ਬਨਾ ॥ ੨੬ ॥ ੬੨੧ ॥

ਦੋਹਰਾ

ਅਧਿਕ ਠਉਰ ਦੇਖੀ ਤਹਾਂ ਹੁਇ ਹੈ ਤਹਾਂ ਨ ਘਾਮ।
ਉਤਰ ਰਹੇ ਤਾਹੀ ਤਲੇ ਕੀਨੇ ਤਹਾਂ ਮੁਕਾਮ ॥ ੨੭ ॥ ੬੨੨ ॥
ਕੀਚਕ ਭੂਮ ਦੇਖਨ ਨਮਿਤ ਗਏ ਪ੍ਰਭ ਤਿਹ ਠਉਰ।
ਆਨ ਪਹੂਚੇ ਤਾਹਿ ਦਿਸ ਨਿਕਟਿ ਸ਼ਹਰ ਬਾਘੌਰ ॥ ੨੮ ॥ ੬੨੩ ॥

ਚੌਪਈ

ਸ਼ਹਰ ਬਾਘੌਰ ਆਪ ਜੋ ਆਏ।
ਲੋਗ ਤਹਾਂ ਕੇ ਅਤਿ ਡਰ ਪਾਏ।
ਤਿਨਹੂ ਕਰੀ ਜੁਧ ਕੀ ਸਾਮਾਂ[3]।
ਕਬਹੂ ਲੂਟਿ ਲੇਹ ਏ ਧਾਮਾ ॥ ੨੯ ॥ ੬੨੪ ॥
ਅਤਿ ਅਪਾਰ ਜਿਨ ਫੌਜ ਨਿਹਾਰੀ।
ਸੂਰਬੀਰ ਜੋਧਾਂ ਹਿਤਕਾਰੀ।
ਕਰਿ ਸਾਮਾਨ ਦੇਸ ਇਹ ਆਏ।
ਇਨ ਕੇ ਭੇਦ ਜਾਤ ਨਹੀਂ ਪਾਏ ॥ ੩੦ ॥ ੬੨੫ ॥
ਗਹਿ ਗਹਿ ਸ਼ਸਤ੍ਰ ਬਸਤ੍ਰ ਗਹਿ ਗਾਢੇ।
ਕਰਿ ਸਮਾਨ ਜੁਧ ਕੇ ਠਾਢੇ।
ਪੂਛਨ ਕੋ ਇਕ ਪਠਿਓ ਬਾਰੀ।
ਪੂਛੋ ਇਨੋ ਜਾਇ ਬਿਧਿ ਸਾਰੀ ॥ ੩੧ ॥ ੬੨੬ ॥
ਚਲਿ ਆਯੋ ਵਹੁ ਪ੍ਰਭ ਕੇ ਧਾਮਾ।
ਦੋਇ ਕਰਿ ਜੋਰਿ ਕੀਉ ਪਰਨਾਮਾ।

---

[3]ਬਾਘੌਰ ਦੀ ਲੜਾਈ ੧੯-੨੦ ਚੇਤ ਸੰਮਤ ੧੭੬੩ ਬਿਕਰਮੀ, ੧੭-੧੮ ਮਾਰਚ ਸਨ ੧੮੦੭ ਈਸਵੀ ਨੂੰ ਹੋਈ।

ਪੂਛੀ ਬਾਤ ਪ੍ਰਭੂ ਪਹਿ ਜਾਇ।
ਕਵਨ ਭੂਮ ਤੇ ਯਾ ਦਿਸ ਆਏ ॥ ੩੨ ॥ ੬੨੭ ॥
ਨਗਰ ਲੋਗ ਮਨ ਮੈ ਅਤਿ ਡਰਹੀ।
ਇਹ ਬਿਧਿ ਅਰਜ਼ ਪ੍ਰਭ ਸੋ ਕਰਹੀ।
ਡੇਰਾ ਨਿਕਟਿ ਸ਼ਹਰ ਕੇ ਦਏ।
ਲੂਟਨ ਕਾਜ ਆਨ ਠਹਰਏ ॥ ੩੩ ॥ ੬੨੮ ॥
ਧਰਮ ਸਿੰਘ ਪ੍ਰਭ ਤਹਾਂ ਪਠਾਯੋ।
ਬਾਗੀ ਸ੍ਰਿਘ ਤਾਹਿ ਲੈ ਆਯੋ।
ਗੁਰੂ ਬੀਰ ਤਾ ਕੇ ਘਰਿ ਜਾਈ।
ਸਰਬ ਕਥਾ ਇਹ ਭਾਂਤ ਬਤਾਈ ॥ ੩੪ ॥ ੬੨੯ ॥
ਕੀਚ ਜੁਧ ਠਉਰ ਤਿਹ ਭਯੋ।
ਦੇਖਨ ਤਾਹਿ ਆਪ ਪ੍ਰਭ ਅਯੋ।
ਤੁਮ ਮਨ ਮੈ ਕਛੁ ਸੰਕ ਨਾ ਆਨੋ।
ਹਮਰੀ ਬਾਤ ਸਤਿ ਕਰਿ ਜਾਨੋ ॥ ੩੫ ॥ ੬੩੦ ॥
ਤਾਂ ਤੇ ਤਿਨਨ ਸ਼ਾਂਤਿ ਮਨਿ ਆਈ।
ਇਨ ਕੀ ਬਾਤਿ ਉਨਨ ਮਨਿ ਭਾਈ।
ਧਰਮ ਸਿੰਘ ਪ੍ਰਭ ਪੈ ਤਬ ਆਏ।
ਔਰ ਠੌਰ ਡੇਰਾ ਫ਼ੁਰਮਾਏ ॥ ੩੬ ॥ ੬੩੧ ॥
ਲਕਰੀ ਘਾਸ ਨੀਰ ਤਹਾ ਘਨਾ।
ਬਾਗ ਅਜਾਇਬ ਅਤਭੁਤ ਬਨਾ।
ਤਿਹ ਢਿਗ ਉਤਰ ਕੀਉ ਬਿਸਰਾਮਾ।
ਗੋਬਿੰਦ ਸਿੰਘ ਗੁਰੂ ਤਿਹ ਠਾਮਾ ॥ ੩੭ ॥ ੬੩੨ ॥
ਤਾ ਕੌ ਲੋਗ ਮਿਲਨ ਜੋ ਆਏ।
ਤਿਨਨ ਇਨਾਮ ਪ੍ਰਭੂ ਫੁਰਮਾਏ।
ਤਿਨ ਕੇ ਸੰਗਿ ਤਾਹਿ ਜੋ ਗਏ।
ਕੀਤਕ ਜੁਧ ਭੀਮ ਸੋ ਭਏ ॥ ੩੮ ॥ ੬੩੩ ॥
ਬਰਕਨਦਾਜ਼ ਸੰਗਿ ਪ੍ਰਭ ਲਏ।
ਔਰ ਸਿੰਘ ਪ੍ਰਭ ਸੰਗਿ ਨ ਗਏ।
ਜਿਨ ਕੇ ਨਾਮ ਪ੍ਰਭੂ ਫੁਰਮਾਏ।
ਤੇਈ ਸਿੰਘ ਸਾਥ ਕੇ ਧਾਏ ॥ ੩੯ ॥ ੬੩੪ ॥
ਕੋਸ ਏਕ ਊਚੇ ਚੜ੍ਹਿ ਆਏ।
ਦੇਖੀ ਠਾਵ ਤਬੈ ਫੁਰਮਾਏ।
ਵੇ ਜੋ ਸਿੰਘ ਸਾਥਿ ਲੈ ਆਨੇ।
ਠਉਰ ਠਉਰ ਕੀਨੇ ਪ੍ਰਭ ਥਾਨੇ ॥ ੪੦ ॥ ੬੩੫ ॥

ਸਿਘਨ ਠਉਰ ਬਾਂਟਿ ਇਮ ਲਈ ।
ਆਪਿ ਬਾਂਟਿ ਡੇਰਨ ਕੀ ਲਈ ।
ਕੇਤਕ ਦਿਨ ਤਿਹ ਠਉਰ ਬਿਹਾਨੇ ।
ਊਠਿ ਰੂਖ ਬਾਗਨ ਕੇ ਖਾਨੇ ।। ੪੧ ।। ੬੩੬ ।।
ਮਾਲੀ ਭਾਜਿ ਰਾਵ ਪੈ ਆਏ ।
ਸਗਰੇ ਰੁਖ ਬਾਗ ਕੇ ਖਾਏ ।
ਭੇਜਨ ਹੇਤ ਊਠ ਜੋ ਆਏ ।
ਤੋਰਿ ਤੋਰਿ ਸਬ ਹੀ ਉਠ ਖਾਏ ।। ੪੨ ।। ੬੩੭ ।।
ਸੁਨਤ ਬਚਨ ਮਨ ਮਾਹਿ ਰਿਸਾਏ ।
ਕੋਪ ਭਰੇ ਅਤਿ ਹੀ ਗਰਬਾਏ ।
ਤਬ ਪ੍ਰਭ ਸੋ ਕਛੂ ਨਾਹ ਬਸਾਨੀ ।
ਮਨ ਮੈ ਰਾਖਿ ਬਾਤ ਇਮ ਠਾਨੀ ।। ੪੩ ।। ੬੩੮ ।।
ਸਿੰਘ ਏਕ ਕਿਹੀ ਕਾਜ ਸਿਧਾਯੋ ।
ਤਿਨ ਕੇ ਦੇਸ ਮਾਹਿ ਵਹੁ ਆਯੋ ।
ਤਨਕ ਮਨਕ ਤਿਨ ਸੋ ਭਈ ਰਾਰਾ ।
ਜੁਧ ਭਯੋ ਤਿਨ ਕੇ ਸੰਗਿ ਭਾਰਾ ।। ੪੪ ।। ੬੩੯ ।।
ਕੋਪ ਸਿੰਘ ਭਗਵਤੀ ਨਿਕਾਰੀ ।
ਕੇਤਕ ਦੂਤ ਹਨੇ ਬਲਕਾਰੀ ।
ਜੁਧ ਹੋਤ ਸਭ ਸਿੰਘ ਨਿਹਾਰੇ ।
ਗਹਿ ਗਹਿ ਸ਼ਸਤ੍ਰ ਉਠੇ ਲਲਕਾਰੇ ।। ੪੫ ।। ੬੪੦ ।।

ਦੋਹਰਾ

ਬੈਠੇ ਸਿੰਘ ਪਹਾਰ ਪੈ ਦੇਖਿਓ ਜੁਧ ਨਿਹਾਰ ।
ਦਈ ਪਲੀਤੀ ਤਿਨੋਂ ਨੇ ਹੁਇ ਗਏ ਲੋਗ ਸਥਾਰ ।। ੪੬ ।। ੬੪੧ ।।
ਕੋਪ ਭਯੋ ਮਨ ਮੈ ਤਬੈ ਨਿਕਸੋ ਸੂਰ ਰਸਾਇ ।
ਰਣ ਮੰਡਣ ਜੋਧੇ ਚਲੇ ਨਿਮਖ ਬਿਲਮ ਨਹੀਂ ਲਾਇ ।। ੪੭ ।। ੬੪੨ ।।

ਸਵੈਯਾ

ਕੋਪ ਕੈ ਸੂਰ ਜੋ ਜਾਇ ਬੁਰਜੋ ਚੜ੍ਹੇ ਕੀਉ ਸੰਗ੍ਰਾਮ ਘਮਸਾਨ ਭਾਰੀ ।
ਚਲ ਤੀਰ ਗੰਭੀਰ ਬੰਦੂਕ ਜੁਟੈ ਘਨੀ ਆਨਿ ਲਾਗੀ ਅਨੀ ਯੋ ਬਿਚਾਰੀ ।
ਗਰਜ ਘਨ ਜੋ ਕਰੀ ਲਰਜ਼ ਐਸੀ ਪਰੀ ਕੋਪ ਕੈ ਤੋਪ ਛੋਰੀ ਸੁਸਾਰੀ ।
ਪਤ੍ਰ ਪੂਰਨ ਮਰਨ ਭਰਨ ਆਨ ਜੋਗਨਿ ਅਰੀ ਡਾਕਨੀ ਚਾਵੜੀ ਚੀਤਕਾਰੀ ।। ੪੮ ।। ੬੪੩ ।।

ਚੌਪਈ

ਸੂਰ ਸੂਰ ਕੀ ਓਰ ਨਿਹਾਰੈ ।
ਪਕਰੇ ਸ਼ਸਤ੍ਰ ਤਾਹਿ ਚੁਨ ਮਾਰੈ ।

ਜਿਉ ਭੁਅੰਗ ਅੰਗ ਕੋਊ ਗ੍ਰਸੈ ।
ਤੈਸੇ ਸ਼ਸਤ੍ਰ ਸੂਰ ਕੋ ਗ੍ਰਸੈ ॥ ੪੯ ॥ ੬੪੪ ॥
ਤਨਕ ਮਨਕ ਤਨ ਮੈ ਨਹੀ ਰਹੈ ।
ਜਿਹ ਤਨ ਵਾਰ ਸੂਰ ਕੋ ਬਹੈ ।
ਲਾਗੈ ਵਾਰ ਸੂਰ ਤਿਹ ਕਾਰੀ ।
ਭੂਲੇ ਦੇਹ ਗ੍ਰੇਹ ਸੁਧ ਸਾਰੀ ॥ ੫੦ ॥ ੬੪੫ ॥
ਪਰੇ ਭੂਮ ਕਪਰਾ ਜਿਮ ਡਾਰੇ ।
ਰੰਗ ਰੰਗ ਰੰਗਰੇਜ਼ ਸੁਧਾਰੇ ।
ਐਸੀ ਭਾਂਤਿ ਸੂਰ ਤਹਾਂ ਪਰੇ ।
ਦੋਇ ਰਾਤ ਅਰੁ ਦੁਇ ਦਿਨ ਲਰੇ[4] ॥ ੫੧ ॥ ੬੪੬ ॥

ਦੋਹਰਾ

ਜਬ ਤੀਸਰ ਦਿਨ ਆਇਓ ਤਬ ਪ੍ਰਭ ਕਹੀ ਸੁਨਾਇ[5] ।
ਧਰਮ ਸਿੰਘ ਤੁਮ ਜੋ ਕਰੋ ਦੇਹੁ ਦਰੇਰਾ ਜਾਇ ॥ ੫੨ ॥ ੬੪੭ ॥
ਧਰਮ ਸਿੰਘ ਧਾਯੋ ਤਬੈ ਲੈਏ ਸਿੰਘ ਲਲਕਾਰ ।
ਦਰਵਾਜੇ ਢੂਕੇ ਸਬੈ ਕਹਤ ਮਾਰ ਹੀ ਮਾਰ ॥ ੫੩ ॥ ੬੪੮ ॥

ਸਵੈਯਾ

ਸਸਤ੍ਰ ਸੰਭਾਰ ਲਲਕਾਰ ਜਿੰਘਾਨ ਕੀ ਗਰਜ ਕੈ ਸੂਰ ਐਸੇ ਸਿਧਾਏ ।
ਆਨ ਦੇਵਾਰ ਤਿਨ ਲੰਗ ਗੜ੍ਹ ਕੀ ਲਈ ਕੀਓ ਘਮਸਾਨ ਕੇਤਾਨ ਘਾਏ ।
ਮਾਰ ਅਪਾਰ ਹਥਿਆਰ ਭਾਰੀ ਭਏ ਸੂਰ ਪੈ ਸੂਰ ਗਿਰ ਕਾਮ ਆਏ ।
ਛੋਡਿ ਕੈ ਪੋਰ ਕੀ ਠਉਰ ਐਸੇ ਗਏ ਸਿੰਘ ਚਲ ਪਉਰ ਕੀ ਠੌਰ ਆਏ ॥ ੫੪ ॥ ੬੪੯ ॥

ਦੋਹਰਾ

ਦਰਵਾਜੇ ਆਏ ਤਬੈ ਸਿੰਘ ਸਬੈ ਖੁਨਸਾਇ ।
ਮਸਲਿਤ ਕੈ ਐਸੇ ਕੀਉ ਦੀਨੀ ਆਗ ਲਗਾਇ ॥ ੫੫ ॥ ੬੫੦ ॥

ਸੋਰਠਾ

ਜਲ ਬਲ ਭਯੋ ਅੰਗਾਰ ਦਰਵਾਜਾ ਟੂਟੋ ਤਬੈ ।
ਸਿੰਘ ਸਬੈ ਇਕ ਸਾਰ ਅੰਦਰਿ ਕੋ ਧਾਏ ਜਬੈ ॥ ੫੬ ॥ ੬੫੧ ॥

ਸਵੈਯਾ

ਤੋਰਿ ਕੈ ਪਉਰ ਜਬੈ ਸਿੰਘ ਆਗੇ ਗਏ ਸਾਮੁਹੇ ਸੂਰ ਲਲਕਾਰ ਆਏ ।
ਗਹੇ ਤਰਵਾਰ ਲਲਕਾਰ ਐਸੇ ਪਰੇ ਜਾਨ ਦਰੀਆਉ ਜੋ ਉਮੜਿ ਆਏ ।
ਸੂਰ ਅਰ ਸਿੰਘ ਮਿਲਿ ਜੁਧਿ ਐਸੋ ਭਇਓ ਲੋਹ ਲੁਹਾਰ ਜੈਸੇ ਬਜਾਇ ।
ਚੋਟ ਪੈ ਚੋਟ ਅਰ ਓਟ ਕਰਤਾਰ ਕੀ ਸਾਰ ਕੀ ਬਾਰ ਮੈਂ ਸਿੰਘ ਧਾਏ ॥ ੫੭ ॥ ੬੫੨ ॥

---

[4] ੧੯-੨੦ ਚੇਤ ਸੰਮਤ ੧੭੬੩ ਬਿ., ੧੭-੧੮ ਮਾਰਚ ਸੰਨ ੧੭੦੭ ਈ.
[5] ੨੧ ਚੇਤ, ੧੭੬੩ ਬਿ., ੧੯ ਮਾਰਚ, ਸੰਨ ੧੭੦੭ ਈ.

ਚੌਪਈ

ਮਿਲ ਸੂਰਨ ਸੂੰ ਰਨ ਇਮ ਕੀਨਾ।
ਤਨ ਮਨ ਅਰਪ ਪ੍ਰਾਨ ਕਰਿ ਦੀਨਾ।
ਮਨ ਅਪਨੇ ਕੋ ਲੋਭ ਨ ਜਾਨਾ।
ਭਿਰੇ ਸੂਰ ਜੋਧਾ ਬਲਵਾਨਾ॥ ੫੮ ॥ ੬੫੩ ॥
ਗਹਿ ਗਹਿ ਭੁਜਾ ਭੁਜਨ ਤੇ ਲੇਹੀ।
ਸੀਸ ਫਿਰਾਇ ਡਾਰਿ ਕੈ ਦੇਹੀ।
ਜੋਂ ਜੋਂ ਧੁਬੀਆ ਪਟ ਪੈ ਪਟ ਡਾਰੇ।
ਤੈਸੇ ਸੂਰ ਸੂਰ ਕੇ ਮਾਰੇ॥ ੫੯ ॥ ੬੫੪ ॥
ਪਰੀ ਲੋਥ ਪੈ ਲੋਥ ਅਪਾਰਾ।
ਗਿਰੇ ਪਖਰੀਆ ਵਾਰ ਨ ਪਾਰਾ।
ਲੈ ਲੈ ਸੂਰ ਪ੍ਰੇਮ ਕੇ ਪਿਆਲੇ।
ਪੀ ਪੀ ਮਗਨ ਭਏ ਮਤਵਾਲੇ॥ ੬੦ ॥ ੬੫੫ ॥

ਦੋਹਰਾ

ਬਹੁਤ ਸੂਰ ਮਾਰ ਤਹਾਂ ਭਾਜੇ ਅਨੇਕ ਅਪਾਰ।
ਦੂਜੇ ਦਰਵਾਜੇ ਗਏ ਸਿੰਘ ਸਬੈ ਇਕ ਸਾਰ॥ ੬੧ ॥ ੬੫੬ ॥
ਧਾਇ ਪਰੇ ਤਾਂ ਮੈ ਸਬੇ ਦੀਨੇ ਦੂਤ ਭਗਾਇ।
ਤੀਜੇ ਦਰਵਾਜੇ ਅਰੇ ਸਿੰਘ ਸੂਰ ਖੁਨਸਾਇ॥ ੬੨ ॥ ੬੫੭ ॥

ਚੌਪਈ

ਤਾ ਮੇ ਘਮੰਡ ਰਹੇ ਬਲਵਾਨਾ।
ਨੇਕ ਨਾ ਮਾਨਤ ਤਿਨ ਕੀ ਆਨਾ।
ਏਕ ਸਿੰਘ ਪ੍ਰਭ ਪੈ ਚਲ ਆਯੋ।
ਆਨ ਤਾਹਿ ਤਹ ਭੇਦ ਬਤਾਯੋ॥ ੬੩ ॥ ੬੫੮ ॥

ਦੋਹਰਾ

ਏਕ ਸਿੰਘ ਪ੍ਰਭ ਸੋ ਕਹਿਓ ਵਹ ਜੋ ਅਧਕ ਪਹਾਰ।
ਤੋਪ ਜਾਇ ਤਾ ਪੈ ਚੜ੍ਹੈ ਭਾਜੇਂ ਭਰਮ ਗਵਾਰ॥ ੬੪ ॥ ੬੫੯ ॥
ਜਬਰ ਜੰਗ ਪ੍ਰਭ ਨੇ ਲਈ ਤਾਂ ਅਸਥਾਨ ਚੜ੍ਹਾਇ।
ਕੇਤਕ ਚੋਟਨ ਕੇ ਚਲੇ ਦੀਨੇ ਦੂਤ ਭਗਾਇ॥ ੬੫ ॥ ੬੬੦ ॥

ਚੌਪਈ

ਪੀਛੇ ਪਉਰ ਪਰ ਸਿੰਘ ਜੋ ਧਾਏ।
ਜੋ ਕਛੂ ਹਾਥ ਲਗਾ ਸੋ ਲਿਆਏ।
ਪ੍ਰਭਿ ਸੋਂ ਆਨਿ ਕਹੀ ਇਮ ਬਾਤਾ।
ਗੜ੍ਹ ਦੇਖਉ ਚਲਿ ਪੁਰਖ ਬਿਧਾਤਾ॥ ੬੬ ॥ ੬੬੧ ॥

ਸੁਨਤ ਬਚਨ ਪ੍ਰਭ ਅਧਿਕ ਰਿਸਾਯੋ ।
ਤਾਹਿ ਸਮੇਂ ਮਨ ਮੈ ਇਮ ਆਇਓ ।
ਅਵਰ ਬਿਚਾਰ ਕਛੂ ਨਹੀਂ ਕੀਨਾ ।
ਭਏ ਸੁਆਰ ਕੂਚ ਕਰਿ ਦੀਨਾ ॥ ੬੭ ॥ ੬੬੨ ॥
ਕੂਚ ਕੀਏ ਸਾਹਿਬ ਚਲਿ ਆਏ ।
ਪਰੀ ਬਹੀਰ ਸਿਘ ਸਭਿ ਧਾਏ ।
ਖਬਰ ਕੂਚ ਕੀ ਉਨ ਸੁਨ ਪਾਈ ।
ਦਉਰੀ ਫੌਜ ਫੇਰਿ ਚਲਿ ਆਈ ॥ ੬੮ ॥ ੬੬੩ ॥

ਦੋਹਰਾ

ਸਿਘ ਪਛਾਰੀ ਮੈ ਰਹੈ ਆਈ ਫੌਜ ਅਪਾਰ ।
ਜੁਧ ਭਜੋ ਜੁੜੇ ਕਿਤੇ ਘਾਇਲ ਭਏ ਅਪਾਰ ॥ ੬੯ ॥ ੬੬੪ ॥
ਜੁਧ ਕਰਤ ਜੋਧਾ ਸਬੈ ਚਲਿ ਆਏ ਤਿਹ ਥਾਨ ।
ਆਪ ਪ੍ਰਭੂ ਠਾਢੇ ਜਹਾਂ ਤਹਾਂ ਪਹੂਚੇ ਆਨ ॥ ੭੦ ॥ ੬੬੫ ॥
ਦੁਇ ਰਾਜਾ ਜੋਧਾ ਬਲੀ ਭਏ ਮੁਹ ਬਲ ਆਨ ।
ਗਹਿ ਕਮਾਨ ਸਰ ਸਾਧਿਓ ਸਤਿਗੁਰ ਪੁਰਖ ਸੁਜਾਨ ॥ ੭੧ ॥ ੬੬੬ ॥
ਤਾਹਿ ਸਮੈ ਐਸੇ ਕਹਿਓ ਧਰਮ ਸਿਘ ਚਲਿ ਆਵ ।
ਏਕ ਰਾਵ ਹਨਿ ਹੋ ਅਬੈ ਦੂਸਰ ਪੈ ਤੁਮ ਜਾਵ ॥ ੭੨ ॥ ੬੬੭ ॥

ਸਵੈਯਾ

ਸਿਘ ਜੋ ਭਭਕ ਕੈ ਲਪਕ ਐਸੀ ਕਰੀ ਬੇਗ ਹੀ ਰਾਵ ਕੇ ਪਾਸ ਧਾਯੋ ।
ਰਾਵ ਕਛੁ ਵਾਰ ਕੀਨੇ ਨ ਕੀਨੋ ਗਹੀ ਸਿਘ ਤਰਵਾਰ ਇਕ ਵਾਰ ਲਾਯੋ ।
ਘਾਵ ਕਾਰੀ ਭਯੋ ਸ੍ਰੋਨ ਤਨ ਤੇ ਗਯੋ ਹੰਸ ਭੂਲੀ ਤਬੈ ਭੂਮ ਆਯੋ ।
ਕਾਟਿ ਕੈ ਸੀਸੁ ਤਿਹ ਬੇਗ ਹੀ ਲੈ ਲੀਓ ਦੂਸਰੋ ਰਾਵ ਮਨ ਮੈ ਰਿਸਾਯੋ ॥ ੭੩ ॥ ੬੬੮ ॥

ਸਵੈਯਾ

ਪਕਰ ਕੈ ਸ਼ਸਤ੍ਰ ਸੰਭਾਰਿ ਤਾ ਪੈ ਪਰੋ ਚਾਹਤ ਵਾਰਿ ਤਿਹ ਓਰ ਪਾਯੋ ।
ਆਪ ਸੰਭਾਰ ਸਰਿ ਸਾਧ ਤਾਹੀ ਸਮੇ ਐ ਕੈ ਤੀਰ ਐਸੇ ਚਲਾਯੋ ।
ਤੋਰ ਹੀਅਰੋ ਪਾਰ ਪੈਲੇ ਭਯੋ ਜੂਝ ਕੇ ਰਾਵਿ ਸੁਰਗੈ ਸਿਧਾਯੋ ।
ਭਾਜਿ ਕੈ ਫੌਜ ਬਾਘੋਰ ਦਉਰੀ ਗਈ ਸਿਘ ਗੋਬਿਦ ਡੰਕਾ ਬਜਾਯੋ ॥ ੭੪ ॥ ੬੬੯ ॥

ਦੋਹਰਾ

ਭਜੀ ਫੌਜ ਬਾਘਉਰ ਕੀ ਮਾਰਿ ਲਏ ਸਿਰਦਾਰ ।
ਕੂਚ ਜਹਾਨਾ ਬਾਦ ਕੋ ਕਰਿ ਦੀਨੋ ਕਰਤਾਰ ॥ ੭੫ ॥ ੬੭੦ ॥
ਸ਼ਾਹ ਜਹਾਨਾ ਬਾਦ ਕੋ ਕੀਨੋ ਕੂਚ ਅਪਾਰ ।
ਕਥਾ ਸ਼ਾਹਿ ਕੇ ਗਉਨ ਕੀ ਕਰਤ ਤਾਸ ਬੀਚਾਰ ॥ ੭੬ ॥ ੬੭੧ ॥

ਇਤਿ ਸ੍ਰੀ ਗੁਰ ਸੋਭਾ ਕੀਰਤ ਮਾਰ ਧਿਆਇ ਚਤੁਰਦਵਾਂ
ਸੰਪੂਰਨਮ ਸੁਭਮਸਤ ॥ ੧੪ ॥

## ਧਿਆਇ ਪੰਦਰਵਾਂ

# ਜ਼ਿਕਰ ਬਾਦਸ਼ਾਹੀ

ਦੋਹਰਾ

ਦਿਸ ਦੱਛਨ ਅਹਮਦ ਨਗਰ ਅਜਬ ਅਜਾਇਬ ਥਾਨ ।
ਕਰਮ ਕਾਮ ਤਾ ਦਿਸ ਰਹਿਉ ਨਉਰੰਗ ਸ਼ਾਹ ਸੁਲਤਾਨ ॥ ੧ ॥ ੬੭੨ ॥

ਚੌਪਈ

ਅਹਿਮਦ ਨਗਰ ਅਜਬ ਇਕ ਥਾਨਾ ।
ਨਉਰੰਗ ਸ਼ਾਹ ਤਹਾਂ ਠਹਰਾਨਾ ।
ਤੇਰਹ ਮਾਸ ਤਹਿ ਭੂਮ ਰਹਿਓ[1] ।
ਪਾਯੋ ਕਾਲ ਕਾਲ ਬਸਿ ਭਯੋ ॥ ੨ ॥ ੬੭੩ ॥
ਸ਼ਹਰਨ ਸ਼ਹਰ ਧੂਮ ਪਰਿ ਗਈ ।
ਭਾਰੀ ਬਾਤ ਅਨਿਕ ਬਿਧ ਭਈ ।
ਅਨਿਕ ਠਉਰ ਇਹ ਭਾਂਤਿ ਲੁਟਾਨੀ ।
ਰਾਜ ਬਿਰਾਜੀ ਸਬਹਨ ਜਾਨੀ ॥ ੩ ॥ ੬੭੪ ॥
ਸੁਨੀ ਖਬਰ ਆਜ਼ਮ ਚਲਿ ਆਯੋ ।
ਸਬ ਲਸਕਰ ਉਨ ਆਨ ਬਚਾਯੋ ।
ਸੀਸ ਆਪਨੇ ਛਤ੍ਰ ਝੁਲਾਨਾ ।
ਫੇਰੀ ਦਿਸ ਦੱਛਨ ਮੈ ਆਨਾ ॥ ੪ ॥ ੬੭੫ ॥

ਦੋਹਰਾ

ਤਬ ਆਜ਼ਮ ਬੈਠੋ ਤਖਤ ਮਨ ਮੈ ਹਰਖ ਬਢਾਇ ।
ਕਰ ਸਾਮਾਂ ਸੰਗ੍ਰਾਮ ਕੀ ਚਲਿਓ ਬਿਲਮ ਨਹੀਂ ਲਾਇ ॥ ੫ ॥ ੬੭੬ ॥

ਚੌਪਈ

ਜਬ ਤੇ ਨਉਰੰਗ ਸ਼ਾਹ ਸਿਧਾਨਾ ।
ਆਜ਼ਮ ਰਾਜ ਅਪਨੋ ਜਾਨਾ ।

---

[1]ਔਰੰਗਜ਼ੇਬ ਬਾਦਸ਼ਾਹ ੧੬ ਸ਼ੱਵਾਲ, ੧੧੧੭ ਹਿਜਰੀ, ੨੦ ਜਨਵਰੀ ਸੰਨ ੧੭੦੬ ਈ. ਨੂੰ ਅਹਿਮਦ ਨਗਰ ਪੁੱਜਾ ਸੀ ਅਤੇ ੨੮ ਜ਼ੀਕਦਾ, ੧੧੧੮ ਹਿਜਰੀ, ੨੦ ਫਰਵਰੀ ਸੰਨ ੧੭੦੭ ਈ. ਨੂੰ ਉਸ ਦਾ ਇੱਥੇ ਦੇਹਾਂਤ ਹੋ ਗਿਆ, ਇਸ ਹਿਸਾਬ ਨਾਲ ਔਰੰਗਜ਼ੇਬ ਨੇ ਪੂਰੇ ਤੇਰਾਂ ਮਹੀਨੇ ਅਹਿਮਦ ਨਗਰ ਵਿਚ ਡੇਰਾ ਰਖਿਆ (ਮਆਸਿਰਿ-ਆਲਮਗੀਰੀ, ਅੰਗਰੇਜ਼ੀ, ਪੰਨਾ ੩੦੪, ੩੦੯; ਸਰਕਾਰ, ਸ਼ੌਰਟ ਹਿਸਟਰੀ ਔਫ ਔਰੰਗਜ਼ੇਬ, ੪੭੨) ।

ਛਤ੍ਰ ਆਪਨੋ ਸੀਸ ਝੁਲਾਯੋ ।
ਡੰਕਾ ਦੇਤ ਹਿੰਦ ਕੋ ਧਾਯੋ ॥ ੬ ॥ ੬੭੭ ॥
ਤਾਂ ਕੀ ਖਬਰ ਸ਼ਾਹਿ ਸੁਨਿ ਪਾਈ ।
ਕੂਚ ਕੀਓ੍ਰ ਕਛੂ ਬਿਲਮ ਨ ਲਾਈ ।
ਦਿੱਲੀ ਨਿਕਟਿ ਆਪ ਜਬ ਆਯੋ ।
ਲਿਖਾ ਕੀਓ ਪ੍ਰਭ ਪਾਸ ਪਠਾਇਓ ॥ ੭ ॥ ੬੭੮ ॥

ਦੋਹਰਾ

ਕਰਿ ਜੋਰੇ ਐਸੇ ਕਹਿਓ ਨਿਮਖ ਬਿਲਮ ਨਹੀ ਲਾਇ ।
ਇਹ ਸੁਲਤਾਨੀ ਜੰਗ ਮੈ ਤੁਮ ਪ੍ਰਭ ਹੋਹੁ ਸਹਾਇ ॥ ੮ ॥ ੬੭੯ ॥

ਚੌਪਈ

ਤੇਈ ਬਾਤ ਪ੍ਰਭ ਨੇ ਸੁਨਿ ਪਾਈ ।
ਲਿਖਿਓ ਦਿਲਾਸਾ ਤਾਹਿ ਪਠਾਈ ।
ਸੰਕਾ ਨੇਕ ਜੀਵ ਨਹੀਂ ਆਨੋ ।
ਨਿਹਚੇ ਰਾਜ ਆਪਨਾ ਜਾਨੋ ॥ ੯ ॥ ੬੮੦ ॥
ਤਾਂ ਤੇ ਸ਼ਾਂਤਿ ਸ਼ਾਹ ਮਨ ਆਈ ।
ਕਰਿ ਨਿਹਚੇ ਪ੍ਰਭ ਸੋ ਲਿਵ ਲਈ ।
ਆਨ ਜਾਜਊ ਜੁਧ ਮਚਾਯੋ[2] ।
ਆਜ਼ਮ ਮਾਰਗ ਜਾਤ ਨ ਧਾਯੋ ॥ ੧੦ ॥ ੬੮੧ ॥
ਭਜੋ ਸਾਰ ਪੈ ਸਾਰ ਅਪਾਰਾ ।
ਕੀਨੋ ਪ੍ਰਬਲ ਸਬਲ ਰਣ ਭਾਰਾ ।
ਪ੍ਰਬਲ ਕਥਾ ਕਰਿ ਅਲਪ ਸੁਨਾਈ ।
ਆਜ਼ਮ ਮੀਚ ਭਾਇ ਇਹ ਪਾਈ ॥ ੧੧ ॥ ੬੮੨ ॥

ਸਵੈਯਾ

ਚੜ੍ਹੇ ਦਲ ਸਾਜਿ ਪੈ ਲਾਜ ਨੈਨਾ ਭਰੇ ਸ਼ਾਹ ਆਜ਼ਮ ਅਰੇ ਜੋਰ ਕੀਨੇ ।
ਭਿਰੇ ਮਹ ਮੰਤ ਬਲਵੰਤ ਸੂਰਾ ਸਰਸ ਏਕ ਤੇ ਏਕ ਕੋਊ ਨਹੀਂ ਹੀਨੇ ।
ਪਰੀ ਹੈ ਮਾਰ ਸਿਰਦਾਰ ਜੂਝੇ ਘਨੇ ਗਿਰੇ ਸੁਲਤਾਨ ਜਬ ਡਗ ਸਗੀਨੇ ।
ਰਾਜ ਕੇ ਕਾਜ ਸੰਗ੍ਰਾਮ ਸੰਗ੍ਰਾਮ ਭਾਰਥ ਕੀਓ ਲੋਹ ਕੀ ਲਾਜ ਪੈ ਜੀਵ ਦੀਨੋ ॥ ੧੨ ॥ ੬੮੩ ।

---

[2]ਜਾਜਊ ਦੀ ਲੜਾਈ ੧੮ ਰੱਬੀ-ਉਲ-ਅੱਵਲ, ਸਨ ੧੧੧੯ ਹਿਜਰੀ, ੮ ਜੂਨ, ਸਨ ੧੭੦੭ ਨੂੰ ਸ਼ਾਹਜ਼ਾਦਾ ਮੁਅੱਜ਼ਮ ਅਤੇ ਉਸ ਦੇ ਛੋਟੇ ਭਾਈ ਸ਼ਾਹਜ਼ਾਦਾ ਆਜ਼ਮ ਦੇ ਵਿਚਕਾਰ ਹੋਈ ਜਿਸ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਤਖਤ ਦੇ ਅਸਲੀ ਮਾਲਕ ਵੱਡੇ ਭਾਈ ਮੁਅੱਜ਼ਮ ਦੀ ਸਹਾਇਤਾ ਕੀਤੀ । ਮੁਅੱਜ਼ਮ ਦੀ ਜਿੱਤ ਹੋਈ ਅਤੇ ਉਹ ਬਹਾਦਰ ਸ਼ਾਹ ਨਾਂਉ ਨਾਲ ਹਿੰਦੁਸਤਾਨ ਦਾ ਬਾਦਸ਼ਾਹ ਬਣਿਆ (ਕਾਮਵਰ, ਤਜ਼ਕਿਰਾਤੁ-ਸਲਾਤੀਨ, ਬਹਾਦਰ ਸ਼ਾਹ ਨਾਮਾ, ਆਦਿ) ।

ਦੋਹਰਾ

ਸਾਨੀ ਆਜ਼ਮ ਸ਼ਾਹ ਕੀ ਅਵਰ ਨਹੀਂ ਸੁਲਤਾਨ ।
ਲੱਹ ਲਾਜ ਜਿਨ ਰਣ ਬਿਖੈ ਐਸੀ ਕਰੀ ਨਿਦਾਨ ॥ ੧੩ ॥ ੬੮੪ ॥
ਜੂਝ ਪਰੈ ਰਣ ਮੇਂ ਤਬੈ ਸੁਤਨ ਸਹਿਤ ਇਮ ਜਾਨ ।
ਐਸੀ ਕਿਨਹੂ ਨ ਕਰੀ ਜਾਨਤ ਸਕਲ ਜਹਾਨ ॥ ੧੪ ॥ ੬੮੫ ॥

ਸਵੈਯਾ

ਸੁਨੀ ਜੋ ਸ਼ਾਹਿ ਬਿਗਸਾਇ ਐਸੇ ਕਹਿਓ ਸ਼ੁਕਰ ਦਰਗਾਹ ਤੇਰੀ ਇਲਾਹੀ ।
ਕੀਉ ਹੈ ਫੈਜ਼ ਮੁਹਿ ਆਪਨੇ ਜਾਨਿ ਕੈ ਰਹਮ ਕੀ ਨਜ਼ਰ ਤੇ ਫਤੇਹ ਪਾਈ ।
ਬੀਰ ਜੋਧਾ ਬਲੀ ਧਾਂਕ ਜਾਂ ਕੀ ਭਲੀ ਸੰਗ ਥੇ ਖੂਬ ਜਾ ਕੇ ਸਿਪਾਹੀ ।
ਜੀਵ ਤਾਂ ਕਾ ਲੀਓ ਤਾਜ ਹਮ ਕੋ ਦੀਉ ਅਜਬ ਹੈਂ ਖੇਲ ਤੇਰੇ ਖ਼ੁਦਾਈ ॥ ੧੫ ॥ ੬੮੬ ॥

ਦੋਹਰਾ

ਸ਼ੁਕਰ ਕੀਉ ਦਰਗਾਹ ਮੈ ਜੁਧ ਫ਼ਤੇ ਜਬ ਕੀਨ ।
ਛਤ੍ਰ ਸੀਸ ਅਪਨੇ ਤਬੈ ਸ਼ਹਿ ਬਹਾਦੁਰ ਲੀਨ ॥ ੧੬ ॥੬੮੭ ॥

ਚੌਪਈ

ਸ਼ਾਹ ਬਹਾਦਰ ਛਤ੍ਰ ਝੁਲਾਨਾ ।
ਫੇਰੀ ਦੇਸ ਦੇਸ ਮੈ ਆਨਾ ।
ਕੀਏ ਮੁਕਾਮ ਆਗਰੇ ਮਾਹੀ ।
ਚਾਰ ਮਾਸ ਬਰਸਾਤ ਬਿਤਾਈ ॥ ੧੭ ॥ ੬੮੮ ॥

ਦੋਹਰਾ

ਬਾਦਸ਼ਾਹ ਢਿਗ ਆਗਰੇ ਕਹਤ ਤਾਹਿ ਬੀਚਾਰ ।
ਸ਼ਾਹ ਜਹਾਨਾ ਬਾਦ ਮੈ ਆ ਪਹੁਚਿਓ ਕਰਤਾਰ ॥ ੧੮ ॥ ੬੮੯ ॥

ਇਤਿ ਸ੍ਰੀ ਗੁਰ ਸੋਭਾ ਮਜ਼ਕੂਰ ਬਾਦਸ਼ਾਹੀ ਕਾ ਪੰਦਰਵਾਂ ਧਿਆਉ
ਸੰਪੂਰਨ ਸੁਭਮਸਤੁ ॥ ੧੫ ॥

## ਧਿਆਉ ਸੋਲ੍ਹਵਾਂ

# ਮੁਲਾਕਾਤ ਬਾਦਸ਼ਾਹ ਕੀ

### ਚੌਪਈ

ਦਿਲੀ ਨ੍ਰਿਕਟਿ ਪ੍ਰਭੂ ਜਬ ਆਏ ।
ਸੰਗਤ ਖਬਰ ਸੁਨੀ ਸੁਖ ਪਾਏ ।
ਅਨਿਕ ਹੁਲਾਸ ਜੀਵ ਮੈ ਆਯੋ ।
ਸਰਬ ਖਾਲਸਾ ਲੈਨਿ ਸਿਧਾਯੋ ॥ ੧ ॥ ੬੯੦ ॥
ਗਾਡੀ ਰਥ ਕੇਤਨ ਮੰਗਵਾਏ ।
ਘੋਰਨ ਪੈ ਚੜ੍ਹਿ ਅਨਿਕ ਸਿਧਾਏ ।
ਪਾਇ ਪਿਆਦਨ ਕੇਤਨ ਚਾਲੇ ।
ਪੀ ਪੀ ਨੈਨ ਪਾਨ ਕੇ ਪਿਆਲੇ ॥ ੨ ॥ ੬੯੧ ॥

### ਮਧੁਭਾਰ ਛੰਦ

ਕਰਿ ਕੈ ਬਿਚਾਰ । ਸਿਖੰ ਅਪਾਰ ।
ਸਬਦੰ ਉਚਾਰ । ਏਕੰ ਨਿਹਾਰ ॥ ੩ ॥ ੬੯੨ ॥
ਭਵ ਭੈ ਉਤਾਰ । ਭਰਮੰ ਬਿਦਾਰ ।
ਹੁਇ ਹਰਖਵੰਤ । ਪੇਖਿਓ ਬਿਅੰਤ ॥ ੪ ॥ ੬੯੩ ॥
ਚਿੰਤਾ ਬਿਸਾਰ । ਦਿੜ੍ਹ ਜੀਵ ਧਾਰਿ ।
ਮਨ ਮੈ ਅਨੰਦ । ਸਬ ਤੋਰ ਫੰਦ ॥ ੫ ॥ ੬੯੪ ॥

### ਦੋਹਰਾ

ਮਨ ਬਚ ਕ੍ਰਮ ਕਰ ਭਾਵਨੀ ਸਤਿਗੁਰ ਸੋ ਲਿਵ ਲਾਇ ।
ਅਨੰਦ ਭਯੋ ਪ੍ਰਭ ਪੇਖਿਓ ਸਿਖਨ ਸਤਿਗੁਰ ਆਈ ॥ ੬ ॥ ੬੯੫ ॥

### ਅੜਿਲ

ਸ਼ਾਹ ਜਹਾਨਾ ਬਾਦਿ ਪ੍ਰਭੂ ਜਬ ਆਇ ਕੈ ।
ਕੌਤਕਿ ਕਰੇ ਅਪਾਰ ਪ੍ਰਭੂ ਬਿਗਸਾਇ ਕੈ ।
ਜਮਨਾ ਕੇ ਤਟ ਪਾਰ ਜਹਾ ਡੇਰਾ ਕੀਉ ।
ਜੀ ਕੀਨੋ ਸਿਸਟਿ ਉਧਾਰ ਦਰਸ ਐਸੇ ਦੀਉ ॥ ੭ ॥ ੬੯੬ ॥

### ਚੌਪਈ

ਕੇਤਕ ਦਿਨ ਤਿਹ ਠਉਰ ਬਿਤਾਏ ।
ਫੇਰ ਕੂਚ ਪ੍ਰਭ ਨੇ ਫੁਰਮਾਏ ।

ਚਲਤ ਚਲਤ ਆਏ ਤਿਹ ਥਾਨਾ ।
ਮਥਰਾ ਨਗਰ ਪ੍ਰਭ ਮਨਿ ਭਾਨਾ ॥ ੮ ॥ ੬੯੭ ॥
ਦੇਖੀ ਠਵਰ ਪ੍ਰਭੂ ਬਿਗਸਾਏ ।
ਸੂਰਜ ਕੁੰਡ ਧਾਮ ਫੁਰਮਾਏ ।
ਤਬ ਬਿਸਰਾਂਤ ਦਿਸਟ ਹਰ ਆਨਾ ।
ਕੇਤਕ ਦੀਉ ਦਿਜਨ ਕੋ ਦਾਨਾ ॥ ੯ ॥ ੬੯੮ ॥
ਮਥਰਾ ਦੇਖ ਪ੍ਰਭੁ ਜਬ ਆਏ ।
ਪੁਨਿ ਬਿੰਦ੍ਰਾਬਨ ਆਪ ਸਿਧਾਏ ।
ਦੇਖੀ ਕੁੰਜ ਗਲੀ ਸਬ ਠਉਰਾ ।
ਦੇਖੀ ਛਾਵ ਅਧਿਕ ਇਕ ਔਰਾ ॥ ੧੦ ॥ ੬੯੯ ॥

ਦੋਹਰਾ

ਆਪ ਆਨ ਬੈਠੇ ਤਹਾ ਅਰੁ ਮਿਸਟਾਨ ਮੰਗਾਇ ।
ਰਾਖ ਦੀਉ ਮੈਦਾਨ ਮੈ ਬੰਚਰ ਭੁੰਚਤ ਖਾਇ ॥ ੧੧ ॥ ੭੦੦ ॥
ਆਪਸ ਮੈ ਲਰ ਲਰ ਮਰਤ ਕਿਲਕਤ ਅਤਿ ਖੁਨਸਾਇ ।
ਕਉਤਕ ਤਿਨ ਕੇ ਅਨਿਕ ਬਿਧਿ ਦੇਖਿ ਪ੍ਰਭੂ ਬਿਗਸਾਇ ॥ ੧੨ ॥ ੭੦੧ ॥
ਅਨਿਕ ਭਾਂਤ ਲੀਲ੍ਹਾ ਕਰੀ ਬਿੰਦ੍ਰਾਬਨ ਮੈ ਆਇ ।
ਗਉਨ ਕੀਉ ਪ੍ਰਭ ਨੇ ਤਬੈ ਚਲੇ ਆਗਰੇ ਧਾਇ ॥ ੧੩ ॥ ੭੦੨ ॥

ਚੌਪਈ

ਕੂਚ ਕੀਉ ਤਾਂ ਤੇ ਉਠਿ ਧਾਏ ।
ਪੰਥ ਚਲਤ ਕੇਤਕ ਦਿਨ ਲਾਏ ।
ਕੋਸ ਚਾਰ ਆਗਰ ਜਬ ਰਹਾ ।
ਕਰੋ ਮੁਕਾਮ ਪ੍ਰਭੂ ਇਮ ਕਹਾ ॥ ੧੪ ॥ ੭੦੩ ॥

ਦੋਹਰਾ

ਬਾਗ ਏਕ ਦੇਖਿਓ ਤਹਾਂ ਉਤਰ ਕੀਉ ਬਿਸਰਾਮ ।
ਕੋਸ ਦੋਇ ਤਾਂ ਤੇ ਰਹੇ ਬਾਦਸ਼ਾਹ ਕੇ ਧਾਮ ॥ ੧੫ ॥ ੭੦੪ ॥
ਖ਼ਾਨਿ ਖ਼ਾਨਾ[1] ਸੁਨ ਕੈ ਤਬੈ ਦੀਨੇ ਲੋਗ ਪਠਾਏ ।
ਬਿਨੋ ਕਰੀ ਕਰਿ ਜੋਰਿ ਕੈ ਦਰਸ ਦਿਖਾਵੋ ਆਇ ॥ ੧੬ ॥ ੭੦੫ ॥

---

[1]ਖ਼ਾਨਿ-ਖ਼ਾਨਾਨ ਬਹਾਦੁਰ ਸ਼ਾਹ ਬਾਦਸ਼ਾਹ ਦਾ ਵੱਡਾ ਵਜ਼ੀਰ ਸੀ ਜਿਸ ਦਾ ਨਾਉਂ ਮੁਨਇਮ ਖ਼ਾਨ ਸੀ । ਇਸੇ ਦੇ ਨਾਉਂ, ਜਦੋਂ ਇਹ ਲਾਹੌਰ ਦਾ ਨਾਇਬ ਸੂਬੇਦਾਰ ਸੀ, ਬਾਦਸ਼ਾਹ ਔਰੰਗਜ਼ੇਬ ਨੇ ਹਸਬੁਲ-ਹੁਕਮ ਭੇਜਿਆ ਸੀ ਕਿ ਗੁਰੂ ਗੋਬਿੰਦ ਸਿੰਘ ਨੂੰ ਹਰ ਤਰ੍ਹਾਂ ਤਸੱਲੀ ਦੇ ਕੇ, ਰਾਜ਼ੀ ਕਰ ਕੇ ਦੱਖਣ ਉਸ ਨੂੰ ਮਿਲਣ ਲਈ ਭੇਜਣ ਦਾ ਯੋਗ ਪਰਬੰਧ ਕਰ ਦੇਵੇ (ਇਨਾਇਤੁੱਲਾ ਇਸਮੀ, ਅਹਿਕਾਮਿ ਆਲਮਗੀਰੀ, ਮਾਖ਼ਿਜ਼ਿ ਤਵਾਰੀਖ਼ਿ ਸਿੱਖਾਂ, ੭੪-੭੫) ।

ਚੌਪਈ

ਅਨਿਕ ਭਾਂਤ ਪ੍ਰਭ ਫੌਜ ਸੁਧਾਰੀ ।
ਸੂਰ ਬੀਰ ਜੋਧਾ ਹਿਤਕਾਰੀ ।
ਲੈ ਕੇ ਸੰਗਿ ਆਪਿ ਪ੍ਰਭ ਧਾਯੋ ।
ਲਸ਼ਕਰ ਬਾਦਸ਼ਾਹ ਕੇ ਆਯੋ ॥ ੧੭ ॥ ੭੦੬ ॥
ਡਹਰਾ ਬਾਗ ਅਜਬ ਇਕ ਥਾਨਾ[2] ।
ਬਸਿਹੈ ਤਹਾਂ ਖ਼ਾਨ ਹੀ ਖ਼ਾਨਾ ।
ਕ੍ਰਿਪਾ ਧਾਰ ਤਹਾਂ ਘਰਿ ਆਏ ।
ਤਿਸਹਿ ਆਨ ਕੈ ਦਰਸ ਦਿਖਾਏ ॥ ੧੮ ੭੦੭ ॥

ਦੋਹਰਾ

ਦਰਸ ਦੇਖ ਐਸੇ ਕਹਿਓ ਬਹਤ ਕ੍ਰਿਪਾ ਤੁਮ ਕੀਨ ।
ਆਪਨੋਂ ਹੀ ਮੁਹਿ ਜਾਨ ਕੈ ਦਰਸ ਆਪਨੋ ਦੀਨ ॥ ੧੯ ॥ ੭੦੮ ॥

ਚੌਪਈ

ਚਰਨ ਕਵਲ ਕੋ ਹਾਥ ਚਲਾਏ ।
ਥਾਪੀ ਦਈ ਪ੍ਰਭੂ ਬਿਗਸਾਏ ।
ਤਬ ਤਿਨ ਅਪਨੋਂ ਹਾਲ ਦਿਖਾਯੋ ।
ਰੱਛਾ ਕਰੀ ਪ੍ਰਭੂ ਫ਼ੁਰਮਾਯੋ ॥ ੨੦ ॥ ੭੦੯ ॥
ਆਦਰ ਬਹੁਤ ਪ੍ਰਭੂ ਕਾ ਕੀਨਾ ।
ਤਾਹੀ ਸਮੈ ਬਿਦਾ ਕਰ ਦੀਨਾ ।
ਹਾਥ ਜੋੜ ਇਹ ਭਾਂਤਿ ਬਤਾਏ ।
ਉਤਰੋ ਧਾਮ ਪ੍ਰਭੂ ਤਮ ਜਾਏ ॥ ੨੧ ॥ ੭੧੦ ॥

ਦੋਹਰਾ

ਬਿਦਾ ਭਏ ਤਾਹੀ ਸਮੈ ਚਲਿ ਆਏ ਤਿਹ ਥਾਨ ।
ਠਉਰ ਏਕ ਦੇਖੀ ਤਹਾਂ ਰਾਤ ਕਰੀ ਗੁਜ਼ਰਾਨ ॥ ੨੨ ॥ ੭੧੧ ॥
ਮੇਹ ਕਹੈ ਬਰਖੋਂ ਅਬੈ ਬਹੁਤ ਨਾ ਐਸੋ ਦਾਵ ।
ਆਪ ਪ੍ਰਭੁ ਆਏ ਈਹਾਂ ਆਨ ਕਰੋਂ ਛਿਰਕਾਓ ॥ ੨੩ ॥ ੭੧੨ ॥
ਰੈਨਿ ਗਈ ਬਾਸਰ ਭਾਯੋ ਭਏ ਆਪ ਅਸਵਾਰ ।
ਬਾਗ ਏਕ ਨਿਰੀਖਓ ਜਬੈ ਡੇਰਾ ਕੀਉ ਬਿਚਾਰ ॥ ੨੪ ॥ ੭੧੩ ॥
ਆਪ ਪ੍ਰਭੂ ਤਾਹੀ ਸਮੇ ਕੀਉ ਬਾਗ ਮੈ ਧਾਮ ।
ਠਾਉਰ ਬਾਂਟ ਸਬ ਕੋ ਦਈ ਕੀਉ ਤਾਂਹ ਬਿਸਰਾਮ ॥ ੨੫ ॥ ੭੧੪ ॥
ਕੇਤਕ ਦਿਨ ਬੀਤਤ ਭਏ ਯਾਦਿ ਸ਼ਾਹਿ ਇਮ ਕੀਨ ।
ਪ੍ਰਭ ਆਏ ਕਾਰਨ ਕਵਨ ਹਮ ਕੋ ਦਰਸਨ ਦੀਨ ॥ ੨੬ ॥ ੭੧੫ ॥

---

[2] ਇਸ ਬਾਗ਼ ਦਾ ਨਾਉਂ ਦਹਿਰ-ਆਰਾਇ ਬਾਗ਼ ਸੀ, ਜੋ ਆਗਰੇ ਤੋਂ ਬਾਹਰ ਸ਼ੀ ।

ਕਹਿ ਭੇਜੀ ਪ੍ਰਭ ਸੋ ਤਬੈ ਦਯਾ ਕਰੋ ਕਰਤਾਰ ॥
ਦਰਸ ਦਿਖਾਯੋ ਆਪਨਾ ਅਪਨੀ ਕਿਰਪਾ ਧਾਰਿ ॥ ੨੭ ॥ ੭੧੬ ॥

ਚੌਪਈ

ਸੂਰ ਸਿੰਘ ਪ੍ਰਭ ਨਿਕਟ ਬੁਲਾਏ ।
ਹੋਹੁ ਤਿਆਰ ਤਬੈ ਫੁਰਮਾਏ ।
ਚੜ੍ਹਤ ਕਰੀ ਐਸੇ ਪ੍ਰਭ ਧਾਏ ।
ਡੇਰਨ ਬਾਦਸ਼ਾਹ ਕੇ ਆਏ[3] ॥ ੨੮ ॥ ੭੧੭ ॥

ਦੋਹਰਾ

ਆਨ ਸ਼ਾਹ ਕੇ ਧਾਮ ਪੈ ਸੂਰ ਖਰੇ ਤਹਾਂ ਕੀਨ ।
ਆਪ ਧਾਇ ਅੰਦਰ ਗਏ ਸਿੰਘ ਸੰਗ ਇਕ ਲੀਨ ॥ ੨੯ ॥ ੭੧੮ ॥
ਖਾਸ ਡੇਵਢੀ ਆਨ ਕੈ ਤਹਾਂ ਸਿੰਘ ਖਲਵਾਇ ।
ਆਪ ਪ੍ਰਭੂ ਅੰਦਰ ਗਏ ਅਪਨੋ ਰੂਪ ਬਣਾਇ ॥ ੩੦ ॥ ੭੧੯ ॥

ਚੌਪਈ

ਚੜ੍ਹੀ ਕਮਾਨ ਸ਼ਸਤ੍ਰ ਸਬ ਸਾਰੇ ।
ਕਲਗੀ ਛਬ ਹੈ ਅਪਰ ਅਪਾਰੇ ।
ਲਟਕਤ ਚਲਤ ਤਰਾਂ ਦਲ ਆਏ ।
ਸਾਹ ਪਾਸ ਬੈਠੇ ਇਮ ਜਾਇ ॥ ੩੧ ॥ ੭੨੦ ॥
ਸ਼ਾਹ ਆਪ ਤਿਹ ਓਰ ਨਿਹਾਰਾ ।
ਦਰਸਨ ਦੇਖ ਭਯੋ ਮਤਵਾਰਾ ।
ਤਨ ਮਨ ਧਨ ਤੇ ਅਧਿਕ ਬਿਕਾਨਾ ।
ਕਵਲ ਦੇਖਿ ਜੋ ਭਵਰ ਲੁਭਾਨਾ ॥ ੩੨ ॥ ੭੨੧ ॥
ਧੰਨ ਧੰਨ ਪ੍ਰਭ ਅਲਖ ਅਪਾਰਾ ।
ਨਿਹਚਲ ਕੀਨੋ ਰਾਜ ਹਮਾਰਾ ।
ਦਯਾ ਧਾਰਿ ਹਮਰੇ ਘਰਿ ਆਏ ।
ਤਖ਼ਤ ਬਖ਼ਤ ਤੁਮ ਤੇ ਪ੍ਰਭ ਪਾਏ ॥ ੩੩ ॥ ੭੨੨ ॥
ਕਲਗੀ ਔਰ ਧੁਗਧੁਗੀ ਆਨੀ ।
ਖ਼ਿਲਅਤ ਏਕ ਸ਼ਾਹ ਮਨਮਾਨੀ ।

[3]ਗੁਰੂ ਗੋਬਿੰਦ ਸਿੰਘ ਜੀ ਅਤੇ ਬਾਦਸ਼ਾਹ ਬਹਾਦੁਰ ਸ਼ਾਹ ਦੀ ਇਹ ਮੁਲਾਕਾਤ ਆਗਰੇ ੫ ਜਮਾਦੀ-ਉਲ-ਅਵਲ ਸੰਨ ੧੧੧੯ ਹਿਜਰੀ, ੨੩ ਜੁਲਾਈ ਸੰਨ ੧੭੦੭ ਈ. ਨੂੰ ਹੋਈ ਸੀ ਜਿਸ ਵਿਚ ਬਾਦਸ਼ਾਹ ਨੇ ਜੜਾਊ ਧੁਕਧੁਕੀ, ਕਲਗੀ ਆਦਿ ਸਮੇਤ ਇਕ ਬਹੁ-ਮੁਲੀ ਖਿਲਅਤ ਪੇਸ਼ ਕੀਤੀ ਸੀ [ਅਖ਼ਬਾਰਾਤਿ-ਦਰਬਾਰਿ ਮੁਅੱਲਾ, ਹੁਕਮਨਾਮੇ ਗੁਰੂ ਗੋਬਿੰਦ ਸਿੰਘ ਜੀ ਦੇ ਸੰਗਤ ਧਉਲ ਅਤੇ ਸੰਗਤ ਖਾਰਾ ਦੇ ਨਾਉਂ, ਨੰ: ੬੩, ੬੪] । ਇਨ੍ਹਾਂ ਹੁਕਮਨਾਮਿਆਂ ਵਿਚ ਗੁਰੂ ਸਾਹਿਬ ਨੇ ਲਿਖਿਆ ਸੀ "ਅਸੀਂ ਭੀ ਥੋੜੇ ਹੀ ਦਿਨਾਂ ਨੋ ਆਵਤੇ ਹੈ" ਅਰਥਾਤ ਆਪ ਦਾ ਇੱਥੋਂ ਪੰਜਾਬ ਨੂੰ ਮੁੜ ਆਉਣ ਦਾ ਖਿਆਲ ਸੀ, ਪਰ ਬਹਾਦੁਰ ਸ਼ਾਹ ਬਾਦਸ਼ਾਹ ਦੇ ਪਰੋਗਰਾਮ ਵਿਚ ਅਚਾਨਕ ਤਬਦੀਲੀ ਹੋ ਜਾਣ ਕਰ ਕੇ ਆਪ ਭੀ ਦੱਖਣ ਨੂੰ ਚਲੇ ਗਏ ।

ਸ਼ਾਹ ਪ੍ਰਭੂ ਕੋ ਭੇਟ ਚੜ੍ਹਾਈ ।
ਖੁਸੀ ਕਰੋ ਤੁਮ ਸੋ ਬਨ ਆਈ ॥ ੩੪ ॥ ੭੨੩ ॥
ਤਾਂਹਿ ਸਮੈ ਪ੍ਰਭ ਨੇ ਫ਼ੁਰਮਾਯੋ ।
ਅੰਦਰਿ ਸ਼ਾਹਿ ਪੈ ਸਿੰਘ ਬੁਲਾਯੋ ।
ਬਸਤ੍ਰ ਤਾਂਹਿ ਪਾਸ ਉਠਵਾਏ ।
ਬਿਦਾ ਭਏ ਪ੍ਰਭ ਡੇਰੇ ਆਏ ॥ ੩੫ ॥ ੭੨੪ ॥
ਕਰਤ ਅਨੰਦ ਕੇਲ ਪ੍ਰਭ ਘਨੀ ।
ਪ੍ਰਭ ਕੀ ਉਪਮਾ ਪ੍ਰਭ ਕੋ ਬਨੀ ।
ਏਕ ਦਿਵਸ ਕੀ ਕਥਾ ਬਖਾਨੋਂ ।
ਉਮਡੀ ਸਿਆਮ ਘਟਾ ਅਤਿ ਮਾਨੋ ॥ ੩੬ ॥ ੭੨੫ ॥

ਸਵੈਯਾ

ਮਾਨੋ ਘਟਾ ਉਮਡੀ ਚਹੁ ਓਰਨ ਤੇ ਰੰਗ ਸਿਆਮ ਬਨੇ ਗਜ ਆਏ ।
ਮਾਤੇ ਮਤੰਗ ਫਿਰੇ ਇਹ ਭਾਂਤਨ ਜੇਤੀ ਕਹੋ ਸਬ ਤੇਤੀ ਸਰਾਏ ।
ਪੇਲ ਦੀਓ ਗਜ ਨੇ ਗਜ ਕੋ ਇਤ ਤੇ ਉਤ ਕੋ ਇਹ ਭਾਂਤ ਉਨ੍ਹਾਇ ।
ਸ਼ਾਹਨਸ਼ਾਹ ਪ੍ਰਭੂ ਹਮਰੇ ਤਿਹ ਬੈਠ ਝਰੋਖੇ ਗਇੰਦ ਲਰਾਏ ॥ ੩੭ ॥ ੭੨੬ ॥
ਥਾਨਨ ਤੇ ਛੁਟ ਕੈ ਦੋਊ ਕੁੰਚਰ ਤੋਰ ਜ਼ੰਜੀਰਨ ਸਮੁਹੇ ਆਏ ।
ਸੂਢ ਸੋ ਸੂਢ ਮਿਲਾਇ ਦਈ ਪਗ ਸੋ ਪਗ ਜੋਰ ਕਰੇ ਖੁਨਸਾਇ ।
ਟੀਝ ਪਰੀ ਬਿਗਸਿਓ ਕਰਤਾ ਤਿਨ ਕੇ ਜ਼ਿਰਦਾਰਨ ਦਾਮ ਦਿਵਾਏ ।
ਸ਼ਾਹਨਸ਼ਾਹ ਪ੍ਰਭੂ ਹਮਰੇ ਤਿਹ ਬੈਠ ਝਰੋਖੇ ਗਇੰਦ ਲਰਾਏ ॥ ੩੮ ॥ ੭੨੭ ॥
ਦਉਰੇ ਧਾਇ ਬਰੋਬਰ ਜਾਇ ਮਿਲੇ ਦੋਊ ਆਇ ਸੁਨੋ ਗਜ ਖਾਇ ।
ਆਪਸ ਮੇ ਮਿਲ ਟਕਰ ਲੇਤ ਕਰੇ ਇਹ ਭਾਂਤਨ ਜ਼ੋਰ ਸਵਾਏ ।
ਏਕ ਭਜੇ ਇਕ ਪਾਛੇ ਪਰੋ ਅਤ ਪੇਲਤ ਜਾਤ ਮਹਾ ਬਲਲਾਏ !
ਸ਼ਾਹਨਸਾਹ ਪ੍ਰਭੂ ਹਮਰੇ ਤਿਹ ਬੈਠੇ ਝਰੋਖੇ ਗਇੰਦ ਲਰਾਏ ॥ ੩੯ ॥ ੭੨੮ ॥

ਦੋਹਰਾ

ਲੀਲਾ ਅਨਕ ਅਨੇਕ ਬਿਧ ਅਨ ਦਿਨ ਕਰਤ ਬਿਹਾਤ ।
ਸਬ ਕਉਤਕ ਕੈਸੇ ਕਹੋ ਕਛੁ ਕਛੁ ਬਰਨਤ ਜਾਤਿ ॥ ੪੦ ॥ ੭੨੯ ॥

ਚੌਪਈ

ਕੇਤਕ ਮਾਸ ਅਵਰ ਦਿਸ ਭਏ ।
ਅਨੰਦ ਕੇਲ ਸੋ ਦਿਵਸ ਬਿਤਾਏ !
ਦੇਸ ਦੇਸ ਤੇ ਸੰਗਤਿ ਆਵੈ ।
ਦਰਸਨੁ ਅਗਮ ਪੁਰਖ ਕੋ ਪਾਵੈ ॥ ੪੧ ॥ ੭੩੦ ॥

ਚੌਪਈ

ਕਛੁ ਇਕ ਕਥਾ ਸ਼ਾਹ ਕੀ ਆਈ ।
ਚਾਹਤ ਸ਼ਾਹ ਅਵਰ ਦਿਸ ਜਾਈ ।

ਰਾਜਪੂਤਨ ਪੈ ਅਤਿ ਧੁਨ ਲਾਇ ।
ਸ਼ਾਹ ਬਹਾਦੁਰ ਉਤੈ ਸਿਧਾਏ[4] ॥ ੪੨ ॥ ੭੩੧ ॥

ਦੋਹਰਾ

ਬਾਗ ਛੋੜਿ ਪ੍ਰਭ ਜੀ ਤਬੈ ਗਉਨ ਤਹਾਂ ਤੇ ਕੀਨ ।
ਐਤਬਾਹ ਪੁਰ[5] ਆਨ ਕੈ ਧਾਮ ਤਾਲ ਪਰ ਦੀਨ ॥ ੪੩ ॥ ੭੩੨ ॥

ਚੌਪਈ

ਅਲਪ ਦਿਵਸ ਕਛੁ ਤਹਾਂ ਬਤਾਏ ।
ਸਾਹਿਬ ਜੋਰਾਵਰ ਸਿੰਘ ਆਏ[6] ।
ਅਨਦ ਭਯੋ ਬਿਧਿ ਅਨਿਕ ਅਪਾਰਾ ।
ਦਯਾ ਕਰੀ ਪੂਰਨ ਕਰਤਾਰਾ ॥ ੪੪ ॥ ੭੩੩ ॥
ਅਨਿਕ ਭਾਂਤ ਮੰਗਲ ਗੁਣ ਗਾਏ ।

---

[4]ਬਹਾਦੁਰ ਸ਼ਾਹ ਬਾਦਸ਼ਾਹ ਦੀ ਰਾਜਪੂਤਾਨੇ ਵਲ ਚੜ੍ਹਾਈ ਦੇ ਕਾਰਣਾਂ ਲਈ ਦੇਖੋ, Irvin, *Later Mughals*, i. pp. 4-45.
੧੫ ਸ਼ਾਬਾਨ ੧੧੧੯ ਹਿਜਰੀ ਨੂੰ ਬਾਗ ਦਹਿਰ ਆਰਾਇ ਤੋਂ ਆਪਣੇ ਤੰਬੂ ਆਦਿ ਤੋਰੇ, ੧੭ ਸ਼ਾਬਾਨ ਨੂੰ ਬਾਦਸ਼ਾਹ ਦਾ ਪਹਿਲਾ ਕੂਚ ਸੀ ਅਤੇ ੨੬ ਸ਼ਾਬਾਨ (੧੧ ਨਵੰਬਰ, ਸੰਨ ੧੭੦੭) ਨੂੰ ਫਤਿਹਪੁਰ ਸੀਕਰੀ ਸ਼ੇਖ ਸਲੀਮ ਚਿਸ਼ਤੀ ਦੀ ਦਰਗਾਹ ਦੀ ਜ਼ਿਆਰਤ ਕੀਤੀ । ਪਰ ਬਾਦਸ਼ਾਹ ਦੇ ਸਫ਼ਰ ਦੀਆਂ ਤਾਰੀਖਾਂ ਤੋਂ ਗੁਰੂ ਸਾਹਿਬ ਦੇ ਸਫ਼ਰ ਦੀਆਂ ਤਾਰੀਖਾਂ ਦਾ ਠੀਕ ਠੀਕ ਪੱਕਾ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ ਕਿਉਂਕਿ ਗੁਰੂ ਸਾਹਿਬ ਕਈ ਵਾਰੀ ਕਈ ਕਈ ਦਿਨਾਂ ਬਲਕਿ ਕਈ ਹਫ਼ਤਿਆਂ ਲਈ ਬਾਦਸ਼ਾਹੀ ਲਸ਼ਕਰ ਤੋਂ ਵਖਰੇ ਹੋ ਜਾਂਦੇ ਸਨ ਅਤੇ ਸੰਗਤਾਂ ਵਿਚ ਧਰਮ ਪ੍ਰਚਾਰ ਕਰਦੇ ਸਨ [ਤਾਰੀਖਿ-ਬਹਾਦੁਰਸ਼ਾਹੀ, ਇਲੀਅਟ ਐਂਡ ਡਾਉਸਨ, ਜਿਲਦ ੭, ੫੬੬] ।

[5]ਐਤਬਾਹ ਪੁਰ ਦਾ ਠੀਕ ਨਾਉਂ ਇਤਮਾਦਪੁਰ ਹੈ ਜੋ ਇਤਮਾਦ ਖਾਨ ਨੇ ਆਗਰੇ ਤੋਂ ਛੇ ਕੋਹਾਂ ਪਰ ਬਸਾਇਆ ਸੀ । ਇੱਥੇ ਉਸ ਨੇ ਇਕ ਬੜਾ ਤਲਾਉ, ਕੁਝ ਪੱਕੇ ਮਕਾਨ ਅਤੇ ਆਪਣੇ ਲਈ ਇਕ ਮਕਬਰਾ ਭੀ ਬਣਵਾਇਆ ਹੋਇਆ ਸੀ [ਮਆਸਿਰਿ-ਆਲਮਗੀਰ, ੧ : ੯੦] ।

[6]ਇਸ ਜ਼ੋਰਾਵਰ ਸਿੰਘ ਦਾ ਕਈਆਂ ਨੂੰ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਨਾਲ ਭੁਲੇਖਾ ਲੱਗਾ ਹੈ । ਇਹ ਗੁਰੂ ਗੋਬਿੰਦ ਸਿੰਘ ਜੀ ਦੀ ਮਾਤਾ ਜੀਤੋ ਜੀ ਦੀ ਕੁਖੋਂ ਬਿੰਦੀ ਪੁਤਰ ਨਹੀਂ ਸੀ । ਓਹ ਤਾਂ ਚਮਕੌਰ ਦੇ ਜੁਧ ਵਿਚ ਸ਼ਹੀਦ ਹੋ ਗਿਆ ਸੀ । ਇਹ ਜ਼ੋਰਾਵਰ ਸਿੰਘ ਬਸੀ ਪਠਾਣਾਂ ਨਿਵਾਸੀ ਭਾਈ ਨੱਥੂ (ਨਥੀਆ) ਲੋਟੇ ਗੋਤ ਦੇ ਤਰਖਾਣ ਦਾ ਪੁਤਰ ਮਾਈ ਭਿੱਖੀ ਦੀ ਕੁਖੋਂ ਸੀ । ਮਾਈ ਭਿੱਖੀ ਮਾਤਾ ਜੀਤੋ ਜੀ ਦੀ ਟਹਿਲਣ ਸੀ । ਸਾਹਿਬਜ਼ਾਦਾ ਜ਼ੋਰਾਵਰ ਸਿੰਘ ਦਾ ਇਹ ਹਾਣੀ ਸੀ ਅਤੇ ਇਸ ਨੇ ਇਕ ਵਾਰੀ ਘੋਲ ਵਿਚ ਸਾਹਿਬਜਾਦੇ ਨੂੰ ਢਾ ਲਿਆ ਸੀ । ਗੁਰੂ ਗੋਬਿੰਦ ਸਿੰਘ ਨੇ ਥਾਪੀ ਦੇ ਕੇ ਕਿਹਾ ਇਹ ਭੀ ਮੇਰਾ ਜ਼ੋਰਾਵਰ ਸਿੰਘ ਹੀ ਹੈ। ਆਨੰਦਪੁਰ ਛੱਡਣ ਵੇਲੇ ਇਹ ਨਾਲ ਹੀ ਸੀ ਅਤੇ ਮਲਕ ਪੁਰ ਵਿਚ ਜ਼ਖਮੀ ਹੋ ਗਿਆ ਸੀ । ਰਾਜ਼ੀ ਹੋਣ ਪਰ ਦੋ ਸਾਲ ਇਹ ਪਿੰਡ ਢੱਟੀਆਂ, ਡਡਹੇੜੀ, ਖਿਜ਼ਰਾਬਾਦ ਆਦਿ ਥਾਈਂ ਰਿਹਾ ਅਤੇ ਦਮਦਮੇ ਸਾਹਿਬ ਤਲਵੰਡੀ ਸਾਬੋ ਗੁਰੂ ਜੀ ਪਾਸ ਰਿਹਾ । ਗੁਰੂ ਜੀ ਦੇ ਦੱਖਣ ਨੂੰ ਕੂਚ ਵੇਲੇ ਇਹ ਓਥੇ ਨਹੀਂ ਸੀ । ਪਿਛੋਂ ਇਹ ਉਨ੍ਹਾਂ ਨੂੰ ਆਗਰੇ ਦੇ ਲਾਗੇ ਇਤਮਾਦਪੁਰ (ਐਤਬਾਹਪੁਰ) ਜਾ ਰਲਿਆ ਅਤੇ ਜਦੋਂ ਗੁਰੂ ਜੀ ਚਿਤੌੜ ਦੇ ਲਾਗੇ ਪੁਜੇ ਤਾਂ ਇਹ ਕੁਝ ਸਾਥੀਆਂ ਸਮੇਤ ਗੜ੍ਹ ਚਿਤੌੜ ਦੇਖਣ ਗਿਆ ਉਥੇ ਦੇ ਲੋਕਾਂ ਨਾਲ ਗਲਤਫ਼ਹਿਮੀ ਵਿਚ ਹੋ ਪਈ ਝੜਪ (ਲੜਾਈ) ਵਿਚ ੬ ਬੈਸਾਖ ਸੰਮਤ ੧੭੬੫ (੩ ਅਪ੍ਰੈਲ, ਸੰਨ ੧੭੦੮ ਈ.) ਨੂੰ ਮਾਰਿਆ ਗਿਆ ।

ਅਨਿਕ ਭਾਂਤਿ ਬਾਜਨ ਬਜਵਾਏ ।
ਯਾਚਤ ਜਾਚਕ ਆਨ ਅਪਾਰਾ ।
ਦੀਏ ਇਨਾਮ ਅਣਿਕ ਬਿਸਥਾਰਾ ॥ ੪੫ ॥ ੭੩੪ ॥
ਐਸੀ ਦਾਤਿ ਕਰੀ ਪ੍ਰਭ ਦਾਤੇ ।
ਅਲਖ ਨਿਰੰਜਨ ਪੁਰਖ ਬਿਧਾਤੇ ।
ਅਨਿਕ ਭਾਂਤਿ ਪ੍ਰਭ ਜੀ ਬਿਗਸਾਨਾ ।
ਅਨਿਕ ਹੁਲਾਸ ਜੀਵ ਮੈ ਆਨਾ ॥ ੪੬ ॥ ੭੩੫ ॥
ਅਨਿਕ ਬਧਾਵਾ ਅਨ ਦਿਨ ਗਾਵਤ ।
ਸਰਬ ਅਨੰਦ ਸਿਖ ਸਬ ਪਾਵਤ ।
ਕੇਤਕ ਦਿਵਸਨ ਅਵਰ ਬਿਤਾਯੋ ।
ਕੀਨੋ ਕੂਚ ਸ਼ਾਹ ਪੈ ਧਾਯੋ ॥ ੪੭ ॥ ੭੩੬ ॥

ਇਤ ਸ੍ਰੀ ਗੁਰ ਸੋਭਾ ਮੁਲਾਕਾਤ ਬਾਦਸ਼ਾਹ ਕੀ ਸੋਲ੍ਹਵਾ ਧਿਆਇ ਸੰਪੂਰਨ ॥ ੧੬ ॥

ਧਿਆਉ ਸਤਾਰ੍ਹਵਾਂ

# ਸਾਹਿਬਜ਼ਾਦੇ ਕਾ ਜੁਧ ਅਰ ਜ਼ਿਕਰ ਰਾਹ ਕਾ

## ਭੁਜੰਗ ਪ੍ਰਯਾਤ ਛੰਦ

ਚਲੇ ਕੂਚ ਦਰਿ ਕੂਚ ਕਰ ਕੂਚ ਐਸੇ ।
ਕਹੇ ਆਪਨੇ ਆਪ ਹੀ ਆਪ ਜੈਸੇ ।
ਗਏ ਮਜਲ ਦਰਿ ਮਜਲ ਐਸੇ ਸਿਧਾਏ ।
ਤਬੈ ਸ਼ਾਹ ਕੇ ਕਟਕ ਕੇ ਨਿਕਟ ਆਏ ॥ ੧ ॥ ੭੩੭ ॥
ਚਲੇ ਸ਼ਾਹ ਕੇ ਸਾਥ ਹੀ ਸਾਥ ਮਾਨੋ ।
ਕੀਰੇ ਕੂਚ ਕੇਤੇ ਇਸੀ ਭਾਂਤਿ ਜਾਨੋ ।
ਲਈ ਘੇਰ ਅਜਮੇਰ ਕਰ ਜ਼ੋਰ ਧਾਯੋ ।
ਨਿਕਟ ਜੋਧ ਪੁਰ ਜਾਇ ਡੰਕਾ ਬਜਾਯੋ ॥ ੨ ॥ ੭੩੮ ॥
ਤਯੇ ਰਾਜਪੂਤਾਨ ਐਸੇ ਨਿਹਾਰੇ ।
ਪਰੇ ਆਨਿ ਕੇ ਸ਼ਾਹ ਲੈ ਕਟਕ ਭਾਰੇ ।
ਲਰੈਂ ਕੈਂ ਭਜੈਂ ਕੈ ਮਰੈਂ ਜੁਧ ਕੈ ਕੇ ।
ਕੀਉ ਰਾਜ ਬੀਚਾਰ ਮੰਤਰੀਆਨ ਲੈ ਕੇ ॥ ੩ ॥ ੭੩੯ ॥
ਕੀਏ ਮੰਤ੍ਰ ਕੇਤੇ ਰਿਦੇ ਏਕ ਆਨੋ ।
ਕੀਉ ਕਾਮ ਐਸੋ ਭਲੀ ਭਾਂਤ ਜਾਨੋ ।
ਮਿਲੋ ਸ਼ਾਹ ਸੋ ਜੀਤ ਸਿੰਘਾਨ ਰਾਜਾ ।
ਫਤੇ ਕਾ ਤਬਰ ਸ਼ਾਹ ਕਾਂ ਅੰਤ ਬਾਜਾਂ ॥ ੪ ॥ ੭੪੦ ॥
ਕੀਓ ਸਾਹਬੰ ਸ਼ਾਹ ਅਜਮੇਰ ਥਾਨਾਂ ।
ਗਏ ਜੋ ਉਦੇ ਪੁਰ ਡਰਾ ਅੰਤ ਰਾਨਾ ।
ਤਿਨੈ ਸਾਜਿ ਕੈ ਪੁਤ੍ਰ ਤਾਂ ਪੈ ਪਠਾਯੋ ।
ਮਿਲਾ ਸ਼ਾਹ ਸੇ ਆਨ ਆਨੰਦ ਪਾਯੋ ॥ ੫ ॥ ੭੪੧ ॥
ਜਬੈ ਸ਼ਾਹ ਨੇ ਜੀਅ ਮੈ ਮੰਤ੍ਰ ਆਨਾ ।
ਤਬੈ ਦੱਛਨੰ ਦੇਸ ਕੀਨੋ ਧਿਆਨਾ ।
ਚਲੈ ਕੂਚ ਦਰ ਕੂਚ ਕਰਿ ਕੂਚ ਭਾਰੇ ।
ਲੀਏ ਸੰਗ ਸਿਪਾਹ ਉਮਰਾਵ ਸਾਰੇ ॥ ੬ ॥ ੭੪੨ ॥
ਚਲੇ ਸਾਹਬੰ ਸ਼ਾਹ ਕੇ ਸਾਥ ਸਾਥੰ ।
ਕਰੇ ਜੋ ਚਲਿਤ ਆਪ ਹੀ ਆਪ ਨਾਥੰ ।

ਤਬੈ ਨਿਕਟਿ ਚੀਤਉਰ ਕੇ ਆਪ ਆਯੋ ।
ਜ਼ੋਰਾਵਰ ਸਿੰਘ ਦੇਖਿ ਸਿਧਾਯੋ ॥ ੭ ॥ ੭੪੩ ॥
ਚੜ੍ਹੇ ਜਾਇ ਜੀਤਉਰ ਕਰਿ ਕਾਮ ਐਸੇ ।
ਨਫਰ ਦੇਇ ਕੈ ਤੀਨ ਥੇ ਸਾਥ ਤੈਸੇ ।
ਨਫ਼ਰ ਘਾਸ ਕ ਦੇਇ ਕਿ ਤੀਨੈਂ ਪਠਾਏ ।
ਭਲੀ ਭਾਂਤਿ ਜੇ ਆਪ ਡੰਕਾ ਬਜਏ ॥ ੮ ॥ ੭੪੪ ॥
ਭਈ ਡੰਕ ਕੀ ਘੋਰ ਸੁਨਿ ਚੋਰ ਦੌਰੇ ।
ਮਿਲੇ ਘਾਸ ਲੇਤੇ ਭਈ ਬਾਤ ਔਰੇ ।
ਮਨਾਂ ਕੋਪ ਕੋਪੇ ਕੀਏ ਕਾਮ ਭਾਰੇ ।
ਕੀਆ ਜੁਧ ਕੇਤਾ ਦੋਊ ਅੰਤ ਮਾਰੇ ॥ ੯ ॥ ੭੪੫ ॥
ਚਲੇ ਕ੍ਰੋਧ ਸੇ ਕੋਪ ਕੇ ਅੰਤ ਆਏ ।
ਤਿਨੈ ਆਨਿ ਤਿਹ ਠੌਰ ਐਸੇ ਬਤਾਏ ।
ਤਜੇ ਹਾਥ ਤੇ ਵਾਰ ਹਥਿਆਰ ਸਾਰੇ ।
ਕਹੈ ਬੈਨ ਭਾਤੀ ਸੁ ਐਸੇ ਨਿਹਾਰੇ ॥ ੧੦ ॥ ੭੪੬ ॥
ਲਏ ਬਾਣ ਪਾਣੰ ਘਨੇ ਵਾਰ ਕੀਨੇ ।
ਕਿਤੇ ਦੁਸ਼ਟ ਮਾਰੇ ਤਹਾਂ ਡਾਰਿ ਦੀਨੇ ।
ਬਚੇ ਜੋ ਭਜੇ ਜਾਇ ਤੇਈ ਪੁਕਾਰੇ ।
ਚੜ੍ਹੇ ਦੁਸ਼ਟ ਕੇਤੇ ਨਹੀਂ ਵਾਰ ਪਾਰੇ ॥ ੧੧ ॥ ੭੪੭ ॥
ਨਹੀਂ ਬਾਰ ਲਗੀ ਘਨੇ ਦੁਸ਼ਟ ਆਏ ।
ਚਹੂ ਓਰ ਤੇ ਆਨਿ ਕੈ ਸ਼ਸਤ੍ਰ ਬਾਹੇ ।
ਗਡੀ ਭੂਮ ਤੇ ਆਪ ਬਰਛੀ ਉਖਾਰੀ ।
ਲਈ ਹਾਥ ਮਾਹੀਂ ਕੀਏ ਵਾਰ ਭਾਰੀ ॥ ੧੨ ॥ ੭੪੮ ॥
ਗਿਰੀ ਲੋਥ ਪੈ ਲੋਥ ਐਸੇ ਪੁਕਾਰੇ ।
ਕਹੂ ਤਾਟ ਤੇ ਤੋਰਿ ਕੇ ਫੂਲ ਡਾਰੇ ।
ਗੁਹੇ ਭਾਂਤਿ ਤਾਂ ਕੀ ਕਿਧੋ ਹਾਰ ਕੀਨੇ ।
ਭਏ ਅੰਤ ਬਾਸੀ ਤਊ ਡਾਰਿ ਦੀਨੇ ॥ ੧੩ ॥ ੭੪੯ ॥

---

[1]ਕਾਮਵਰ ਖਾਨ ਨੇ ਤਜ਼ਕਿਰਾਤੁ-ਸਲਾਤੀਨ ਵਿਚ ਅਜਮੇਰ ਤੋਂ ਚਿਤੋੜ ਤਕ ਦੇ ਸਫ਼ਰ ਦੀਆਂ ਤਾਰੀਖ਼ਾਂ ਇਸ ਤਰ੍ਹਾਂ ਦਿੱਤੀਆਂ ਹਨ :

| | | |
|---|---|---|
| ਅਜਮੇਰ ਤੋਂ ਜੋਧਪੁਰ ਨੂੰ ਕੂਚ | ੫ ਜ਼ੀਕਦਾ ੧੧੧੯ ਹਿ., | ੧੭ ਜਨਵਰੀ ੧੭੦੮ ਈ. |
| ਮੇੜਤਾ ਤੋਂ ਵਾਪਸੀ | ੨ ਜ਼ਿਲ-ਹਿੱਜਾ ੧੧੧੯ ਹਿ., | ੧੩ ਫ਼ਰਵਰੀ |
| ਅਜਮੇਰ ਪੁਜੇ | ੧ ਮੁਹੱਰਮ ੧੧੨੦ ਹਿ., | ੧੨ ਮਾਰਚ |
| ਉਜੈਨ ਨੂੰ ਕੂਚ | ੧੧ ਮੁਹੱਰਮ | ੨੨ ਮਾਰਚ |
| ਚਿਤੋੜ ਦੇ ਲਾਗੇ ਡੇਰਾ | ੨੨ ਮੁਹੱਰਮ | ੨ ਅਪ੍ਰੈਲ |
| ਚਿਤੋੜ ਤੋਂ ਕੂਚ ਕਰ ਕੇ ਮੰਡੇਸ਼ਵਰ ਡੇਰਾ | ੧੦ ਸਫ਼ਰ | ੨੦ ਅਪ੍ਰੈਲ |

[ਮਾਖ਼ਿਜ਼ਿ ਤਵਾਰੀਖ਼ਿ-ਸਿੱਖਾਂ, ੭੬.]

ਚਹੂ ਓਰ ਤੇ ਜ਼ੋਰ ਕਰਿ ਹੋਰ ਦੋਰੇ ।
ਮਹਾ ਅੰਤ ਆਏ ਭਈ ਬਾਤ ਔਰੇ ।
ਤਹਾਂ ਆਨ ਕੈ ਸਸਤ੍ਰ ਪੈ ਸਸਤ੍ਰ ਝਾਰੈ ।
ਕਹਾਂ ਕੈ ਬਿਖਾਨੇ ਲਗੇ ਵਾਰ ਭਾਰੈ ॥ ੧੪ ॥ ੭੫੦ ॥
ਲਗਿਓ ਵਾਰ ਐਸੇ ਬਹਿਓ ਸ੍ਰੋਣ ਭਾਰੀ ।
ਭਯੋ ਲਾਲ ਬਾਗਾ ਭਿਜੀ ਦੇਹ ਸਾਰੀ ।
ਕਹੂ ਰੈਨ ਜਾਗਾ ਕਿਧੋ ਪ੍ਰੇਮ ਮਾਤਾ ।
ਚੜ੍ਹੀ ਜੋ ਖ਼ੁਮਾਰੀ ਚਲੈ ਡਗਮਗਾਤਾ ॥ ੧੫ ॥ ੭੫੧ ॥
ਫਿਰੈ ਝੂਮਤਾ ਝੂਲਤਾ ਸ਼ਸਤ੍ਰ ਲੈ ਕੇ ।
ਘਨੇ ਦੁਸ਼ਟ ਮਾਰੇ ਮਹਾਂ ਜੁਧ ਕੈ ਕੈ ।
ਕੀਓ ਅੰਤ ਸਾਕਾ ਭਲੀ ਭਾਂਤ ਸੂਰੇ ।
ਕ੍ਰਿਆ ਕਾਲ ਕੀ ਏ ਭਏ ਅੰਤ ਪੂਰੇ[2] ॥ ੧੬ ॥ ੭੫੨ ॥
ਨਹੀਂ ਜਾਨ ਜਾਈ ਕਹਾਂ ਖੇਲੁ ਕੀਨਾ ।
ਗਿਰੈ ਜੂਝ ਕੈ ਕੈ ਕਹੂ ਗੌਨ ਕੀਨਾ ।
ਲਰੇ ਸਿੰਘ ਦੂਜਾ ਵਹੈ ਅੰਤ ਘਾਯੋ ।
ਤ੍ਰਿਧੋ ਭਾਜਿ ਕੈ ਸਾਹਬੈ ਪਾਸ ਆਯੋ ॥ ੧੭ ॥ ੭੫੩ ॥
ਸੁਨੀ ਸਾਹਬੈ ਫਉਜ ਤਾਂ ਤੇ ਪਠਾਈ ।
ਤਹਾਂ ਕੀ ਨਿਸ਼ਾਨੀ ਤਹਾਂ ਬੇਗ ਆਈ ।
ਲਖੀ ਜਾਇ ਕੈ ਬੈਨ ਐਸੇ ਉਚਾਰੇ ।
ਬਡੋ ਸੂਰਮਾ ਹੈ ਕੀਏ ਲੋਹ ਭਾਰੇ ॥ ੧੮ ॥ ੭੫੪ ॥
ਤਹਾਂ ਤਾਤ ਹੀ ਕਾਲ ਕਾਲੈਂ ਰਲਾਯੋ ।
ਮਿਲੀ ਜੋਤਿ ਸੋ ਜੋਤਿ ਨਹੀਂ ਅੰਤ ਪਾਯੋ ।
ਕੀਓ ਖੇਲ ਕਰਤਾਰ ਨਹ ਜਾਤ ਜਾਨੀ ।
ਕਹਾਂ ਕੈ ਦਿਖਾਈ ਕਹਾਂ ਦ੍ਰਿਸ਼ਟ ਆਨੀ ॥ ੧੯ ॥ ੭੫੫ ॥
ਚਲੇ ਜੋ ਤਹਾਂ ਤੇ ਘਨੇ ਕੂਚ ਕੀਨੇ ।
ਨਹੀਂ ਰਾਹ ਆਗੇ ਸੁਨੀ ਸ਼ਾਹ ਜੀ ਨੇ ।
ਗਏ ਨਰਬਦਾ ਪੈ ਮੁਕਾਮੰ ਬਤਾਏ ।
ਕਿਤੇ ਦਿਉਸ ਘੀਤੇ ਤਹਾਂ ਤੇ ਸਿਧਾਏ ॥ ੨੦ ॥ ੭੫੬ ॥

---

[2] ਜੋਰਾਵਰ ਸਿਘ ਜੀ ੬ ਬਸਾਖ ਸੰਮਤ ੧੭੬੫ (੬ ਅਪ੍ਰੈਲ ੧੭੦੮ ਈ.) ਨੂੰ ਮਾਰੇ ਗਏ । ਜਿਵੇਂ ਛੰਦ ੭੩੩ ਦੇ ਫੁਟਨੋਟ ਵਿਚ ਪਿੱਛੇ ਲਿਖਿਆ ਗਿਆ ਹੈ ਇਹ ਜੋਰਾਵਰ ਸਿੰਘ ਪਿੰਡ ਬਸੀ ਪਠਾਣਾਂ ਦੇ ਨਬੂ ਤਰਖਾਨ ਦਾ ਪੁਤਰ ਸੀ ਜਿਸ ਨੂੰ ਗੁਰੂ ਸਾਹਿਬ ਨੇ "ਇਹ ਭੀ ਮੇਰਾ ਜ਼ੋਰਾਵਰ ਸਿਘ ਹੀ ਹੈ" ਕਹਿ ਕੇ ਨਿਵਾਜਿਆ ਸੀ । ਵੇਰਵੇ ਲਈ ਦੇਖੋ ਉਹ ਫੁਟ ਨੋਟ ਅਤੇ ਭੂਮਿਕਾ । ਇਸ ਵਾਕੇ ਦਾ ਜਿਕਰ ਅਬਦੁਲ ਰਸੂਲ ਦੀ ਤਾਰੀਖਿਮੁਅੱਜਮ ਸ਼ਾਹ (ਪੰਨਾ ੬-੯) ਵਿਚ ਭੀ ਦਿੱਤਾ ਹੋਇਆ ਹੈ [ਦੇਖੋ, ਮਾਖਜ਼ਿ-ਤਵਾਰੀਖਿ ਸਿਖਾਂ, ੭੬-੮੧]

ਗਏ ਨਰਬਦਾ ਪਾਰੰ ਕਰੇ ਕੂਚ ਕੇਤੇ ।
ਰਹੇ ਸਿੰਘ ਪੀਛੇ ਲੜੇ ਘਾਸ ਲੇਤੇ ।
ਤਹਾ ਜੁਧ ਕੀਨੇ ਘਨੇ ਲੱਗ ਮਾਰੇ ।
ਭਜੈ ਛੋਡਿ ਕੈ ਕੈ ਘਾਸ ਤੇ ਜਾ ਪੁਕਾਰੇ ॥ ੨੧ ॥ ੭੫੭ ॥
ਤਬੈ ਸਿੰਘ ਦਰਬਾਰ ਲੈ ਘਾਸ ਆਏ ।
ਚੜ੍ਹੇ ਫਉਜ ਲੇ ਕੈ ਘਨੇ ਤੁਰਤ ਧਾਏ ।
ਤਬੈ ਭੇਦ ਸਿਆਨ ਐਸੋ ਉਚਾਰੋ ।
ਲੀਓ ਘਾਸ ਤਿਹ ਠਉਰ ਕੈ ਜੁਧ ਭਾਰੋ ॥ ੨੨ ॥ ੭੫੮ ॥
ਚਲੀ ਕ੍ਰੋਧ ਕੈ ਫਉਜ ਤਿਹ ਠਉਰ ਆਈ ।
ਕਰੈਗੇ ਮਹਾ ਜੁਧ ਐਸੇ ਬਤਾਈ ।
ਕਹੀ ਸਾਹਿਬੰ ਨੇਕ ਠਾਢੇ ਨਿਹਾਰੋ ।
ਨਹੀਂ ਜੁਧ ਕੀ ਠਉਰ ਐਸੇ ਬਿਚਾਰੋ ॥ ੨੩ ॥ ੭੫੯ ॥
ਇਤੇ ਮੈ ਚਲੇ ਧਾਮ ਕੇ ਅੰਤ ਆਏ ।
ਤਹਾਂ ਸਾਹਿਬੰ ਸਿੰਘ ਬਾਣੰ ਚਲਾਏ ।
ਲੀਏ ਮਾਰਿ ਅਸਵਾਰ ਦੋ ਤੀਨ ਜੈਸੇ ।
ਰਹੀ ਥਕਤ ਹੁਇ ਕੈ ਭਲੀ ਫੌਜ ਐਸੇ ॥ ੨੪ ॥ ੭੬੦ ॥
ਤਬੈ ਸਾਹਿਬੰ ਬੈਨ ਐਸੋ ਉਚਾਰੇ ।
ਸੁਲਹਿ ਕਾਜ ਕੋ ਮਾਨ ਸਿੰਘੰ ਨਿਹਾਰੇ[3]।
ਦਈ ਸੀਖ ਤਾਂ ਕੋ ਤਹਾਂ ਹੀ ਪਠਾਯੋ ।
ਤਹਾਂ ਤੇ ਚਲਾ ਸਿੰਘ ਤਹੀ ਠੌਰ ਆਯੋ ॥ ੨੫ ॥ ੭੬੧ ॥
ਕਹੀ ਬਾਤ ਕੇਤੀ ਨਹੀਂ ਏਕ ਜਾਨੀ ।
ਕਰੈਗੇ ਮਹਾ ਜੁਧ ਯੋ ਬਾਤ ਮਾਨੀ ।
ਨਹੀਂ ਵਾਰ ਕੀਨਾ ਤਉ ਸਿੰਘ ਜੀ ਨੇ ॥ ੨੬ ॥ ੭੬੨ ॥
ਬਿਨਾਂ ਹੁਕਮ ਕੈਸੋ ਕਰੋ ਜੁਧ ਭਾਰਾ ।
ਇਹੈ ਜਾਨਿ ਕੈ ਜੀਵਨ ਹਿ ਵਾਰ ਡਾਰਾ ।
ਗਿਰੋ ਭੂਮ ਕੈ ਵਾਰ ਕੇਤਾਨ ਲਾਗੇ ।
ਦੀਓ ਸੀਸ ਆਪੰ ਪ੍ਰਭੂ ਪੁਰਖ ਆਗੈ ॥ ੨੭ ॥ ੭੬੩ ॥

[3]ਜੇ ਸ਼ਹੀਦ ਬਿਲਾਸ ਭਾਈ ਮਨੀ ਸਿੰਘ ਦੇ ਪੰਨਾ ੧੦੫ ਪਰ ਦਿੱਤੀ ਹੋਈ ਭਾਈ ਮਾਨ ਸਿੰਘ ਦੀ ਸ਼ਹੀਦੀ ਦੀ ਤਾਰੀਖ ੩ ਅਪ੍ਰੈਲ ੧੭੦੯ ਈ. ਅਤੇ ਅਸਥਾਨ ਚਤੌੜ ਠੀਕ ਹੈ ਤਾਂ ਉਪਰ ਦਿੱਤੇ ਛੰਦ ਨੰਬਰ ੭੬੧ ਅਤੇ ੭੬੩ ਵਿਚ ਦੱਸਿਆ ਮਾਨ ਸਿੰਘ ਬੱਲੂ-ਬੰਸੀ ਮਾਈਦਾਸ ਦਾ ਪੁੱਤਰ ਅਤੇ ਭਾਈ ਮਨੀ ਸਿੰਘ ਦਾ ਭਾਈ ਨਹੀਂ ਹੈ, ਕੋਈ ਹੋਰ ਸਿੰਘ ਹੈ। ਜਿਸ ਅਸਥਾਨ ਪਰ ਇਹ ਮਾਨ ਸਿੰਘ ਮਰਿਆ ਸੀ ਉਹ ਨਰਬਦਾ ਨਦੀ ਤੋਂ ਪਾਰ ਹੈ ਜੋ ਚਿਤੌੜ ਤੋਂ ਬਹੁਤ ਦੂਰ ਦੇਖਣ ਨੂੰ ਹੈ ਅਤੇ ਜਿੱਥੇ ਪੁੱਜਣ ਨੂੰ ਬਾਦਸ਼ਾਹੀ ਡੇਰੇ ਨੂੰ ਮਹੀਨੇ ਤੋਂ ਭੀ ਉੱਪਰ ਸਮਾਂ ਲੱਗਾ ਸੀ।

ਤਉ੍ਰ ਕੋਪ ਦੁਸ਼ਟਾਨ ਗੋਲੀ ਚਲਾਈ ।
ਗਿਰੈ ਹੋਇ ਕੇ ਤੀਨ ਸਿੰਘ ਤਹਾਂ ਈ ।
ਇਤੇ ਮਾਹਿ ਔਰੇ ਘਨੇ ਲੋਗ ਆਏ ।
ਕੀਆ ਬੀਚਿ ਤਾ ਕਾ ਤੁਹਾ ਤੇ ਪਠਾਏ ॥ ੨੮ ॥ ੭੬੪ ॥

ਦੋਹਰਾ

ਇਹੈ ਹੋਇ ਬੀਤੀ ਤਹਾ ਕੇਤੇ ਦਿਵਸ ਬਿਹਾਇ ॥
ਬੁਰਹਾਨੰ ਪੁਰ ਜਾਇ ਕੈ ਬਸੇ ਧਾਮ ਮੈ ਧਾਇ[4] ॥ ੨੯ ॥ ੭੬੫ ॥

ਇਤਿ ਸ੍ਰੀ ਗੁਰ ਸੋਭਾ ਜੁਧ ਸਾਹਿਬਜ਼ਾਦੇ ਕਾ ਅਰ ਮਜ਼ਕੂਰ ਰਾਹ ਕਾ
ਸਤਾਰ੍ਹਵਾਂ ਧਿਆਇ ਸੰਪੂਰਨ ॥ ੧੭ ॥

---

[4]ਖਾਫ਼ੀ ਖਾਨ ਦੀ ਮੁੰਤਖਬ-ਤਵਾਰੀਖ (ਦੂਜਰੀ ਜਿਲਦ, ੬੧੮, ਉਰਦੂ ਚੋਥੀ, ੬੮) ਅਨੁਸਾਰ ਬਹਾਦੁਰ ਸ਼ਾਹ ਬਾਦਸ਼ਾਹ ਜਮਾਦੀ-ਉਲ-ਅੱਵਲ ੧੧੨੦ ਹਿਜਰੀ ਦੇ ਆਰੰਭ ਵਿਚ (ਜੁਲਾਈ ਸਨ ੧੭੦੮ ਈ. ਦੇ ਦੂਸਰੇ ਹਫ਼ਤੇ) ਬੁਰਹਾਨ ਪੁਰ ਪੁਜਾ। ਬਾਦਸ਼ਾਹ ਤਾਂ ਛੇਤੀ ਹੀ ਅੱਗੇ ਨੂੰ ਚਲਾ ਗਿਆ ਕਿਉਂਕਿ ਇਸ ਵੇਲੇ ਉਸ ਦੇ ਛੋਟੇ ਭਾਈ ਕਾਮ ਬਖਸ਼ ਦੀ ਬਗਾਵਤ ਵਧਦੀ ਜਾ ਰਹੀ ਸੀ, ਪਰ ਗੁਰੂ ਗੋਬਿੰਦ ਸਿਘ ਜੀ ਕੁਝ ਚਿਰ ਹੋਰ ਇਥੇ ਬੁਰਹਾਨ ਪੁਰ ਟਿਕੇ ਰਹੇ ਅਤੇ ਧਰਮ ਪਰਚਾਰ ਕਰਦੇ ਰਹੇ। ਇਹ ਸਿੱਖੀ ਦਾ ਇਕ ਉੱਘਾ ਕੇਂਦਰ ਹੈ। ਇਥੇ ਹੀ ਮਾਰਚ ਸਨ ੧੭੫੭ ਈ. ਦੀ ਮਥੁਰਾ ਦੀ ਲੁਟ ਅਤੇ ਕਤਲਾਮ ਤੋਂ ਬਾਦ ਲੈ-ਪਾਲਕ ਅਜੀਤ ਸਿਘ ਦਾ ਪੁੱਤਰ ਹਠੀ ਸਿਘ ਆ ਟਿਕਿਆ ਸੀ ਅਤੇ ਇੱਥੇ ਦੇ ਸਿਧੀ ਮੁਹੱਲੇ ਵਿਚ ਹਠੀ ਸਿਘ ਆਦਿ ਦੇ ਅਸਥਾਨ ਹਨ [ਮਹਾਨ ਕੋਸ਼, ੧੬੩]

### ਧਿਆਇ ਅਠਾਰ੍ਹਵਾਂ

# ਜੋਤੀ ਜੋਤਿ ਸਮਾਵਣਾ

### ਭੁਜੰਗ ਪ੍ਰਯਾਤ ਛੰਦ

ਕਿਤੇ ਦਿਵਸ ਬੀਤੇ ਚਲਾ ਸ਼ਾਹ ਆਗੈ ।
ਪ੍ਰਭੁ ਕਉ ਕਿਤੇ ਦਿਵਸ ਤਿਹ ਠਉਰ ਲਾਗੇ ।
ਲਿਖਾ ਸ਼ਾਹ ਫ਼ਰਮਾਨ ਨਹਿ ਢੀਲ ਕੀਜੈ ।
ਹਮੈ ਆਨ ਕੈ ਅਪਨਾ ਦਰਸ ਦੀਜੈ ॥ ੧ ॥ ੭੬੬ ॥
ਲਿਖਾ ਸ਼ਾਹ ਕਾ ਜੋ ਤਿਹ ਠਉਰ ਆਇਆ ।
ਲੀਆ ਹਾਥ ਮਾਹੀ ਹੀਏ ਕੰਠ ਲਾਯਾ ।
ਪੜ੍ਹਾ ਥਾ ਤਹਾਂ ਅੰਕ ਐਸੇ ਉਚਾਰੇ ।
ਕੀਆ ਕੂਚ ਤਾਹੀ ਸਮੇਂ ਨਾ ਸੰਭਾਰੇ ॥ ੨ ॥ ੭੬੭ ॥
ਨਹੀਂ ਫੌਜ ਲੀਨੀ ਤਹਾ ਤੇ ਸਿਧਾਏ ।
ਕੀਉ ਕੂਚ ਤਪਤੀ ਹੂ ਕੇ ਪਾਰ ਆਏ ।
ਤਹਾਂ ਸਿਘ ਆਏ ਕੀਏ ਖੂਬ ਸਾਮਾਂ ।
ਕੀਏ ਤੀਨ ਕੈ ਚਾਰ ਤਾਹੀ ਮੁਕਾਮਾ ॥ ੩ ॥ ੭੬੮ ॥
ਕਿਤੇ ਸਿਘ ਰਾਖੇ ਕਿਤੇ ਸਾਥ ਲੀਨੇ ।
ਕਿਤੇ ਦੇਸ ਹੀ ਦੇਸ ਕੋ ਭੇਜ ਦੀਨੇ ।
ਕਿਤੇ ਦਿਵਸ ਬੀਤੇ ਤਹਾਂ ਤੇ ਸਿਧਾਏ ।
ਮਿਲੇ ਸ਼ਾਹ ਸੋ ਸ਼ਾਹ ਡੰਕਾ ਬਜਾਏ ॥ ੪ ॥ ੭੬੯ ॥
ਸਿਰੋਹੀ ਸਵਾਰੇ ਪ੍ਰਭੂ ਦਰਸ ਦੀਨਾ ।
ਹਰਖਵੰਤ ਹੁਇ ਕੈ ਬਿਦਾ ਸ਼ਾਹ ਕੀਨਾ ।
ਬਿਦਾ ਹੁਇ ਕੇ ਆਪਨੇ ਧਾਮ ਆਏ ।
ਚਲੇ ਸਾਥ ਹੀ ਸਾਥ ਤਾਂ ਤੇ ਸਿਧਾਏ ॥ ੫ ॥ ੭੭੦ ॥
ਘਨੇ ਕੂਚ ਕੀਨੇ ਕਿਤੇ ਦਿਵਸ ਲਾਏ ।
ਚਲੇ ਥਾਨ ਗੰਗਾਨ ਪੈ ਅੰਤ ਆਏ ।
ਸੁਨੀ ਠਉਰ ਨਾਂਦੇਰ ਹੈ ਨਾਮ ਤਾਂ ਕਾ[1] ।
ਕੀਆ ਧਾਮ ਤਾਹੀ ਗੁਰੂ ਨਾਮ ਜਾ ਕਾ ॥ ੬ ॥ ੭੭੧ ॥

---

[1]ਨਾਂਦੇੜ ਨਾਮੀ ਨਗਰ ਗੋਦਾਵਰੀ ਦੇ ਕੰਢੇ ਪਰ ਹੈ । ਇਥੇ ਗੁਰੂ ਸਾਹਿਬ ਅਗਸਤ ਸੰਨ ੧੭੦੮ ਈ. ਦੇ ਆਖਰੀ ਦਿਨੀਂ ਜਾਂ ਸਤੰਬਰ ਦੀ ਪਹਿਲੀ ਦੂਸਰੀ ਨੂੰ ਪੁੱਜੇ ਜਾਪਦੇ ਹਨ । ਇਥੇ ੩ ਸਤੰਬਰ ਨੂੰ ਸੂਰਜ

[ਅਗਲੇ ਪੰਨੇ ਤੇ ਚਲਦਾ

ਰਹਾ ਸ਼ਾਹੁ ਤਿਹ ਠਉਰ ਕੀਨੇ ਮੁਕਾਮਾ ।
ਰਹੇ ਮਿਸਲ ਦਰ ਮਿਸਲ ਕਰਿ ਲੋਗ ਧਾਮਾ ।
ਕਿਤੇ ਦਿਵਸ ਬੀਤੇ ਤਿਹੀ ਠਉਰ ਆਏ ।
ਕਥਾ ਅੰਤ ਕੀ ਅੰਤ ਭਾਖੋਂ ਸੁਨਾਏ ॥ ੭ ॥ ੭੭੨ ॥
ਸੁਨੀ ਸਾਖ ਐਸੇ ਪੰਠਾਨ ਏਕ ਆਯੋ ।
ਕ੍ਰਛੁ ਘਾਤ ਕੈ ਕੈ ਪ੍ਰਭੂ ਪਾਸ ਧਾਯੋ ।
ਘਰੀ ਦੋਇ ਕੈ ਤੀਨ ਕੈ ਬੈਨ ਮੀਠੇ ।
ਨਹੀਂ ਘਾਤ ਲਾਗੀ ਘਨੇ ਲੋਗ ਡੀਠੇ ॥ ੮ ॥ ੭੭੩ ॥
ਬਿਦਾ ਹੋਇ ਕੈ ਧਾਮ ਕੋ ਬੇਗ ਧਾਯੋ ।
ਗਏ ਦਿਵਸ ਦੋ ਤੀਨ ਸੋ ਫੇਰਿ ਆਯੋ ।
ਘਰੀ ਤੀਨ ਕੈ ਚਾਰ ਕੈ ਬੈਠ ਐਸੇ ।
ਨਹੀਂ ਘਾਤ ਲਾਗੀ ਚਲਾ ਅੰਤ ਤੈਸੇ ॥ ੯ ॥ ੭੭੪ ॥
ਇਸੀ ਭਾਂਤ ਸੋ ਦਯ ਕੇਤਾਨ ਆਯੋ ।
ਨਹੀਂ ਘਾਤ ਲਾਗੀ ਨਹੀਂ ਦਾਵ ਪਾਯੋ ।
ਘਨੀ ਬਾਰ ਆਯਾ ਲੀਉ ਭੇਦ ਸਾਤਾ ।
ਸਮਾ ਸਿਆਮ ਕਾ ਕਾਮ ਕੋ ਯੋ ਬਿਚਾਰਾ ॥ ੧੦ ॥ ੭੭੫ ॥
ਦਿਨੰ ਏਕ ਸਿਆਮੰ ਸਮੇਂ ਦੁਸ਼ਟ ਆਯੋ ।
ਸੁਨੀ ਸਾਹਿਬੰ ਅੰਤ ਤਾਂ ਕੋ ਬੁਲਾਯੋ ।
ਢਿਗੰ ਜਾਇ ਬੈਠਾ ਕਿ ਪ੍ਰਸਾਦਿ ਦੀਨਾ ।
ਗਹੀ ਮੁਸ਼ਟਿ ਲੈ ਦੁਸ਼ਟਿ ਮੁਖ ਮਾਹਿ ਦੀਨਾ ॥ ੧੧ ॥ ੭੭੬ ॥
ਨਹੀਂ ਸਿਘ ਕੋਈ ਤਹਾਂ ਪਾਸ ਔਰੇ ।
ਰਹੇ ਏਕ ਹੀ ਊਂਘ ਸੋਈ ਗਯੇ ਰੇ ।
ਇਤੇ ਮੈ ਪ੍ਰਭੂ ਆਪ ਬਿਸਰਾਮ ਲੀਨਾ ।
ਗਹੀ ਦੁਸਟਿ ਜਮਧਾਰ ਉਰ ਵਾਰ ਕੀਨਾ ॥ ੧੨ ॥ ੭੭੭ ॥
ਕੀਉ ਵਾਰ ਅੰਸਾ ਕਿ ਦੂਜਾ ਲਗਾਯੋ ।
ਲਗੇ ਔਰ ਕੇ ਆਪਨਾ ਵਾਰ ਲਾਯੋ ।
ਕੀਉ ਵਾਰ ਏਕੈ ਨਹੀਂ ਔਰ ਕੀਨਾ ।
ਲੀਆ ਮਾਰਿ ਕੈ ਦੁਸ਼ਟਿ ਜਾਨੈ ਨ ਦੀਨਾ । ੧੩ ॥ ੭੭੮ ॥
ਕਰੀ ਆਪ ਆਵਾਜ਼ ਹੈ ਅੰਤ ਕੋਈ ।
ਚਹੂੰ ਓਰ ਤੇ ਆਇ ਦੇਖੰਤ ਸੋਈ ।

---

[ਪਿਛਲੇ ਪੰਨੇ ਦੀ ਬਾਕੀ]
ਗੁਪਤ ਵਾਲੇ ਦਿਨ ਸ਼ੁਕਰਵਾਰ ਨੂੰ ਗੁਰੂ ਸਾਹਿਬ ਨੇ ਮਾਧੋ ਦਾਸ ਬੈਰਾਗੀ ਸਾਧੂ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ ਅਤੇ ਉਸ ਦਾ ਨਾਉਂ ਬੰਦਾ ਸਿੰਘ ਰੱਖਿਆ । ਜ਼ਿਆਦਾ ਵੇਰਵੇ ਲਈ ਦੇਖੋ ਪੁਸਤਕ *Banda Singh Bahadur* ਅੰਗਰੇਜ਼ੀ ਅਤੇ ਪੰਜਾਬੀ ।

ਭਜੇ ਤਾਂਹਿ ਸਾਥੀ ਘਨੇ ਸਿੰਘ ਧਾਏ ।
ਲੀਏ ਮਾਰਿ ਦੋਨੋਂ ਨਹੀਂ ਜਾਨਿ ਪਾਏ[2] ॥ ੧੪ ॥ ੭੭੯ ॥
ਭਯੋ ਸ਼ੋਰ ਆਪਾਰ ਤਿਹ ਠੌਰ ਐਸੇ ।
ਪ੍ਰਲੈ ਘਾਲ ਕੀ ਘੋਰ ਸੁਨੀਅੰਤ ਜੈਸੇ ।
ਭਏ ਧੀਰ ਆਧੀਰ ਨਹੀਂ ਧਾਰ ਆਯੋ ।
ਲਏ ਕਾਢਿ ਕੈ ਖੜਗ ਨਹਿ ਜਾਤ ਲਾਯੋ ॥ ੧੫ ॥ ੭੮੦ ॥
ਕਹੀ ਆਪਿ ਨੇ ਵਾਰਿ ਨਹਿ ਕੋਟਿ ਡਾਰੋ ।
ਮੂਆ ਹੈ ਕਦੀ ਕਾ ਈਹਾਂ ਤੇ ਉਤਾਰੋ ।
ਲੀਆ ਤਾਰਿ ਉਤਾਰ ਐਸੇ ਬਿਚਾਰਾ ।
ਪ੍ਰਭੂ ਅੰਤ ਬਾਗਾ ਕਿਧੋਂ ਰੰਗ ਡਾਰਾ ॥ ੧੬ ॥ ੭੮੧ ॥
ਕਿਨੀ ਨਾ ਨਿਹਾਰਾ ਪ੍ਰਭੂ ਘਾਵ ਲਾਗੇ ।
ਰਹੈ ਝੂਮ ਕੇ ਜੁਆਂਨ ਦੀਨੇ ਨ ਆਗੇ ।
ਤਬੈ ਆਨ ਸਿਘਾਨ ਉਰ ਹਾਥ ਲਾਏ ।
ਲਗੇ ਘਾਵ ਕਾਰੀ ਤਬੇ ਦ੍ਰਿਸ਼ਟ ਆਏ ॥ ੧੭ ॥ ੭੮੨ ॥
ਕੀਓ ਸ਼ੋਕ ਸਿਘਾਨ ਦੁਇ ਹਾਥ ਮਾਰੇ ।
ਕਹਾਂ ਖੇਲ ਕੀਨੀ ਕਹੋ ਕਰਨ ਹਾਰੇ ।
ਤਵੈਂ ਸਾਹਿਬੰ ਬੈਨ ਇਹ ਭਾਂਤ ਕੀਨੇ ।
ਕਰੀ ਮੁਹ ਰੱਛਾ ਸ੍ਰੀ ਅਕਾਲ ਜੀ ਨੇ ॥ ੧੮ ॥ ੭੮੩ ॥
ਸੁਨੇ ਬੈਨ ਐਸੇ ਕਛੁ ਧੀਰ ਆਯੋ ।
ਤਵੈਂ ਜਾਇ ਸਿੰਘਾਨ ਸਾਥੀ ਬੁਲਾਯੋ ।
ਤਹਾਂ ਤਾਹਿ ਕਿਰੀ ਆਨ ਕੈ ਘਾਵ ਸੀਨਾ ।[3]
ਉਠੇ ਜੋ ਪ੍ਰਭੂ ਤੋਰਿ ਕੈ ਤਾਹਿ ਦੀਨਾ ॥ ੧੯ ॥ ੭੮੪ ॥
ਕਰੀ ਔਰ ਕਿਰੀ ਆਨ ਰੈਨੰ ਬਿਤਾਈ ।
ਭਏ ਭੋਰ ਤਿਹ ਠਉਰ ਮਲ੍ਹੰਮ ਲਗਾਈ ।

---

[2]ਇਨ੍ਹਾਂ ਵਿਚੋਂ ਇਕ ਦਾ ਨਾਉਂ ਜਮਸ਼ੇਦ ਖਾਨ ਸੀ ਜੋ ਸਰਹੰਦ ਵਲੋਂ ਖੁਫੀਆ ਭੇਜਿਆ ਹੋਇਆ ਅਹੁਦੇਦਾਰ ਮਾਲੂਮ ਹੁੰਦਾ ਹੈ, ਤਦੇ ਹੀ ਤਾਂ ਬਹਾਦੁਰ ਸ਼ਾਹ ਬਾਦਸ਼ਾਹ ਨੇ ਉਸ ਦੇ ਪੁਤਰ ਨੂੰ ਮਾਤਮੀ ਖਿਲਅਤ ਬਖਸ਼ੀ ਸੀ। ੨੪ ਸ਼ਾਬਾਨ ਸਨ ੨ ਬਹਾਦੁਰ ਸ਼ਾਹੀ, ੧੧੨੦ ਹਿਜਰੀ (੨੮ ਅਕਤੂਬਰ ਸਨ ੧੭੦੮ ਈ.) ਦੀ ਸ਼ਾਹੀ ਖ਼ਬਰ ਵਿਚ ਲਿਖਿਆ ਹੋਇਆ ਹੈ ਕਿ ਬਾਦਸ਼ਾਹ ਪਾਸ ਬੇਨਤੀ ਹੋਈ ਕਿ ਗੁਰੂ ਗੋਬਿੰਦ [ਸਿੰਘ] ਨੇ ਜਮਸ਼ੇਦ ਖਾਨ ਅਫਗਾਨ ਨੂੰ ਜਾਨੋਂ ਮਾਰ ਦਿਤਾ ਸੀ। ਉਪਰੋਕਤ ਖਾਨ ਦੇ ਪੁੱਤਰ ਨੂੰ ਮਾਤਮੀ ਖਿਲਅਤ ਬਖਸ਼ੀ ਗਈ [ਅਖਬਾਰਾਤਿ-ਦਰਬਾਰਿ-ਮੁਅੱਲਾ]।

[3]ਧਿਆਨ ਸਿੰਘ ਲਿਖਤ ਦਸਮ ਪਾਤਸ਼ਾਹ ਕਾ ਅੰਤਮ ਕੌਤਕ (ਪੰਨਾ ੪) ਅਤੇ ਗੁਰੂ ਦਸਮ ਪਾਤਸ਼ਾਹ ਕੇ ਜੋਤੀ ਜੋਤ ਸਮਾਵਣੇ ਕਾ ਪਰਸੰਗ (੨੦-੩੨) ਵਿਚ ਲਿਖਿਆ ਹੋਇਆ ਹੈ ਕਿ ਬਾਦਸ਼ਾਹ ਵਲੋਂ ਭੇਜੇ ਹੋਏ ਜਿਸ ਜਰਾਹ ਨੇ ਗੁਰੂ ਜੀ ਦੇ ਜ਼ਖਮ ਸੀਤੇ ਸਨ ਉਹ ਅੰਗਰੇਜ਼ ਸੀ। ਧਿਆਨ ਸਿੰਘ ਉਸ ਦਾ ਨਾਉਂ 'ਕਾਲ' ਲਿਖਦਾ ਹੈ, ਸ਼ਾਇਦ Call ਜਾਂ Cole ਹੋਵੇ। 'ਪਰਸੰਗ ਵਿਚ ਕੇਵਲ ਫਰੰਗੀ ਹੀ ਲਿਖਿਆ ਹੋਇਆ ਹੈ।

ਦਿਨੰ ਤੀਨ ਕੇ ਚਾਰ ਐਸੇ ਬਿਤਾਏ।
ਦਰਸ ਕੈ ਪਰਸ ਕਾਜ ਬਹੁ ਸਿੰਘ ਆਏ ॥ ੨੦ ॥ ੭੮੫ ॥
ਉਠੂੰ ਆਨ ਦਰ ਪਾਸ ਅਰਦਾਸ ਕੀਨੀ।
ਸੁਨੀ ਜੁ ਪ੍ਰਭੂ ਕਾਨ ਸੋ ਮਾਨ ਲੀਨੀ।
ਦੀਉ ਦਰਸ ਦੀਵਾਨ ਕੈ ਕੇ ਅਪਾਰਾ।
ਦਯਾਵੰਤ ਹੁਇ ਕੈ ਸਬੋ ਕੋ ਨਿਹਾਰਾ ॥ ੨੧ ॥ ੭੮੬ ॥

ਦੋਹਰਾ

ਦਰਸ ਦਯਾ ਕਰਿ ਕੈ ਦੀਉ ਬਹੁਤ ਬਿਦਾ ਸਬ ਕੀਨ।
ਉਪਮਾ ਅਪਰ ਅਪਾਰ ਹੈ ਨਉਤਨ ਕਥਾ ਨਵੀਨ ॥ ੨੨ ॥ ੭੮੭ ॥

ਮਧੁਭਾਰ ਛੰਦ

ਕੀਨੋ ਬਿਚਾਰ, ਉਪਮਾ ਅਪਾਰ।
ਨਉ ਤਨ ਨਵੀਨ, ਸਾਹਿਬ ਪ੍ਰਬੀਨ ॥ ੨੩ ॥ ੭੮੮ ॥
ਭਉ ਭੈ ਉਤਾਰ, ਭਰਮੰ ਬਿਦਾਰ।
ਆਪਰੰ ਅਪਾਰ, ਐਸੇ ਨਿਹਾਰ ॥ ੨੪ ॥ ੭੮੯ ॥
ਨਿਹ ਵਾਰ ਪਾਰ, ਸਾਹਿਬ ਸੁਮਾਰ।
ਬਿਅੰਤ ਅੰਤ, ਨਿਹ ਤੰਤ ਮੰਤ ॥ ੨੫ ॥ ੭੯੦ ॥
ਸਿਮਰੰਤ ਸੰਤ, ਜਾਨੰਤ ਮੰਤ।
ਹੈ ਅੰਗ ਸੰਗ, ਅਨ ਭੈ ਅਨੰਗ ॥ ੨੬ ॥ ੭੯੧ ॥
ਸਿਖੰ ਅਪਾਰ, ਕਰਿ ਕੈ ਬਿਚਾਰ।
ਸਬਦੰ ਉਚਾਰ, ਇਕੋ ਨਿਹਾਰ ॥ ੨੭ ॥ ੭੯੨ ॥
ਭਉ ਭੈ ਉਤਾਰ, ਭਰਮੰ ਬਿਦਾਰ।
ਹੁਇ ਹਰਖਵੰਤ, ਪੇਖਿਓ ਬਿਅੰਤ ॥ ੨੮ ॥ ੭੯੩ ॥
ਚਿੰਤਾ ਬਿਸਾਰ, ਡਿੜ੍ਹ ਜੀਵ ਧਾਰ।
ਮਨ ਮੈ ਅਨੰਦ, ਸਬ ਤੋਰ ਫੰਦ ॥ ੨੯ ॥ ੭੯੪ ॥
ਹੁਇ ਕੈ ਖਲਾਸ, ਮਨ ਪੂਰ ਆਸ।
ਚਰਨੀ ਨਿਵਾਸ, ਕੀਨੋ ਬਿਲਾਸ ॥ ੩੦ ॥ ੭੯੫ ॥

ਦੋਹਰਾ

ਮਨ ਬਚ ਕ੍ਰਮ ਕਰਿ ਭਾਵਨੀ ਸਤਿਗੁਰ ਸਿਉਂ ਲਿਵ ਲਾਇ।
ਸ਼ਾਂਤ ਭਈ ਤਿਹ ਤੇ ਤਬੈ ਕੀਨੋ ਦਰਸਨ ਆਇ ॥ ੩੧ ॥ ੭੯੬ ॥

ਭੁਜੰਗ ਪ੍ਰਯਾਤ ਛੰਦ

ਦੀਉ ਦਰਸ ਐਸੇ ਕਹਾ ਕੈ ਉਚਾਰੋ।
ਬਿਦਾ ਹੋਇ ਲੀਨਾ ਸਬੀ ਤੈ ਨਿਹਾਰੋ।
ਕਿਤੇ ਦਿਵਸ ਬੀਤੇ ਸਮੈ ਅੰਤ ਆਯੋ।
ਕਰੋ ਬੇਗ ਪ੍ਰਸਾਦਿ ਐਸੇ ਬਤਾਯੋ ॥ ੩੨ ॥ ੭੯੭ ॥

ਕਛੂ ਭੁਜਨੰ ਖਾਇ ਕੈ ਨੀਰ ਪੀਨਾ।
ਭਰੋਸਾ ਸਭੋ ਕੋ ਭਲੀ ਭਾਂਤਿ ਦੀਨਾ।
ਗਈ ਅਰਧ ਰਾਤ੍ਰੇ ਘਰੀ ਚਾਰ ਅਉਰੇ।
ਭਏ ਸ਼ਬਦ ਰੂਪੀ ਕਰੀ ਬਾਤ ਅਉਰੇ ॥ ੩੩ ॥ ੭੯੮ ॥

ਦੋਹਰਾ

ਟੇਰ ਕਰੀ ਤਾਹੀ ਸਮੇ ਜਾਗੇ ਸਿਘ ਅਪਾਰ।
ਵਾਹਿਗੁਰੂ ਜੀ ਕੀ ਫਤੇ ਕਹੀ ਅੰਤ ਕੀ ਬਾਰ ॥ ੩੪ ॥ ੭੯੯ ॥
ਸੁਨਿ ਸੰਦੇਸ ਬਿਸਮੇ ਗਏ ਅਤਿ ਭਇਆਨ ਮਨ ਹੋਇ।
ਮਨ ਕੀ ਮਨ ਹੀ ਮੈ ਰਹੀ ਪੂਛੀ ਬਾਤ ਨ ਕੋਇ ॥ ੩੫ ॥ ੮੦੦ ॥

ਸਵੈਯਾ

ਬਿਸਮੇ ਸਭ ਹੋਇ ਰਹੇ ਮਨ ਮੈ ਕਛ ਕੀ ਕਛੁ ਹੋਇ ਗਈ ਅਬ ਹੀ।
ਮਿਲਿ ਕੈ ਸਬ ਸਿਘਨੁ ਤਾਹਿ ਸਮੈ ਇਹ ਭਾਂਤ ਬਿਚਾਰ ਕੀਉ ਤਬ ਹੀ।
ਸਸਕਾਰ ਕਰੋ ਨਿਸ ਹੀ ਕੋ ਸਮੇ ਨਿਕਸੇ ਨਹੀਂ ਭਾਨ ਕਹਿਓ ਸਬ ਹੀ।
ਇਮ ਕਾਰਨ ਕਾਰਜ ਕੋ ਕਰਹੀ ਮਿਲਿ ਜੋਤਿ ਸੋ ਜੋਤਿ ਗਈ ਤਬ ਹੀ ॥ ੩੬ ॥ ੮੦੧ ॥

ਦੋਹਰਾ

ਸੰਮਤ ਸਤ੍ਰਾ ਸੈ ਭਏ ਪੈਂਸਠ ਬਰਖ ਪ੍ਰਮਾਨ।
ਕਾਤਕ ਸੁਦ ਭਈ ਪੰਚਮੀ ਨਿਸ ਕਾਰਨ ਕਰਿ ਜਾਨ[4] ॥ ੩੭ ॥ ੮੦੨ ॥

ਸਵੈਯਾ

ਕੈਸੇ ਕਹੋਂ ਨਹੀਂ ਜਾਤ ਕਹੀ ਕਿਤ ਕੀ ਕਿਤ ਹੀ ਸਰ ਫੇਰ ਧਰੀ।
ਕਹਿਯੇ ਕਛੂ ਔਰ ਸੁ ਔਰ ਕੀ ਔਰ ਹੀ ਹੋਇ ਪਰੀ।
ਤਿਹ ਨਾਹਨ ਅੰਤ ਬਿਅੰਤ ਸੁ ਸੰਤ ਇਕੰਤ ਜਪੰਤ ਅਗੰਤ ਹਰੀ।
ਜੀਅ ਜਾਨਤ ਹੈ ਕਛੁ ਕੀ ਕਛੁ ਹੀ ਬਿਧਨਾ ਕਛੂ ਔਰ ਕੀ ਔਰ ਕਰੀ ॥ ੩੮ ॥ ੮੦੩ ॥

ਦੋਹਰਾ

ਦੱਖਨ ਕੋ ਯੋਹੀ ਭਈ ਜਾਨਤ ਸਗਲ ਜਹਾਨ।
ਕੀਆ ਚਿਲਿਤ੍ਰ ਕਰਤਾਰ ਕੋ ਨਹਿ ਸਕਤ ਬਖਾਨ ॥ ੩੯ ॥ ੮੦੪ ॥

ਚੌਪਈ

ਏਕ ਦਿਵਸ ਕਾਰਨ ਤੇ ਆਗੇ।
ਮਿਲਿ ਕੇ ਸਿਘ ਪੂਛਨੇ ਲਾਗੇ।
ਕਵਲ ਰੂਪ ਆਪਨ ਪ੍ਰਭ ਕੀਨੋ।
ਤਿਨ ਕੋ ਜੁਆਬ ਭਾਂਤਿ ਇਹ ਦੀਨੋ ॥ ੪੦ ॥ ੮੦੫ ॥

---

[4]ਕਤਕ ਸੁਦੀ ੫ ਸੰਮਤ ੧੭੬੫ ਬਿ. ਨੂੰ ੭ ਅਕਤੂਬਰ ਸਨ ੧੭੦੮ ਈ. ਸੀ, ਜਦ ਕਿ ਅੱਧੀ ਰਾਤ ਤੋਂ ਪਿਛੋਂ ਗੁਰੂ ਗੋਬਿੰਦ ਸਿੰਘ ਜੀ ਜੋਤੀ ਜੋਤ ਸਮਾਏ।

ਤਾਹ ਸਮੇ ਗੁਰ ਬੈਨ ਸੁਨਾਯੋ।
ਖ਼ਾਲਸ ਆਪਨੋ ਰੂਪ ਬਤਾਯੋ।
ਖਾਲਸ ਹੀ ਸੋ ਹੈ ਮਮ ਕਾਮਾ।
ਬਖ਼ਸ਼ ਕੀਉ ਖਾਲਸ ਕੋ ਜਾਮਾ॥ ੪੧ ॥ ੮੦੬ ॥

ਦੋਹਰਾ

ਖ਼ਾਲਸ ਮੇਰੋ ਰੂਪ ਹੈ ਹੌਂ ਖ਼ਾਲਸ ਕੇ ਪਾਸਿ।
ਆਦਿ ਅੰਤਿ ਹੀ ਹੋਤ ਹੈ ਖ਼ਾਲਸ ਮੈ ਪ੍ਰਗਾਸ॥ ੪੨ ॥ ੮੦੭ ॥

ਲੋਟਨ ਛੰਦ

ਖ਼ਾਲਸ ਖ਼ਾਸ ਕਹਾਵੈ ਸੋਈ ਜਾ ਕੈ ਹਿਰਦੈ ਭਰਮ ਨ ਹੋਈ।
ਭਰਮ ਭੇਖ ਤੇ ਰਹੈ ਨਿਆਰਾ ਸੋ ਖ਼ਾਲਸ ਸਤਿਗੁਰੂ ਹਮਾਰਾ।
ਸਤਿਗੁਰੂ ਹਮਾਰਾ ਅਪਰ ਅਪਾਰਾ ਸ਼ਬਦਿ ਬਿਚਾਰਾ ਅਜਰ ਜ਼ਰੰ।
ਹਿਰਦੇ ਧਰਿ ਧਿਆਨੀ ਉਚਰੀ ਬਾਨੀ ਪਦ ਨਿਰਬਾਨੀ ਅਪਰ ਪਰੰ।
ਗਤਿ ਮਿਤਿ ਅਪਾਰੰ ਬਹੁ ਬਿਸਥਾਰੰ ਵਾਰ ਨ ਪਾਰੰ ਕਿਆ ਕਥਨੰ।
ਤਵ ਜੋਤਿ ਪ੍ਰਗਾਸੀ ਸ੍ਰਬ ਨਿਵਾਸੀ ਸਰਬ ਉਦਾਸੀ ਤਵ ਸਰਨੰ[5] ॥ ੪੩ ॥ ੮੦੮ ॥

ਦੋਹਰਾ

ਓਟ ਤਿਹਾਰੀ ਧਰਤ ਹੋ ਜਾਨਤ ਅਵਰ ਨ ਕੋਇ।
ਮਨ ਬਚ ਕਰਮ ਕਰ ਭਾਵਨੀ ਸਿਮ੍ਰਤ ਹੋਂ ਇਮ ਤੋਇ॥ ੪੪ ॥ ੮੦੯ ॥

ਸਵੈਯਾ

ਕਾਹੂ ਕੇ ਮਾਤ ਪਿਤਾ ਸੁਤ ਹੈ ਅਰ ਅਰ ਕਾਹੂ ਕੇ ਭ੍ਰਾਤ ਮਹਾ ਬਲ ਕਾਰੀ।
ਕਾਹੂ ਕੇ ਮੀਤ ਸਖਾ ਹਿਤ ਸਾਜਨ ਕਾਹੂ ਕੇ ਗ੍ਰਹ ਬਿਰਾਜਤ ਨਾਰੀ।
ਕਾਹੂ ਕੇ ਧਾਮ ਮਹ ਨਿਧਿ ਰਾਜਤ ਆਪਸ ਮੋ ਕਰਿ ਹੈ ਹਿਤ ਭਾਰੀ।
ਹੋਹੁ ਦਇਆਲ ਦਇਆ ਕਰਿ ਕੈ ਪ੍ਰਭ ਗੋਬਿੰਦ ਜੀ ਮੁਹਿ ਟੇਕ ਤਿਹਾਰੀ॥ ੪੫ ॥ ੮੧੦॥
ਤੇਰੇ ਹੀ ਨਾਮ ਜਪੋ ਨਿਤ ਨੀਤ ਬਿਚਾਰਿ ਯਹੋ ਸੁ ਬਿਲੰਬ ਨ ਕੀਜੈ।
ਔਧਰ ਜਾਤ ਬਿਹਾਤ ਸਦਾ ਯਹ ਮਾਨਸ ਦੇਹ ਪਲੈ ਪਨ ਛੀਜੈ।
ਦੇਖ ਨਿਹਾਰਿ ਨਿਵਾਰ ਮਹਾ ਬ੍ਰਿਖ ਛਾਡਿ ਬਿਕਾਰ ਭਲਾ ਕਛੁ ਕੀਜੈ।
ਏਕ ਹੀ ਕੋ ਜਸੁ ਗਾਵ ਸਦਾ ਸਤ ਸੰਗਤਿ ਸੋ ਮਿਲਿ ਅੰਮ੍ਰਿਤ ਪੀਜੈ॥ ੪੬ ॥ ੮੧੧ ॥

---

[5]ਉਪਰਲੇ ਛੰਦ ਨੰਬਰ ੮੦੫-੦੮ ਤੋਂ ਸਪਸ਼ਟ ਹੈ ਕਿ ਅੰਤਮ ਸਮੇਂ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਿਆਈ ਪਰਤਖ ਰੂਪ ਵਿਚ ਗੁਰੂ-ਪੰਥ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਦੇ ਦਿੱਤੀ। 'ਬਖ਼ਸ਼ ਕੀਉ ਖ਼ਾਲਸ ਕੋ ਜਾਮਾ'— 'ਭਰਮ ਭੇਖ ਤੇ ਰਹੈ ਨਿਆਰਾ, ਸੋ ਖ਼ਾਲਸ ਸਤਿਗੁਰੂ ਹਮਾਰਾ'—ਅਤੇ 'ਸਤਿਗੁਰੂ ਹਮਾਰਾ ਅਪਰ ਅਪਾਰਾ ਸ਼ਬਦਿ ਬਿਚਾਰਾ'—'ਬਾਨੀ ਪਦ ਨਿਰਬਾਨੀ'—ਕਿਸੇ ਵਿਆਖਿਆ ਦੇ ਮੁਥਾਜ ਨਹੀਂ ਹਨ। ਇਹ ਹੀ ਭਾਈ ਨੰਦ ਲਾਲ ਜੀ ਨੇ, ਜੋ ਉਸ ਵੇਲੇ ਬਾਦਸ਼ਾਹ ਬਹਾਦੁਰ ਸ਼ਾਹ ਦੇ ਨਾਲ ਨਾਂਦੇੜ ਵਿਚ ਮੌਜੂਦ ਸਨ, ਆਪਣੀ ਲਿਖਤ 'ਰਹਿਤਨਾਮਾ' ਵਿਚ ਕਿਹਾ ਹੈ। ਵਿਸਥਾਰ ਲਈ ਦੇਖੋ ਭੂਮਿਕਾ।

ਦੋਹਰਾ

ਅੰਮ੍ਰਿਤ ਪੀ ਲੈ ਰੇ ਮਨਾ ਕਰ ਸੰਤਨ ਕੀ ਸੇਵ।
ਦੁਰਲਭ ਮਾਨਸ ਜਨਮੁ ਹੈ ਕਰ ਸੁਫਲ ਸਿਮਰਿ ਗੁਰਦੇਵ ॥ ੪੭ ॥ ੮੧੨ ॥

ਸਵੈਯਾ

ਭੂਲਿ ਜਿਨ ਜਾਹੁ ਗੁਨ ਗਾਹੁ ਕਰਤਾਰ ਕੇ ਆਪਨੋ ਸ਼ਬਦ ਬੀਚਾਰ ਲਹੁ ਰੇ।
ਕਿਨ ਭਾਖੀ ਤਹਾਂ ਕਉਨ ਕੀਨੀ ਜਹਾਂ ਨਾਹਿ ਨੈ ਮੂੜ੍ਹ ਮਨ ਤੋਰ ਭਹੁਰੇ।
ਆਨ ਕੈ ਕਾਲ ਬਿਹਾਲ ਕਰਿ ਹੈ ਕਹੂ ਠੌਰ ਅਠੌਰ ਨਿਹ ਦੇਖਿ ਅਹੁਰੇ।
ਟੇਰ ਹੈ ਸੰਤ ਬਿਅੰਤ ਮਹਮਾ ਮਹਾਂ ਨਾਮ ਗੋਬਿੰਦ ਗੋਬਿੰਦ ਕਹੁ ਰੇ ॥ ੪੮ ॥ ੮੧੩ ॥
ਕੂਰ ਮੈ ਪੂਰ ਕੈ ਝੂਰ ਐਸੇ ਰਹਿਓ ਰਹੈ ਜੋ ਕੀਰ ਗਤਿ ਹੋਤ ਵਹੁਰੇ।
ਭਰਮ ਮੈ ਭੂਲ ਕੈ ਝੂਲ ਤਾ ਸਉ ਗਯੋ ਉਡੇ ਹੈ ਆਪ ਜੋ ਛਾਡ ਜਹੁ ਰੇ।
ਮੋਹਿ ਫਾਸੀ ਜਹਾਂ ਜੀਵ ਫਸ ਹੈ ਤਹਾਂ ਤਤ ਬੀਚਾਰ ਨਹਿ ਸੂਝ ਅਹੁਰੇ।
ਟੇਕ ਹੈ ਸੰਤ ਬੇਅੰਤ ਮਹਿਮਾ ਮਹਾਂ ਨਾਮ ਗੋਬਿੰਦ ਗੋਬਿੰਦ ਕਹੁ ਰੇ ॥ ੪੯ ॥ ੮੧੪ ॥
ਲਾਜ ਕੈ ਕਾਜ ਉਪਚਾਰ ਕੇਤੇ ਕਰੈ ਲਾਜ ਕੇ ਕਾਜ ਨਹਿ ਏਕ ਅਹੁਰੇ।
ਜਗਤ ਕੀ ਕਾਜ ਕਛੁ ਕਾਜ ਆਵੈ ਨਹੀ ਹੋਤ ਆਕਾਜ ਨਹਿ ਕਾਜ ਸਹੁਰੇ।
ਲੀਨ ਜਾ ਸੋ ਭਯੋ ਸੰਗਿ ਲੈ ਨਾ ਗਯੋ ਜੋਨਿ ਹਿਤ ਗੋਨ ਕਰ ਲੇਤ ਤਹੁ ਰੇ।
ਟੇਰ ਹੈ ਸੰਤ ਬੇਅੰਤ ਮਹਿਮਾ ਮਹਾ ਨਾਮ ਗੋਬਿੰਦ ਗੋਬਿੰਦ ਕਹੁ ਰੇ ॥ ੫੦ ॥ ੮੧੫ ॥
ਚੇਤ ਅਚੇਤ ਲੈ ਚੇਤਨ ਕਹੁ ਹੋਤ ਉਧਾਰ ਕੈ ਬਾਤ ਵਹੁਰੇ।
ਲੋਭ ਕੀ ਲੀਕ ਮੈ ਜਾਇ ਪਰਿਹੈ ਕਹੂ ਡੂਬ ਹੈ ਨੀਰ ਬਿਨ ਜਾਨ ਜਹੁਰੇ।
ਕੂਪ ਕੇ ਜੀਵ ਬੀਚਾਰ ਕਿ ਉਹੂ ਕਰੋ ਨਿਕਸਹੈ ਨਾਹਿ ਨੈ ਤਾਤਿ ਯਹੁਰੇ।
ਟੇਰ ਹੈ ਸੰਤ ਬੇਅੰਤ ਮਹਿਮਾ ਮਹਾ ਨਾਮ ਗੋਬਿੰਦ ਗੋਬਿੰਦ ਕਹੁ ਰੇ ॥ ੫੧ ॥ ੮੧੬ ॥
ਜੁਗਤਿ ਕੈ ਜਗ ਕੈ ਭਾਵਨੀ ਭੋਗ ਲੈ ਭੇਖ ਅਲੇਖ ਨਹਿ ਹਾਥ ਅਹੁ ਰੇ।
ਜਾਇ ਕਰਵਤ ਲੈ ਹੈਵਰੇ ਗਰਤ ਜੈਹੈ ਮੀਚ ਅਮੀਚ ਕੈ ਲੇਤ ਭਹੁਰੇ।
ਮੋਨ ਗਹਿ ਜੀਵ ਮੈ ਬਸਤ੍ਰ ਤਜਿ ਸੀਵ ਮੈ ਦ੍ਰਿਸ਼ਟਿ ਆਕਾਸ਼ ਕਰ ਨਾਹਿ ਲਹੁ ਰੇ।
ਟੇਰ ਹੈ ਸੰਤ ਬੇਅੰਤ ਮਹਿਮਾ ਮਹਾ ਨਾਮ ਗੋਬਿੰਦ ਗੋਬਿੰਦ ਕਹੁ ਰੇ ॥ ੫੨ ॥ ੮੧੭ ॥
ਨਾਹਿ ਇਹ ਰੀਤ ਮਨ ਮੀਤ ਤੋ ਸੋ ਕਹੋ ਨਾਮ ਕੀ ਪ੍ਰੀਤ ਇਹ ਰੀਤ ਗਹੁ ਰੇ।
ਭਰਮ ਕੋ ਭੇਖ ਤਜਿ ਭੇਖ ਅਲੇਖ ਸਜਿ ਤਤੁ ਬੀਚਾਰ ਬੀਚਾਰ ਲਹੁ ਰੇ।
ਛੂਟ ਹੋ ਤ੍ਰਾਸ ਤੇ ਓਟ ਕਰਤਾਰ ਕੀ ਸੁਨਿ ਗਹੁ ਸੁਨਿ ਗਹੁ ਸੁਨਿ ਗਹੁ ਰੇ।
ਟੇਰ ਹੈ ਸੰਤ ਬੇਅੰਤ ਮਹਿਮਾ ਮਹਾ ਨਾਮ ਗੋਬਿੰਦ ਗੋਬਿੰਦ ਕਹੁ ਰੇ ॥ ੫੩ ॥ ੮੧੮ ॥
ਕੌਨ ਹੈ ਕਰਮ ਪੈ ਤਾਹਿ ਜਾਨਿਓ ਨਹੀ ਤੌਨ ਕੀ ਗੌਨ ਤਜਿ ਔਨ ਜਹਰੇ।
ਸੂਝ ਰੇ ਆਪਨਾ ਆਪ ਆਪਾ ਕਹੁ ਜੀਵਨੋ ਜਗਤ ਮੈ ਅਲਪ ਲਹੁ ਰੇ।
ਜਾਨ ਅਜਾਨ ਪੈ ਜਾਨ ਜਾਨੀ ਨਹੀ ਭਰਮ ਮੈਂ ਭੂਲ ਜਿਨਿ ਫੂਲ ਰਹੁ ਰੇ।
ਟੇਰ ਹੈ ਸੰਤ ਬੇਅੰਤ ਮਹਿਮਾ ਮਹਾ ਨਾਮ ਗੋਬਿੰਦ ਗੋਬਿੰਦ ਕਹੁ ਰੇ ॥ ੫੪ ॥ ੮੧੯ ॥
ਛਾਡਿ ਦੈ ਧੰਧ ਔ ਬੰਧ ਬੰਧਨ ਸਬੈ ਹੋਇ ਨਿਰਬੰਧ ਇਕ ਬੰਧ ਰਹੁ ਰੇ।
ਔਰ ਬਿਕਾਰ ਸੁਖ ਸਾਰ ਬੀਚਾਰ ਯੌ ਨਾਮ ਉਚਾਰ ਕਰਿ ਪਾਰ ਪਹੁ ਰੇ।

ਏਕ ਪ੍ਰਭ ਜਾਪਨਾ ਛਾਡਿ ਦੈ ਥਾਪਨਾ ਆਪਨਾ ਆਪ ਬੀਚਾਰ ਲਹੁ ਰੇ ।
ਟੇਰ ਹੈ ਸੰਤ ਬੇਅੰਤ ਮਹਿਮਾ ਮਹਾ ਨਾਮ ਗੋਬਿੰਦ ਗੋਬਿੰਦ ਕਹੁ ਰੇ ॥ ੫੫ ॥ ੮੨੦ ॥
ਕੋਟਿ ਉਪਾਵ ਬੀਚਾਰ ਕੋਹੂ ਕਰੋ ਪਾਰ ਜਿਹ ਤੇ ਪਰੋ ਥਾਤ ਅਹੁਰੇ ।
ਅਨਿਕ ਤੀਰਥ ਕਰੋ ਜਾਇ ਕਾਸ਼ੀ ਮਰਉ ਚੜ੍ਹੋ ਕੇਦਾਰ ਨਾਹਿ ਪਾਪ ਪਹੁਰੇ ।
ਅਨਿਕ ਤਪ ਸਾਧ ਆਗਾਧ ਜਾਨਿਓ ਨਹੀਂ ਹੋਤ ਹੈ ਔਰ ਕੀ ਔਰ ਅਹੁਰੇ ।
ਟੇਰ ਹੈ ਸੰਤ ਬਿਅੰਤ ਮਹਿਮਾ ਮਹਾ ਨਾਮ ਗੋਬਿੰਦ ਗੋਬਿੰਦ ਕਹੁ ਰੇ ॥ ੫੬ ॥ ੮੨੧ ॥
ਲਗੀ ਜੋ ਲਗਨ ਤੋ ਮਗਨ ਐਸੇ ਭਯੋ ਸੋਨ ਆਸੋਨ ਨਹਿ ਜਾਨ ਜਹੁਰੇ ।
ਆਪ ਆਪਾ ਗਯੋ ਆਪ ਆਪੀ ਭਯੋ ਆਪ ਬੀਚਾਰ ਜਬ ਦੇਖ ਅਹੁਰੇ ।
ਜੋਤ ਸੋ ਜੋਤ ਮਿਲਿ ਏਕ ਹੀ ਰੂਪ ਹੈ ਏਕ ਨਹੀ ਔਰ ਅਹੁਰੇ ।
ਟੇਰ ਹੈ ਸੰਤ ਬੇਅੰਤ ਮਹਿਮਾ ਮਹਾ ਨਾਮ ਗੋਬਿੰਦ ਗੋਬਿੰਦ ਕਹੁ ਰੇ ॥ ੫੭ ॥ ੮੨੨ ॥
ਸਰਬ ਆਨੰਦ ਗੋਬਿੰਦ ਕੇ ਜਾਪ ਤੇ ਜਪੋ ਨਿਤ ਨੀਤ ਕੈ ਪ੍ਰੀਤ ਮੀਤਾ ।
ਸਰਬ ਕੇ ਤੰਤ ਯਹਿ ਮੰਤ ਗੁਰਦੇਵ ਕੋ ਏਕ ਮਨ ਜੀਤ ਕੈ ਜਗਤ ਜੀਤਾ ।
ਸਰਬ ਜੰਜਾਰ ਬੇਕਾਰ ਛਿਨ ਮੈ ਤਜੋ ਸਰਨ ਗੁਰਦੇਵ ਸੁਨਿ ਗਿਆਨ ਗੀਤਾ ।
ਭਯੋ ਜੈਕਾਰ ਤ੍ਰਈ ਲੋਕ ਚੋਦਹਿ ਭਵਨ ਸਤਿਗੁਰੂ ਖ਼ਾਲਸਾ ਖਾਸ ਕੀਤਾ ॥ ੫੮ ॥ ੮੨੩ ॥
ਬਚਨ ਗੁਰਦੇਵ ਕੇ ਗਿਆਨ ਐਸੋ ਕੀਉ ਮੁਕਤਿ ਕੀ ਜੁਗਤਿ ਐਸੇ ਬਿਚਾਰੀ ।
ਰਚਨ ਕਰਤਾਰ ਜੋ ਰਚੀ ਆਕਾਰ ਤੇ ਜਪੈਗੀ ਜਾਪ ਸਬ ਸ੍ਰਿਸ਼ਟੀ ਸਾਰੀ ।
ਤਤ ਬੀਚਾਰ ਕੈ ਜੀਤ ਬੋਲੀ ਫ਼ਤੇ ਮਾਰ ਦੂਤਨ ਕੀਓ ਭਸਮ ਛਾਰੀ ।
ਭਯੋ ਜੈਕਾਰ ਤ੍ਰਈ ਲੋਕ ਚੋਦਹਿ ਭਵਨ ਅਚਲ ਪਰਤਾਪ ਗੁਰੂ ਕੇਸ ਧਾਰੀ ॥ ੫੯ ॥ ੮੨੪ ॥

ਇਤ ਸ੍ਰੀ ਗੁਰ ਸੋਭਾ ਜੋਤੀ ਜੋਤਿ ਅਠਾਰਵਾਂ ਧਿਆਇ
ਸਮਾਪਤਿ ਸੁਭਮਸਤੁ ॥ ੧੮ ॥

## ਧਿਆਇ ਉਨੀਸਵਾਂ

# ਆਗਮੰ ਪ੍ਰਗਾਸ

ਦੋਹਰਾ

ਆਗਮ ਅਬ ਪ੍ਰਭ ਕੋ ਕਹਤ ਉਪਜੀ ਮੋਹਿ ਤਰੰਗ ।
ਰਚਨਾ ਰਚਿ ਜਿਮ ਇਮ ਰਚੀਂ ਸੋ ਕਰਿ ਹੈ ਇਮ ਰੰਗ ॥ ੧ ॥ ੮੨੫ ॥

ਸਵੈਯਾ

ਸਬ ਸਾਧ ਉਬਾਰਨ ਕੇ ਹਿਤ ਕੋ ਜਗ ਜੀਵਨ ਜੋਤਿ ਜਗਾਵਹਿੰਗੇ ।
ਤੁਰਕੀ ਅਸ ਅਛਿ ਸੁਪਛਿ ਬਡੇ ਤਿਹ ਉਪਰ ਆਪ ਸੁਹਾਵਹਿੰਗੇ ।
ਮਿਲਿ ਸੇਵਕ ਸਿਘ ਅਨੇਕ ਸਬੈ ਕਰਿ ਰੰਗ ਤਰੰਗ ਨਚਾਵਹਿੰਗੇ ।
ਭਲ ਭਾਗ ਭਯਾ ਤੁਮ ਤਾਹਿ ਕਹੋ ਨਿਹਚੈ ਕਰ ਕੀਰਤ ਗਾਵਹਿੰਗੇ ॥ ੨ ॥ ੮੨੬ ॥

ਦੋਹਰਾ

ਅਮਿਤ ਜੋਤਿ ਪ੍ਰਕਾਸ ਕੋ ਦੈ ਹੈ ਦਰਸ ਅਪਾਰ ।
ਸੁਨਿ ਮਨ ਮੀਤ ਬਿਚਾਰਿ ਕੈ ਸਰਨਿ ਤਾਹਿ ਚਿਤ ਧਾਰਿ ॥ ੩ ॥ ੮੨੭ ॥

ਛਪੈ ਛੰਦ

ਅਮਿਤ ਤੇਜ ਪ੍ਰਗਾਸ ਅਮਿਤ ਬਲ ਧਾਰਿ ਪ੍ਰਬਲ ਬਲ ।
ਅਮਿਤ ਸੂਰ ਸੀਗਾਰ ਅਨਿਕ ਸੀਗਾਰ ਕਟਕ ਦਲ ।
ਚੜ੍ਹਗੁ ਸ਼ਾਹ ਸ਼ਾਹਨ ਖੜਗ ਗਹਿ ਅਮਿਤ ਅਪਾਰਾ ।
ਕਰਗੁ ਦੁਸ਼ਟ ਦਲ ਅਮਿਤ ਭਾਤ ਖਲਹਾਨ ਬਿਚਾਰਾ ।
ਉਮੰਗਤ ਨੀਰ ਸੁਭਰ ਸਰਸ ਤਿਹ ਸਮਾਨਿ ਰਕਤਰ ਚੜ੍ਹਗੁ ।
ਜੈਕਾਰ ਕਰਗੁ ਤਬ ਜਗ ਸਬੈ ਬਜਗ ਸਾਰ ਸਾਹਿਬ ਖੜਗੁ ॥ ੪ ॥ ੮੨੮ ॥

ਸਵੈਯਾ

ਪਿਰਥੀ ਪਤਿ ਭੂਪਤਿ ਸ਼ਾਹ ਸਬੈ ਛਬਿ ਦੇਖ ਮਹਾ ਡਰ ਪਾਵਹਿੰਗੇ ।
ਤਜਿ ਦੇਸ ਸੁਰੇਸ ਨਰੇਸ ਬਡੇ ਡਰਿ ਕੈ ਸਬ ਹੀ ਭਜ ਜਾਵਹਿੰਗੇ ।
ਚਿਤਵੈ ਮਨ ਮੈ ਕਛੂ ਅਉਰ ਉਪਾਇ ਬਿਨਾ ਹਰਿ ਕਿਉ ਗਤ ਪਾਵਹਿੰਗੇ ।
ਭਲ ਭਾਗ ਭਯਾ ਤੁਮ ਤਾਹਿ ਕਹੋ ਗੜ੍ਹ ਆਨੰਦ ਫੇਰਿ ਬਸਾਵਹਿੰਗੇ ॥ ੫ ॥ ੮੨੯ ॥
ਦੂਤਨ ਮਾਰਿ ਬਿਡਾਰ ਅਪਾਰ ਬਿਥਾਰ ਕਈ ਕਰਿ ਪਾਵਹਿੰਗੇ ।
ਤਜਿ ਦੇਸ ਨਰੇਸ ਗਏ ਸਬ ਹੀ ਕਹੂ ਆਪਨ ਆਪ ਲੁਕਾਵਹਿੰਗੇ ।
ਜਗ ਜੀਵਨ ਜੋਤਿ ਪ੍ਰਗਾਸ ਕੀਉ ਤਰਈ ਲੋਕ ਸਬੈ ਜਸੁ ਗਾਵਹਿੰਗੇ ।
ਭਲ ਭਾਗ ਭਯਾ ਤੁਮ ਤਾਹਿ ਕਹੋ ਗੜ੍ਹ ਆਨੰਦ ਫੇਰ ਬਸਾਵਹਿੰਗੇ ॥ ੬ ॥ ੮੩੦ ॥

ਸੰਤਨ ਕਾਜ ਕਰੀ ਹਰਿ ਲਾਜ ਕੀਉ ਯਹ ਸਾਜ ਸੁਹਾਵਹਿੰਗੇ।
ਕਰਿ ਮੈ ਗਹਿ ਤੇਗ਼ ਦਰੇਗ਼ ਨਹੀ ਸਬ ਦੂਤਨ ਮਾਹਿ ਖਪਾਵਹਿੰਗੇ।
ਭਜਿ ਹੈ ਇਹ ਭਾਂਤ ਕਮਾਨਨ ਤੇ ਸਰ ਯੋ ਤਿਨ ਕੋ ਬਿਚਲਾਵਹਿੰਗੇ।
ਭਲ ਭਾਗ ਭਯਾ ਤੁਮ ਤਾਹਿ ਕਹੋ ਗੜ੍ਹ ਆਨੰਦ ਫੇਰ ਬਸਾਵਹਿੰਗੇ ॥ ੭ ॥ ੮੩੧ ॥
ਕਰਿ ਮੈ ਗਹਿ ਵਾਰ ਅਪਾਰ ਕਿਤੇ ਦਲ ਕੋ ਦਲ ਯੌ ਛਬਿ ਪਾਵਹਿੰਗੇ।
ਦਲ ਦੂਤ ਕਰੋਰਨ ਮਾਰਿ ਲਏ ਕਹੂ ਢੂੰਢਤ ਹਾਥ ਨ ਆਵਹਿੰਗੇ।
ਮੁਖ ਮੈ ਤ੍ਰਿਣ ਲੈ ਮਿਲਹੈ ਪ੍ਰਿਥਵੀ ਪਤ ਆਪਨ ਆਪ ਬਚਾਵਹਿੰਗੇ।
ਭਲ ਭਾਗ ਭਯਾ ਤੁਮ ਤਾਹਿ ਕਹੋ ਗੜ੍ਹ ਆਨੰਦ ਫੇਰਿ ਬਸਾਵਹਿੰਗੇ ॥ ੮ ॥ ੮੩੨ ॥
ਆਨੰਦ ਸੋ ਬਸਿ ਹੈ ਤਬ ਭੂਪਤਿ ਏਕ ਹੀ ਨਾਮ ਧਿਆਵਹਿੰਗੇ।
ਜਪਿ ਖ਼ਾਲਸ ਸਾਸਿ ਗਿਰਾਸ ਮਨੈ ਕਛੁ ਦੂਸਰੁ ਭੇਦ ਨ ਲਾਵਹਿੰਗੇ।
ਛਿਨ ਮੈ ਜਗ ਕੇ ਅਘ ਨਾਸ ਭਏ ਕਹੂ ਪਾਪ ਨ ਢੂੰਢਤ ਪਾਵਹਿੰਗੇ।
ਭਲ ਭਾਗ ਭਯਾ ਤੁਮ ਤਾਹਿ ਕਹੋ ਗੜ੍ਹ ਆਨੰਦ ਫੇਰ ਬਸਾਵਹਿੰਗੇ ॥ ੯ ॥ ੮੩੩ ॥
ਭਾਰ ਅਠਾਰਹ ਬਨਾਸਪਤੀ ਤਿਹ ਖਾਲਸ ਜਾਪ ਜਪਾਵਹਿੰਗੇ।
ਬਨ ਮੈ ਤ੍ਰਿਨ ਮੈ ਪਸੁ ਪੰਖਨ ਮੈ ਕਰਿ ਏਕ ਹੀ ਜੋਤਿ ਦਿਖਾਵਹਿੰਗੇ।
ਪਰਜਾ ਜਪ ਜਾਪ ਅਨੰਦ ਕਰੈ ਇਹ ਜਾਪ ਹੀ ਸੇ ਗਤਿ ਪਾਵਹਿੰਗੇ।
ਭਲ ਭਾਗ ਭਯਾ ਤੁਮ ਤਾਹਿ ਕਹੋ ਗੜ੍ਹ ਆਨੰਦ ਫੇਰਿ ਬਸਾਵਹਿੰਗੇ ॥ ੧੦ ॥ ੮੩੪ ॥
ਧਰਨੀ ਧਵਲਾਰ ਆਕਾਰ ਸਬੈ ਸਸਿ ਭਾਨ ਭਨੇ ਜਸੁ ਗਾਵਹਿੰਗੇ।
ਸਨਕਾਦਿਕ ਇੰਦ ਸੁਰਿੰਦ ਸਬੈ ਸਨ ਤਾਰਨ ਯੋ ਗਤਿ ਪਾਵਹਿੰਗੇ।
ਗਣ ਨਾਰਦ ਤੁੰਬਰ ਕਿੰਨਰ ਜੱਛ ਸਬੈ ਹਰਿ ਕੀਰਤਿ ਗਾਵਹਿੰਗੇ।
ਭਲ ਭਾਗ ਭਯਾ ਤੁਮ ਤਾਹਿ ਕਹੋ ਗੜ੍ਹ ਆਨੰਦ ਫੇਰ ਬਸਾਵਹਿੰਗੇ ॥ ੧੧ ॥ ੮੩੫ ॥
ਸਿਧ ਸਾਧਿਕ ਸੰਤ ਮਹੰਤ ਸਬੈ ਮਨ ਅਨੰਦ ਸੌਂ ਗਨ ਗਾਵਹਿੰਗੇ।
ਸੁਨ ਭੂਤ ਪ੍ਰੇਤ ਪਸਾਚ ਪਰੀ ਇਹ ਜਾਪ ਜਪੇ ਗਤਿ ਪਾਵਹਿੰਗੇ।
ਗਿਰਹੀ ਗ੍ਰਿਹ ਮੈ ਸੁਖ ਆਨੰਦ ਸੋ ਕਰਿ ਮੰਗਲ ਸਾਜ ਬਜਾਵਹਿੰਗੇ।
ਭਲ ਭਾਗ ਭਯਾ ਤੁਮ ਤਾਹਿ ਕਹੋ ਗੜ੍ਹ ਆਨੰਦ ਫੇਰ ਬਸਾਵਹਿੰਗੇ ॥ ੧੨ ॥ ੮੩੬ ॥

ਇਤ ਸ੍ਰੀ ਗੁਰ ਸੋਭਾ ਆਗਮ ਪ੍ਰਗਾਸ ਉਨੀਸਵਾਂ ਧਿਆਇ ਸੰਪੂਰਨ ॥ ੧੯ ॥

ਧਿਆਉ ਬੀਸਵਾਂ

# ਸਰਬ ਉਪਮਾ

ਦੋਹਰਾ

ਨਿਮਸਕਾਰ ਗੁਰਦੇਵ ਕੋ ਕਹਿਹੋ ਹਿਤ ਚਿਤ ਲਾਇ।
ਨਮੋ ਨਾਥ ਨਵਤਨ ਨਵਨ ਕੀਜੈ ਮੋਹਿ ਸਹਾਇ ॥ ੧ ॥ ੮੩੭ ॥

ਭੁਜੰਗ ਪ੍ਰਯਾਤ ਛੰਦ

ਨਮੋ ਨਾਥ ਨਾਥੰ ਅਚਰਜੰ ਸਰੂਪੇ।
ਨਮੋ ਸਿਸ਼ਟਿ ਕਰਤਾ ਅਨੰਤੰ ਬਿਭੂਤੇ।
ਨਮੋ ਸਰਬ ਰੋਗੇ ਨਮੋ ਸਰਬ ਮਾਥੇ।
ਨਮੋ ਅੰਗ ਸੰਗੀ ਨਮੋ ਸਰਬ ਸਾਥੇ ॥ ੨ ॥ ੮੩੮ ॥
ਨਮੋ ਗਿਆਨ ਗਿਆਤਾ ਕਲਾਯੰ ਪ੍ਰਕਾਸੀ।
ਨਮੋ ਧਿਆਨ ਧਰਤਾ ਸਦਾ ਸਰਬ ਵਾਸੀ।
ਨਮੋ ਜੁਗਤ ਅਰੁ ਮੁਕਤ ਕੋ ਗਿਆਨ ਦਾਤਾ।
ਨਮੋ ਕਰਮ ਕਰਤਾ ਨਮੋ ਏ ਬਿਧਾਤਾ ॥ ੩ ॥ ੮੩੯ ॥
ਤਮਾਸ਼ਾ ਅਜਾਇਬ ਅਜਬ ਖੇਲ ਤੇਰਾ।
ਤੁਮੀ ਕਾਰ ਕਰਤਾ ਕੀਆ ਜਗਤੁ ਤੇਰਾ।
ਤੁਹੀ ਰਿੱਧ ਅਰ ਸਿੱਧ ਨਵ ਨਿਧਿ ਕਰਤਾ।
ਤੁਹੀ ਬੁਧਿ ਦਾਤਾ ਸਬੈ ਦੇਖ ਹਰਿਤਾ ॥ ੪ ॥ ੮੪੦ ॥
ਮਹਾ ਜੋਤਿ ਤੇਰੀ ਸਬੀ ਮੈ ਬਿਰਾਜੈ।
ਕਰੈ ਜੋ ਪ੍ਰਭੂ ਸੋ ਕੀਆ ਤੋਹਿ ਛਾਜੈ।
ਕਰੈ ਜੋ ਚਲਿਤ ਆਪ ਆਪੀ ਉਪਾਏ।
ਲਖੈ ਜੰਤ ਕੈਸੇ ਜੁ ਤੇਰੇ ਬਨਾਏ ॥ ੫ ॥ ੮੪੧ ॥

ਦੋਹਰਾ

ਨਾਹਿ ਨ ਅੰਤ ਬਿਅੰਤ ਪ੍ਰਭ ਉਪਮਾ ਅਪਰ ਅਪਾਰ।
ਰਮ ਰਹਿਓ ਸਬ ਸ੍ਰਿਸ਼ਟਿ ਮੈ ਕਹਤ ਬਿਚਾਰਿ ਬਿਚਾਰਿ ॥ ੬ ॥ ੮੪੨ ॥

ਸਵੈਯਾ

ਏਕ ਹੀ ਜੋਤਿ ਜਗੈ ਸਬ ਹੀ ਜਗ ਬ੍ਰਿਾਜਤ ਹੈ ਸਭ ਹੀ ਘਟਿ ਮਾਹੀ।
ਬ੍ਰਹਮ ਹੂ ਮੈ ਅਰੁ ਬਿਸਨ ਹੂ ਮੈ ਸਿਵ ਸੰਕਰ ਮੈ ਗਣ ਈਸ ਸਮਾਹੀ।

ਦੇਵੀਅਨ ਮੈ ਨਵ ਨਾਥਨ ਮੈ ਸਿਧ ਸਾਧਿਕ ਸੰਤ ਮਹੰਤ ਕਹਾਹੀ।
ਬਿਆਪਕ ਹੈ ਸਬ ਹੀ ਕੇ ਬਿਖੈ ਮਨ ਤਾਹੀ ਕੋ ਨਾਮੁ ਜਪੈ ਗਤਿ ਪਾਹੀ ॥ ੭ ॥ ੮੪੩ ॥

ਦੋਹਰਾ

ਜੋ ਜਨ ਹਰਿ ਪ੍ਰਭ ਛਾਡਿ ਕੈ ਕਰਤ ਅਵਰ ਕੀ ਸੇਵ।
ਸੋ ਮੂਰਖ ਅਗਿਆਨਿ ਹੈ ਪਾਵਤ ਰੰਚ ਨ ਭੇਵ ॥ ੮ ॥ ੮੪੪ ॥

ਸਵੈਯਾ

ਫੂਲਨ ਮੈ ਜਿਮ ਬਾਸ ਬਸੈ ਬਸਿਹੈ ਹਰਿ ਜੀ ਇਮ ਹੀ ਘਟਿ ਮਾਹੀ।
ਦੀਪਕ ਮੈ ਬਤੀਆ ਜਿਮ ਹੈ ਤਿਮ ਹੀ ਜਗ ਮੈ ਜਗਦੀਸੁਰ ਆਹੀ।
ਭਾਨ ਪ੍ਰਗਾਸ ਅਕਾਸ ਕਰੈ ਨਿਰਖੋ ਜਲ ਮੈ ਤਿਹ ਕੀ ਪਰਛਾਹੀ।
ਗੋਰਸ ਮੈ ਘ੍ਰਿਤ ਜਾਨ ਇਮੈ ਪ੍ਰਿਤਮਾ ਪ੍ਰਭ ਕੀ ਸਬਹੀ ਘਟਿ ਮਾਹੀ ॥ ੯ ॥ ੮੪੫ ॥

ਦੋਹਰਾ

ਹੈ ਸੁਬਾਸ ਮ੍ਰਿਗ ਪਾਸ ਹੀ ਨਹਿ ਜਾਨਤ ਅਗਿਆਨ।
ਗੁਰ ਬਿਨ ਬਾਸ ਨ ਪਾਵਈ ਢੂੰਢਤ ਹੈ ਉਦਿਆਨ ॥ ੧੦ ॥ ੮੪੬ ॥

ਛਪੈ ਛੰਦ

ਅਮਿਤ ਜੋਤਿ ਪ੍ਰਗਾਸ ਬਾਸ ਸਬ ਸਬ ਕੇ ਘਟ ਮਾਂਹੀ।
ਸਰਬ ਨਿਰੰਤਰ ਆਪ ਜਾਪ ਸਬ ਕੇ ਮੁਖ ਮਾਂਹੀ।
ਸਰਬ ਰੂਪ ਮੈ ਰੂਪ ਸੀਲ ਮੈ ਸੀਲ ਮਹੀ ਹੈ।
ਸਰਬ ਗਿਆਨ ਮੈ ਗਿਆਨ ਧਿਆਨ ਮੈ ਧਿਆਨ ਵਹੀ ਹੈ।
ਅਚਲ ਰੂਪ ਅਨਭੈ ਸਦਾ ਹੈ ਪ੍ਰਚੰਡ ਕਾਰਨ ਕਰਨ।
ਸਿਮਰੰਤ ਸੰਤ ਆਨੰਤ ਮੰਤ ਨਾਥਾਨ ਨਾਥ ਸੰਕਟ ਹਰਨ ॥ ੧੧ ॥ ੮੪੭ ॥

ਦੋਹਰਾ

ਦੂਖ ਬਿਡਾਰਨ ਤਾਰਨ ਤਰਨ ਕਾਰਨ ਕਰਨ ਮੁਰਾਰ।
ਅੰਗ ਸੰਗਿ ਸਬ ਕੈ ਰਹੈ ਦਯਾ ਵੰਤ ਕਰਤਾਰ ॥ ੧੨ ॥ ੮੪੮ ॥

ਛਪੈ ਛੰਦ

ਸੁਖ ਸਮੂਹ ਦਾਤਾਰੁ ਅਵਰ ਦੂਜਾ ਨਹੀਂ ਕੋਈ;
ਸਦਾ ਰਹੈ ਅੰਗ ਸੰਗਿ ਅੰਤ ਸੰਗੀ ਹੈ ਸੋਈ।
ਅਨਿਕ ਮੀਤ ਸੋ ਮੀਤ ਨਾਹਨ ਸਮ ਜਾ ਕੇ।
ਅਤਿ ਪ੍ਰਤਾਪ ਜਗਤ ਰੂਪ ਕਹਿ ਸਕੋ ਨ ਤਾ ਕੇ।
ਗਤਿ ਮਿਤ ਅਪਾਰ ਸਾਹਿਬ ਸਰਨ ਬੇਸ਼ੁਮਾਰ ਸੇਵਤ ਚਰਨ।
ਭਉ ਭੈ ਉਤਾਰ ਸੰਕਟ ਨਿਵਾਰ ਨਾਥਾਨ ਨਾਥ ਤੇਰੀ ਸਰਨ ॥ ੧੩ ॥ ੮੪੯ ॥

ਦੋਹਰਾ

ਮੋਹਿ ਆਸਰੋ ਤਾਹਿ ਕੋ ਐਸੋ ਸਮਰਥ ਸੋਇ।
ਸਰਬਧਾਰ ਸਮਰਥ ਪ੍ਰਭ ਤਾ ਬਿਨ ਅਵਰ ਨਾ ਕੋਇ ॥ ੧੪ ॥ ੮੫੦ ॥

ਕਬਿਤ

ਕੁਦਰਤ ਕੇ ਕਰਨਹਾਰ ਉਪਮਾ ਅਪਾਰ ਤੇਰੀ
ਕਿਤਹੂੰ ਨ ਅੰਤ ਕਹੁ ਐਸੋ ਬਿਅੰਤ ਹੈ।
ਨਿਹਚੈ ਕੈ ਗਾਵਤ ਹੈ ਭਾਵਤ ਹੈ ਤੋਹੀ ਕੋਊ
ਪੂਰਿ ਰਹਿਉ ਸਬ ਹੀ ਮੈ ਪੂਰਨ ਭਗਵੰਤ ਹੈ।
ਸੇਵਾ ਤੇ ਮੁਕਤਿ ਹੋਤਿ ਅੰਤਰਿ ਪ੍ਰਗਾਸ ਜੋਤ
ਦੁਰਮਤਿ ਸਬੈ ਖੋਤ ਨਿਰਮਲ ਸੋਮੰਤ ਹੈ।
ਏਕ ਹੀ ਬਤਾਯੋ ਗੁਨ ਤਾ ਕੋ ਤਵ ਗਾਯੋ ਜਨ
ਜੋਨ ਮੈ ਨ ਆਯੋ ਸੋ ਸਿਮਰਤ ਏਕ ਸੰਤ ਹੈ ॥ ੧੫ ॥ ੮੫੧ ॥

ਦੋਹਰਾ

ਚਉਰਾਸੀ ਮੈ ਪਰਤ ਹੈ ਬਿਨਾ ਭਗਤ ਨਰ ਸੋਇ।
ਨਿਸ ਦਿਨ ਏਕ ਅਰਾਧੀਐ ਮਨ ਕੀ ਦੁਬਿਧਾ ਖੋਇ ॥ ੧੬ ॥ ੮੫੨ ॥

ਸਵੈਯਾ

ਦੁਬਿਧਾ ਕਰ ਦੂਰ ਹਜੂਰ ਸਦਾ ਰਹੁ ਏਕ ਹੀ ਸਦਾ ਕਹੁ ਰੇ।
ਹਿਤ ਸੋ ਚਿਤ ਸੁ ਧਰ ਧਿਆਨ ਰਿਦੈ ਸਤਸੰਗਤ ਓਟ ਤਹਾਂ ਗਹੁਰੇ।
ਤਜਿ ਮੋਹਨੀ ਮੋਹ ਬਿਚਾਰ ਯਹੈ ਲਗ ਮੋਹਨ ਮੂਰਤ ਸੁ ਰਹੁ ਰੇ।
ਯਹ ਮੰਤ੍ਰ ਮਹਾ ਪ੍ਰਭ ਕੀ ਉਪਮਾ ਨਿਹਚੈ ਕਰਿ ਕੈ ਏਹ ਕੋ ਗਹੁ ਰੇ ॥ ੧੭ ॥ ੮੫੩ ॥

ਦੋਹਰਾ

ਕਰਿ ਨਿਹਚੈ ਇਕ ਨਾਮ ਸੋ ਅਵਰ ਨਾ ਮਨ ਮੈ ਆਨ।
ਲਾਗ ਰਹੈ ਧੁਨਿ ਪ੍ਰੇਮ ਕੀ ਚਰਨ ਕਵਲ ਸੋ ਧਿਆਨ ॥ ੧੮ ॥ ੮੫੪ ॥

ਸਵੈਯਾ

ਧਿਆਨ ਕਰੋ ਧਰਨੀ ਧਰ ਕੋ ਮਨ ਮੈਂ ਸੁਬਿਚਾਰ ਅਪਾਰ ਯਹੀ ਹੈ।
ਅਉਰ ਨਹੀ ਕਹੂ ਤਾਹ ਬਿਨਾ ਕਰਤਾ ਹਰਤਾ ਸਬ ਦੂਖ ਵਹੀ ਹੈ।
ਜੋਤ ਸਬੈ ਜਗ ਮੈਂ ਤਿਹ ਕੀ ਜਿਹ ਕੀ ਉਪਮਾ ਸਬ ਸ਼ਿਸ਼ਟਿ ਕਹੀ ਹੈ।
ਐਸੋ ਬਿਅੰਤ ਨ ਅੰਤ ਕਿਤਹੂੰ ਕਹੂ ਸਬ ਖੋਜਤ ਖੋਜਤ ਖੋਜ ਰਹੀ ਹੈ ॥ ੧੯ ॥ ੮੫੫ ॥

ਦੋਹਰਾ

ਖੋਜਤ ਕੋਟਿ ਅਨੇਕ ਜਨ ਉਪਮਾ ਅਪਰ ਅਪਾਰ।
ਰਚ ਰਚਨਾ ਜਿਨਿ ਸਬ ਕੀਏ ਸੋ ਜਾਨੈ ਕਰਤਾਰ ॥ ੨੦ ॥ ੮੫੬ ॥

ਤ੍ਰਿਭੰਗੀ ਛੰਦ

ਜਾਨੈ ਪ੍ਰਭ ਸੋਈ ਅਵਰ ਨ ਕੋਈ ਤਾਹਿ ਬਿਨਾ ਕਿਹ ਕੋ ਕਹੀਏ।
ਸਭ ਕੀ ਗਤਿ ਜਾਨੈ ਸੋ ਭਗਵਾਨੈ ਪੁਰਖ ਸੋ ਜਾਨੈ ਸੋ ਕਹੀਐ।
ਸੋਈ ਗੁਰਦਾਤਾ ਮੁਕਤਿ ਪਠਾਤਾ ਸੋ ਪ੍ਰਭ ਜਾਤਾ ਸੰਤ ਜਨਾ।
ਏਕੋ ਸਬ ਸੁਆਮੀ ਅੰਤਰਿਜਾਮੀ ਸਿਮਰ ਤਾਹਿ ਸੁਖ ਹੋਇ ਮਨਾ ॥ ੨੧ ॥ ੮੫੭ ॥

ਦੋਹਰਾ

ਸੁਖ ਉਪਜਤ ਹੈ ਨਾਮ ਤੇ ਸਿਮਰਨਿ ਕਰਿ ਮਨ ਮੀਤ ।
ਤਜਿ ਬਿਕਾਰ ਕਰਤਾਰ ਜਪਿ ਮਨ ਅੰਤਰਿ ਧਰ ਪ੍ਰੀਤ ॥ ੨੨ ॥ ੮੫੮ ॥

ਸਵੈਯਾ

ਸੋ ਕਰ ਰੀਤ ਪ੍ਰਭੂ ਸੰਗ ਪ੍ਰੀਤ ਅਨੀਤ ਤਜੈ ਦੁਖ ਆਵੈ ਨ ਨੇਰੇ !
ਹੋਤ ਪ੍ਰਗਾਸ ਨਿਵਾਸ ਸਦਾ ਸੁਖ ਐਸੋ ਹੈ ਨਾਮੁ ਜਪੋ ਮਨ ਮੇਰੇ ।
ਤਾਹਿ ਬਿਨਾ ਸੁਖ ਨਾਹਿ ਕਹੂੰ ਸਮਝੋ ਚਿਤ ਮੈ ਮਨ ਮੂੜ੍ਹ ਸਵੇਰੇ ।
ਏਕ ਹੀ ਨਾਮ ਬਿਨਾ ਤਨ ਛਾਰ ਬਿਕਾਰ ਸਬੈ ਕਛੂ ਕਾਜਿ ਨ ਤੇਰੇ ॥ ੨੩ ॥ ੮੫੯ ॥

ਦੋਹਰਾ

ਸਬ ਬਿਕਾਰ ਸੰਸਾਰ ਮੈ ਉਪਜਤ ਹੈ ਨਿਤ ਨੀਤ ।
ਤਿਆਗਤ ਹੈ ਤਿਹ ਸੰਤ ਜਨ ਕਰਿ ਸਤਿਗੁਰ ਸੰ ਪ੍ਰੀਤ ॥ ੨੪ ॥ ੮੬੦ ॥

ਸਵੈਯਾ

ਛਾਡਿ ਬਿਕਾਰ ਅਧਾਰ ਯਹੀ ਕਰਿ ਏਕ ਹੀ ਨਾਮ ਸਦਾ ਕਹੀਐ ।
ਰਹੀਐ ਸਤ ਸੰਗਤਿ ਸੰਗ ਮਨਾ ਉਪਜੈ ਸੁਖ ਗਿਆਨ ਸਦਾ ਗਹੀਐ ।
ਮਮਤਾ ਤਜਿ ਮੋਹ ਬਿਮੋਹ ਭਏ ਨਰ ਨਾਮ ਕੀ ਸੇਵ ਤਿਨੋ ਲਹੀਐ ।
ਕਹੀਐ ਅਬ ਏਕ ਬਿਚਾਰ ਮਨਾ ਜਮਦੂਤ ਤੋ ਤ੍ਰਾਸ ਕਹਾ ਸਹੀਐ ॥ ੨੫ ॥ ੮੬੧ ॥

ਸੋਰਠਾ

ਕਿਉ ਸਹੀਐ ਜਮ ਤ੍ਰਾਸ ਜੋ ਜਪੀਐ ਕਰਤਾਰ ਗੁਨ ।
ਮੁਕਤ ਭਏ ਨਰ ਸੋਇ ਜਿਨ ਅੰਤਰ ਧਨਿ ਏਕ ਹੈ ॥ ੨੬ ॥ ੮੬੨ ॥

ਸਵੈਯਾ

ਪੁਤ੍ਰ ਕੇ ਹੇਤ ਸੁਚੇਤ ਭਯੋ ਸੁ ਕਹਿਓ ਨਰ ਨਾਮ ਨਰਾਇਣ ਭਾਈ ।
ਸੋ ਕਰਿ ਧਿਆਨ ਰਿਦੈ ਭਗਵਾਨ ਜਪਿਓ ਹਰਿ ਨਾਮ ਤਬੈ ਸੁਧਿ ਆਈ ।
ਭਾਜਿ ਗਏ ਜਮਦੂਤ ਸਰੂਪ ਅਨੂਪ ਨਿਹਾਰ ਤਬੈ ਗੁਨ ਗਾਈ ।
ਐਸੇ ਸੁ ਪਤਤਿ ਉਧਾਰੇ ਜਗਤ ਮੈ ਏ ਕਰਤਾਰ ਤੁਝੈ ਬਡਿਆਈ ॥ ੨੭ ॥ ੮੬੩ ॥

ਦੋਹਰਾ

ਮਹਾ ਕੁਕਰਮੀ ਜਨਮ ਕੋ ਕਰਤ ਬਹੁਤ ਅਪਰਾਧ ।
ਮੁਕਤਿ ਕੀਓ ਤਿਹ ਛਿਨਕ ਮੈ ਬਡੋ ਗਰੀਬ ਨਿਵਾਜ ॥ ੨੮ ॥ ੮੬੪ ॥

ਸਵੈਯਾ

ਕੀਰ ਸੋ ਪ੍ਰੀਤ ਕਰੀ ਗਨਕਾ ਮਨਿ ਕਾ ਤਜਿ ਮਾਨ ਅਜਾਨ ਭਈ ਹੈ ।
ਪੂਰਨ ਪ੍ਰੀਤ ਕੀਏ ਗਤਿ ਹੈ ਸਰ ਬੁਧਿ ਨਿਵਾਸ ਕੁਸਾਖ ਗਈ ਹੈ ।
ਪਾਵਨਿ ਨਾਮ ਪੁਨੀਤ ਲੀਓ ਸੁਨਿ ਤਾਹੀ ਕੋ ਨਾਮ ਕੀ ਲਾਜ ਭਈ ਹੈ ।
ਤਾਰੀ ਬਿਚਾਰੀ ਬਿਚਾਰਤ ਹੈ ਸਬ ਮੋਖ ਦੁਆਰੇ ਪਠਾਇ ਦਈ ਹੈ ॥ ੨੯ ॥ ੮੬੫ ॥

ਦੋਹਰਾ

ਸੂਅਟਾ ਕੇ ਹਿਤ ਪ੍ਰੀਤ ਕਰਿ ਲੀਉ ਰੈਨ ਦਿਨ ਨਾਮ :
ਕੇਤਕ ਤਪ ਕਰਿ ਪਚਿ ਮੂਏ ਨਹਿ ਪਾਵਤ ਬਿਸਰਾਮ ॥ ੩੦ ॥ ੮੬੬ ॥

ਚੌਪਈ

ਇੰਦ੍ਰ ਦੌਨ ਰਾਜਾ ਇਕ ਹੋਤਾ ।
ਗਿਆਨੀ ਬਹੁਤ ਮਹਾ ਅਤਿ ਸੂਤਾ ।
ਅਗਨਿ ਅਹਾਰ ਬਹੁਤ ਉਨ ਦੀਨਾ ।
ਪੁੰਨ ਦਾਨ ਕੇਤਕ ਬਿਧਿ ਕੀਨਾ ॥ ੩੧ ॥ ੮੬੭ ॥
ਹੋਮ ਜਗਿ ਉਨ ਕੀਏ ਅਪਾਰਾ ।
ਬੈਸੰਤ੍ਰ ਕੌ ਭਯੋ ਅਹਾਰਾ ।
ਧਰਮ ਅੰਗ ਸਬ ਜਗਤ ਬਖਾਨੈ ।
ਕਰਨ ਹਾਰ ਕੌ ਭੇਦ ਨ ਜਾਨੈ ॥ ੩੨ ॥ ੮੬੮ ॥
ਜੋ ਹਰਿ ਕਰੈ ਕਰਾਵੈ ਸੋਈ ।
ਤਾ ਕੌ ਭੇਦ ਨ ਜਾਨੈ ਕੋਈ ।
ਐਸੋ ਅਗਮ ਪੁਰਖ ਕਰਤਾਰਾ ।
ਤਾ ਕੌ ਭੇਦ ਨ ਕਿਨਹਿ ਬਿਚਾਰਾ ॥ ੩੩ ॥ ੮੬੯ ॥

ਕਬਿਤ

ਪੁੰਨਿ ਕੇ ਪ੍ਰਤਾਪ ਦੂਉਨ ਦੇਵਤਾ ਦੁਆਰੇ ਜਾਇ
ਆਗੈ ਆਇ ਧਰਮ ਰਾਇ ਚਰਨ ਬੰਦਨਾ ਕੀਉ ।
ਫੂਲ ਗਯੋ ਮਨ ਮੈਂ ਮਹਾ ਸਕਤਿ ਭਈ ਮੋਹਿ
ਕੀਉ ਨ ਬਿਚਾਰ ਕਛੂ ਬਿਗਸਿਓ ਨ ਤਉ ਹੀਓ ।
ਕਰਤੇ ਹੀ ਅਹੰਕਾਰ ਦਰ ਤੇ ਦੀਉ ਬਿਡਾਰ
ਕੁੰਜਰ ਕੀ ਜੋਨ ਧਾਰ ਪਸੁਨ ਮੈ ਮਿਲਾਇ ਲੀਓ ।
ਐਸੋ ਨਿਰਲੇਪ ਨਾਮ ਸਿਮਰ ਸਦਾ ਆਠੋ ਜਾਮ
ਬਿਨਾ ਨਾਮ ਤਾਹਿ ਰਾਜ ਕਜਰੀ ਬਨ ਕੋ ਦੀਓ ॥ ੩੪ ॥ ੮੭੦ ॥

ਦੋਹਰਾ

ਇੰਦ੍ਰ ਦੌਨ ਰਾਜ ਬਡੋ ਕੀਨੋ ਗਰਬ ਅਹਾਰ ।
ਤਾ ਕਾਰਨ ਕੁੰਜਰ ਕੀਉ ਕਰਨਹਾਰ ਕਰਤਾਰ ॥ ੩੫ ॥ ੮੭੧ ॥

ਕਬਿਤੁ

ਸੋ ਬਨ ਮੈ ਇੰਦ੍ਰ ਦੌਨ ਕਰਤ ਕਲੋਲ ਡੋਲ
ਖੇਲਤ ਅਕੋਲ ਜੈਸੇ ਸਖਾ ਸੰਗਿ ਹੈ ਕੀਉ ।
ਕਰਤ ਸੁਭਾਵ ਜਾਇ ਪੈਠੋ ਜਲ ਮਧਿ ਧਾਇ
ਗ੍ਰਜ ਗਹਿ ਚਰਨ ਤਾਹਿ ਐਚਿ ਨੀਰ ਮੈ ਲੀਉ ।

ਤਾ ਸਮੇ ਸੁਚੇਤ ਚੀਤ ਅੰਤਰਿ ਸੋ ਕਰੀ ਪ੍ਰੀਤ
ਲੀਨੋ ਮੁਖ ਨਾਮਿ ਤਾਹਿ ਛੂਟੋ ਰਿਪ ਤੇ ਜੀਓ।
ਨਾਮ ਕੇ ਪ੍ਰਤਾਪ ਆਪ ਆਪ ਹੀ ਸਹਾਇ ਭਯੋ
ਕਾਢਿ ਤਾਹਿ ਨੀਰ ਮੈ ਮੁਕਤਿ ਭੇਜ ਕੈ ਦੀਓ ॥ ੩੬ ॥ ੮੭੨ ॥

ਦੋਹਰਾ

ਮਨ ਬਚ ਕ੍ਰਮ ਕਰ ਭਾਵਨੀ ਸਿਮਰਤ ਹੈ ਨਰ ਸੋਇ।
ਪਤਿਤ ਉਧਾਰਨ ਨਾਮ ਤਿਹ ਜਾਨਤ ਹੈ ਸਭ ਕੋਇ ॥ ੩੭ ॥ ੮੭੩ ॥

ਸਵੈਯਾ

ਤੇਰੋ ਹੀ ਨਾਮ ਜਪੋ ਨਿਸ ਬਾਸੁਰ ਆਸਰੋ ਇਕ ਤਿਹਾਰੋ ਭਨੀ ਹੈ।
ਜੋ ਲਉ ਏ ਸਾਸ ਨਿਵਾਸ ਕਰੋ ਤਵ ਲੌ ਸਭ ਜੋਤਿ ਤਿਹਾਰੀ ਬਨੀ ਹੈ।
ਹੌਂ ਜੁ ਕਹੋ ਸਬ ਜਾਨਤ ਹੋ ਹਰਿ ਘੋਟੇ ਖਰੇ ਸਬ ਤੋਹਿ ਜਨੀ ਹੈ।
ਤੇਰੋ ਬਿਚਾਰ ਅਧਾਰ ਮੋਹੀਂ ਮਨ ਮੈਂ ਸਬ ਕੋ ਤੂਹੀ ਏਕ ਧਨੀ ਹੈ ॥ ੩੮ ॥ ੮੭੪ ॥

ਦੋਹਰਾ

ਸਭ ਕੋ ਸੁਆਮੀ ਏਕ ਹੈ ਤਾ ਬਿਨ ਅਵਰ ਨ ਕੋਇ।
ਅੰਤਿਰ ਹੀ ਬਿਆਪਕ ਭਯੋ ਸਬ ਮਹਿ ਪੂਰਨ ਸੋਇ ॥ ੩੯ ॥ ੮੭੫ ॥

ਸਵੈਯਾ

ਜਗ ਮੈ ਸਬ ਜੋਤਿ ਤਿਹਾਰੀ ਬਿਚਾਰੀ ਤਿਹਾਰੀ ਬਿਨਾ ਕਿਹ ਕੀ ਕਹੀਐ।
ਜਲ ਮੈ ਥਲ ਮੈ ਬਨ ਮੈ ਘਨ ਮੈ ਘਨ ਜੋਤਿ ਚਮਕੰਤ ਹੀ ਚਹੀਐ।
ਘਟ ਮੈ ਤਟ ਮੈ ਬਟ ਮੈ ਬਨਰਾਇ ਮੈ ਤੇ ਬਨਰਾਇ ਹਰੀ ਰਹੀਐਂ।
ਕਰਤਾ ਪ੍ਰਭ ਏਕ ਅਨੇਕ ਕੀਏ ਜਿਨ ਕਿਉ ਨ ਕਰੈ ਕਰਤਾ ਵਹੀਐ ॥ ੪੦ ॥ ੮੭੬ ॥

ਦੋਹਰਾ

ਕਿਉ ਨ ਕਰੈ ਕਰਤਾਰ ਜਉ ਚਾਹੇ ਸੋਈ ਕਰੈ।
ਨਰ ਕੋ ਯਹੀ ਬਿਚਾਰ ਰੈਨ ਦਿਵਸ ਗੁਨ ਉਚਰੈ ॥ ੪੧ । ੮੭੭ ॥

ਸਵੈਯਾ

ਐਸੇ ਜਪੋ ਨਿਹਚੇ ਕਰਿ ਕੈ ਨਰ ਨਾਮ ਪੁਨੀਤ ਮਹਾ ਪ੍ਰਭ ਕੇਰਾ।
ਪ੍ਰੀਤ ਕੀ ਰੀਤ ਨ ਜਾਤ ਕਹੀ ਉਪਜੈ ਸੁਖ ਗਿਆਨ ਸੁ ਜਾਇ ਅੰਧੇਰਾ।
ਜੋਤ ਪ੍ਰਕਾਸ ਨਿਵਾਸ ਸਦਾ ਹਰਿ ਕੇ ਚਰਨੋ ਤਲ ਹੋਤ ਬਸੇਰਾ।
ਸੋਚ ਬਿਚਾਰ ਅਪਾਰ ਕਰੈ ਗੁਰ ਸਾਖ ਭਰੈ ਤਬ ਹੋਤ ਨਿਬੇਰਾ ॥ ੪੨ ॥ ੮੭੮ ॥

ਦੋਹਰਾ

ਸੋ ਸਤਿਗੁਰ ਕੀ ਸਾਖ ਬਿਨ ਨਰ ਨਹੀਂ ਹੋਤ ਉਧਾਰ।
ਗੁਰ ਤੇ ਫਿਰ ਦਰ ਕੋ ਗਯੋ ਦੇਖੋ ਸੋਚ ਬਿਚਾਰ ॥ ੪੩ ॥ ੮੭੯ ॥

ਸਵੈਯਾ

ਜਾਨਤ ਹੈ ਸਬ ਹੀ ਜਗ ਰੀਤ ਸੁ ਪ੍ਰੀਤ ਬਿਨਾਂ ਕਹੂ ਪਾਰ ਨ ਪੱਯੈ।
ਰੇ ਮਨ ਨਾਮ ਬਿਨਾ ਗੁਰ ਕੇ ਹਿਤ ਕੈਸੇ ਕੈ ਜੋਤੀ ਜੋਤ ਮਿਲੱਯੈ।

ਜੋ ਸਿਮਰੈ ਸੋਈ ਪਾਰ ਪਰੈ ਨਰ ਐਸੇ ਬਿਚਾਰ ਸਦਾ ਗੁਨ ਗੱਧੈ ।
ਨਾਮ ਅਧਾਰ ਅਪਾਰ ਕਥਾ ਸੁਨਿ ਛਾਡਿ ਬਿਕਾਰ ਸੁ ਤਹਿ ਗੁਨ ਗੱਧੈ ॥ ੪੪ ॥ ੮੮੦ ॥

ਦੋਹਰਾ

ਤਜਿ ਬਿਕਾਰ ਸੰਸਾਰ ਕੇ ਸਰਨ ਤਾਹਿ ਚਿਤ ਆਨ ।
ਅਨ ਦਿਨੁ ਉਚਰੈ ਅਨੇਕ ਗੁਨ ਗਤਿ ਮੂਰਤਿ ਕੇ ਧਿਆਨ ॥ ੪੫ ॥ ੮੮੧ ॥

ਸਵੈਯਾ

ਪਾਰ ਬ੍ਰਹਮ ਅਗਿਮ ਸਦਾ ਕਰਤਾ ਸੁਖ ਕੌ ਸਬ ਠਉਰ ਤੁਹੀ ਹੈ ।
ਸੋ ਸਿਮਰੈ ਹਰਿ ਸੰਤ ਇਕੰਤ ਅਨੰਤ ਜਪੰਤ ਬਿਅੰਤ ਸੁਈ ਹੈ ।
ਲਾਲਚ ਲੋਭ ਬਿਕਾਰਿ ਤਜੈ ਜਿਨਿ ਕੇ ਮਨ ਮੈ ਕਛੁ ਸਿਧ ਹੁਈ ਹੈ ।
ਜਾਪ ਪ੍ਰਤਾਪ ਮਿਟ ਸਬ ਤਾਪ ਵਹੈ ਪ੍ਰਭ ਜਾਪ ਸੁ ਏਕ ਕੁਈ ਹੈ ॥ ੪੬ ॥ ੮੮੨ ॥

ਦੋਹਰਾ

ਲਾਲਚ ਲੋਭ ਬਿਕਾਰ ਤਜਿ ਹੋਤ ਅਨੇਕ ਅਨੰਦ ।
ਸਦਾ ਨਿਕਟ ਹੀ ਜਾਨੀਐ ਉਤਰ ਮਨ ਕੀ ਚਿੰਦ ॥ ੪੭ ॥ ੮੮੩ ॥

ਸਵੈਯਾ

ਨਾਇਕ ਲਾਇਕ ਹੈ ਸਬ ਹੀ ਸਿਰ ਨਾਮ ਪੁਨੀਤ ਮਹਾ ਪ੍ਰਭ ਤੇਰੋ ।
ਜੋਤ ਪ੍ਰਗਾਸ ਚਹੂੰ ਦਿਸ ਤਾਹੂ ਕੀ ਐਸੋ ਪ੍ਰਚੰਡ ਧਨੀ ਹਰਿ ਮੇਰੋ ।
ਦੂਤਨ ਮਾਰਿ ਨਿਵਾਰਤ ਹੈ ਅਰੁ ਸੇਵਕ ਸਿਖ ਤਿਹੁ ਸੰਗਿ ਨੇਰੇ ।
ਯਾ ਜਨ ਕੀ ਪਤਿ ਰਾਖੈ ਪ੍ਰਭੂ ਸੁਖ ਦੇਹੁ ਸਦਾ ਕਰਿ ਚੇਰਨਿ ਚੇਰੋ ॥ ੪੮ ॥ ੮੮੪ ॥

ਦੋਹਰਾ

ਦਯਾ ਕਰੋ ਗੁਰਦੇਵ ਮੁਹਿ ਹੋਇ ਸਰਬ ਸੁਖ ਚੀਤ ।
ਨਿਸ ਦਿਨ ਸਿਮਰੋਂ ਨਾਮ ਕੋ ਰਟਤ ਰਹੋਂ ਕਰ ਪ੍ਰੀਤ ॥ ੪੯ ॥ ੮੮੫ ॥

ਸਵੈਯਾ

ਯਾ ਜਗ ਮੈ ਹਰਿ ਨਾਮੁ ਪੁਨੀਤ ਕਰੈ ਜਨ ਪ੍ਰੀਤ ਸੋਈ ਸੁਖ ਪਾਵੈ ।
ਔਸਰ ਜਾਤ ਬਿਹਾਤ ਸਦਾ ਗੁਰ ਗਿਆਨ ਬਿਨਾ ਕਹੁ ਕੋ ਤਿਪਤਾਵੈ ।
ਮਯਾ ਸਰੂਪ ਅਨੂਪ ਜਗਤ ਮੈ ਮੂਰਖ ਦੇਖ ਤਹਾ ਲਲਚਾਵੈ ।
ਗੋਬਿੰਦ ਨਾਮ ਬਿਸਾਰ ਗਵਾਰ ਪਰੋ ਮੰਝਧਾਰ ਬਿਚਾਰ ਨ ਆਵੈ ॥ ੫੦ ॥ ੮੮੬ ॥

ਦੋਹਰਾ

ਹਰਿ ਕੋ ਨਾਮ ਬਿਸਾਰ ਕੈ ਪਰਤ ਮੂੜ੍ਹ ਮੰਝਧਾਰ ।
ਮਾਯਾ ਮੈ ਭੂਲੋ ਫਿਰੈ ਕਰਤ ਨਾਹਿ ਬੀਚਾਰ ॥ ੫੧ ॥ ੮੮੭ ॥

ਲੋਟਨ ਛੰਦ

ਪ੍ਰਗਟ ਗੁਪਤ ਸਗਲ ਸਿਰ ਸੋਟੀ ਕਰਨਹਾਰਿ ਬਿਨੁ ਅਵਰ ਨ ਕੋਈ ।
ਐਸੋ ਧਨੀ ਅਗੰਮ ਹਮਾਰਾ ਤਾ ਕੀ ਸੋਭਾ ਅਪਰ ਅਪਾਰਾ ।
ਅਪਰ ਅਪਾਰਾ ਬਹੁ ਬਿਸਥਾਰਾ ਵਾਰ ਨਾ ਪਾਰਾ ਸੋ ਸੁਆਮੀ ।

ਸੋਈ ਸਬ ਸੰਗੀ ਬਹੁਤ ਬਿਧ ਰੰਗੀ ਸੁਖ ਦਾਤਾ ਅੰਤ੍ਰਜਾਮੀ ।
ਕਰਤੇ ਸਬ ਸੇਵਾ ਮੁਨਿ ਜਨਿ ਦੇਵਾ ਏਕ ਨ ਭੇਵਾ ਸੋ ਸਹੀਐ ।
ਗਹੀਐ ਅਬ ਚਰਨ ਸਰਨਿ ਸਤਿਗੁਰ ਕੀ ਸੇਵਾ ਉਪਮਾ ਤਿਹ ਕੀ ਕਿਆ ਕਹੀਐ ।
॥ ੫੨ ॥ ੮੮੮ ॥

ਦੋਹਰਾ

ਸਤ ਸੰਗਤਿ ਮੈ ਪਾਈਐ ਕਰਨਹਾਰ ਕੋ ਭੇਵ ।
ਪੂਰਬ ਜਨਮ ਉਦੋਤ ਕਰਿ ਤਵ ਭੇਟੈ ਗੁਰਦੇਵ ॥ ੫੩ ॥ ੮੮੯ ॥

ਸਵੈਯਾ

ਐਸੋ ਬਿਚਾਰ ਕਰੋ ਮਨ ਮੀਤ ਗਿਰੈ ਭਰਮ ਭੀਤ ਸੋਈ ਬਿਧਿ ਕੀਜੈ ।
ਸੰਤਨ ਮੈ ਸੁਖ ਹੇਤ ਨਿਵਾਸ ਬਿਲਾਸ ਸਦਾ ਤਹਾ ਨਾਮ ਜਪੀਜੈ ।
ਏਕ ਹੀ ਕੇ ਗੁਨ ਗਾਵ ਸਦਾ ਸੁ ਜਹਾ ਜਪੁ ਜਾਪ ਬਿਖੈ ਤਜਿ ਦੀਜੈ ।
ਪ੍ਰੇਮ ਕੀ ਠਉਰ ਤਹਾ ਨਹੀਂ ਅਉਰ ਬਿਨਾ ਗੁਰ ਗੋਬਿੰਦ ਕਉਨ ਕਹੀਜੈ ॥ ੫੪ ॥ ੮੯੦ ॥

ਦੋਹਰਾ

ਅਉਰ ਕਉਨ ਤਿਹ ਠਉਰ ਪੂਰਿ ਰਹਿਓ ਪੂਰਨ ਧਨੀ ।
ਕਰਨਹਾਰ ਪ੍ਰਭ ਸੋਇ ਸਕਲ ਸੋਭ ਤਾਕੀ ਗਨੀ ॥ ੫੫ ॥ ੮੯੧ ।

ਛਪੈ ਛੰਦ

ਬਿਨਾ ਤਾਹਿ ਕੇ ਨਾਮ ਅਵਰ ਜਨ ਕਛੂ ਨ ਜਾਨੈ ।
ਮਨ ਅੰਤਰਿ ਧਰਿ ਪ੍ਰੀਤ ਰੈਨ ਦਿਨ ਨਾਮੁ ਬਖਾਨੈ ।
ਸੁਰਤ ਸਬਦਿ ਬੀਚਾਰ ਛਾਡ ਸਬ ਦੇਤ ਬਿਕਾਰਾ ।
ਯਹ ਦੁਨੀਆ ਦਿਨ ਚਾਰ ਸੁਪਨ ਜਾਨਤ ਸੰਸਾਰਾ ।
ਐਸੋ ਪ੍ਰਕਾਸ ਜਬ ਪ੍ਰਭ ਕੀਓ ਦੂਖ ਦਰਦ ਭੈ ਭ੍ਰਮ ਗਯੋ ।
ਉਚਰੰਤ ਨਾਮ ਅਨ ਦਿਨ ਸਦਾ ਆਦਿ ਅੰਤ ਜਿਨ ਜਨ ਲਯੋ ॥ ੫੬ ॥ ੮੯੨ ॥

ਦੋਹਰਾ

ਤਨ ਮਨ ਤੇ ਦੁਬਿਧਾ ਗਈ ਕੀਓ ਸੁ ਨਾਮ ਪ੍ਰਕਾਸ ।
ਛਾਡਿ ਦੀਓ ਜੰਜਾਰ ਸਬ ਏਕ ਨਾਮ ਪ੍ਰਕਾਸ ॥ ੫੭ ॥ ੮੯੩ ॥

ਲੋਟਨ ਛੰਦ

ਬਿਨਾ ਭਗਤ ਨਰ ਮੁਕਤਿ ਨ ਪਾਵੈ ਮਰਿ ਮਰਿ ਜਨਮੈ ਜਗ ਮੈ ਆਵੈ ।
ਭੋਗਤ ਦੁਖ ਸੁਖ ਬਹੁਤੇਰਾ ਨਾਮ ਬਿਨਾ ਨਹੀਂ ਹੋਤ ਨਬੇਰਾ ।
ਹੋਤ ਨਬੇਰਾ ਨਰ ਨਹੀ ਤੇਰਾ ਬਿਨਾ ਭਗਤਿ ਕਿਉਂ ਪਾਰ ਪਰੈ ।
ਹਰਿ ਕੋ ਜਸ ਕੀਜੈ ਬਿਖ ਤਜਿ ਦੀਜੇ ਅੰਮ੍ਰਿਤ ਪੀਜੈ ਧਿਆਨ ਧਰੈ ।
ਤਉ ਜਤਿ ਸਮਾਵੈ ਨਉ ਨਿਧਿ ਪਾਵੈ ਮਨਿ ਕਰਿ ਧਿਆਵੈ ਸੋ ਸੇਵਾ ।
ਗੁਰਦੇਵ ਬਤਾਈ ਤਉ ਨਰ ਪਾਈ ਅਪਰ ਅਪਾਰ ਸੋ ਇਹ ਭੇਵਾ ॥ ੫੮ ॥ ੮੯੪ ॥

ਦੋਹਰਾ

ਤਜਿ ਪਰਪੰਚ ਬਿਕਾਰ ਸਤਿਗੁਰ ਕੀ ਸੇਵਾ ਕਰੋ ।

ਮਿਟੈ ਸੁ ਆਵਨ ਜਾਨ ਏਕ ਨਾਮ ਮਨ ਮੈ ਧਰੋ ॥ ੫੯ ॥ ੮੯੫ ॥

ਅੜਿਲ

ਨਿਸ ਦਿਨ ਸਿਮਰੋ ਨਾਮ ਕਿ ਮੂਰਖ ਬਾਵਰੇ ।
ਤੇਰੇ ਅਉਸਰ ਜਾਤਿ ਬਿਹਾਤ ਚੂਕਤ ਕਿਉਂ ਦਾਉ ਰੇ ।
ਯਹ ਦੁਨੀਆ ਦਿਨ ਚਾਰ ਬਿਚਾਰ ਸੁ ਕੀਜੀਐ ।
ਜੀ ਛਾਡਿ ਬਿਕਾਰ ਅਪਾਰ ਨਾਮ ਜਪ ਲੀਜੀਐ ॥ ੬੦ ॥ ੮੯੬ ॥

ਦੋਹਰਾ

ਜਸ ਪ੍ਰਭ ਕੋ ਕਰ ਰੇ ਮਨਾ ਖਿਨ ਮੈ ਹੋਤ ਉਧਾਰ ।
ਭਗਤਿ ਬਿਨਾ ਜਾਨਤ ਸਕਲ ਚਉਰਾਸੀ ਬਿਸਤਾਰ ॥ ੬੧ ॥ ੮੯੭ ॥

ਸਵੈਯਾ

ਜੋ ਜਗਿ ਕੋ ਪ੍ਰਿਤਿਪਾਲਤ ਹੈ ਕਰਤਾ ਸਬ ਕੋ ਵਹੀ ਏਕ ਸਮਾਨੈ ।
ਚੋਰਨ ਸ਼ਾਹਨ ਪਸੁਅਨ ਪ੍ਰਾਨਨਿ ਜੀਵ ਸਬੈ ਹਰਿ ਏਕ ਸੇ ਜਾਨੈ ।
ਤਾਂਹ ਜਪੈ ਸੁਖ ਹੋਤ ਮਨਾ ਕਰਿ ਦੇਖ ਬਿਚਾਰ ਸੁ ਹੋਤ ਨ ਹਾਨੈ ।
ਏਕ ਹੀ ਕੋ ਜਸ ਗਾਵ ਸਦਾ ਸੁਰਤਾ ਜਗ ਮੈ ਏਹ ਭਾਂਤ ਬਖਾਨੈ ॥ ੬੨ ॥ ੮੯੮ ॥

ਦੋਹਰਾ

ਜੈਸੇ ਮਸਤਕਿ ਮੈ ਪਰਿਓ ਲਿਖਿਓ ਸੁ ਲਿਖਨੇ ਹਾਰ ।
ਤੈਸੋ ਹੀ ਪ੍ਰਗਾਸ ਹੈ ਦੇਖਹੁ ਸੋਚ ਬਿਚਾਰ ॥ ੬੩ ॥ ੮੯੯ ॥

ਸਵੈਯਾ

ਜੇ ਸੁਰਤਾ ਜਗ ਮੈ ਪ੍ਰਭ ਕੇ ਕੀਏ ਤੇ ਸੁਰਤਾ ਓਹ ਕੋ ਜਸੁ ਕੀਨੋ ।
ਕ੍ਰੋਧ ਨਿਵਾਰਿ ਬਿਸਾਰਿ ਸਦਾ ਦੁਖ ਏਕ ਹੀ ਨਾਮ ਰਿਦੇ ਜਪ ਲੀਨੋ ।
ਛਾਡਿ ਦਏ ਪ੍ਰਪੰਚ ਸਬੈ ਗਹਿ ਸੰਤਨ ਸੇਵਾ ਸੁਧਾ ਰਸ ਪੀਨੋ ।
ਪ੍ਰੀਤ ਭਲੀ ਹਰਿ ਕੇ ਹਿਤ ਕੀ ਬਿਨਸੇ ਤਨ ਤੇ ਸਬ ਕਾਮ ਕਮੀਨੇ ॥ ੬੪ ॥ ੯੦੦ ॥

ਸੋਰਠਾ

ਕੀਏ ਸਰਬ ਸੁਖ ਮਾਨ ਪ੍ਰੀਤ ਭਲੀ ਓਹ ਨਾਮ ਕੀ ।
ਮਿਟਿਹੈ ਆਵਨ ਜਾਨ ਐਸੋ ਸਿਮਰਨ ਸਾਰ ਹੈ ॥ ੬੫ ॥ ੯੦੧ ॥

ਸਵੈਯਾ

ਗਾਵ ਸਦ ਮਨ ਰੇ ਪ੍ਰਭ ਕੇ ਗੁਨ ਐਸੋ ਸਮੋ ਫਿਰਿ ਹਾਥ ਨ ਐਹੈ ।
ਐਸੋ ਮੈ ਚੇਤ ਸੁਚੇਤ ਭੱਯਾ ਸੁਨਿ ਰਾਮ ਕੇ ਨਾਮ ਬਿਨਾ ਪਛੁਤੈਹੈ ।
ਜਾ ਬਿਖਿਆ ਮੈ ਰਚੇ ਰਚੁ ਸੋ ਸੁਨਿ ਸੋ ਬਿਖਿਆ ਤੁਹਿ ਕਾਜਿ ਨ ਐਹੈ ।
ਛਾਡਿ ਬਿਕਾਰ ਅਧਾਰ ਕੀਓ ਇਕ ਏਕ ਹੀ ਸੇਵ ਸਦਾ ਸੁਖ ਪੈਹੈ ॥ ੬੬ । ੯੦੨ ॥

ਦੋਹਰਾ

ਸਰਬ ਸੁਖ ਉਪਜਤ ਮਨਾ ਕਰਿ ਸਤਿਗੁਰ ਕੀ ਸੇਵ ।
ਸਤ ਸੰਗਤ ਮੈ ਪਾਈਐ ਪ੍ਰਭ ਪੂਰਨ ਗੁਰਦੇਵ ॥ ੬੭ ॥ ੯੦੩ ॥

ਅੜਿਲ

ਪ੍ਰਭ ਪੂਰਨ ਗੁਰਦੇਵ ਮਿਲੈ ਸਤ ਸੰਗਿ ਮੈ ।
ਹਰਿ ਪੂਰਿ ਰਹਿਓ ਸ੍ਰਬਤ੍ਰ ਏਕ ਹੀ ਰੰਗ ਮੈ ।
ਸੁਨਿ ਤਾ ਕੋ ਉਪਦੇਸ ਰਿਦੇ ਜੋ ਆਵਈ ।
ਜੀ ਬਿਨ ਬਿਧਨਾ ਸੰਜੋਗ ਕਵਨ ਜਨ ਪਾਵਈ ॥ ੬੮ ॥ ੯੦੪ ॥
ਬਿਨ ਬਿਧਤਾ ਸੁਨ ਮੀਤ ਕਵਨ ਸਨੈ ਕਾ ਸੋਂ ਕਹੈ ।
ਭਰਮਤ ਜੁਗ ਗਏ ਬੀਤ ਏਕ ਦਰਸ ਗੁਰਦੇਵ ਬਿਨ ॥ ੬੯ ॥ ੯੦੫ ॥

ਅੜਿਲ

ਭਰਮ ਭਰਮ ਕਈ ਬਾਰ ਫੇਰਿ ਅਬ ਆਇਓ ।
ਪੂਰਨ ਪੁੰਨ ਪ੍ਰਤਾਪ ਦਰਸ ਗੁਰ ਪਾਇਓ ।
ਬਿਨਸੈ ਸਗਲ ਕਲੇਸ ਭਰਮ ਭਵ ਸਬ ਗਇਓ ।
ਜੀ ਏਕ ਹੀ ਏਕ ਅਰਾਧ ਏਕੋ ਹੋ ਰਹਿਓ ॥ ੭੦ ॥ ੯੦੬ ॥

ਦੋਹਰਾ

ਅੰਮ੍ਰਿਤ ਪੀ ਕਰ ਤ੍ਰਿਪਤਿਓ ਤਹਾ ਕਰਿ ਸਤਨ ਸੋ ਪ੍ਰੀਤ ।
ਦੁਰਲਭ ਮਾਨਸ ਜਨਮ ਹੈ ਲੀਓ ਛਿਨਕ ਮੈ ਜੀਤ ॥ ੭੧ ॥ ੯੦੭ ॥

ਸਵੈਯਾ

ਜੀਤ ਲੀਓ ਜਿਹ ਐਸੋ ਜਨਮ ਅਗੰਮ ਕੀ ਜੋਤਿ ਰਿਦੈ ਤਿਹ ਆਈ ।
ਦੂਤਨ ਮਾਰਿ ਬਿਚਾਰ ਯਹੈ ਕਰਿਹੋ ਇਕ ਰੰਗ ਬਿਖੈ ਬਿਸਰਾਈ ।
ਪ੍ਰੀਤ ਕਰੀ ਹਰਿ ਕੇ ਚਰਨੋ ਸੰਗਿ ਨਾਮ ਅਧਾਰ ਨਵੈ ਨਿਧਿ ਪਾਈ ।
ਜੋਤਿ ਪ੍ਰਕਾਸ ਭਈ ਚਹੂੰ ਓਰ ਮੈ ਐਸੀ ਪ੍ਰਭੂ ਤਿਹ ਨਾਮ ਬਡਾਈ ॥ ੭੨ ॥ ੯੦੮ ॥

ਦੋਹਰਾ

ਘਰਿ ਆਇਓ ਗੁਰ ਕੇ ਬਚਨ ਫਤੇ ਭਈ ਝੁਨਕਾਰ ।
ਲੀਲਾ ਤੁਮਰੀ ਕਿਆ ਕਹੌਂ ਉਪਮਾ ਅਪਰ ਅਪਾਰ ॥ ੭੩ ॥ ੯੦੯ ॥

ਅੜਿਲ

ਤੇਰੀ ਸੋਭਾ ਸਰਸ ਸਰੂਪ ਅਨੂਪ ਸੁਹਾਵਤੀ ।
ਤੇਰੀ ਮਹਿਮਾ ਅਪਰ ਅਪਾਰ ਸੰਤਨ ਮਨ ਭਾਵਤੀ ।
ਕਹਿ ਨ ਸਕਉ ਬੀਚਾਰ ਪਾਰੁ ਨਹੀਂ ਪਾਈਐ ।
ਜੀ ਨਿਮੁਖ ਨਿਮਖ ਗੁਨਿ ਤੋਹਿ ਉਚਰ ਤੋਹਿ ਗਾਈਐ ॥ ੭੪ ॥ ੯੧੦ ॥

ਦੋਹਰਾ

ਉਪਮਾ ਪ੍ਰਭ ਕੀ ਅਨਦਿਨਾ ਕਰਤ ਰਹੋ ਮਨ ਮੀਤ ।
ਅਨਿ ਗਿਨ ਤੋਸੋ ਤਾਹਿ ਦਰ ਗਾਵਤ ਪ੍ਰਭ ਕੇ ਗੀਤ ॥ ੭੫ ॥ ੯੧੧ ॥

ਚੋਪਈ

ਅਤਿ ਅਗਾਧਿ ਗਤ ਅਪਰ ਅਪਾਰਾ ।
ਕਹਿ ਨ ਸਕਉ ਤੁਮਰਾ ਬਿਸਥਾਰਾ ।

ਅਪਰੰਪੁਰ ਪੂਰਨ ਸੁਖਦਾਈ।
ਭਗਤਿ ਵੱਛਲ ਸਭ ਤੋਹਿ ਬਡਾਈ ॥ ੭੬ ॥ ੬੧੨ ॥

### ਮਧੁਭਾਰ ਛੰਦ

ਮਨ ਮੈ ਬਿਚਾਰ। ਐਸੇ ਨਿਹਾਰ।
ਐਸੇ ਜੁਆਰ । ਕਰ ਜਾਤ ਝਾਰ ॥ ੭੭ ॥ ੬੧੩ ॥
ਐਸੇ ਨਿਹਾਰ । ਕੈਸੇ ਮੁਰਾਰ।
ਕਿਹ ਅੰਗ ਸੰਗ। ਕਿਆ ਰੂਪ ਰੰਗ ॥ ੭੮ ॥ ੬੧੪ ॥
ਕਛੁ ਕੀਨ ਭੇਖ। ਕੈ ਹੈ ਅਲੇਖ।
ਕਰਿ ਹੈ ਅਹਾਰ। ਕੈ ਨਿਰਧਾਰ ॥ ੭੯ ॥ ੬੧੫ ॥
ਖੇਲੰਤ ਖੇਲ। ਕੈ ਹੈ ਅਖੇਲ।
ਕੀਨੋ ਪਸਾਰ। ਕੈ ਨਿਰੰਕਾਰ ॥ ੮੦ ॥ ੬੧੬ ॥
ਉਪਮਾ ਅਪਾਰ। ਕੀਨੋ ਬਿਦਾਰ।
ਨਉਤਨ ਨਵੀਨ। ਸਾਹਿਬ ਪ੍ਰਬੀਨ ॥ ੮੧ ॥ ੬੧੭ ॥
ਭਵ ਭੈ ਉਤਾਰ। ਭਰਮੰ ਬਿਦਾਰ।
ਅਪਰੰ ਅਪਾਰ। ਐਸੇ ਨਿਹਾਰ ॥ ੮੨ ॥ ੬੧੮ ॥
ਨਹਿ ਵਾਰ ਪਾਰ। ਸਾਹਿਬ ਸੁਮਾਰ।
ਬੇਅੰਤ ਅੰਤ। ਨਹ ਤੰਤ ਮੰਤ ॥ ੮੩ ॥ ੬੧੯ ॥
ਸਿਮਰੰਤ ਸੰਤਿ। ਜਾਨੰਤ ਕੰਤ।
ਹੈ ਅੰਗ ਸੰਗ। ਅਨਭੈ ਅਨੰਗ ॥ ੮੪ ॥ ੬੨੦ ॥
ਸਤਗੁਰ ਦਿਆਲ। ਮੇਟੰਤ ਕਾਲ।
ਤੋੜੰਤ ਜਾਲ। ਦਰਸਨ ਬਿਸਾਲ ॥ ੮੫ ॥ ੬੨੧ ॥
ਸੋਭਾ ਅਪਾਰ। ਸੰਕਟ ਨਿਵਾਰ।
ਗੁਰ ਗੁਨ ਅਨੰਤ। ਸਿਮਰੰਤ ਸੰਤ ॥ ੮੬ ॥ ੬੨੨ ॥
ਏਕੋ ਸਰੂਪ। ਸੁਦਰ ਅਨੂਪ।
ਦਿਸਟੰਤ ਏਕ। ਲੀਲਾ ਅਨੇਕ ॥ ੮੭ ॥ ੬੨੩ ॥
ਬਰਨੀ ਨ ਜਾਤ। ਅਗਾਧ ਗਾਤ।
ਮਹਿਮਾ ਬਿਅੰਤ। ਕਿਆ ਕਥਹਿ ਜੰਤ ॥ ੮੮ ॥ ੬੨੪ ॥
ਸਿਖੰ ਅਪਾਰ। ਕਰਿ ਕੈ ਬਿਚਾਰ।
ਸਬਦੰ ਉਚਾਰ। ਏਕੋ ਨਿਹਾਰ ॥ ੮੯ ॥ ੬੨੫ ॥
ਭਵ ਭੈ ਉਤਾਰ। ਭਰਮੰ ਬਿਦਾਰ।
ਹੁਇ ਹਰਖਵੰਤ। ਪੇਖਿਓ ਬਿਅੰਤ ॥ ੯੦ ॥ ੬੨੬ ॥
ਚਿੰਤਾ ਬਿਸਾਰ। ਡਿੜ੍ਹ ਜੀਵ ਧਾਰ।
ਮਨ ਮੈ ਅਨੰਦ। ਸਬ ਤੋਰਿ ਫੰਦ ॥ ੯੧ ॥ ੬੨੭ ॥

ਹੁਇ ਕੈ ਖਲਾਸ । ਮਨ ਪੂਰਿ ਆਸ ।
ਚਰਨੰ ਨਿਵਾਸ । ਕੀਨੋ ਬਿਲਾਸ ॥ ੯੨ ॥ ੯੨੮ ॥

ਦੋਹਰਾ

ਅਤਿ ਅਗਾਧ ਅਚਰਜ ਕਥਾ ਤਿਹ ਕਾ ਕਵਨ ਸੁਮਾਰ ।
ਜੁਗ ਕਿਤੰਕ ਗਨਪਤ ਲਿਖਹਿ ਤਉ ਨਾ ਪਾਵਤ ਪਾਰ ॥ ੯੩ ॥ ੯੨੯ ॥

ਭੁਜੰਗ ਪ੍ਰਯਾਤ ਛੰਦ

ਮੁਖੰ ਚਤ੍ਰ ਬ੍ਰਹਮੇ ਕਥੇ ਬੇਦ ਚਾਰੰ ।
ਥਕਿਓ ਅੰਤ ਵਹਿ ਥੀ ਸੁ ਮਹਿਮਾ ਅਪਾਰੰ ।
ਗਣਾਧੇ ਪਤੰ ਕੋਟਿ ਹੋਵੈ ਹਜ਼ਾਰੰ ।
ਨਹੀਂ ਪਾਰ ਪਾਵੈ ਗਤਾਧੰ ਅਪਾਰੰ ॥ ੯੪ ॥ ੯੩੦ ॥
ਕਈ ਕੋਟਿ ਸਾਰਸੁਤੀ ਅੰਕੰ ਬਿਚਾਰੰ ।
ਕਥੇ ਤਾਹਿ ਉਪਮਾ ਨ ਪਾਵੈ ਸ਼ੁਮਾਰੰ ।
ਪਰੇ ਤੇ ਪਰੇ ਹੈ ਕਹਾਂ ਕੇ ਬਖਾਨੈ ।
ਉਸੀ ਕਾ ਕੀਆ ਜੰਤ ਕਿਆ ਅੰਤ ਜਾਨੈ ॥ ੯੫ ॥ ੯੩੧ ॥
ਕਈ ਕੋਟਿ ਆਨੰਤ ਕਰ ਅੰਤ ਹਾਰੇ ।
ਨਹੀਂ ਕੰਤ ਕੇ ਅੰਤ ਕੋ ਵਾਰਿ ਪਾਰੇ ।
ਮੁਖੰ ਤਾਹਿ ਰਸਨਾ ਹਜ਼ਾਰੰ ਸੁਹਾਵੈ ।
ਕਹੈ ਨਾਉਂ ਨਉਤਨ ਨਹੀਂ ਪਾਰ ਪਾਵੈ ॥ ੯੬ ॥ ੯੩੨ ॥
ਮੁਖੰ ਏਕ ਰਸਨਾ ਕਹਾ ਲਉ ਬਖਾਨੈ ।
ਭਰੇ ਨੀਰ ਸੁਭਰੰ ਲਈ ਬੂੰਦ ਮਾਨੋ ।
ਮਹਾਂ ਕੀਟ ਪਤਤੰ ਕਹਾਂ ਬੁਧਿ ਮੇਰੀ ।
ਜਥਾ ਸਕਤਿ ਹੈ ਸੋਭ ਕਰਤਾਰ ਤੇਰੀ ॥ ੯੭ ॥ ੯੩੩ ॥

ਦੋਹਰਾ

ਜਥਾ ਸਕਤਿ ਉਪਮਾ ਕਹੀ ਦਰਸ ਪਰਸ ਕੇ ਕਾਜ ।
ਜੋ ਚਿਤਵੇ ਸੋ ਦੇਹ ਮੋਹਿ ਤੂ ਸਮਰਥ ਤੁਹਿ ਲਾਜ ॥ ੯੮ ॥ ੯੩੪ ॥

ਇਤ ਸ੍ਰੀ ਗੁਰ ਸੋਭਾ ਸਰਬ ਉਸਤਤਿ ਬੀਸਵਾਂ ਧਿਆਇ
ਸੰਪੂਰਨਮਸਤੁ ਸੁਭਮਸਤੁ ॥ ੨੦ ॥

# ਉੱਘੇ ਇਤਿਹਾਸਕ ਵਿਅਕਤੀ

ਉਦੇ ਸਿੰਘ, ਅਲੀਪੁਰ (ਜ਼ਿਲਾ ਮੁਲਤਾਨ) ਦੇ ਮਨੀ ਸਿੰਘ ਦਾ ਪੁੱਤਰ । ਇਸ ਦੇ ਹੋਰ ਭਾਈ ਅਜਬ ਸਿੰਘ, ਅਜਾਇਬ ਸਿੰਘ, ਅਨਕ ਸਿੰਘ ਅਤੇ ਬਚਿਤਰ ਸਿੰਘ ਆਦਿ ਸਨ। ਇਨ੍ਹਾਂ ਨੇ ੧ ਬਸਾਖ ਸੰਮਤ ੧੭੫੬ (੩੦ ਮਾਰਚ ੧੭੯੯) ਨੂੰ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਅੰਮ੍ਰਿਤ ਛਕਿਆ ਸੀ : ਇਸ ਨੇ ਇਕ ਵਾਗੀ ਸ਼ੇਰ ਮਾਰਿਆ ਸੀ। ਇਸ ਨੇ ਕਈ ਜੁੱਧਾਂ ਵਿਚ ਹਿੱਸਾ ਲਿਆ ਸੀ ਅਤੇ ਸ਼ਾਹੀ ਟਿੱਬੀ ਪਾਸ ਸ਼ਹੀਦ ਹੋਇਆ।

ਅਜੀਤ ਸਿੰਘ, ਸਾਹਿਬਜ਼ਾਦਾ (੧), ਪਿਤਾ ਗੁਰੂ ਗੋਬਿੰਦ ਸਿੰਘ, ਜਨਮ ਮਾਤਾ ਸੁੰਦਰੀ ਜੀ ਦੀ ਕੁੱਖੋਂ ੨੩ ਮਾਘ ਸੰਮਤ ੧੭੪੩ ਬਿ. (੨੧ ਜਨਵਰੀ ਸੰਨ ੧੬੮੭ ਈ); ਪਹਾੜੀ ਰਾਜਿਆਂ ਨਾਲ ਆਨੰਦਪੁਰ, ਕਲਮੋਟ ਆਦਿ ਦੇ ਜੁੱਧਾਂ ਵਿਚ ਬੜੀ ਬਹਾਦੁਰੀ ਨਾਲ ਲੜਦੇ ਰਹੇ; ਬੜੀ ਬਸੀ (ਹੁਸ਼ਿਆਰਪੁਰ) ਦੇ ਪਠਾਨ ਪਾਸੋਂ ਇਕ ਬਰਾਹਮਣ ਦੀ ਇਸਤਰੀ ਦੀ ਰਖਿਆ ਕੀਤੀ, ਆਨੰਦਪੁਰ ਅੰਤਮ ਬਾਰ ਛੱਡਣ ਪਰ ਸਰਸਾ ਦੇ ਕੰਢੇ ਤਕ ਵੈਰੀਆਂ ਨਾਲ ਟਾਕਰਾ ਕੀਤਾ। ਚਮਕੌਰ ਵਿਚ ੮ ਪੋਹ ਸੰਮਤ ੧੭੬੨ ਬਿ. ਨੂੰ ਸ਼ਹੀਦੀ ਪ੍ਰਾਪਤ ਕੀਤੀ।

— (੨), ਸਾਹਿਬਜ਼ਾਦਾ ਅਜੀਤ ਸਿੰਘ ਦੇ ਚਮਕੌਰ ਵਿਚ ਸ਼ਹੀਦ ਹੋ ਜਾਣ ਤੋਂ ਕੁਝ ਚਿਰ ਪਿੱਛੋਂ ਮਾਤਾ ਸੁੰਦਰੀ ਜੀ ਨੇ ਇਕ ਸੁਨਿਆਰੇ ਦੇ ਪੁੱਤਰ ਨੂੰ ਜਿਸ ਦੀ ਸ਼ਕਲ ਸਾਹਿਬਜ਼ਾਦਾ ਅਜੀਤ ਸਿੰਘ ਨਾਲ ਮਿਲਦੀ ਸੀ, ਪੁੱਤਰ ਬਣਾ ਲਿਆ ਸੀ ਅਤੇ ਇਸੇ ਨੂੰ ਬਹਾਦੁਰ ਸ਼ਾਹ ਬਾਦਸ਼ਾਹ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਦੇਹਾਂਤ ਤੋਂ ਬਾਦ ੨੯ ਸ਼ਾਬਾਨ ਸਨ ੨ ਬਹਾਦੁਰਸ਼ਾਹੀ (੩੦ ਅਕਤੂਬਰ ੧੭੦੮ ਈ) ਨੂੰ ਮਾਤਮੀ ਖਿਲਅਤ ਦੇਣ ਦਾ ਹੁਕਮ ਦਿੱਤਾ ਸੀ। ਜਦ ਬਹਾਦੁਰ ਸ਼ਾਹ ਬੰਦਾ ਸਿੰਘ ਦੇ ਵਿਰੁੱਧ ਪੰਜਾਬ ਨੂੰ ਆਇਆ ਤਾਂ ਇਸ ਅਜੀਤ ਸਿੰਘ ਨੂੰ ਦਿੱਲੀ ਤੋਂ ਲਿਆਉਣ ਲਈ ਰਾਜਾ ਛਤਰ ਸਾਲ ਬੁੰਦੇਲੇ ਨੂੰ ਭੇਜਿਆ ਜੋ ੧੩ ਸ਼ਾਬਾਨ ੪ ਬਹਾਦੁਰਸ਼ਾਹੀ (੨੬ ਸਤੰਬਰ ਸਨ ੧੭੧੦ ਈ.) ਨੂੰ ਸਣੇ ਇਸ ਅਜੀਤ ਸਿੰਘ ਦੇ ਹਾਜ਼ਰ ਹੋਇਆ ਅਤੇ ਨਜ਼ਰ ਪੇਸ਼ ਕਰਨ ਪਰ, ਬਾਦਸ਼ਾਹ ਨੇ ਇਸ ਨੂੰ ਖਿਲਅਤ ਬਖ਼ਸ਼ੀ। ਸਢੌਰੇ ਦੀ ਫ਼ਤਿਹ ਤੋਂ ਬਾਦ ਜਦ ਛਤਰ ਸਾਲ ਆਪਣੇ ਵਤਨ ਨੂੰ ਚਲਾ ਗਿਆ ਤਾਂ ਬਹਾਦੁਰ ਸ਼ਾਹ ਨੇ ੨੭ ਦਸੰਬਰ ੧੭੧੦ ਨੂੰ ਹੁਕਮ ਦਿੱਤਾ ਕਿ ਅਜੀਤ ਸਿੰਘ ਨੂੰ ਕਾਰ-ਤਲਬ ਖਾਨ ਦੀ ਨਿਗਰਾਨੀ ਹੇਠ ਰਖਿਆ ਜਾਏ। ੨੫ ਰੱਬੀ-ਉ-ਸਾਨੀ ਸਨ ੫ ਬਹਾਦੁਰਸ਼ਾਹੀ (੧ ਜੂਨ ੭੧੧੧) ਨੂੰ ਜਦ ਅਜੀਤ ਸਿੰਘ ਨੇ ਬਾਦਸ਼ਾਹ ਪਾਸ ਬੇਨਤੀ ਕੀਤੀ ਕਿ ਬਾਦਸ਼ਾਹੀ ਲਸ਼ਕਰ ਦੇ ਲੋਕ ਉਸ ਨੂੰ ਤੰਗ ਕਰਦੇ ਹਨ, ਤਾਂ ਬਾਦਸ਼ਾਹ ਨੇ ਉਸ ਨੂੰ

ਤਸੱਲੀ ਦਿੱਤੀ ਅਤੇ ਸਰਬਰਾਹ ਖਾਨ ਕੋਤਵਾਲ ਦੀ ਮਿਸਲ ਵਿਚ ਡੇਰਾ ਰਖਣ ਦਾ ਹੁਕਮ ਦਿੱਤਾ। ੩੦ ਦਸੰਬਰ ਸੰਨ ੧੭੧੧ (੧ ਜ਼ੀ-ਹੱਜ ਸਨ ੬ ਬਹਾਦੁਰਸ਼ਾਹੀ) ਨੂੰ ਬਹਾਦੁਰ ਸ਼ਾਹ ਨੇ ਚੱਕ ਗੁਰੂ (ਸ੍ਰੀ ਅੰਮ੍ਰਿਤਸਰ) ਅਜੀਤ ਸਿੰਘ ਨੂੰ ਬਖ਼ਸ਼ ਦਿੱਤਾ (ਅਖ਼ਬਾਰਾਤਿ ਦਰਬਾਰਿ-ਮੁਅੱਲਾ)। ਬਹਾਦੁਰ ਸ਼ਾਹ ਦੀ ਮੌਤ ਤੋਂ ਬਾਦ ਇਹ ਦਿੱਲੀ ਚਲਾ ਗਿਆ। ਮਾਤਾ ਜੀ ਨੇ ਇਸ ਦਾ ਵਿਆਹ ਕਰਵਾ ਦਿੱਤਾ ਅਤੇ ਇਹ ਠਾਠ ਨਾਲ ਰਹਿਣ ਲੱਗਾ। ਪਰ ਮਨ ਵਿਚ ਕੁਝ ਗਰੂਰ ਭਰ ਗਿਆ ਅਤੇ ਮਾਤਾ ਸੁੰਦਰੀ ਜੀ ਦੀ ਵੀ ਅਵੱਗਿਆ ਕਰਨ ਲਗ ਪਿਆ, ਇੱਥੋਂ ਤਕ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਿਜੀ ਸ਼ਸਤਰ ਪਹਿਨਣ ਪਰ ਜ਼ਿਦ ਕਰਨ ਲਗ ਗਿਆ। ਮਾਤਾ ਜੀ ਗੁਰੂ ਸਾਹਿਬ ਦੇ ਸ਼ਸਤਰਾਂ ਨੂੰ ਪੂਜਣ ਯੋਗ ਸਮਝਦੇ ਸਨ। ਉਨ੍ਹਾਂ ਦੇ ਰੋਕਣ ਪਰ ਇਕ ਵਾਰ ਇਹ ਉਨ੍ਹਾਂ ਨੂੰ ਜ਼ਮਧਰ ਨਾਲ ਮਾਰਨ ਪਿਆ! ਅੰਤ ਦੁਖੀ ਹੋ ਕੇ ਮਾਤਾ ਜੀ ਨੇ ਇਸ ਨੂੰ ਤਿਆਗ ਦਿੱਤਾ ਅਤੇ ਇਹ ਟੱਬਰ ਸਮੇਤ ਇਕ ਦੂਸਰੇ ਮਕਾਨ ਵਿਚ ਜਾ ਰਿਹਾ। ਇਸ ਦੇ ਇਸਲਾਮੀ ਧਰਮ ਦੇ ਵਿਰੁਧ ਕੁਝ ਗੱਲਾਂ ਕਰਨ ਪਰ ਜਦ ਮੁਸਲਮਾਨਾਂ ਦੀ ਸ਼ਿਕਾਇਤ ਪਰ ਬਾਦਸ਼ਾਹ ਨੇ ਇਸ ਨੂੰ ਸਜ਼ਾ ਦੇਣ ਲਈ ਆਦਮੀ ਭੇਜੇ ਤਾਂ ਆਪਣੀ ਜਾਨ ਬਚਾਉਣ ਲਈ ਇਸ ਨੇ ਆਪਣੇ ਕੇਸ ਕਤਲ ਕਰਵਾ ਕੇ ਬਾਦਸ਼ਾਹ ਦੇ ਹਜ਼ੂਰ ਪੇਸ਼ ਕੀਤੇ। ਇਸ ਨਾਲ ਮਾਤਾ ਸੁੰਦਰੀ ਜੀ ਨੂੰ ਬਹੁਤ ਦੁਖ ਹੋਇਆ। ਇਕ ਵਾਰੀ ਇਕ ਬੇਨਵਾ ਫ਼ਕੀਰ ਨੇ ਇਸ ਨੂੰ ਕੁਝ ਮੰਦਾ ਬੋਲਿਆ ਜਿਸ ਪਰ ਇਸ ਦੇ ਸਾਥੀਆਂ ਨੇ ਉਸ ਨੂੰ ਜਾਨੋਂ ਮਾਰ ਦਿੱਤਾ। ਇਸ ਪਰ ਬਾਦਸ਼ਾਹ ਨੇ ਇਸ ਨੂੰ ਹਾਥੀ ਦੇ ਪੈਰ ਨਾਲ ਬੰਨ੍ਹ ਕੇ ਦਿੱਲੀ ਦੇ ਬਾਜ਼ਾਰਾਂ ਗਲੀਆਂ ਵਿਚ ਘਸੀਟ ਘਸੀਟ ਕੇ ਮਰਵਾ ਦਿੱਤਾ। ਇਹ ਗੱਲ ਸਨ ੧੭੨੫ ਈ. ਦੀ ਹੈ। ਇਸ ਦਾ ਦੇਹੁਰਾ ਦਿੱਲੀ ਸਬਜ਼ੀ ਮੰਡੀ ਕੋਲ ਹੈ। (ਸੂਰਜ ਪ੍ਰਕਾਸ਼, ੧੪ : ੬੩੩੯-੫੪; ਮਹਾਨ ਕੋਸ਼ ੩੬) ਮਾਤਾ ਸੁੰਦਰੀ ਜੀ ਇਸ ਦੇ ਟੱਬਰ ਨੂੰ ਲੈ ਕੇ ਕੁਝ ਚਿਰ ਲਈ ਮਥਰਾ ਚਲੇ ਗਏ, ਜਿਥੇ ਇਸ ਦੇ ਪੁੱਤਰ ਹਠੀ ਸਿੰਘ ਦੀ ਪਾਲਨਾ ਪੋਸਨਾ ਕੀਤੀ। ਪਰ ਇਹ ਭੀ ਮਾਤਾ ਜੀ ਦਾ ਆਗਿਆਕਾਰ ਨਾ ਰਿਹਾ ਜਿਸ ਕਰਕੇ ਮਾਤਾ ਜੀ ਦਿੱਲੀ ਆ ਗਏ। ਰਾਜਾ ਅਨੰਦਰਾਮ ਮੁਖ਼ਲਿਸ ਦੀ ਸਿਫ਼ਾਰਸ਼ ਪਰ ਬਾਦਸ਼ਾਹ ਮੁਹੰਮਦ ਸ਼ਾਹ ਨੇ ਅਜੀਤ ਸਿੰਘ ਦੇ ਮਾਰੇ ਜਾਣ ਵੇਲੇ ਮਾਤਾ ਜੀ ਦੀ ਜ਼ਬਤ ਕੀਤੀ ਜਾਇਦਾਦ ਅਤੇ ਹੋਰ ਲੁੱਟੀਆਂ ਗਈਆਂ ਵਸਤਾਂ ਮੋੜ ਦਿੱਤੀਆਂ। ਇਥੇ ਸੰਮਤ ੧੭੫੭ ਵਿਚ ਮਾਤਾ ਜੀ ਦਾ ਦੇਹਾਂਤ ਹੋ ਗਿਆ। ਜਦ ਮਾਰਚ ਸਨ ੧੭੫੭ ਵਿਚ ਅਹਿਮਦ ਸ਼ਾਹ ਅਬਦਾਲੀ ਦੀ ਫ਼ੌਜ ਨੇ ਮਥਰਾ ਬ੍ਰਿੰਦਾਬਨ ਨੂੰ ਲੁਟ-ਪੁਟ ਕੇ ਬਰਬਾਦ ਕਰ ਦਿੱਤਾ ਤਾਂ ਹਠੀ ਸਿੰਘ ਬੁਰਹਾਨ ਪੁਰ ਜਾ ਰਿਹਾ ਜਿਥੇ ਇਸ ਦਾ ਅਸਥਾਨ ਸਿੰਧੀ ਮੁਹੱਲੇ ਵਿਚ ਹੈ (ਸੂਰਜ ਪ੍ਰਕਾਸ਼ ੧੪ : ੬੩੫੫-੬੧; ਮਹਾਨ ਕੋਸ਼ ੧੯੩)। ਬੁਰਹਾਨ ਪੁਰੀਏ ਇਸ ਹਠੀ ਸਿੰਘ ਦੇ ਪਿਤਾ ਅਜੀਤ ਸਿੰਘ ਨੂੰ ਗੁਰੂ ਗੋਬਿੰਦ ਸਿੰਘ ਦਾ ਅਸਲੀ ਪੁੱਤਰ ਦਸਦੇ ਹਨ ਜੋ ਠੀਕ ਨਹੀਂ।

ਗੁਲਾਬ ਸਿੰਘ ਦੀ ਗੁਰ-ਪ੍ਰਨਾਲੀ ਦੇ ਦਸਵੇਂ ਪ੍ਰਕਰਣ ਦੇ ਅੰਕ ੧੬ ਤੋਂ ੨੫

ਤਕ ਇਸ ਲੇਪਾਲਕ ਅਜੀਤ ਸਿੰਘ ਦੀ ਕਥਾ ਦਿੱਤੀ ਹੋਈ ਹੈ ਜਿਸ ਦੇ ਅੰਤ ਵਿਚ ਦਾ ਇਹ ਬੰਦ ਸਭ ਗੱਲ ਸਪਸ਼ਟ ਕਰ ਦਿੰਦਾ ਹੈ :

ਚਾਰੋਂ ਹੀ ਸਹਿਬਜ਼ਾਦੋਂ ਤੇ ਅਜੀਤ ਸਿੰਘ ਜੁਦਾ
ਕਹਤ ਗੁਲਾਬ ਸਿੰਘ ਹੋਵੈ ਬਹੁ ਗੌਰ ਹੈ......... ॥ ੨੫ ॥

—(੩), ਜੋਧ ਪੁਰੀਆਂ ਰਾਠੌੜ, ਰਾਜਾ ਜਸਵੰਤ ਸਿੰਘ ਰਾਠੌੜ ਦਾ ਪੁੱਤਰ; ਰਾਜ ਮੁੜ ਮਿਲਿਆ ਸੰਨ ੧੭੧੧ ਈ., ਫ਼ਰੁਖ਼ਸੀਅਰ ਨੂੰ ਲੜਕੀ ਵਿਆਹੀ ਸੰਨ ੧੭੧੬ ਈ., ਮਾਰਿਆ ਗਿਆ ਸਨ ੧੭੨੪ ।

ਅਮਰਦਾਸ, ਗੁਰੂ, ਸਿੱਖਾਂ ਦੇ ਤੀਸਰੇ ਗੁਰੂ, ਪਿਤਾ ਦਾ ਨਾਉਂ ਤੇਜਭਾਨ, ਜਨਮ ਬਾਸਰ ਕੇ, ਬਸਾਖ ਸੁਦੀ ੧੪, ਸੰਮਤ ੧੫੩੬, ੫ ਮਈ ਸੰਨ ੧੪੭੯ ਈ., ਗੁਰਿਆਈ ਖਡੂਰ ਚੇਤ ਸੁਦੀ ੪, ੧੬੦੯ ਬਿ , ੨੯ ਮਾਰਚ ੧੫੫੨ ਈ., ਦੇਹਾਂਤ ਭਾਦੋਂ ਸੁਦੀ ੧੫, ੧੬੩੧ ਬਿ., ੧ ਸਤੰਬਰ, ੧੫੭੪ ।

ਅਰਜਨ, ਗੁਰੂ, ਸਿੱਖਾਂ ਦੇ ਪੰਜਵੇਂ ਗੁਰੂ, ਪਿਤਾ ਗੁਰੂ ਅਮਰਦਾਸ, ਜਨਮ ਗੋਇੰਦਵਾਲ, ਬਸਾਖ ਵਦੀ ੭, ੧੬੨੦ ਬਿ., ੧੫ ਅਪਰੈਲ, ੧੫੬੩ ਈ., ਗੁਰਿਆਈ ਭਾਦੋਂ ਸੁਦੀ ੩, ੧੬੩੮ ਬਿ., ੧ ਸਤੰਬਰ, ੧੫੮੧ ਈ., ਸ੍ਰੀ ਅੰਮ੍ਰਿਤਸਰ ਵਿਚ ਹਰਿਮੰਦਰ (ਦਰਬਾਰ) ਸਾਹਿਬ ਦੀ ਨੀਂਹ ਰਖੀ ਸੰਨ ੧੫੮੮ ਈ., ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕੀਤੀ, ਸੰਮਤ ੧੬੬੧ (ਸੰਨ ੧੬੦੪ ਈ.); ਸ਼ਹੀਦੀ, ਜੇਠ ਸੁਦੀ ੪, ਸੰਮਤ ੧੬੬੩ (੩੦ ਮਈ ਸੰਨ ੧੬੦੬ ਈ.) ।

ਅਲਫ ਖਾਨ, ਸ਼ਾਹੀ ਜਹਾਨੀ ਵਜ਼ੀਰ ਸਾਦੁੱਲਾ ਖਾਨ ਦੇ ਪੁੱਤਰ ਲੁਤਫੁੱਲਾ ਖਾਨ ਦਾ ਪੁੱਤਰ ਅਤੇ ਮੀਆਂ ਖਾਨ (ਹਿਫ਼ਜ਼ੁੱਲਾ ਖਾਨ) ਦਾ ਭਤੀਜਾ। ਜਦੋਂ ਮੀਆਂ ਖਾਨ ਪਹਾੜੀ ਇਲਾਕੇ ਵਿਚ ਚੜ੍ਹਾਈ ਕਰ ਕੇ ਆਇਆ ਤਾਂ ਇਹ ਆਪ ਤਾਂ ਜੰਮੂ ਨੂੰ ਚਲਾ ਗਿਆ ਅਤੇ ਅਲਫ ਖਾਨ ਨੂੰ ਭੀਮ ਚੰਦ ਕਹਿਲੂਰੀ ਦੇ ਵਿਰੁੱਧ ਭੇਜਿਆ। ਇਸ ਦੇ ਵਿਰੁੱਧ ਨਾਦੌਣ ਦੇ ਜੁੱਧ ਵਿਚ ਗੁਰੂ ਜੀ ਨੇ ਭੀਮ ਚੰਦ ਦੀ ਸਹਾਇਤਾ ਕੀਤੀ ਸੀ (੯੨-੧੦੦; ਬਚਿਤ੍ਰ ਨਾਟਕ, ਅਧਿਆਇ ੯) ।

ਆਜ਼ਮ (ਮੁਹੰਮਦ), ਬਾਦਸ਼ਾਹ ਔਰੰਗਜ਼ੇਬ ਦਾ ਤੀਸਰਾ ਪੁੱਤਰ (ਜਨਮ ੧੧ ਜੁਲਾਈ ੧੬੫੩) ਜਿਸ ਨੇ ਸੰਨ ੧੭੦੭ ਵਿਚ ਪਿਤਾ ਦੀ ਮੌਤੋਂ ਬਾਦ ਆਪਣੇ ਵੱਡੇ ਭਾਈ ਮੁਅੱਜ਼ਮ ਦੇ ਦੂਰ ਪਿਸ਼ਾਵਰ ਵਲ ਹੋਣ ਕਰਕੇ ਆਪਣੇ ਆਪ ਦੇ ਬਾਦਸ਼ਾਹ ਹੋਣ ਦਾ ਐਲਾਨ ਕਰ ਦਿੱਤਾ। ਜਦ ਮੁਅੱਜ਼ਮ ਆ ਗਿਆ ਤਾਂ ਜਾਜਉ (ਧੌਲਪੁਰ ਅਤੇ ਆਗਰੇ ਦੇ ਵਿਚਕਾਰ) ਵਿਚ ਦੋਹਾਂ ਭਰਾਵਾਂ ਵਿਚ ਹੋਈ ਲੜਾਈ ਵਿਚ ੮ ਜੂਨ ਸਨ ੧੭੦੭ ਈ. ਨੂੰ ਮਾਰਿਆ ਗਿਆ ।

ਅੰਗਦ ਗੁਰੂ, ਦੂਸਰੇ ਸਿੱਖ ਗੁਰੂ, ਪਿਤਾ ਦਾ ਨਾਉਂ ਫੇਰੂ ਮੱਲ, ਜਨਮ, ਸਰਾਇ ਨਾਂਗਾ, ਜ਼ਿਲਾ ਫੀਰੋਜ਼ਪੁਰ, ਬੈਸਾਖ ਵਦੀ ੧, ੧੫੬੧ ਬਿ., ੩੧ ਮਾਰਚ ੧੫੦੪ ਈਸਵੀ, ਗੁਰਿਆਈ, ਹਾੜ ਵਦੀ ੧੩, ੧੫੯੬ ਬਿ., ੧੪ ਜੂਨ ੧੫੩੯; ਦੇਹਾਂਤ ਚੇਤ ਸੁਦੀ ੪, ੧੬੦੯ ਬਿ., ੨੯ ਮਾਰਚ ੧੫੫੨ ਈ. ।

ਔਰੰਗਜ਼ੇਬ, ਬਾਦਸ਼ਾਹ ਔਰੰਗਜ਼ੇਬ ਆਲਮਗੀਰ (ਜਨਮ ੧੦ ਅਕਤੂਬਰ ਸੰਨ ੧੬੧੯) ਜੋ ਸਨ ੧੬੫੮ ਵਿਚ ਆਪਣੇ ਪਿਤਾ ਸ਼ਾਹ ਜਹਾਨ ਨੂੰ ਕੈਦ ਕਰ ਕੇ ਤਖ਼ਤ ਪਰ ਬੈਠਾ। ਇਹ ਆਪਣੇ ਧਰਮ ਵਿਚ ਬੜਾ ਕੱਟੜ ਸੁਨੀ ਸੀ। ਇਸ ਨੇ ਅਨੇਕਾਂ ਹਿੰਦੂ ਮੰਦਰ ਗਿਰਵਾਏ ਅਤੇ ਉਨ੍ਹਾਂ ਦੀ ਥਾਂ ਮਸੀਤਾਂ ਬਣਵਾਈਆਂ ਅਤੇ ਹਿੰਦੂਆਂ ਪਰ ਜਜ਼ੀਆ ਲਾਇਆ। ਇਸ ਨੇ ਗੁਰੂ ਹਰਿਰਾਇ ਨੂੰ ਦਿੱਲੀ ਸੱਦਿਆ ਅਤੇ ਉਨ੍ਹਾਂ ਨੇ ਬਾਬਾ ਰਾਮਰਾਇ ਨੂੰ ਭੇਜਿਆ। ਇਸ ਦੇ ਹੁਕਮ ਨਾਲ ਗੁਰੂ ਤੇਗ ਬਹਾਦੁਰ ਨੂੰ ਦਿੱਲੀ ਵਿਚ ਸ਼ਹੀਦ ਕੀਤਾ ਗਿਆ। ਇਸ ਦੇ ਹੁਕਮ ਨਾਲ ਗੁਰੂ ਗੋਬਿੰਦ ਸਿੰਘ ਦੇ ਵਿਰੁੱਧ ਸ਼ਾਹੀ ਫ਼ੌਜਾਂ ਨੇ ਚੜ੍ਹਾਈ ਕੀਤੀ। ੨੧ ਫਰਵਰੀ ਸਨ ੧੭੦੭ ਨੂੰ ਇਸ ਦਾ ਅਹਿਮਦ ਨਗਰ ਵਿਚ ਦੇਹਾਂਤ ਹੋਇਆ।

ਸਾਹਿਬ ਸਿੰਘ, ਇਕ ਸੂਰਬੀਰ ਸਿੰਘ ਜੋ ਦੱਖਣ ਨੂੰ ਜਾਣ ਸਮੇਂ ਗੁਰੂ ਜੀ ਦੀ ਬਹੀਰ ਵਿਚ ਸੀ। ਇਹ ਪੰਜ ਪਿਆਰਿਆਂ ਵਾਲਾ ਨਹੀਂ ਸੀ। ਉਹ ਚਮਕੌਰ ਵਿਚ ਸ਼ਹੀਦ ਹੋ ਗਿਆ ਸੀ।

ਸਾਹਿਬ ਚੰਦ, ਦੀਵਾਨ ਮਤੀ ਦਾਸ ਦਾ ਪੁੱਤਰ। ਇਸ ਨੇ ਭੰਗਾਣੀ ਦੇ ਜੁੱਧ ਵਿਚ ਭੀ ਬੜੀ ਬਹਾਦੁਰੀ ਵਿਖਾਈ ਸੀ। ਨਿਰਮੋਹ ਗੜ੍ਹ ਸ਼ਹੀਦ ਹੋਇਆ ਜਿੱਥੇ ਗੁਰੂ ਗੋਬਿੰਦ ਸਿੰਘ ਜੀ ਦੀ ਆਗਿਆ ਨਾਲ ਇਸ ਦਾ ਸੰਸਕਾਰ ਕੀਤਾ ਗਿਆ।

ਸੰਗਤੀ ਸਿੰਘ, ਗੁਰੂ ਗੋਬਿੰਦ ਸਿੰਘ ਜੀ ਦਾ ਇਕ ਸਿੰਘ ਜਿਸ ਨੂੰ ਹੁਸੈਨੀ ਖਾਨ ਦੀ ਪਹਾੜੀ ਰਾਜਿਆਂ ਦੇ ਵਿਰੁੱਧ ਚੜ੍ਹਾਈ ਵੇਲੇ ਗੁਰੂ ਜੀ ਨੇ ਕਿਰਪਾਲ ਕਟੋਚੀਏ ਅਤੇ ਭੀਮ ਚੰਦ ਕਹਿਲੂਰੀਏ ਦੀ ਆਪਸ ਵਿਚ ਸੁਲਾਹ ਕਰਾਉਣ ਲਈ ਭੇਜਿਆ ਸੀ, ਪਰ ਕਟੋਚੀਏ ਦੇ ਮਨ ਵਿਚ ਦਗਾ ਆ ਜਾਣ ਕਰਕੇ ਇਹ ਸੁਲਾਹ ਨਹੀਂ ਸੀ ਹੋ ਸਕੀ। ਸੰਗਤੀ ਸਿੰਘ ਜੁੱਧ ਵਿਚ ਸੱਤ ਸਿੱਖਾਂ ਸਣੇ ਮਾਰਿਆ ਗਿਆ ਸੀ (੪ : ੧੦=੧੧੪; ਬਚਿਤ੍ਰ ਨਾਟਕ, ੧੧ : ੧੩, ੫੭) ਇਸੇ ਨੂੰ ਗੁਰੂ ਸਾਹਿਬ ਨੇ ਬਚਿਤ੍ਰ ਨਾਟਕ (੧੧ : ੫੭) ਵਿਚ ਸੰਗਤ ਰਾਇ ਕਰਕੇ ਭੀ ਲਿਖਿਆ ਹੈ।

ਸੰਗ੍ਰਾਮ ਸ਼ਾਹ, ਸੰਗੋ ਸ਼ਾਹ, ਸ਼ਾਹ ਸੰਗਰਾਮ, ਗੁਰੂ ਹਰਿ ਗੋਬਿੰਦ ਦੀ ਸਪੁੱਤਰੀ ਬੀਬੀ ਬੀਰੋ ਦਾ ਪੁੱਤਰ (ਗੁਲਾਬ ਚੰਦ, ਜੀਤਮਲ, ਗੰਗਾਰਾਮ ਅਤੇ ਮਾਹਰੀ ਚੰਦ ਦਾ ਭਾਈ) ਜੋ ਗੁਰੂ ਗੋਬਿੰਦ ਸਿੰਘ ਜੀ ਵਲੋਂ ਲੜ ਕੇ ਭੰਗਾਣੀ ਦੇ ਜੁੱਧ ਵਿਚ ਸ਼ਹੀਦ ਹੋਇਆ ਸੀ। ਹੋਰ ਦੇਖੋ ਬਚਿਤ੍ਰ ਨਾਟਕ, ੮ : ੪-੫, ੧੧, ੨੨।

ਸੰਤ ਸਿੰਘ, ਮਾਝੇ ਦੇ ਪੱਟੀ ਨਗਰ ਦਾ ਰਹਿਣ ਵਾਲਾ ਅਰੋੜਿਆਂ ਵਿਚੋਂ ਸਜਿਆ ਹੋਇਆ ਇਕ ਸਿੰਘ ਜਿਸ ਨੂੰ ਚਮਕੌਰ ਦੀ ਗੜ੍ਹੀ ਛੱਡਣ ਵੇਲੇ ਗੁਰੂ ਸਾਹਿਬ ਨੇ ਤੁੱਰਰਾ ਅਤੇ ਕਲਗੀ ਦਿੱਤੀ ਸੀ ਅਤੇ ਆਪਣੀ ਜਗਾ ਬਠਾਇਆ ਸੀ। ਇਸ ਦਾ ਪੁੱਤਰ ਹਾੜਾ ਸਿੰਘ (ਪਰਸਿਧ ਬਹਾਦਰ ਸਿੰਘ) ਪੱਟੀ ਤੋਂ ਪਸ਼ਾਵਰ ਚਲਾ ਗਿਆ ਸੀ। ਇਸ ਨੂੰ ਗੁਰੂ ਸਾਹਿਬ ਨੇ ਇਕ ਹੁਕਮਨਾਮਾ ਬਖਸ਼ਿਆ ਸੀ ਜੋ ਵੀਹਵੀਂ ਸਦੀ ਦੇ ਚੋਥੇ ਦਹਾਕੇ ਤਕ ਪਿਸ਼ਾਵਰ ਦੇ ਗੰਜ ਮਹੱਲੇ ਵਿਚ ਭਾਈਆਂ ਦੇ ਕੂਚੇ ਭਾਈ ਉਤਮ ਸਿੰਘ ਦੇ ਘਰ ਮਾਈ ਬੁਤਕੀ ਪਾਸ ਹੁੰਦਾ ਸੀ। ਇਥੇ ਦਸਵੇਂ ਗੁਰੂ ਜੀ ਦੀ ਇਕ ਦਸਤਾਰ, ਜਾਮਾ ਅਤੇ ਜੋੜੇ ਦਾ ਇਕ ਪੈਰ ਭੀ ਸੀ।

ਹਯਾਤ ਖਾਨ, ਇਕ ਪਠਾਣ ਸਵਾ ਸੌ ਸਵਾਰ ਦਾ ਸਰਦਾਰ ਜਿਸ ਨੂੰ ਪੀਰ ਬੁਧੂ ਸ਼ਾਹ ਸਢੌਰੀਏ ਨੇ ਗੁਰੂ ਜੀ ਪਾਸ ਪਾਉਂਟੇ ਨੌਕਰ ਰਖਵਾਇਆ ਸੀ ਅਤੇ ਜੋ ਭੰਗਾਣੀ ਦੇ ਜੁੱਧ ਤੋਂ ਪਹਿਲਾ ਹੀ ਪਹਾੜੀ ਰਾਜਿਆਂ ਨਾਲ ਜਾ ਰਲਿਆ ਸੀ, ਅਤੇ ਇਸ ਜੁੱਧ ਵਿਚ ਮਹੰਤ ਕਿਰਪਾਲ ਦਾਸ ਉਦਾਸੀ ਦੇ ਹਥੀਂ ਕੁਤਕੇ ਨਾਲ ਮਾਰਿਆ ਗਿਆ ਸੀ।

ਹਰਿ ਕ੍ਰਿਸ਼ਨ, ਗੁਰੂ, ਅੱਠਵੇਂ ਸਿੱਖ ਗੁਰੂ, ਪਿਤਾ ਗੁਰੂ ਹਰਿ ਰਾਇ, ਜਨਮ ਸਾਵਣ ਵਦੀ ੧੦, ਸੰਮਤ ੧੭੧੩ (੭ ਜੁਲਾਈ, ੧੬੫੬); ਦੇਹਾਂਤ ਦਿੱਲੀ ਵਿਚ ਚੇਤ ਸੁਦੀ ੧੪ ਸੰਮਤ ੧੭੨੧ (੩੦ ਮਾਰਚ, ਸੰਨ ੧੬੬੪)।

ਹਰਿ ਗੋਬਿੰਦ, ਗੁਰੂ, ਸਿੱਖਾਂ ਦੇ ਛੇਵੇਂ ਗੁਰੂ, ਪਿਤਾ ਗੁਰੂ ਅਰਜਨ, ਜਨਮ ਹਾੜ ਵਦੀ ੬-੭, ਸੰਮਤ ੧੬੫੨ (੧੯ ਜੂਨ ੧੫੯੫); ਗੁਰਿਆਈ ਜੇਠ ਵਦੀ ੧੪, ੧੬੬੩ (੨੫ ਮਈ ੧੬੦੬ ਈ.); ਦੇਹਾਂਤ ਚੇਤ ਸੁਦੀ ੫ ਸੰਮਤ ੧੭੦੧ (੩ ਮਾਰਚ, ਸਨ ੧੬੪੪)।

ਹਰਿ ਰਾਇ, ਗੁਰੂ, ਸੱਤਵੇਂ ਸਿਖ ਗੁਰੂ, ਪਿਤਾ ਦਾ ਨਾਉਂ ਗੁਰਦਿੱਤਾ, ਜਨਮ ਮਾਘ ਸੁਦੀ ੧੩, ਸੰਮਤ ੧੬੮੬ (੨੬ ਜਨਵਰੀ ੧੬੩੦ ਈ); ਗੁਰਿਆਈ ਚੇਤ ਸੁਦੀ ੧੦, ਸੰਮਤ ੧੭੦੧ (੮ ਮਾਰਚ ਸਨ ੧੬੪੪); ਦੇਹਾਂਤ ਕਤਕ ਵਦੀ ੯ ਸੰਮਤ ੧੭੧੮ (੬ ਅਕਤੂਬਰ, ੧੬੬੧ ਈ.)।

ਹਰੀ ਸਿੰਘ, ਇਕ ਪਹਾੜੀ ਰਾਜਪੂਤ ਜੋਧਾ ਜਿਸ ਨੇ ਹੁਸੈਨੀ ਖਾਨ ਦੇ ਜੁਧ ਵਿਚ ਬੜੀ ਬਹਾਦੁਰੀ ਵਿਖਾਈ ਸੀ।

ਹਰੀ ਚੰਦ, ਮਹਾਨ ਕੋਸ਼ (ਪੰ. ੨੦੦) ਅਨੁਸਾਰ ਇਹ ਹੰਡੂਰ (ਨਾਲਾਗੜ੍ਹ) ਦਾ ਰਾਜਾ ਸੀ ਜੋ ਭੀਮ ਚੰਦ ਕਹਿਲੂਰੀਏ ਦੀ ਸਹਾਇਤਾ ਲਈ ਗੁਰੂ ਗੋਬਿੰਦ ਸਿੰਘ ਦੇ ਵਿਰੁੱਧ ਭੰਗਾਣੀ ਦੇ ਜੁੱਧ ਵਿਚ ਲੜਨ ਆਇਆ ਸੀ। ਪਰ ਉਸ ਵੇਲੇ ਨਾਲਾਗੜ੍ਹ ਦੀ ਗੱਦੀ ਪਰ ਰਾਜਾ ਧਰਮ ਚੰਦ ਸੀ ਜਿਸ ਨੇ ਸੰਮਤ ੧੬੭੫ ਤੋਂ ੧੭੫੮ (ਸਨ ੧੬੧੮ ਤੋਂ ੧੭੦੧ ਈ.) ਤਕ ਰਾਜ ਕੀਤਾ। ਉਸ ਤੋਂ ਬਾਅਦ ਰਾਜਾ ਹਿੰਮਤ ਚੰਦ (ਸਨ ੧੭੦੧ ਤੋਂ ੧੭੦੪ ਈ.) ਅਤੇ ਰਾਜਾ ਕ੍ਰਪ ਚੰਦ (ਸਨ ੧੭੦੪-੫੫ ਈ.) ਨੇ ਰਾਜ ਕੀਤਾ। ਹਰੀ ਚੰਦ ਰਾਜਾ ਧਰਮ ਚੰਦ ਦਾ ਪੁੱਤਰ ਜਾਂ ਭਤੀਜਾ ਹੀ ਹੋ ਸਕਦਾ ਹੈ, ਭਾਈ ਨਹੀਂ ਹੋਣਾ, ਕਿਉਂਕਿ ਧਰਮ ਚੰਦ ਆਪ ਛੋਟੀ ਉਮਰ ਵਿਚ ਤਖ਼ਤ ਪਰ ਬੈਠਾ ਸੀ ਇਸ ਲਈ ਇਸ ਦਾ ਭਾਈ ਭੰਗਾਣੀ ਦੇ ਜੁੱਧ ਵੇਲੇ ਸੱਤਰ ਪੰਝਤਰ ਤੋਂ ਕੀ ਘੱਟ ਹੋਣਾ ਹੈ ਜਦ ਕਿ ਖ਼ੁਦ ਇਸ ਨੂੰ ਰਾਜ ਕਰਦੇ ਨੂੰ ਸੱਤਰ ਵਰ੍ਹੇ ਹੋ ਗਏ ਸਨ। ਹਰੀ ਚੰਦ ਦੀ ਰਾਜਾ ਫ਼ਤਿਹ ਸ਼ਾਹ ਗੜ੍ਹਵਾਲੀਏ ਨਾਲ ਆਉਣ ਦੀ ਸੂਹ ਮਿਲਦੀ ਹੈ। ਇਸ ਦੀ ਬਹਾਦੁਰੀ ਦਾ ਜ਼ਿਕਰ ਗੁਰੂ ਸਾਹਿਬ ਨੇ ਬਚਿਤ੍ਰ ਨਾਟਕ (੬ : ੧੨-੩੩) ਵਿਚ ਕੀਤਾ ਹੈ।

ਹੁਸੈਨੀ ਖ਼ਾਨ, ਇਹ ਦਿਲਾਵਰ ਖ਼ਾਨ ਗੁਲਾਮ ਸੀ ਜੋ ਦਿਲਾਵਰ ਖ਼ਾਨ ਦੇ ਪੁੱਤਰ ਦੇ ਮੈਦਾਨ ਵਿਚੋਂ ਭੱਜ ਜਾਣ ਪਿਛੋਂ ਫੌਜ ਨਾਲ ਚੜ੍ਹਾਈ ਕਰ ਕੇ ਗੁਰੂ ਸਾਹਿਬ ਨਾਲ ਜੁੱਧ ਕਰਨ ਲਈ ਆਇਆ ਸੀ, ਪਰ ਰਾਹ ਵਿਚ ਪਹਾੜੀ ਰਾਜਿਆਂ ਨਾਲ ਲੜਦਾ ਹੋਇਆ ਮਾਰਿਆ ਗਿਆ।

ਕਿਰਪਾਲ, ਮਹੰਤ ਕਿਰਪਾਲ ਦਾਸ ਉਦਾਸੀ, ਜਿਸ ਦਾ ਗੱਦੀ ਅਸਥਾਨ ਪਿੰਡ ਹੇਹਰ ਜ਼ਿਲਾ ਲੁਧਿਆਣਾ ਵਿਚ ਹੈ । ਉਦਾਸੀ ਸਾਧਾਂ ਵਿਚੋਂ ਕੇਵਲ ਇਹ ਹੀ ਭੰਗਾਣੀ ਜੁਧ ਵੇਲੇ ਗੁਰੁ ਜੀ ਦੇ ਨਾਲ ਰਿਹਾ ਸੀ ਅਤੇ ਇਹ ਜੁੱਧ ਵਿਚ ਬੜੀ ਬਹਾਦੁਰੀ ਨਾਲ ਲੜਿਆ ਸੀ ਅਤੇ ਕੁਤਕੇ ਨਾਲ ਹੀ ਪਠਾਣਾਂ ਦੇ ਸਰਦਾਰ ਹਯਾਤ ਖ਼ਾਨ ਨੂੰ ਮਾਰ ਮੁਕਾਇਆ ਸੀ । ਜਦੋਂ ਗੁਰੂ ਸਾਹਿਬ ਚਮਕੌਰ ਛਡ ਕੇ ਉਚ ਦੇ ਪੀਰ ਦੇ ਰੂਪ ਵਿਚ ਹੇਹਰ ਪੁੱਜੇ ਸਨ ਤਾਂ ਇਸ ਨੇ ਉਨ੍ਹਾਂ ਦੀ ਸੇਵਾ ਕੀਤੀ ਅਤੇ ਵਿਦਾਇਗੀ ਵੇਲੇ ਕਈ ਕੋਹ ਤਕ ਪਲੰਗ ਦਾ ਪਾਵਾ ਉਠਾਈ ਗਿਆ ਸੀ ।

ਕਿਰਪਾਲ ਚੰਦ, ਕਾਂਗੜੇ ਦੇ ਰਾਜਾ ਭੀਮ ਚੰਦ ਕਟੋਚ ਦਾ ਛੋਟਾ ਭਾਈ ਜੋ ਦਿਲਾਵਰ ਖਾਨ ਦੇ ਫੌਜੀ ਸਰਦਾਰ ਹੁਸੈਨੀ ਨਾਲ ਰਲ ਕੇ ਕਹਿਲੂਰ ਦੀ ਦੂਣ ਪਰ ਚੜ੍ਹ ਕੇ ਆਇਆ ਸੀ ਅਤੇ ਹੁਸੈਨੀ ਦੀ ਲੜਾਈ ਵਿਚ ਮਾਰਿਆ ਗਿਆ ਸੀ ।

ਖ਼ਾਨਿ ਖ਼ਾਨਾਨ, ਮੁਨਇਮ ਖ਼ਾਨ, ਬਾਦਸ਼ਾਹ ਬਹਾਦੁਰ ਸ਼ਾਹ ਦਾ ਵੱਡਾ ਵਜ਼ੀਰ, ਜਿਸ ਨਾਲ ਗੁਰੂ ਗੋਬਿੰਦ ਸਿੰਘ ਜੀ ਦੀ ਮੁਲਾਕਾਤ ਜਾਜਉ ਦੇ ਜੁੱਧ ਤੋਂ ਕੁਝ ਦਿਨ ਬਾਦ ਆਗਰੇ ਦੇ ਲਾਗੇ ਹੋਈ । ਇਸ ਤੋਂ ਬਾਦ ਗੁਰੂ ਸਾਹਿਬ ਦੀ ਮੁਲਾਕਾਤ ਬਾਦਸ਼ਾਹ ਨਾਲ ੨੩ ਜੁਲਾਈ ਸਨ ੧੭੦੭ ਈ. ਨੂੰ ਹੋਈ । ਹੋਰ ਦੇਖੋ ਮੁਨਇਮ ਖ਼ਾਨ ।

ਖਾਨਜ਼ਾਦਾ, ਦਿਲਾਵਰ ਖ਼ਾਨ ਦਾ ਪੁੱਤਰ, ਜੋ ਗੁਰੂ ਗੋਬਿੰਦ ਸਿੰਘ ਜੀ ਵਲੋਂ ਟਾਕਰੇ ਲਈ ਨਿਕਲੇ ਸਿੰਘਾਂ ਦੇ ਨਗਾਰਿਆਂ ਦੀ ਗੂੰਜ ਅਤੇ ਉਨ੍ਹਾਂ ਦੇ ਲਲਕਾਰਿਆਂ ਦੀ ਆਵਾਜ਼ ਤੋਂ ਡਰ ਕੇ ਬਿਨਾਂ ਲੜਾਈ ਦੇ ਸਰਸਾ ਦੇ ਪਾਰੋਂ ਹੀ ਭੱਜ ਗਿਆ ਸੀ । ਇਸ ਸਬੰਧੀ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਬਚਿਤਰ ਨਾਟਕ ਦੇ ਦਸਵੇਂ ਧਿਆਇ ਵਿਚ ਕਿਹਾ ਹੈ :

ਇਤੈ ਬੀਰ ਗੱਜੇ ਭਏ ਨਾਦ ਭਾਰੇ ।
ਭੱਜੇ ਖਾਨ ਖੂਨੀ ਬਿਨਾ ਸ਼ਸਤਰ ਝਾਰੇ ॥ ੬ ॥

ਨਰਾਜ ਛੰਦ

ਨਿਲੱਜ ਖ਼ਾਨ ਭੱਜਿਓ । ਕਿਨੀ ਨਾ ਸ਼ਸਤਰ ਸੱਜਿਓ ।
ਸੁ ਤਿਆਗ ਖੇਤ ਕੋ ਚਲੇ । ਸੁ ਬੀਰ ਬੀਰਹਾ ਭਲੇ ॥ ੭ ॥

ਜੀਤ ਸਿੰਘ, ਸਾਹਿਬਜ਼ਾਦਾ (ਅਜੀਤ ਸਿੰਘ), ਪਿਤਾ ਗੁਰੂ ਗੋਬਿੰਦ ਸਿੰਘ, ਜਨਮ ਮਾਤਾ ਸੁੰਦਰੀ ਜੀ ਦੀ ਕੁੱਖੋਂ ੨੩ ਮਾਘ ੧੭੪੩ ਬਿ., (੨੧ ਜਨਵਰੀ ਸਨ ੧੬੮੭ ਈ.), ਸ਼ਹੀਦੀ ਚਮਕੌਰ ਵਿਚ ੮ ਪੋਹ ਸੰਮਤ ੧੭੬੨ ਬਿ. (੭ ਦਸੰਬਰ, ਸੰਨ ੧੭੦੫ ਈ.), ਹੋਰ ਦੇਖੋ ਅਜੀਤ ਸਿੰਘ ਸ਼ਾਹਜ਼ਾਦਾ (੧) ।

ਜੀਤ ਸਿੰਘ ਰਾਜਾ, ਦੇਖੋ ਅਜੀਤ ਸਿੰਘ, ਰਾਜਾ ਜੋਧਪੁਰੀਆ ।

ਜੀਤ ਮੱਲ, ਗੁਰੂ ਹਰਿ ਗੋਬਿੰਦ ਦੀ ਪੁੱਤਰੀ ਬੀਬੀ ਬੀਰੋ ਦਾ ਪੁੱਤਰ, ਸੰਗੋ ਸ਼ਾਹ ਦਾ ਭਾਈ । ਇਹ ਆਪਣੇ ਭਾਈ ਸੰਗੋ ਸ਼ਾਹ ਸਮੇਤ ਗੁਰੂ ਗੋਬਿੰਦ ਸਿੰਘ ਜੀ ਵਲੋਂ ਭੰਗਾਣੀ ਦੇ ਜੰਧ ਵਿਚ ਹਰੀ ਚੰਦ ਹੰਡੂਰੀਏ ਦੇ ਭਾਲੇ ਨਾਲ ਸ਼ਹੀਦ ਹੋ ਗਿਆ ਸੀ (ਦੇਖੋ ਬਚਿਤ੍ਰ ਨਾਟਕ, ੮ : ੪, ੧੫) ।

ਜੁਝਾਰ ਸਿੰਘ (ਸਾਹਿਬਜ਼ਾਦਾ), ਗੁਰੂ ਗੋਬਿੰਦ ਸਿੰਘ ਜੀ ਦਾ ਸਪੁੱਤਰ, ਮਾਤਾ ਜੀਤੋ ਜੀ ਦੀ ਕੁੱਖੋਂ, ਜਨਮ ਸੰਮਤ ੧੭੪੭, ਸਨ ੧੬੯੦ ਈ., ਸ਼ਹੀਦ ਚਮਕੌਰ ਵਿਚ ੮ ਪੋਹ ਸੰਮਤ ੧੭੬੨ (੭ ਦਸੰਬਰ, ੧੭੦੫ ਈ.)।

ਜ਼ੋਰਾਵਰ ਸਿੰਘ (ਜ਼ੋਰਾਵਰ ਸਿੰਘ, ਸਾਹਿਬਜ਼ਾਦਾ), ਗੁਰੂ ਗੋਬਿੰਦ ਸਿੰਘ ਜੀ ਦਾ ਸਪੁੱਤਰ ਮਾਤਾ ਜੀਤੋ ਦੀ ਕੁੱਖੋਂ, ਜਨਮ ਮੱਘਰ ਸੁਦੀ ੩, ਸੰਮਤ ੧੭੫੩ (੧੮ ਨਵੰਬਰ, ੧੬੯੬ ਈ.), ਸ਼ਹੀਦੀ ਸਰਹੰਦ ਵਿਚ ੧੩ ਪੋਹ, ਸੰਮਤ ੧੭੬੨ (੧੨ ਦਸੰਬਰ ਸਨ ੧੭੦੫ ਈ.) ।

ਜ਼ੋਰਾਵਰ ਸਿੰਘ ਦੂਸਰਾ, ਬਸੀ ਪਠਾਣਾਂ ਨਿਵਾਸੀ ਭਾਈ ਨੱਥੂ (ਨਥੀਆ) ਤਰਖਾਣ ਦਾ ਪੁੱਤਰ ਮਾਈ ਭਿੱਖੀ ਦੀ ਕੁੱਖੋਂ । ਇਹ ਮਾਈ ਭਿੱਖੀ ਮਾਤਾ ਜੀਤੋ ਜੀ ਦੀ ਟਹਿਲਣ ਸੀ। ਇਹ ਜ਼ੋਰਾਵਰ ਸਿੰਘ, ਸਾਹਿਬਜ਼ਾਦਾ ਜ਼ੋਰਾਵਰ ਸਿੰਘ ਦਾ ਹਾਣੀ ਸੀ। ਇਸ ਨੇ ਇਕ ਵਾਰੀ ਸਾਹਿਬ ਜ਼ੋਰਾਵਰ ਸਿੰਘ ਨੂੰ ਘੋਲ ਵਿਚ ਢਾ ਲਿਆ ਸੀ, ਇਸ ਪਰ ਗੁਰੂ ਜੀ ਨੇ ਇਸ ਨੂੰ ਥਾਪੀ ਦੇ ਕੇ ਕਿਹਾ ਸੀ : ਇਹ ਭੀ ਮੇਰਾ ਜ਼ੋਰਾਵਰ ਸਿੰਘ ਹੀ ਹੈ। ਇਹ ਗੁਰੂ ਜੀ ਦੇ ਦੱਖਣ ਦੇ ਸਫ਼ਰ ਵੇਲੇ ਚਿਤੌੜ ਦੇ ਬਾਹਰ ਮਾਰਿਆ ਗਿਆ ਸੀ । ਹੋਰ ਵੇਰਵੇ ਲਈ ਦੇਖੋ ਭੂਮਿਕਾ, ਅਤੇ ਛੰਦ ੭੩੩ ਦਾ ਫੁਟ ਨੋਟ ਪੰਨਾ ੧੧੬ ਛੰਦ ੭੫੨ ਦਾ ਫੁਟ ਨੋਟ, ਪੰਨਾ ੧੨੦।

ਡਢਵਾਲੀਆ, ਡਢਵਾਲ ਗੋਤ੍ਰ ਦਾ ਰਾਜਪੂਤ । ਦਾਤਾਰਪੁਰੀਏ ਰਾਜਪੂਤ ਇਸੇ ਗੋਤ੍ਰ ਦੇ ਹਨ। ਊਨਾ ਤਹਿਸੀਲ ਦੇ ਚੜ੍ਹਦੇ ਪਹਾੜੀ ਇਲਾਕੇ ਵਿਚ ਇਸ ਗੋਤ੍ਰ ਦੇ ਲੋਕ ਬਹੁਤ ਵਸਦੇ ਹਨ ।

ਤੇਗ਼ ਬਹਾਦੁਰ ਗੁਰੂ, ਨੌਵੇਂ ਸਿਖ ਗੁਰੂ, ਪਿਤਾ ਦਾ ਨਾਉਂ ਗੁਰੂ ਹਰਿ ਗੋਬਿੰਦ, ਜਨਮ ਬਸਾਖ ਵਦੀ ੫, ਸੰਮਤ ੧੬੭੮ ਬਿ. (੧ ਅਪਰੈਲ, ੧੬੨੧ ਈ.) ਗੁਰਿਆਈ ਚੇਤ ਸੁਦੀ ੧੪ ਸੰਮਤ ੧੭੨੨ (੨੦ ਮਾਰਚ, ੧੬੬੫ ਈ.) ਸ਼ਹੀਦੀ ਮੱਘਰ ਸੁਦੀ ੫, ਸੰਮਤ ੧੭੩੨ (੧੧ ਨਵੰਬਰ, ੧੬੭੫ ਈ.) ਦਿੱਲੀ ਵਿਚ ।

ਦਯਾ ਸਿੰਘ, ਪੰਜ ਪਿਆਰਿਆਂ ਵਿਚੋਂ ਇਕ, ਲਾਹੌਰ ਨਿਵਾਸੀ, ਸੋਢੀ ਖਤਰੀਆਂ ਵਿਚੋਂ ਸਜਿਆ ਹੋਇਆ ਸਿੰਘ। ਇਸ ਦੇ ਹੱਥ ਗੁਰੂ ਗੋਬਿੰਦ ਸਿੰਘ ਜੀ ਨੇ ਜ਼ਫ਼ਰਨਾਮਾ ਬਾਦਸ਼ਾਹ ਔਰੰਗਜ਼ੇਬ ਪਾਸ ਦੱਖਣ ਭੇਜਿਆ ਸੀ ।

ਦਯਾ ਰਾਮ, ਜਾਤੀ ਮਲਕ ਦਾ ਪੁੱਤਰ, ਗੁਰੂ ਗੋਬਿੰਦ ਸਿੰਘ ਜੀ ਦਾ ਇਕ ਸੇਵਕ, ਜਿਸ ਨੇ ਭੰਗਾਣੀ ਦੇ ਜੁੱਧ ਵਿਚ ਬੜੀ ਬਹਾਦੁਰੀ ਦਿਖਾਈ ਸੀ ।

ਦਿਲਾਵਰ ਖਾਨ, ਬਾਦਸ਼ਾਹ ਔਰੰਗਜ਼ੇਬ ਦਾ ਇਕ ਪੰਜ ਹਜ਼ਾਰੀ ਫੌਜੀ ਸਰਦਾਰ ਜੋ ਪਹਾੜੀਆਂ ਰਾਜਿਆਂ ਨੂੰ ਸਰ ਕਰਨ ਆਇਆ ਸੀ ਅਤੇ ਉਸ ਨੇ ਆਪਣਾ ਪੁੱਤਰ ਗੁਰੂ ਗੋਬਿੰਦ ਸਿੰਘ ਜੀ ਦੇ ਵਿਰੁੱਧ ਭੇਜਿਆ ਸੀ। ਗੁਰੂ ਸਾਹਿਬ ਨੇ 'ਬਚਿਤ੍ਰ ਨਾਟਕ' ਵਿਚ ਇਸ ਨੂੰ ਖਾਨਜ਼ਾਦਾ ਕਰਕੇ ਲਿਖਿਆ ਹੈ । ਇਸ ਨੇ ਆਨੰਦਪੁਰ ਪਰ ਚੜ੍ਹਾਈ ਕੀਤੀ ਪਰ ਸਿੰਘਾਂ ਦੀ ਜੰਗ ਲਈ ਤਿਆਰੀ ਦੇ ਮਾਰ ਬਕਾਰੇ ਨੂੰ ਸੁਣ ਕੇ ਹੀ ਭੱਜ ਗਿਆ । ਇਸ ਤੋਂ ਬਾਦ ਦਿਲਾਵਰ ਖਾਨ ਦਾ ਇਕ ਗੁਲਾਮ (ਚੇਰਾ, ਦਾਸ) ਹੁਸੈਨ (ਹੁਸੈਨੀ)

ਖਾਨ ਚੜ੍ਹ ਕੇ ਆਇਆ ਪਰ ਗੁਰੂ ਸਾਹਿਬ ਨਾਲ ਟੱਕਰ ਹੋਣ ਤੋਂ ਪਹਿਲਾਂ ਹੀ ਰਾਹ ਵਿਚ ਮਾਰਿਆ ਗਿਆ (ਬਚਿਤ੍ਰ ਨਾਟਕ, ੧੧ ; ੧-੬੯) ।

ਮਆਸਿਰਿ-ਆਲਮਗੀਰੀ (ਉਰਦੂ ੮੯, ਅੰਗਰੇਜ਼ੀ ੮੨) ਵਿਚ ਲਿਖਿਆ ਹੋਇਆ ਹੈ ਕਿ ਬਾਦਸ਼ਾਹ ਔਰੰਗਜ਼ੇਬ ਨੇ ੧੧ ਮੁਹੱਰਮ ਸਨ ੧੦੮੪ ਹਿਜਰੀ, ੧੧ ਅਪ੍ਰੈਲ ਸਨ ੧੬੭੪ ਈ. ਨੂੰ ਚਕਲਾ ਸਰਹੰਦ ਦੇ ਫੌਜਦਾਰ ਸ਼ੇਖ ਅਬਦੁਲ ਅਜ਼ੀਜ਼ ਨੂੰ ਦਿਲਾਵਰ ਖਾਨ ਦਾ ਖਿਤਾਬ ਬਖਸ਼ਿਆ ਸੀ (ਮਆਸਿਰੁਲ-ਉਮਰਾ, ੨ : ੬੯) ।

ਧਰਮ ਸਿੰਘ, ਪੰਜ ਪਿਆਰਿਆਂ ਵਿਚੋਂ ਇਕ, ਪਰ ਇਥੇ ਉਸ ਧਰਮ ਸਿੰਘ ਦਾ ਜ਼ਿਕਰ ਨਹੀਂ । ਉਹ ਚਮਕੌਰ ਵਿਚ ਸ਼ਹੀਦ ਹੋ ਗਏ ਸਨ । ਇਹ ਭਾਈ ਰੂਪ ਚੰਦ (ਭਾਈ ਰੂਪਾ ਕੇ) ਦੇ ਪੁੱਤਰ (ਭਾਈ ਪਰਮ ਸਿੰਘ ਦੇ ਭਰਾ) ਜਾਪਦੇ ਹਨ । ਇਤਿਹਾਸ ਬਾਗੜੀਆਂ ਅਨੁਸਾਰ ਇਹ ਨਾਂਦੇੜ ਤਕ ਗੁਰੂ ਸਾਹਿਬ ਦੀ ਸੇਵਾ ਵਿਚ ਸਨ ।

ਨਉਰੰਗ ਸ਼ਾਹ (ਔਰੰਗਜ਼ੇਬ), ਦੇਖੋ **ਔਰੰਗਜ਼ੇਬ ਬਾਦਸ਼ਾਹ** ।

ਨਿਜਾਬਤਿ ਖਾਨ, ਕੁੰਜਪੁਰੇ ਦੇ ਰਹਿਣ ਵਾਲਾ ਇਕ ਸੌ ਸਵਾਰ ਦਾ ਸਰਦਾਰ ਜੋ ਭੰਗਾਣੀ ਦੀ ਲੜਾਈ ਤੋਂ ਪਹਿਲਾਂ ਹੀ ਗੁਰੂ ਸਾਹਿਬ ਦਾ ਪਾਉਂਟੇ ਤੋਂ ਸਾਥ ਛੱਡ ਕੇ ਪਹਾੜੀ ਰਾਜਿਆਂ ਨਾਲ ਜਾ ਰਲਿਆ ਸੀ ਅਤੇ ਭੰਗਾਣੀ ਦੇ ਜੁੱਧ ਵਿਚ ਸੰਗੋ ਸ਼ਾਹ ਦੇ ਹੱਥੋਂ ਮਾਰਿਆ ਗਿਆ ਸੀ (੭੯) ।

ਨੰਦ ਚੰਦ, ਡਰੋਲੀ ਨਿਵਾਸੀ ਉਮਰ ਸ਼ਾਹ ਦਾ ਪੋਤਰਾ ਅਤੇ ਇਸ ਇਲਾਕੇ ਦਾ ਮਸੰਦ, ਜਿਸ ਨੂੰ ਗੁਰੂ ਗੋਬਿੰਦ ਸਿੰਘ ਨੇ ਆਪਣਾ ਦੀਵਾਨ ਅਤੇ ਸੈਨਾਨੀ ਥਾਪਿਆ ਸੀ । ਇਸ ਨੇ ਭੰਗਾਣੀ ਦੇ ਜੁੱਧ ਵਿਚ ਬੜੀ ਬਹਾਦੁਰੀ ਵਿਖਾਈ ਸੀ (ਬਚਿਤ੍ਰ ਨਾਟਕ, ੮ : ੮) । ਇਕ ਵਾਰੀ ਇਸ ਨੇ ਉਦਾਸੀ ਸਾਧੂਆਂ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਜੋ ਉਹ ਗੁਰੂ ਸਾਹਿਬ ਦੇ ਦਸਖਤ-ਨੀਸਾਣੁ ਲਈ ਲਿਆਏ ਸਨ, ਆਪ ਰਖ ਲਈ ਅਤੇ ਉਨ੍ਹਾਂ ਨੂੰ ਦੇਣੋਂ ਨਾਂਹ ਕਰ ਦਿੱਤੀ । ਜਦ ਸਾਧੂਆਂ ਨੇ ਗੁਰੂ ਜੀ ਪਾਸ ਫਰਿਆਦ ਕੀਤੀ ਤਾਂ ਇਹ ਡਰਦਾ ਮਾਰਾ ਆਨੰਦਪੁਰੋਂ ਭੱਜ ਕੇ ਬਾਬਾ ਧੀਰ ਮੱਲ ਪਾਸ ਕਰਤਾਰ ਪੁਰ ਚਲਾ ਗਿਆ । ਧੀਰ ਮੱਲ ਨੇ ਇਸ ਨੂੰ ਇਕ ਜਾਸੂਸ ਸਮਝ ਕੇ ਮਰਵਾ ਦਿੱਤਾ । ਇਸ ਦਾ ਸਸਕਾਰ ਕਾਲਾ-ਸੰਘਾ ਪਿੰਡ ਵਿਚ ਕੀਤਾ ਗਿਆ । ਉਦਾਸੀ ਸਾਧੂਆਂ ਵਾਲੀ ਉਹ ਬੀੜ ਹੁਣ ਡਰੋਲੀ ਵਿਚ ਹੈ ।

ਫਤੇ ਸਿੰਘ (ਸਾਹਿਬਜ਼ਾਦਾ), ਗੁਰੂ ਗੋਬਿੰਦ ਸਿੰਘ ਜੀ ਦਾ ਸਭ ਤੋਂ ਛੋਟਾ ਪੁੱਤਰ ਮਾਤਾ ਜੀਤੋ ਜੀ ਦੀ ਕੁੱਖੋਂ, ਜਨਮ ਫਗਣ ਸੁਦੀ ੭, ਸੰਮਤ ੧੭੫੫ ਬਿ. (੨੬ ਫਰਵਰੀ, ੧੬੯੯), ਸਰਹੰਦ ਵਿਚ ਸ਼ਹੀਦੀ ੧੩ ਪੋਹ, ਸੰਮਤ ੧੭੬੨ (੧੨ ਦਸੰਬਰ, ਸਨ ੧੭੦੫ ਈ.) ।

ਬਹਾਦੁਰ ਸ਼ਾਹ, ਬਾਦਸ਼ਾਹ ਔਰੰਗਜ਼ੇਬ ਦਾ ਦੂਸਰਾ ਪੁੱਤਰ (ਪਹਿਲਾਂ ਮੁਹੰਮਦ ਸੁਲਤਾਨ ਜੋ ਇਸ ਤੋਂ ਪਹਿਲਾ ਮਰ ਗਿਆ ਸੀ), ਪਹਿਲਾਂ ਨਾਉਂ ਮੁਅੱਜ਼ਮ, ਜਨਮ ੪ ਅਕਤੂਬਰ ੧੬੪੩ । ਔਰੰਗਜ਼ੇਬ ਦੀ ਮੌਤ ਵੇਲੇ ਇਹ ਪਸ਼ਾਵਰ ਦੇ ਇਲਾਕੇ ਵਿਚ ਸੀ । ਆਪਣੇ ਛੋਟੇ ਭਾਈ ਆਜ਼ਮ ਨਾਲ ਤਖਤ ਲਈ ਜਾਜਉ ਵਿਚ ਲੜਾਈ ੮ ਜੂਨ ੧੭੦੭;

ਗੁਰੂ ਗੋਬਿੰਦ ਸਿੰਘ ਨਾਲ ਮੁਲਾਕਾਤ ੨੩ ਜੁਲਾਈ, ੧੭੦੭; ਪਹਿਲਾ ਰਾਜਪੂਤਾਨੇ ਤੇ ਫੇਰ ਦੱਖਣ ਦੀਆਂ ਮੁਹਿੰਮਾਂ, ਬੰਦਾ ਸਿੰਘ ਬਹਾਦੁਰ ਵਿਰੁੱਧ ਮੁਹਿੰਮ, ਦੇਹਾਂਤ ਲਾਹੌਰ ਵਿਚ ੧੭-੧੮ ਫਰਵਰੀ, ੧੭੧੨ ।

ਭੀਖਨ ਖਾਨ, ਇਕ ਸੌ ਸਵਾਰ ਦਾ ਸਰਦਾਰ ਜੋ ਭੰਗਾਣੀ ਦੇ ਜੁੱਧ ਤੋਂ ਪਹਿਲਾਂ ਹੀ ਪਹਾੜੀ ਰਾਜਿਆਂ ਨਾਲ ਜਾ ਰਲਿਆ ਸੀ ਅਤੇ ਇਸ ਜੁੱਧ ਵਿਚ ਗੁਰੂ ਜੀ ਦੇ ਤੀਰ ਨਾਲ ਮਾਰਿਆ ਗਿਆ ਸੀ (ਬਚਿਤ੍ਰ ਨਾਟਕ, ੮ : ੨੫) ।

ਭੀਮ ਚੰਦ, ਕਹਿਲੂਰ (ਬਿਲਾਸ ਪੁਰ) ਦਾ ਰਾਜਾ (ਦੀਪ ਚੰਦ ਕਹਿਲੂਰੀਏ ਦਾ ਪੁਤਰ), ਜੋ ਸਨ ੧੬੬੭ ਦੇ ਲਗ ਭਗ ਗੱਦੀ ਪਰ ਬੈਠਾ । ਇਸ ਨੇ ਈਰਖਾ ਅਤੇ ਹੰਕਾਰ ਬੱਸ ਗੁਰੂ ਗੋਬਿੰਦ ਸਿੰਘ ਜੀ ਦੇ ਵਿਰੁੱਧ ਜੰਗ ਛੇੜੇ । ਹੱਚਿਸਨ ਅਤੇ ਫੋਗਲ ਅਨੁਸਾਰ ਇਹ ਸਨ ੧੭੧੨ ਈ. ਤਕ ਜੀਉਂਦਾ ਰਿਹਾ ਪਰ ਸੇਵਾ ਸਿੰਘ ਦੇ ਸ਼ਹੀਦ ਬਿਲਾਸ (ਛੰਦ ਨੰ: ੬੭) ਅਤੇ ਬੇਦੀ ਗਣੇਸ਼ਾ ਸਿੰਘ ਦੇ 'ਸ਼ਸ਼ੀ ਵੰਸ਼ ਵਿਨੋਦ' (ਅਧਿਆਇ ੧੦) ਅਨੁਸਾਰ ਇਸ ਦਾ ਦੇਹਾਂਤ ਸੰਮਤ ੧੭੪੯ ਬਿ. (ਸੰਨ ੧੬੯੨ ਈ.) ਵਿਚ ਹੋਇਆ ਸੀ । ਇਸ ਤੋਂ ਬਾਦ ਇਸ ਦਾ ਪੁੱਤਰ ਅਜਮੇਰ ਰਾਜਾ ਬਣਿਆ ਜੋ ਲਗ ਭਗ ਸਨ ੧੭੪੧ ਈ. ਤਕ ਰਿਹਾ ।

ਕਹਿਲੂਰੀਏ ਭੀਮ ਚੰਦ ਦਾ ਸਮਕਾਲੀ ਕਾਂਗੜੇ ਦਾ ਰਾਜਾ ਭੀ ਭੀਮ ਚੰਦ ਹੋਇਆ ਹੈ ਜਿਸ ਨੇ ਲਗ ਭਗ ੧੬੯੦ ਤੋਂ ੧੬੯੭ ਈ. ਤਕ ਰਾਜ ਕੀਤਾ । ਇਸ ਤੋਂ ਬਾਦ ਰਾਜਾ ਆਲਮ ਚੰਦ (੧੬੯੭ ਤੋਂ ੧੭੦੦ ਈ.) ਹੋਇਆ ਜਿਸ ਦੇ ਪੁੱਤਰ ਹਮੀਰ ਚੰਦ ਨੇ ਸਨ ੧੭੦੦ ਤੋਂ ਸਨ ੧੭੪੭ ਤਕ ਰਾਜ ਕੀਤਾ (ਹੱਚਿਸਨ ਅਤੇ ਫੋਗਲ, ੧ : ੧੭੪-੫).

ਮਾਹਰੂ, ਦੇਖੋ, ਮਾਹਰੀ ਚੰਦ ।

ਮਾਨ ਸਿੰਘ, ਬਲੂੰਧੀਸੀ ਮਾਈ ਦਾਸ ਦਾ ਪੁੱਤਰ ਅਤੇ ਭਾਈ ਮਨੀ ਸਿੰਘ ਦਾ ਭਾਈ, ਜੋ ਦੱਖਣ ਨੂੰ ਜਾਣ ਵੇਲੇ ਗੁਰੂ ਸਾਹਿਬ ਜੀ ਦੇ ਨਾਲ ਸੀ ਅਤੇ ਜ਼ੋਰਾਵਰ ਸਿੰਘ ਦੂਸਰੇ ਨਾਲ ਚਤੌੜ ਦਾ ਕਿਲਾ ਦੇਖਣ ਗਿਆ ਉਥੇ ਗਲਤ ਫਹਿਮੀ ਵਿਚ ਹੋ ਪਈ ਲੜਾਈ ਵਿਚ ੬ ਬਸਾਖ ਸੰਮਤ ੧੭੬੫ ਬਿ., ੩ ਅਪਰੈਲ ਸਨ ੧੭੦੮ ਨੂੰ ਮਾਰਿਆ ਗਿਆ ਸੀ [ਗਰਜਾ ਸਿੰਘ ਸੰਪਾਦਿਤ ਕਵਿ ਸੇਵਾ ਸਿੰਘ ਕ੍ਰਿਤ ਸ਼ਹੀਦ ਬਿਲਾਸ, ਪੰਨਾ ੧੬੫].

ਮਾਨ ਸਿੰਘ, ਦੂਸਰਾ, ਗੁਰੂ ਗੋਬਿੰਦ ਸਿੰਘ ਜੀ ਦਾ ਸਿੰਘ ਜੋ ਅਨੰਦਪੁਰ, ਅਤੇ ਫੇਰ ਦੱਖਣ ਵਲ ਜਾਣ ਸਮੇਂ ਤਕ ਸਾਥ ਰਿਹਾ ਸੀ ਅਤੇ ਰਸਤੇ ਵਿਚ ਨਰਬਦਾ ਦੇ ਕੰਢੇ ਪਾਰ ਦੇ ਇਕ ਥਾਂ ਘੋੜਿਆਂ ਲਈ ਘਾ ਲੈਣ ਗਏ ਸਿੰਘਾਂ ਦਾ ਉਥੇ ਦੇ ਲੋਕਾਂ ਨਾਲ ਝਗੜਾ ਮਿਟਾਉਣ ਅਤੇ ਸੁਲਾਹ ਕਰਾਉਣ ਗਿਆ ਅਗਲੇ ਵੈਰੀਆਂ ਨੇ ਗੋਲੀ ਨਾਲ ਮਾਰ ਦਿੱਤਾ (੭੬੦-੬੮) ।

ਮਾਹਰੀ ਚੰਦ, ਗੁਰੂ ਹਰਿ ਗੋਬਿੰਦ ਦੀ ਪੁੱਤਰੀ ਬੀਬੀ ਬੀਰੋ ਦਾ ਪੁੱਤਰ (ਸੰਗੋ ਸ਼ਾਹ, ਗੁਲਾਬ ਚੰਦ, ਜੀਤ ਮੱਲ ਅਤੇ ਗੰਗਾ ਰਾਮ ਦਾ ਭਾਈ) ਜਿਸ ਨੇ ਭੰਗਾਣੀ ਦੇ ਜੁੱਧ ਵਿਚ ਬੜੀ ਬਹਾਦੁਰੀ ਵਿਖਾਈ ਸੀ । [ਬਚਿਤ੍ਰ ਨਾਟਕ, ੮ : ੫-੬] ।

ਮੀਆਂ ਖਾਨ. ਮੀਆਂ ਖਾਨ ਦਾ ਅਸਲ ਨਾਉਂ ਹਿਫ਼ਜ਼ੁੱਲਾ ਖਾਨ ਸੀ। ਕੁਝ ਕੁ ਥਾਈਂ ਹਫ਼ੀਜ਼ਲਾ ਖਾਨ ਭੀ ਲਿਖਿਆ ਹੋਇਆ ਹੈ ਜੋ ਠੀਕ ਨਹੀਂ। ਇਹ ਸ਼ਾਹ ਜਹਾਨ ਬਾਦਸ਼ਾਹ ਦੇ ਵੱਡੇ ਵਜ਼ੀਰ ਸਾਦੁੱਲਾ ਖਾਨ ਦਾ ਪੁੱਤਰ ਸੀ। ਸਨ ੧੬੮੦ ਵਿਚ ਹਿਫ਼ਜ਼ੁੱਲਾ ਖਾਨ ਅਤੇ ਇਸ ਦਾ ਭਾਈ ਲੁਤਫ਼ੁੱਲਾ ਖਾਨ ਸੂਬਾ ਲਾਹੌਰ ਵਿਚ ਨਾਇਬ ਸਨ ਅਤੇ ੩ ਨਵੰਬਰ ੧੬੮੦ ਨੂੰ (੨੦ ਸ਼ੱਵਾਲ ੨੪ ਆਲਮਗੀਰੀ, ੧੦੯੧ ਹਿਜਰੀ) ਨੂੰ ਇਨ੍ਹਾਂ ਨੂੰ ਹਜ਼ੂਰੀ ਵਿਚ ਬੁਲਾਉਣ ਅਤੇ ਨਾਇਬ ਟਿਕੇ ਰਹਿਣ ਲਈ ਫਰਮਾਨ ਜਾਰੀ ਹੋਇਆ। ੩ ਜਨਵਰੀ ੧੬੮੩ (੧੨ ਸਫਰ, ੨੬ ਆਲਮਗੀਰੀ, ੧੦੯੪ ਹਿਜਰੀ) ਨੂੰ ਇਸ ਨੂੰ ਕਸੂਰ ਦੇ ਪਰਗਣੇ ਦੀ ਫੌਜਦਾਰੀ ਭੀ ਦਿੱਤੀ ਗਈ। ਪਹਿਲੀ ਜਨਵਰੀ ੧੬੯੫ (੫ ਸਫਰ, ੨੮ ਆਲਮਗੀਰੀ, ੧੦੯੬ ਹਿ.) ਨੂੰ ਇਸ ਨੂੰ ਬਾਦਸ਼ਾਹ ਵਲੋਂ ਹੁਕਮ ਹੋਇਆ ਕਿ ਜੰਮੂ ਦੇ ਜ਼ਿਮੀਂਦਾਰ ਕਿਰਪਾਲ ਦੇਵ ਨੂੰ, ਜਿਸ ਨੇ ਲਖਣਪੁਰ (?) ਆਦਿ ਚਾਰ ਸ਼ਾਹੀ ਤੱਲਕਿਆਂ ਪਰ ਕਬਜਾ ਕਰ ਲਿਆ ਸੀ, ਸਿੱਧਾ ਕਰੇ ਅਤੇ ਜੋ ਉਗਰਾਹੀ ਉਸ ਨੇ ਕਰ ਲਈ ਹੈ ਉਸ ਪਾਸੋਂ ਵਸੂਲ ਕਰ ਕੇ ਸ਼ਾਹੀ ਖ਼ਜ਼ਾਨੇ ਵਿਚ ਦਾਖਲ ਕਰੇ। ਹਿਫਜ਼ੁਲਾ ਖਾਨ ਉਸ ਵੇਲੇ ਲਾਹੌਰ ਦਾ ਨਾਇਬ ਸੀ। ੧੭ ਮਾਰਚ ੧੬੮੫ (੨੧ ਰੱਬੀ-ਉ-ਸਾਨੀ, ੨੮ ਆਲਮਗੀਰੀ, ੧੦੯੬ ਹਿਜਰੀ ਨੂੰ ਇਸ ਨੂੰ ਜਲੰਧਰ ਦੀ ਫੌਜਦਾਰੀ ਭੀ ਦਿੱਤੀ ਗਈ। ੮ ਅਪਰੈਲ ਸਨ ੧੭੦੧ (੧੧ ਜ਼ੀਕਦਾ, ਸਨ ੪੫ ਆਲਮਗੀਰੀ ੧੧੧੨ ਹਿ.) ਦੀ ਸ਼ਾਹੀ ਦਰਬਾਰ ਦੀ ਖਬਰ ਤੋਂ ਪਰਤੀਤ ਹੁੰਦਾ ਹੈ ਕਿ ਇਹ ਉਦੋਂ ਠੱਟੇ ਦਾ ਫੌਜਦਾਰ ਸੀ ਅਤੇ ਸ਼ਾਹਜ਼ਾਦਾ ਮੁਅੱਜ਼ਮ ਸੂਬੇਦਾਰ ਲਾਹੌਰ ਦਾ ਨਾਇਬ ਸੂਬੇਦਾਰ ਨਿਯਤ ਕੀਤਾ ਗਿਆ ਸੀ ਅਤੇ ਇਸ ਦੇ ਨਾਲ ਹੀ ਜੰਮੂ ਦੀ ਫੌਜਦਾਰੀ ਭੀ ਇਸ ਪਾਸ ਰਹਿਣ ਦਿੱਤੀ ਗਈ ਸੀ। ਪਰ ੨੬ ਅਪਰੈਲ ੧੭੦੧ (੨੯ ਜ਼ੀਕਦਾ, ੪੫ ਆਲਮਗੀਰੀ, ੧੧੧੨ ਹਿਜਰੀ) ਨੂੰ ਬਾਦਸ਼ਾਹ ਨੂੰ ਪੁੱਜੀ ਖ਼ਬਰ ਅਨੁਸਾਰ ਲਾਹੌਰ ਪੁਜਣ ਤੋਂ ਪਹਿਲਾਂ ਹੀ ਠੱਟੇ ਵਿਚ ਇਸ ਹਿਫਜ਼ੁੱਲਾ ਖ਼ਾਨ (ਮੀਆਂ ਖਾਨ) ਦਾ ਦੇਹਾਂਤ ਹੋ ਗਿਆ (ਹੋਰ ਦੇਖੋ ਅਖਬਾਰਾਤਿ ਦਰਬਾਰਿ ਮੁਅੱਲਾ; ਨੂਰ ਅਹਿਮਦ ਚਿਸ਼ਤੀ, ਤਹਕੀਕਾਤਿ-ਚਿਸ਼ਤੀ, ੫੬੦-੬੪; ਰਿਸਾਲਾ 'ਨਕੂਸ਼' ਨੰ ੯੨, ਫਰਵਰੀ ੧੯੬੨ ਲਾਹੌਰ ਨੰਬਰ, ਪੰਨਾ ੭੨, ੩੫੧-੫੨; ਸੱਯਦ ਮੁਹੰਮਦ ਲਤੀਫ਼, ਲਾਹੌਰ, ੧੪੮, ੨੩੦)

ਇਹ ਜੰਮੂ ਦਾ ਫੌਜਦਾਰ ਕਦ ਬਣਿਆ ਸੀ, ਇਸ ਗੱਲ ਦਾ ਅਜੇ ਪਤਾ ਨਹੀਂ ਲਗ ਸਕਿਆ। ਮਹਾਨ ਕੋਸ਼ (੫੧੮) ਅਤੇ ਸੇਵਾ ਸਿੰਘ ਦੇ ਸ਼ਹੀਦ ਬਿਲਾਸ (ਛੰਦ ੬੫) ਵਿਚ ਨਾਦਉਣ ਦੇ ਜੁੱਧ ਦੀ ਤਾਰੀਖ, ਸੰਮਤ ੧੭੪੭ ਦਾ ਅੰਤ, ਅਤੇ ੨੨ ਚੇਤ ਸੰਮਤ ੧੭੪੭ ਦਿੱਤੀ ਹੋਈ ਹੈ। ਇਸ ਹਿਸਾਬ ਨਾਲ ਇਸ ਜੁੱਧ ਦੀ ਤਾਰੀਖ ੨੦ ਮਾਰਚ ਸਨ ੧੬੯੧ ਬਣਦੀ ਹੈ ਜਿਸ ਤੋਂ ਅੰਦਾਜਾ ਇਹ ਲਗਦਾ ਹੈ ਕਿ ਮੀਆਂ ਖਾਨ ਸਨ ੧੬੯੦ ਈ. ਦੇ ਅੰਤ ਵਿਚ ਜਾਂ ਸਨ ੧੬੯੧ ਦੇ ਆਰੰਭ ਵਿਚ ਜੰਮੂ ਦਾ ਫੌਜਦਾਰ ਬਣਿਆ। ਇਹ ਭੀ ਹੋ ਸਕਦਾ ਹੈ ਕਿ ਉਹ ਸੂਬਾ ਲਾਹੌਰ ਦੇ ਨਾਇਬ ਦੀ ਹੈਸੀਅਤ ਵਿਚ ਹੀ ਪਹਾੜੀ ਰਾਜਿਆਂ ਪਾਸੋਂ ਉਗਰਾਹੀ ਕਰਨ ਆਇਆ

ਹੋਵੇ । ਆਪ ਤਾਂ ਉਹ ਜੰਮੂ ਨੂੰ ਚਲਾ ਗਿਆ ਸੀ ਅਤੇ ਆਪਣੇ ਭਤੀਜੇ ਅਲਫ਼ ਖਾਨ ਨੂੰ ਕਾਂਗੜੇ ਵੱਲ ਨੂੰ ਚੜ੍ਹਾ ਦਿੱਤਾ ਸੀ ।

ਮੁਨਇਮ ਖਾਨ, ਸੁਲਤਾਨ ਬੇਗ ਬਰਲਾਸ ਦਾ ਪੁੱਤਰ, ਸਨ ੧੭੦੪ ਤੋਂ ੧੭੦੭ ਤਕ ਸ਼ਾਹਜ਼ਾਦਾ ਮੁਅਜ਼ਮ ਦਾ ਲਾਹੌਰ ਵਿਚ ਨਾਇਬ ਗਵਰਨਰ ਸੀ । ਇਹ ਪਹਿਲਾਂ ਕਾਬਲ ਵਿਚ ਦੀਵਾਨ ਸੀ । ਇਹ ਜ਼ਬਰਦਸਤ ਖਾਨ ਤੋਂ ਬਾਦ ਲਾਹੌਰ ਨਿਯਤ ਹੋਇਆ ਅਤੇ ਔਰੰਗਜ਼ੇਬ ਦੀ ਮੌਤ ਤਕ ਰਿਹਾ । ਜਦ ਸ਼ਾਹਜ਼ਾਦਾ ਮੁਅੱਜ਼ਮ ਬਹਾਦੁਰ ਸ਼ਾਹ ਦੇ ਨਾਉਂ ਨਾਲ ਬਾਦਸ਼ਾਹ ਬਣਿਆ ਤਾਂ ਉਸ ਨੇ ਇਸ ਨੂੰ ਖਾਨਿ-ਖਾਨਾਨ ਦਾ ਖਿਤਾਬ ਬਖਸ਼ਿਆ ਅਤੇ ਆਪਣਾ ਵੱਡਾ ਵਜ਼ੀਰ ਥਾਪਿਆ । ੧੮ ਫਰਵਰੀ ਸਨ ੧੭੧੧ ਨੂੰ ਇਸ ਦਾ ਦੇਹਾਂਤ ਹੋਇਆ ਜਦ ਕਿ ਬਾਦਸ਼ਾਹੀ ਕੈਂਪ ਸਢੋਰੇ ਤੋਂ ਬਨੂੜ ਵਲ ਨੂੰ ਜਾ ਰਿਹਾ ਸੀ (ਬੀਲ, ਓਰੀਐਂਟਲ ਬਾਇਓਗ੍ਰਾਫ਼ੀਕਲ ਡਿਕਸ਼ਨਰੀ, ੨੭੯; ਬੰਦਾ ਸਿਘ ਬਹਾਦੁਰ ੧੦੬; ਨਕੂਸ, ਫਰਵਰੀ ੧੯੬੨, ਲਾਹੌਰ ਨੰਬਰ, ਪੰਨਾ ੭੨, ੧੩੬) ।

ਰਣਜੀਤ ਸਿਘ (ਅਜੀਤ ਸਿੰਘ ਸਾਹਿਬਜ਼ਾਦਾ), ਦੇਖੋ ਅਜੀਤ ਸਿੰਘ, ਸਾਹਿਬਜ਼ਾਦਾ (੧)

ਰਾਮਦਾਸ ਗੁਰੂ, ਸਿੱਖਾਂ ਦੇ ਚੌਥੇ ਗੁਰੂ (ਪਹਿਲਾਂ ਨਾਉਂ ਜੇਠਾ). ਪਿਤਾ ਦਾ ਨਾਉਂ ਹਰਿਦਾਸ ਸੋਢੀ, ਜਨਮ ਲਾਹੌਰ, ਕਤਕ ਵਦੀ ੨, ਸੰਮਤ ੧੫੯੧ (੨੪ ਸਤੰਬਰ ਸਨ ੧੫੩੪ ਈ.); ਗੁਰਿਆਈ ਭਾਦੋਂ ਸੁਦੀ ੧੫, ਸੰਮਤ ੧੬੩੧ (੧ ਸਤੰਬਰ ੧੫੭੪); ਦੇਹਾਂਤ ਭਾਦੋਂ ਸੁਦੀ ੩, ਸੰਮਤ ੧੬੩੮ (੧ ਸਤੰਬਰ, ਸਨ ੧੫੮੧ ਈ.) ।

ਲਾਲ ਚੰਦ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਅਰੋੜਿਆਂ ਵਿਚੋਂ ਬਣਿਆ ਹੋਇਆ ਸਿੱਖ ਜੋ ਗਾਈਂ ਭੈਂਸਾਂ ਚਾਰਿਆ ਕਰਦਾ ਸੀ । ਇਸ ਨੇ ਭੰਗਾਣੀ ਦੇ ਜੁੱਧ ਵਿਚ ਬੜੀ ਬਹਾਦੁਰੀ ਦਿਖਾਈ ਸੀ ।

# ਇਤਿਹਾਸਿਕ ਅਸਥਾਨ

ਉਜੈਨ, ਮਧ ਭਾਰਤ ਵਿਚ ਪੁਰਾਣੀ ਰਿਆਸਤ ਗਵਾਲੀਅਰ ਦਾ ਇਕ ਸ਼ਹਿਰ ਜੋ ਮਾਲਵਾ ਦੇਸ਼ ਦੇ ਵਿਚਕਾਰ ਹੈ ਅਤੇ ਪੁਰਾਣੇ ਸਮਿਆਂ ਵਿਚ ਮਾਲਵਾ ਦੀ ਰਾਜਧਾਨੀ ਹੁੰਦਾ ਸੀ। ਪ੍ਰਾਚੀਨ ਸੰਸਕ੍ਰਿਤ ਗ੍ਰੰਥਾਂ ਵਿਚ ਇਸ ਦਾ ਨਾਉਂ ਅਵੰਤੀ ਭੀ ਆਉਂਦਾ ਹੈ।

ਉਦੇਪੁਰ, ਦੱਖਣੀ ਰਾਜਸਥਾਨ ਦੀ ਇਕ ਪੁਰਾਣੀ ਰਾਜਪੂਤ ਰਿਆਸਤ ਦਾ ਮੁਖ ਸ਼ਹਿਰ। ਇਸ ਨੂੰ ਮੇਵਾੜ ਭੀ ਆਖਿਆ ਜਾਂਦਾ ਹੈ। ਹੁਣ ਇਹ ਰਾਜਸਥਾਨ ਵਿਚ ਹੈ । ਇਸ ਦੇ ਚੜ੍ਹਦੇ ਬੂੰਦੀ ਅਤੇ ਇੰਦੌਰ ਦਾ ਇਲਾਕਾ ਹੈ ਅਤੇ ਲਹਿੰਦੇ ਨੂੰ ਸਿਰੋਹੀ ਅਤੇ ਮਾਰਵਾੜ ਹੈ।

ਅਜਮੇਰ, ਰਾਜਸਥਾਨ ਦਾ ਇਕ ਵੱਡਾ ਸ਼ਹਿਰ, ਲਮਕਾਰ ੨੬° ੨੭" ਉੱਤਰੀ, ਚੜ੍ਹਕਾਰ ੭੪° ੩੭" ਚੜ੍ਹਦੀ; ਤਾਰਾ ਗੜ੍ਹ ਪਹਾੜੀ ਦੇ ਪੈਰਾਂ ਵਿਚ ਬੰਬਈ, ਤੋਂ ੬੭੭ ਮੀਲ ਉੱਤਰ ਅਤੇ ਦਿੱਲੀ ਤੋਂ ੨੭੫ ਮੀਲ ਦੱਖਣ ਨੂੰ।

ਅਲ੍ਹਸਣ, ਇਸ ਦਾ ਠੀਕ ਟਿਕਾਣਾ ਪਤਾ ਨਹੀਂ ਲਗ ਸਕਿਆ।

ਆਨੰਦਪੁਰ, ਜ਼ਿਲਾ ਹੋਸ਼ਿਆਰਪੁਰ ਤਹਿਸੀਲ ਊਨਾ ਵਿਚ ਇਕ ਕਸਬਾ ਜੋ ਗੁਰੂ ਤੇਗ ਬਹਾਦਰ ਨੇ ਮਾਖੋਵਾਲ ਦੀ ਜ਼ਮੀਨ ਖਰੀਦ ਕੇ ਆਬਾਦ ਕੀਤਾ ਸੀ । ਇਥੇ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਕਿਲੇ ਬਣਵਾਏ ਸਨ ਅਤੇ ਇਸੇ ਨੂੰ ਗੁਰੂ ਸਾਹਿਬ ਨੇ ਖਾਲਸੇ ਦੀ ਬਾਸੀ ਭੀ ਕਿਹਾ ਸੀ।

ਅਹਿਮਦ ਨਗਰ, ਬੰਬਈ ਇਹਾਤੇ ਵਿਚ ਇਕ ਜ਼ਿਲੇ ਦਾ ਵੱਡਾ ਸ਼ਹਿਰ (ਤੱਲਕਾ), ਲੰਮਕਾਰ ੧੯° ੫" ਉੱਤਰੀ, ਚੜ੍ਹਕਾਰ ੭੪° ੫੫", ਸੀਨਾ ਨਦੀ ਦੇ ਲਹਿੰਦੇ ਕੰਢੇ, ਮਨਮਾਡਢੋਂਡ ਰੇਲਵੇ ਲਾਈਨ ਪੁਰ ਪੂਨੇ ਤੋਂ ੭੨ ਮੀਲ । ਇੱਥੇ ਔਰੰਗਜ਼ੇਬ ਬਾਦਸ਼ਾਹ ਦਾ ਦੇਹਾਂਤ ਹੋਇਆ ਸੀ।

ਆਗਰਾ, ਉੱਤਰ ਪ੍ਰਦੇਸ਼ ਵਿਚ ਜਮੁਨਾ ਦੇ ਸੱਜੇ ਕੰਢੇ ਇਕ ਉਘਾ ਸ਼ਹਿਰ ਜੋ ਮੁਗਲ ਬਾਦਸ਼ਾਹਾਂ ਵੇਲੇ ਦਿੱਲੀ ਨਾਲੋਂ ਦੂਸਰੀ ਥਾਂ ਪਰ ਇਕ ਰਾਜਧਾਨੀ ਦੀ ਹੈਸੀਅਤ ਰਖਦਾ ਸੀ।

ਐਤਬਾਰ ਪੁਰ, ਠੀਕ ਨਾਉਂ ਇਹਤਮਾਦ ਪੁਰ, ਆਗਰੇ ਤੋਂ ਛੇ ਕੋਹ ਦੀ ਵਿਥ ਪਰ, ਜਿਸ ਨੂੰ ਇਹਤਮਾਦ ਖਾਨ ਅਕਬਰ-ਸ਼ਾਹੀ ਨੇ ਆਬਾਦ ਕੀਤਾ ਸੀ । ਇੱਥੇ ਉਸ ਨੇ ਪੱਕੀਆਂ ਇਮਾਰਤਾਂ, ਇਕ ਬਹੁਤ ਵੱਡਾ ਤਲਾਉ ਅਤੇ ਆਪਣੇ ਲਈ ਮਕਬਰਾ ਬਣਵਾਇਆ ਸੀ। ਇਹ ਅਸਥਾਨ ਹੁਣ ਤਕ ਮੌਜੂਦ ਹੈ । ਦੇਖੋ ਫੁਟ-ਨੋਟ ਛੰਦ ੭੩੨, ਪੰਨਾ ੧੧੬ ।

ਔਰੰਗਾਬਾਦ, ਪੁਰਾਣੀ ਹੈਦਰਾਬਾਦ (ਦੱਖਣ) ਰਿਆਸਤ (ਹੁਣ ਆਂਧਰ ਪ੍ਰਦੇਸ਼) ਵਿਚ ਇਕ ਜ਼ਿਲੇ ਦਾ ਵੱਡਾ ਸ਼ਹਿਰ, ਲੰਮਕਾਰ ੧੯° ਪ੪" ਉਤਰੀ, ਚੜ੍ਹਕਾਰ ੭੫° ੨੦" ਚੜ੍ਹਦੀ, ਕਉਮ ਨਦੀ ਦੇ ਚੜ੍ਹਦੇ ਕੰਢੇ ਦੇ ਲਾਗੇ, ਖੜਕੀ ਪਿੰਡ ਦੇ ਲਾਗੇ, ਸਨ ੧੬੧੦ ਵਿਚ ਮਲਕ ਅੰਬਰ ਦਾ ਬਸਾਇਆ ਹੋਇਆ। ਪੁਰਾਣਾ ਨਾਉਂ ਫ਼ਤਿਹ ਨਗਰ ਸੀ। ਔਰੰਗਜ਼ੇਬ ਬਾਦਸ਼ਾਹ ਨੇ ਇਸ ਦਾ ਨਾਉਂ ਬਦਲ ਕੇ ਔਰੰਗਾਬਾਦ ਰਖ ਦਿੱਤਾ ਸੀ।

ਸਰਹੰਦ, ਪੰਜਾਬ ਦਾ ਇਕ ਪ੍ਰਸਿੱਧ ਕਸਬਾ, ਜੋ ਇਕ ਬਹੁਤ ਪ੍ਰਾਚੀਨ ਨਗਰ ਹੈ। ਇੱਥੇ ਮੁਸਲਮਾਨਾਂ ਦੇ ਇਕ ਪਰਸਿਧ ਪੀਰ ਸ਼ੇਖ ਅਹਿਮਦ ਸਰਹੰਦੀ ਮੁਜੱਦਦਿ-ਅਲਫ਼-ਸਾਨੀ ਦਾ ਮਕਬਰਾ ਹੈ। ਇੱਥੇ ਛੋਟੇ ਸਾਹਿਬਜ਼ਾਦੇ ਜ਼ੋਰਾਵਰ ਸਿੰਘ ਅਤੇ ਫਤਿਹ ਸਿੰਘ ਨਵਾਬ ਵਜ਼ੀਰ ਖਾਨ ਦੇ ਹੁਕਮ ਨਾਲ ੧੩ ਪੋਹ ਸੰਮਤ ੧੭੬੨, (ਸਨ ੧੭੦੫ ਈ.) ਨੂੰ ਸ਼ਹੀਦ ਕੀਤੇ ਗਏ ਸਨ। ੨੨-੨੪ ਮਈ ਸਨ ੧੭੧੦ ਈ. ਨੂੰ ਬੰਦਾ ਸਿੰਘ ਨੇ ਇਸ ਸ਼ਹਿਰ ਨੂੰ ਫਤਿਹ ਕੀਤਾ ਸੀ ਪਰ ਫੇਰ ਬਹਾਦੁਰ ਸ਼ਾਹ ਦੇ ਆਉਣ ਪਰ ਖਾਲੀ ਕਰਨਾ ਪੈ ਗਿਆ। ੧੪ ਜਨਵਰੀ ੧੭੬੪ ਨੂੰ ਸਰਦਾਰ ਜੱਸਾ ਸਿੰਘ ਆਹਲੂ-ਵਾਲੀਏ ਦੀ ਕਮਾਨ ਹੇਠਾਂ ਖ਼ਾਲਸੇ ਨੇ ਜ਼ੈਨ ਖਾਨ ਨੂੰ ਜੰਗ ਵਿਚ ਮਾਰ ਕੇ ਇੱਥੇ ਕਬਜ਼ਾ ਕੀਤਾ ਅਤੇ ਪੰਜਾਬ ਦੇ ਸਤਲੁਜੋਂ ਦਖਣ ਦੇ ਇਲਾਕੇ ਨੂੰ ਦੁੱਰਾਨੀਆਂ ਪਾਸੋਂ ਆਜ਼ਾਦ ਕਰਾਇਆ।

ਸ਼ਾਹੀ ਟਿੱਬੀ, ਨਿਰਮੋਹ ਗੜ੍ਹ ਤੋਂ ਥੋੜੀ ਵਿੱਥ ਪਰ ਤੱਖੀਆਂ ਪਿੰਡ ਦੀ ਜ਼ਮੀਨ ਵਿਚ ਰੁਸਤਮ ਖਾਨ ਦੀ ਦਰਗਾਹ ਦੀ ਥਾਂ। ਇਸੇ ਅਸਥਾਨ ਪਰ ਭਾਈ ਉਦੇ ਸਿੰਘ ਨੇ ੭ ਪੋਹ ੧੭੬੨ ਬਿ. ਨੂੰ ਸ਼ਹੀਦੀ ਪਾਈ ਸੀ। ਸ਼ਹੀਦ ਬਿਲਾਸ ਭਾਈ ਮਨੀ ਸਿੰਘ, ਪੰਨਾ ੩੦, ਫੁਟ ਨੋਟ ਦੂਸਰਾ।

ਹੰਡੂਰ, ਹੰਡੂਰ, ਹਿੰਡੂਰ, ਹਣ ਇਹ ਨਾਲਾ ਗੜ੍ਹ ਕਰਕੇ ਪਰਸਿਧ ਹੈ। ਕਹਿਲੂ ਬੰਸੀਏ ਜੀਤ ਚੰਦ ਨੇ ਨਾਲਾ ਗੜ੍ਹ ਨੂੰ ਫਤਿਹ ਕਰ ਕੇ ਇਸ ਨੂੰ ਆਪਣੀ ਰਾਜਧਾਨੀ ਬਣਾ ਲਿਆ ਸੀ।

ਕਹਲੂਰ, ਦੇਖੋ ਕਹਿਲੂਰ।

ਕਹਿਲੂਰ, ਪੁਰਾਣੀ ਰਿਆਸਤ ਬਿਲਾਸਪੁਰ ਦਾ ਇਲਾਕਾ, ਜਿਥੇ ਦੇ ਰਾਜਾ ਭੀਮ ਚੰਦ ਨੇ ਜਾਤ ਪਾਤ ਦੇ ਅਭਿਮਾਨ ਅਤੇ ਈਰਖਾ ਕਰਕੇ ਖਾਹਮੁਖਾਹ ਫ਼ਤਿਹ ਸ਼ਾਹ ਗੜ੍ਹਵਾਲੀਏ ਨੂੰ ਮੋਹਰੇ ਲਾ ਕੇ ਗੁਰੂ ਗੋਬਿੰਦ ਸਿੰਘ ਜੀ ਨਾਲ ਲੜਾਈ ਸਹੇੜੀ ਸੀ।

ਕਲਮੋਟ, ਜ਼ਿਲਾ ਹੁਸ਼ਿਆਰਪੁਰ, ਤਹਿਸੀਲ ਊਨਾ, ਥਾਣਾ ਨੂਰਪੁਰ ਵਿਚ ਇਕ ਪਿੰਡ ਜਿਸ ਦੇ ਵਸਨੀਕਾਂ ਨੇ ਇਕ ਵਾਰੀ ਆਨੰਦਪੁਰ ਨੂੰ ਜਾਂਦੀ ਸਿੱਖਾਂ ਦੀ ਸੰਗਤ ਲੁੱਟ ਲਈ ਸੀ। ਪਿੱਛੇ ਰਹੇ ਸਿੱਖਾਂ ਵਿਚੋਂ ਦੋ ਜਾਨੋਂ ਹੀ ਮਾਰ ਦਿੱਤੇ ਸਨ। ਜਦ ਗੁਰੂ ਜੀ ਨੂੰ ਖਬਰ ਹੋਈ ਤਾਂ ਉਨ੍ਹਾਂ ਨੇ ਚੜ੍ਹਾਈ ਕਰ ਕੇ ਕਲਮੋਟੀਆਂ ਨੂੰ ਜੋਗ ਦੰਡ ਦਿੱਤਾ (੧੯ ਕੱਤਕ ਸੰਮਤ ੧੭੫੭ ਬਿ., ੨੦ ਅਕਤੂਬਰ, ਸਨ ੧੭੦੦ ਈ.—ਭੱਟ ਬਹੀ ਮੁਲਤਾਨੀ ਸਿੰਧੀ)। ਰਾਜਾ ਕਹਿਲੂਰ ਨੇ ਗੁਰੂ ਜੀ ਪਾਸੋਂ ਖਿਮਾ ਮੰਗੀ। ਇਸ ਪਿੰਡ ਨੂੰ ਖੇੜਾ ਕਲਮੋਟ ਭੀ ਕਹਿੰਦੇ ਹਨ।

ਕਾਂਗੜ, ਜ਼ਿਲਾ ਲੁਧਿਆਣਾ, ਦਿਆਲਪੁਰਾ ਭਾਈਕਾ ਦੇ ਲਾਗੇ ਚੜ੍ਹਦੇ ਨੂੰ ਦੋ ਕੁ ਮੀਲ

ਡ੍ਹਾਈ ਰੂਪਾ ਤੋਂ ਉੱਤਰ ਚੜ੍ਹਦੇ ਨੂੰ ਪੰਜ ਮੀਲ, ਭਦੌੜ ਤੋਂ ਲਹਿੰਦੇ ਉੱਤਰ ਨੂੰ ਪੰਜ ਮੀਲ, ਫੂਲ ਮੰਡੀ ਰੇਲਵੇ ਸਟੇਸ਼ਨ ਤੋਂ ਪੰਦਰਾ ਕੁ ਮੀਲ ਉੱਤਰ ਨੂੰ ਹੈ।

ਗੁਲਏਰ (ਗਵਾਲੀਅਰ), ਪੁਰਾਣੀ ਗਵਾਲੀਅਰ ਰਿਆਸਤ ਦੀ ਰਾਜਧਾਨੀ ਜੋ ਹੁਣ ਮਧ-ਭਾਰਤ ਵਿਚ ਹੈ। ਇਸਦੇ ਉੱਤਰ ਚੜ੍ਹਦੇ ਨੂੰ ਇਟਾਵਾ ਜ਼ਿਲਾ (ਉੱਤਰ ਪ੍ਰਦੇਸ਼) ਹੈ ਅਤੇ ਦੱਖਣ ਨੂੰ ਨਰਵੜ ਦਾ ਇਲਾਕਾ।

ਚਮਕੌਰ, ਪੰਜਾਬ ਦੀ ਤਹਿਸੀਲ ਰੋਪੜ ਵਿਚ ਇਕ ਪਿੰਡ ਜਿਥੇ ਆਨੰਦਪੁਰ ਛੱਡਣ ਉਪਰੰਤ ਸ਼ਾਹੀ ਫੌਜ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਥੋੜੇ ਜਿਹੇ ਸਾਥੀਆਂ ਨੂੰ ਜਾ ਘੇਰਿਆ ਅਤੇ ਜੁਧ ਵਿਚ ਦੋ ਸਾਹਿਬਜ਼ਾਦੇ ਅਜੀਤ ਸਿੰਘ ਅਤੇ ਜੁਝਾਰ ਸਿਘ ਅਤੇ ਕਈ ਸਿੰਘ ਸ਼ਹੀਦ ਹੋ ਗਏ ਸਨ। ਇਹ ਗੱਲ ੮ ਪੋਹ ਸੰਮਤ ੧੭੬੨ ਦੀ ਹੈ।

ਚੰਬਲ, ਨਦੀ ਜੋ ਇੰਦੌਰ ਦੇ ਇਲਾਕੇ ਵਿਚੋਂ ਨਿਕਲ ਕੇ ਬੂੰਦੀ ਅਤੇ ਕੋਟਾ ਦੀ ਹੱਦ ਬਣਾਉਂਦੀ ਹੋਈ ਮਧ-ਭਾਰਤ ਦੇ ਉੱਤਰ-ਲਹਿੰਦੇ ਅਤੇ ਰਾਜਸਥਾਨ ਦੇ ਚੜ੍ਹਦੇ ਦੱਖਣ ਹੋ ਕੇ ਗਵਾਲੀਅਰ ਦੇ ਉੱਤਰੋ ਉੱਤਰ ਇਟਾਵਾ ਸ਼ਹਿਰ ਤੋਂ ੨੫ ਮੀਲ ਲਹਿੰਦੇ-ਦੱਖਣ ਨੂੰ ਜਮੁਨਾ ਨਦੀ ਨਾਲ ਜਾ ਮਿਲਦੀ ਹੈ।

ਚੀਤਉਰ (ਚਤੌੜ), ਰਾਜਸਥਾਨ ਵਿਚ ਉਦੇਪੁਰ (ਮੇਵਾੜ) ਦੀ ਪੁਰਾਣੀ ਰਾਜਪੂਤ ਰਿਆਸਤ ਦਾ ਇਕ ਉਘਾ ਕਸਬਾ ਅਤੇ ਕਿਲਾ, ਲਸਕਰ ੨੫° ੫੩" ਉਤਰੀ, ਅਤੇ ਚੁੜਕਾਰ ੭੪° ੩੯" ਚੜ੍ਹਦੀ। ਇਸ ਤੋਂ ਅਧ ਕੁ ਮੀਲ ਪਰ ਗੰਭੀਰ ਨਦੀ ਹੈ। ਇਕ ਪੁਰਾਣੀ ਕਥਾ ਅਨੁਸਾਰ ਚਿਤੌੜ ਦਾ ਕਿਲਾ ਪਾਂਡੋ ਭਰਾਵਾਂ ਵਿਚੋਂ ਭੀਮ ਨੇ ਬਣਾਇਆ ਸੀ। ਇਥੇ ਬੁੱਧਾਂ ਅਤੇ ਜੈਨੀਆਂ ਦੀਆਂ ਪੁਰਾਣੀਆਂ ਯਾਦਗਾਰਾਂ ਹਨ ਅਤੇ ਦੋ ਬੜੇ ਉੱਘੇ ਮਿਨਾਰ, ਕੀਰਤੀ-ਸਤੰਭ ਅਤੇ ਜੈ-ਸਤੰਭ ਹਨ। ਜਦ ਗੁਰੂ ਗੋਬਿੰਦ ਸਿੰਘ ਜੀ ਬਹਾਦੁਰ ਸ਼ਾਹ ਬਾਦਸ਼ਾਹ ਦੇ ਨਾਲ ਦੱਖਣ ਨੂੰ ਜਾ ਰਹੇ ਸਨ ਤਾਂ ਇੱਥੇ ਚਿਤੌੜ ਦੇਖਣ ਗਏ ਕੁਝ ਸਿੰਘਾਂ ਨਾਲ ਚਿਤੌੜੀਆਂ ਦੀ ਝੜਫ ਹੋ ਗਈ ਜਿਸ ਵਿਚ ਜ਼ੋਰਾਵਰ ਸਿਘ ਦੂਸਰਾ ਮਾਰਿਆ ਗਿਆ। ਇਥੇ ਦੀ ਇਸ ਲੜਾਈ ਦਾ ਜ਼ਿਕਰ ਤਵਾਰੀਖ ਮੁਅੱਜ਼ਮ ਸ਼ਾਹ ਵਿਚ ਭੀ ਆਇਆ ਹੈ। ਦੇਖੋ ਮਾਖਿਜ਼-ਤਵਾਰੀਖਿ-ਸਿੱਖਾਂ। ਇਸ ਜ਼ੋਰਾਵਰ ਸਿਘ ਲਈ ਦੇਖੋ ਭੂਮਿਕਾ।

ਜਾਜਉ, ਆਗਰੇ ਅਤੇ ਧਉਲਪੁਰ ਦੇ ਵਿਚਕਾਰ, ਦੋਹਾਂ ਪਾਸਿਆਂ ਤੋਂ ਇਕ ਇਕ ਰੇਲਵੇ ਸਟੇਸ਼ਨ ਛਡ ਕੇ, ਆਗਰੇ ਤੋਂ ੨੫ ਅਤੇ ਧਉਲਪੁਰੋਂ ੨੭ ਕਿਲੋਮੀਟਰ, ਜਿਥੇ ਬਹਾਦੁਰ ਸ਼ਾਹ ਅਤੇ ਆਜ਼ਮ ਦੇ ਵਿਚਕਾਰ ੮ ਜੂਨ, ਸਨ ੧੭੦੭ ਨੂੰ ਲੜਾਈ ਹੋਈ ਸੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਬਹਾਦੁਰ ਸ਼ਾਹ ਦੀ ਸਹਾਇਤਾ ਲਈ ਕੁਝ ਸਿੰਘ ਭੇਜੇ ਸਨ।

ਜੋਧਪੁਰ, ਪੁਰਾਣੇ ਰਾਜਪੂਤਾਨੇ (ਰਾਜਸਥਾਨ) ਦੀ ਇਕ ਰਾਜਪੂਤ ਰਿਆਸਤ ਜਿਸ ਦੀ ਰਾਜਧਾਨੀ ਦਾ ਨਾਉਂ ਭੀ ਜੋਧਪੁਰ ਹੀ ਸੀ।

ਜੰਮੂ, ਜੰਮੂ-ਕਸ਼ਮੀਰ ਪ੍ਰਦੇਸ਼ ਦਾ ਦੂਸਰਾ ਮੁਖ ਅਸਥਾਨ।

ਡਹਰਾ ਬਾਗ, ਦਹਿਰ-ਆਰਾਇ ਬਾਗ, ਜੋ ਆਗਰੇ ਦੇ ਨਜ਼ਦੀਕ ਹੈ।

ਤਾਪਤੀ, ਇਕ ਨਦੀ ਜੋ ਮਧ ਪ੍ਰਦੇਸ਼ ਦੇ ਬੇਤੂਲ (ਸਤ ਪੁੜਾ ਪਰਬਤ) ਇਲਾਕੇ ਵਿਚੋਂ

ਨਿਕਲ ਕੇ ਨਿਮਾਰ ਜ਼ਿਲੇ ਵਿਚ ਦੀ ਹੋ ਕੇ ਚੜ੍ਹਦੇ ਅਤੇ ਲਹਿੰਦੇ ਖਾਂਦੇਸ ਵਿਚ ਦੀ ਹੁੰਦੀ ਹੋਈ ਸੂਰਤ ਦੇ ਦੱਖਣ ਨੂੰ ਸਮੁੰਦਰ ਵਿਚ ਜਾ ਡਿਗਦੀ ਹੈ।

ਦਾਰਾਪੁਰ, ਦਿੱਲੀ ਸ਼ਹਿਰ ਦਾ ਇਕ ਹਿੱਸਾ।

ਦੀਨਾ, ਤਹਿਸੀਲ ਮੋਗਾ ਵਿਚ ਕਾਂਗੜ ਪਿੰਡ ਤੋਂ ਡੇਢ ਕੁ ਮੀਲ ਉੱਤਰ ਨੂੰ, ਭਦੌੜ ਤੋਂ ਛੇ ਮੀਲ ਉੱਤਰ-ਲਹਿੰਦੇ ਅਤੇ ਰਾਜਪੁਰਾ-ਬਠਿੰਡਾ ਰੇਲਵੇ ਲਾਈਨ ਦੇ ਰਾਮਪੁਰਾ ਮੰਡੀ ਸਟੇਸ਼ਨ ਤੋਂ ੧੬ ਮੀਲ ਉੱਤਰ ਨੂੰ ਹੈ। ਦਿਆਲਪੁਰ ਭਾਈਕਾ ਇਥੋਂ ਸਾਢੇ ਤਿੰਨ ਮੀਲ ਦੱਖਣ-ਲਹਿੰਦੇ ਨੂੰ ਹੈ।

ਦਿਆਲ ਪੁਰਾ (ਦਯਾਲ ਪੁਰਾ ਭਾਈਕਾ), ਕਾਂਗੜੇ ਦੇ ਲਾਗੇ ਲਹਿੰਦੇ ਪਾਸੇ ਇਕ ਪਿੰਡ ਜਿਥੇ ਜ਼ਫ਼ਰਨਾਮਾ ਸਾਹਿਬ ਗੁਰਦੁਆਰਾ ਬਣਿਆ ਹੋਇਆ ਹੈ। ਇਹ ਭਾਈ ਰੂਪੇ ਤੋਂ ਉੱਤਰ ਨੂੰ ਚਾਰ ਮੀਲ ਅਤੇ ਭਦੌੜ ਤੋਂ ਲਹਿੰਦੇ-ਉੱਤਰ ਨੂੰ ਸੱਤ ਕੁ ਮੀਲ ਹੈ।

ਦਿੱਲੀ, ਭਾਰਤ (ਹਿੰਦੁਸਤਾਨ) ਦੀ ਰਾਜਧਾਨੀ। ਇਸ ਨੂੰ ਸ਼ਾਹਜ਼ਹਾਨਾਬਾਦ ਭੀ ਕਹਿੰਦੇ ਸਨ।

ਨਦਵਨ, ਨਾਦਵਨ, ਨਾਦਉਣ, ਨਾਦੌਣ-ਦੇਖੋ ਨਾਦਵਣ।

ਨਰਬਦਾ, ਨਰਬਦਾ ਨਦੀ ਜੋ ਰੇਵਾ (ਮਧ ਪ੍ਰਦੇਸ਼) ਵਿਚ ਸਤਪੁੜਾ ਪਰਬਤ ਦੇ ਉੱਤਰ-ਚੜ੍ਹਦਿਓਂ ਅਮਰ ਕੰਟਕ ਦੀ ਚੋਟੀ ਤੋਂ ਨਿਕਲ ਕੇ ਵਿੰਧੀਆ ਪ੍ਰਦੇਸ਼ ਅਤੇ ਭੂਪਾਲ ਦੇ ਦੱਖਣ ਦੀ ਹੋ ਕੇ ਮਧ-ਭਾਰਤ ਵਿਚੋਂ ਦੀ ਲੰਘਦੀ ਹੋਈ ਬੜੋਚ ਦੇ ਦੱਖਣ ਨੂੰ ਸਮੁੰਦਰ ਵਿਚ ਜਾ ਡਿਗਦੀ ਹੈ। ਇਸ ਨਦੀ ਨੂੰ ਉੱਤਰੀ ਭਾਰਤ ਅਤੇ ਦੱਖਣ ਦੀ ਹੱਦ ਭੀ ਕਿਹਾ ਜਾਂਦਾ ਹੈ।

ਨਾਦਵਣ (ਨਾਦੌਣ), ਹਿਮਾਚਲ ਪ੍ਰਦੇਸ਼ ਵਿਚ ਜ਼ਿਲਾ ਕਾਂਗੜਾ ਦੀ ਹਮੀਰ ਪੁਰ ਤਹਿਸੀਲ ਵਿਚ ਇਕ ਛੋਟਾ ਜਿਹਾ ਕਸਬਾ ਜੋ ਕਾਂਗੜੇ ਤੋਂ ਦੱਖਣ-ਚੜ੍ਹਦੇ ਨੂੰ ਬਿਆਸਾ ਨਦੀ ਦੇ ਖੱਬੇ ਕੰਢੇ ਹੈ। ਇਥੇ ਮੀਆਂ ਖਾਨ (ਹਿਫਜ਼ੁੱਲਾ ਖਾਨ) ਦੇ ਭਤੀਜੇ ਅਲਫ਼ ਖਾਨ ਦੇ ਵਿਰੁੱਧ ਗੁਰੂ ਗੋਬਿੰਦ ਸਿੰਘ ਜੀ ਨੇ ਭੀਮ ਚੰਦ ਕਹਿਲੂਰੀਏ ਦੀ ਬੇਨਤੀ ਪ੍ਰਵਾਨ ਕਰ ਕੇ ਸਹਾਇਤਾ ਕੀਤੀ ਸੀ (ਦੇਖੋ ਧਿਆਇ ਤੀਸਰਾ, ਛੰਦ ੯੨-੧੦੪)।

ਨਾਦੇੜ, ਪੁਰਾਣੀ ਹੈਦਰਾਬਾਦ ਰਿਆਸਤ ਵਿਚ ਜ਼ਿਲਾ ਅਸਥਾਨ, ਗੋਦਾਵਰੀ ਨਦੀ ਦੇ ਉੱਤਰੀ ਖੱਬੇ ਹੈ। ਇਥੇ ਗੁਰੂ ਗੋਬਿੰਦ ਸਿੰਘ ਜੀ ਨੇ ੩ ਸਤੰਬਰ ਸਨ ੧੭੦੮ ਨੂੰ ਮਾਧੋਦਾਸ ਬੈਰਾਗੀ ਨੂੰ ਸਿੰਘ ਸਜਾ ਕੇ ਉਸਦਾ ਨਾਉਂ ਬੰਦਾ ਸਿੰਘ ਰਖਿਆ। ਇੱਥੇ ਹੀ ਆਪ ਨੂੰ ਸਰਹੰਦ ਦੇ ਨਵਾਬ ਵਜ਼ੀਰ ਖਾਨ ਦੇ ਭੇਜੇ ਹੋਏ ਇਕ ਪਠਾਣ ਨੇ ਜ਼ਖਮੀ ਕੀਤਾ ਅਤੇ ਇੱਥੇ ਹੀ ੬-੭ ਅਕਤੂਬਰ ਸਨ ੧੭੦੮ ਦੀ ਰਾਤ ਨੂੰ ਆਪ ਦਾ ਦੇਹਾਂਤ ਹੋ ਗਿਆ। ਇੱਥੇ ਆਪ ਦੀ ਯਾਦ ਵਿਚ ਅਬਚਲ ਨਗਰ ਹਜ਼ੂਰ ਸਾਹਿਬ ਗੁਰਦੁਆਰਾ ਹੈ।

ਨਿਰਮੋਹ, ਜ਼ਿਲਾ ਅੰਬਾਲਾ, ਤਹਿਸੀਲ ਰੋਪੜ, ਪਿੰਡ ਹਰ-ਦੋ-ਨਿਰਮੋਹ, ਜਿਥੇ ਗੁਰੂ ਗੋਬਿੰਦ ਸਿੰਘ ਜੀ ਦਾ ਕਿਲਾ ਸੀ ਅਤੇ ਕੁਝ ਚਿਰ ਆਪ ਇਥੇ ਬਿਸ੍ਰਾਮ ਲਈ ਆ ਠਹਿਰੇ ਸਨ। ਇਹ ਅਸਥਾਨ ਕੀਰਤਪੁਰ ਦੇ ਲਾਗੇ ਹੈ (ਛੰਦ ੩੩੬-੭, ੩੭੪)। ਭੱਟ-ਬਹੀ ਸਿੰਧੀ ਮੁਲਤਾਨੀ ਅਨੁਸਾਰ ਨਿਰਮੋਹ ਦਾ ਜੁੱਧ ੭ ਕੱਤਕ ਸੰਮਤ ੧੭੫੭ ਬਿ., ੮ ਅਕਤੂਬਰ ਸਨ ੧੭੦੦ ਈ. ਨੂੰ ਹੋਇਆ ਸੀ।

ਪਾਂਵਟਾ, ਨਾਹਣ ਦੇ ਇਲਾਕੇ ਵਿਚ ਇਕ ਤਹਿਸੀਲ ਜਿਥੇ ਗੁਰੂ ਗੋਬਿੰਦ ਸਿੰਘ ਜੀ ਕੁਝ ਸਮੇਂ ਲਈ ਟਿਕੇ ਸਨ। ਇਥੇ ਆਪ ਦੀ ਯਾਦ ਵਿਚ ਗੁਰਦੁਆਰਾ ਹੈ। ਇਥੇ ਆਪ ਨੇ ਆਪਣੀਆਂ ਕੁਝ ਰਚਣਾਂ ਕੀਤੀਆਂ ਅਤੇ ਇਥੋਂ ੮ ਮੀਲ ਅੱਗੇ ਜਾ ਕੇ ਭੰਗਾਣੀ ਵਿਚ ਆਪ ਨੇ ਫਤਿਹ ਸ਼ਾਹ ਗੜ੍ਹਵਾਲੀਏ ਅਤੇ ਭੀਮ ਚੰਦ ਕਹਿਲੂਰੀਏ ਆਦਿ ਨੂੰ ਹਾਰ ਦਿੱਤੀ ਸੀ। ਇਹ ਆਪ ਦੀ ਪਹਿਲੀ ਲੜਾਈ ਸੀ। (ਅਧਿਆਇ ੨, ਛੰਦ ੪੨-੬੧; ਬਚਿਤ੍ਰ ਨਾਟਕ, ਅਧਿਆਇ ੮)।

ਬਸਾਲੀ, ਕੀਰਤਪੁਰ ਦੇ ਸੋਹੇਂ, ਸਤਲੁਜੋਂ ਪਾਰ, ਜ਼ਿਲਾ ਹੋਸ਼ਿਆਰਪੁਰ ਵਿਚ ਇਕ ਪਿੰਡ। ਭੱਟ ਬਹੀਆਂ ਅਨੁਸਾਰ ਬਸਾਲੀ ਦੀ ਲੜਾਈ ੧੨-੧੩ ਕੱਤਕ ਸੰਮਤ ੧੭੫੭ ਬਿ., ੧੩-੧੪ ਅਕਤੂਬਰ ਸਨ ੧੭੦੦ ਈ. ਨੂੰ ਹੋਈ ਸੀ।

ਬਰਵਾ, ਜ਼ਿਲਾ ਹੋਸ਼ਿਆਰਪੁਰ ਤਹਿਸੀਲ ਊਨਾ, ਥਾਣਾ ਨੂਰਪੁਰ ਵਿਚ ਇਕ ਪਿੰਡ, ਜਿਸ ਨੂੰ ਦਿਲਾਵਰ ਖਾਨ ਦੇ ਪੁੱਤਰ (ਖਾਨਜ਼ਾਦਾ) ਨੇ ਅਨੰਦਪੁਰੋਂ ਬਿਨਾਂ ਲੜਾਈ ਹੀ ਡਰ ਕੇ ਭਜ ਆਏ ਨੇ ਉਜਾੜ ਦਿੱਤਾ ਸੀ (ਧਿਆਇ ੪ : ੭-੧੧੭; ਬਚਿਤ੍ਰ ਨਾਟਕ, ੧੦ : ੯)।

ਬਾਘੋਰ, ਪੁਰਾਣੀ ਉਦੇ ਪੁਰ ਰਿਆਸਤ (ਰਾਜਸਥਾਨ) ਦੇ ਇਕ ਪਰਗਨੇ ਦਾ ਕਸਬਾ, ਜੋ ਲੰਮਕਾਰ ੨੫° ੨੨″ ਉੱਤਰੀ ਅਤੇ ਚੜ੍ਹਕਾਰ ੭੪° ੨੩″ ਚੜ੍ਹਦੇ ਦੇ ਮੇਲ ਤੇ ਬਨਾਸ ਨਦੀ ਦੀ ਇਕ ਸ਼ਾਖ ਕੋਠਾਰੀ ਨਦੀ ਦੇ ਲਹਿੰਦੇ ਕੰਢੇ ਪਰ, ਉਦੇ ਪੁਰ ਸ਼ਹਿਰ ਤੋਂ ੭੦ ਮੀਲ ਉੱਤਰ-ਚੜ੍ਹਦੇ ਨੂੰ।

ਬਾਨ ਗੰਗਾ (ਪੈਨ ਗੰਗਾ), ਇਕ ਨਦੀ ਜੋ ਖਾਨਦੇਸ ਦੇ ਇਲਾਕੇ ਚੋਂ ਨਿਕਲ ਕੇ ਬਲਡਾਨਾ, ਹਾਦ ਗਾਉਂ ਦੇ ਪਾਸੇ ਦੀ ਵਗਦੀ ਹੋਈ ਚਾਂਦਾ ਸ਼ਹਿਰ ਪਾਸੋਂ ਵਾਰਧਾ ਨਦੀ ਨੂੰ ਨਾਲ ਲੈ ਕੇ ਪ੍ਰਣਹੀਤਾ ਨਾਉਂ ਨਾਲ ਸਿਰੋਂਚਾ ਪਾਸ ਗੋਦਾਵਰੀ ਨਾਲ ਜਾ ਰਲਦੀ ਹੈ। ਨੰਦੇੜ ਤੋਂ ਹਾਦ ਗਾਉਂ ੩੦-੩੫ ਮੀਲ ਉੱਤਰ-ਚੜ੍ਹਦੇ ਨੂੰ ਹੈ। ਇਥੇ ਇਸ ਦਾ ਨਾਉਂ ਪੈਨ ਗੰਗਾ ਹੈ।

ਬਿਦਰਾਬਨ (ਬ੍ਰਿੰਦਾਬਨ, ਵਰਿੰਦਾਵਨ), ਉੱਤਰ ਪ੍ਰਦੇਸ਼ ਦੇ ਮਥੁਰਾ ਜ਼ਿਲੇ ਵਿਚ ਇਕ ਕਸਬਾ, ਜਿਥੇ ਸ੍ਰੀ ਕਿਸ਼ਨ ਨੇ ਆਪਣੇ ਜਵਾਨੀ ਦੇ ਦਿਨ ਗੁਜ਼ਾਰੇ ਅਤੇ ਜਿਥੇ ਰਾਧਾ ਰਹਿੰਦੀ ਸੀ। ਇਹ ਹਿੰਦੂਆਂ ਦਾ ਉੱਘਾ ਪਵਿਤ੍ਰ ਤੀਰਥ ਅਸਥਾਨ ਹੈ।

ਬੁਰਹਾਨਪੁਰ, ਮੱਧ-ਪ੍ਰਦੇਸ਼ ਦੇ ਨਿਮਾਰ ਜ਼ਿਲੇ ਦੀ ਤਹਿਸੀਲ ਅਸਥਾਨ, ਲੰਮਕਾਰ ੨੧° ੧੮″ ਉਤਰੀ ਚੜ੍ਹਕਾਰ ੭° ੧੪″ ਚੜ੍ਹਾਈ, ਬੰਬਈ ਤੋਂ ੩੧੦ ਮੀਲ ਲਾਲ ਬਾਗ ਰੇਲਵੇ ਸਟੇਸ਼ਨ ਤੋਂ ਦੋ ਮੀਲ, ਬੁਸਾਵਲ ਅਤੇ ਖੰਡਵੇ ਦੇ ਵਿਚਕਾਰ, ਖੰਡਵੇ ਤੋਂ ਦੱਖਣ ਨੂੰ। ਬੁਰਹਾਨਪੁਰ ਦੇ ਸਿੰਧੀ ਮਹੱਲੇ ਵਿਚ ਮਾਤਾ ਸੁੰਦਰੀ ਦੇ ਲੈ-ਪਾਲਕ (ਅਤੇ ਤਿਆਗ ਦਿੱਤੇ) ਪੁੱਤਰ ਅਜੀਤ ਸਿੰਘ ਦੇ ਪੁੱਤਰ ਹਠੀ ਸਿੰਘ ਦਾ ਅਸਥਾਨ ਹੈ।

ਭੰਗਾਣੀ, ਜ਼ਿਲਾ ਨਾਹਣ, ਹਿਮਾਚਲ ਪ੍ਰਦੇਸ਼ ਦੀ ਤਹਿਸੀਲ ਪਾਵਟਾ ਦੇ ਥਾਨਾ ਮਾਜਰਾ ਵਿਚ ਇਕ ਪਿੰਡ ਜੋ ਪਾਂਵਟੇ ਤੋਂ ੭-੮ ਮੀਲ ਚੜ੍ਹਦੇ ਨੂੰ ਜਮੁਨਾ ਦੇ ਕੰਢੇ ਹੈ। ਇਥੋਂ ਜਮੁਨਾ ਦੇ ਪਾਰ ਪਿੰਡ ਚੂਹੜ ਪੁਰ ਹੈ ਜਿਸ ਦਾ ਨਵਾਂ ਨਾਉਂ ਹੁਣ ਵਿਕਾਸ ਨਗਰ ਰਖਿਆ ਗਿਆ ਹੈ। ਸਹਾਰਨਪੁਰ ਦੇ ਰਸਤਿਓਂ ਜਾਣ ਪਰ ਪਹਿਲਾਂ ਹਰਬਰਟਪੁਰ

ਆਉਂਦਾ ਹੈ ਅਤੇ ਫੇਰ ਚੂਹੜ ਪੁਰ । ਇੱਥੇ ਜਮੁਨਾ ਨਦੀ ਪਰ ਨਵਾਂ ਪੁਲ ਬਣਿਆ ਹੈ । ਚੂਹੜਪੁਰੋਂ ਜਮੁਨਾਂ ਦੇ ਨਾਲੋਂ ਨਾਲ ਹੇਠਾਂ ਜਾ ਕੇ ਕੁਝ ਵਿਥ ਤੇ ਭੰਗਾਣੀ ਦੇ ਰੂਬਰੂ ਤਾਰਾਂ ਦੇ ਰੱਸਿਆਂ ਨਾਲ ਝੂਲਾ ਬਣਿਆ ਹੋਇਆ ਹੈ ਜਿਸ ਪਰ ਲਟਕਦੇ ਪੁਲੀ ਨਾਲ ਸਰਕਦੇ ਫੱਟਿਆਂ ਪਰ ਬੈਠ ਕੇ ਲੋਕੀਂ ਪਾਰ ਹੁੰਦੇ ਹਨ । ਭੰਗਾਣੀ ਦੇ ਅਸਥਾਨ ਤੇ ਜਮੁਨਾ ਦੇ ਕੰਢੇ ਗੁਰੂ ਗੋਬਿੰਦ ਸਿੰਘ ਜੀ ਦੀ ਪਹਾੜੀ ਰਾਜਿਆਂ (ਫ਼ਤਿਹ ਸ਼ਾਹ ਗੜ੍ਹਵਾਲੀਏ, ਭੀਮ ਚੰਦ ਕਹਿਲੂਰੀਏ, ਆਦਿ) ਨਾਲ ਪਹਿਲੀ ਲੜਾਈ ਹੋਈ ਸੀ ।

ਮਥੁਰਾ, ਉੱਤਰ ਪ੍ਰਦੇਸ਼ ਵਿਚ ਪਰਸਿਧ ਹਿੰਦੂ ਤੀਰਥ । ਇਥੇ ਗੁਰੂ ਨਾਨਕ, ਗੁਰੂ ਹਰਿ ਗੋਬਿੰਦ ਗੁਰੂ ਤੇਗ ਬਹਾਦੁਰ ਅਤੇ ਗੁਰੂ ਗੋਬਿੰਦ ਸਿੰਘ ਜੀ ਪਧਾਰੇ ਸਨ । ਛੇਵੇਂ ਗੁਰੂ ਸਾਹਿਬ ਦਾ ਗੁਰਦੁਆਰਾ ਚੋਬਿਆਂ ਦੇ ਘਰ ਵਿਚ ਹੈ ਅਤੇ ਕੰਸ ਦੇ ਟਿੱਲੇ ਪਰ ਨੌਵੇਂ ਗੁਰੂ ਜੀ ਦਾ ਗੁਰਦੁਆਰਾ ਹੈ ।

ਮਾਰਾਵਰ, ਮਾਰੂਥਲ ਜਾਂ ਮਾਰੂ ਇਲਾਕਾ, ਪੁਰਾਣੀ ਜੋਧਪੁਰ ਰਿਆਸਤ ।

ਮਾਲਵਾ, ਪੰਜਾਬ ਦੇ ਜ਼ਿਲਾ ਫੀਰੋਜ਼ਪੁਰ, ਫਰੀਦਕੋਟ, ਲੁਧਿਆਣਾ, ਪਟਿਆਲਾ, ਨਾਭਾ ਅਤੇ ਜੀਂਦ ਦਾ ਇਲਾਕਾ ਜਿਸ ਨੂੰ ਪੁਰਾਣੇ ਸਮੇਂ ਵਿਚ (ਮਰੂ ਅਣਸਿੰਜਿਆ) ਜੰਗਲ ਦਾ ਇਲਕਾ ਕਹਿੰਦੇ ਸਨ । ਗੁਰੂ ਗੋਬਿੰਦ ਸਿੰਘ ਜੀ ਨੇ ਇਸ ਨੂੰ ਮਾਲਵਾ ਕਹਿ ਕੇ ਨਿਵਾਜਿਆ ਸੀ ।

ਰਾਜਪੂਤਾਨਾ, ਰਾਜਪੂਤਾਂ ਦਾ ਇਲਾਕਾ, ਖਾਸ ਕਰ ਕੇ ਉਹ ਇਲਾਕਾ ਜਿਸ ਦੇ ਲਹਿੰਦੇ ਪਾਸੇ ਸਿੰਧ, ਚੜ੍ਹਦੇ ਪਾਸੇ ਪੰਜਾਬ. ਹਰਿਆਣਾ ਅਤੇ ਬੁੰਦੇਲਖੰਡ, ਉੱਤਰ ਨੂੰ ਬਹਾਵਲਪੁਰ (ਪਾਕਿਸਤਾਨ) ਅਤੇ ਦੱਖਣ ਨੂੰ ਵਿੰਧੀਆ ਪਰਬਤ ਦੀ ਲੜੀ (ਮੱਧ ਪ੍ਰਦੇਸ਼) ਹੈ । ਹਿੰਦੁਸਤਾਨ ’ਚੋਂ ਅੰਗਰੇਜਾਂ ਦੇ ਜਾਣ ਤੋਂ ਪਹਿਲਾਂ ਇਸ ਵਿਚ, ਬੀਕਾਨੇਰ, ਜੋਧਪੁਰ, ਉਦੇਪੁਰ, ਕਿਸ਼ਨਗੜ੍ਹ, ਕੋਟਾ, ਬੂੰਦੀ, ਜੈਪੁਰ ਅਤੇ ਜੈਸਲਮੇਰ ਤੋਂ ਇਲਾਵਾ ਹੋਰ ਕਈ ਛੋਟੀਆਂ ਛੋਟੀਆਂ ਰਿਆਸਤਾਂ ਸਨ ਅਤੇ ਅਜਮੇਰ ਦਾ ਇਲਾਕਾ ਭੀ ਰਾਜਪੂਤਾਨੇ ਵਿਚ ਹੀ ਸ਼ਾਮਲ ਸੀ । ਹੁਣ ਇਸ ਦਾ ਨਾਉਂ ਰਾਜਸਥਾਨ ਹੈ ਅਤੇ ਅਲਵਰ, ਭਰਤਪੁਰ, ਧਉਲਪੁਰ ਦੀਆਂ ਜੱਟਾਂ ਦੀਆਂ ਰਿਆਸਤਾਂ ਭੀ ਇਸੇ ਵਿਚ ਮਿਲਾ ਦਿੱਤੀਆਂ ਗਈਆਂ ਹਨ ।

ਲਾਹੌਰ, ਪੰਜਾਬ ਦੀ ਰਾਜਧਾਨੀ । ਸਨ ੧੯੪੭ ਵਿਚ ਪੰਜਾਬ ਦੀ ਵੰਡ ਤੋਂ ਬਾਦ ਇਹ ਪਾਕਿਸਤਾਨ ਵਿਚ ਚਲਾ ਗਿਆ ਹੈ ਅਤੇ ਲਹਿੰਦੇ ਪਾਕਿਸਤਾਨ ਦੀ ਰਾਜਧਾਨੀ ਹੈ ।

# ਅ ਰ ਥਾ ਵ ਲੀ

**ਉ**ਕਤ, ਕਿਹਾ ਹੋਇਆ (ਬੋਲ ਕੇ ਲਿਖ ਕੇ), ਆਪਣੀ ਵਾਕਫੀ ਦੇ ਆਧਾਰ ਤੇ ਆਪ ਕਿਹਾ
ਉਘਰੇ, ਉਘੜੇ, ਉਜਾਗਰ, ਖੁਲ੍ਹੇ
ਉਜਾਰ, ਉਜਾੜ, ਬੀਆਬਾਨ
ਓਜਿਆਰੀ, ਉਜਲ, ਚਮਤਕਦਾਰ
ਉਦਰ, ਪੇਟ, ਢਿੱਡ
ਉਰ, ਛਾਤੀ, ਦਿਲ, ਢਿੱਡ
ਉਦੋਤ, ਉਦਯਤ, ਉਠਾ ਕੇ, ਜਗਾ ਕੇ, ਹਿੰਮਤ ਦੇ ਕੇ
ਉਨੀਂਦੇ, ਉਣੀਂਦੇ, ਘਟ ਨੀਂਦ ਵਾਲੇ
ਉਘਾ, ਪਾਰਲੇ ਪਾਸੇ, ਉਸ ਪਾਸੇ, ਓਧਰ
ਉਝਰ, ਓਝੜ, ਉਜਾੜ, ਜੰਗਲ, ਬੀਆਬਾਨ

**ਅ**ਸਗਾਹ, ਅਗਾਹ, ਅਥਾਹ, ਗਿਆਨਵਾਨ,
ਅਸਬ, ਘੋੜਾ
ਅਸੁ, ਅਸ੍ਵ, ਅਸਪ, ਘੋੜਾ
ਅਹਿਦੀ, ਅਹਿਦੀਆ, ਸ਼ਰੀਫਜ਼ਾਦੇ ਫੌਜੀ ਸਵਾਰ, ਜਾਂ ਖਾਸ ਸਿਪਾਹੀ ਜਿਨ੍ਹਾਂ ਨੂੰ ਮਾਮੂਲੀ ਸਿਪਾਹੀਆਂ ਨਾਲੋਂ ਵਧ ਤਨਖਾਹ ਮਿਲਦੀ ਸੀ ਅਤੇ ਜਿਨ੍ਹਾਂ ਦੀ ਨੌਕਰੀ ਵੀ ਬਾਦਸ਼ਾਹ ਦੀ ਹਜ਼ੂਰੀ ਵਿਚ ਹੁੰਦੀ ਸੀ ਅਤੇ ਜੋ ਸਿੱਧੇ ਬਾਦਸ਼ਾਹ ਦੇ ਹੁਕਮ ਹੇਠ ਹੁੰਦੇ ਸਨ, ਸ਼ਾਹੀ ਅਰਦਲੀ
ਅਕਾਜ, ਪੁੱਠਾ ਕੰਮ, ਮਾੜੀ ਕਰਤੂਤ
ਅਗਨ ਅਹਾਰ, ਹੋਮ, ਹਵਨ, ਜੱਗ, ਯੱਗਯ, ਅੱਗ ਖਾਣਾ
ਅਗੋਛਾ, ਅੰਗੋਛਾ, ਪਰਨਾ, ਕਪੜਾ
ਅਘ, ਪਾਪ, ਅਪਰਾਧ, ਅਧਰਮ
ਅਚਵਨਾ, ਪੀਣਾ
ਅਧੀਰ, ਧੀਰਜ ਰਹਿਤ, ਬੇ-ਹੌਸਲਾ
ਅਨੀ, ਸੈਨਾ, ਫੌਜ, ਦਲ
ਅਨੀਤ, ਨੀਤਿ ਵਿਰੁਧ, ਭੈੜੀ ਗੱਲ, ਮੰਦ ਕਰਮ
ਅਰਮਾਨ, ਚਾਉ, ਇੱਛਾ
ਅਰੇ, ਅੜੇ, ਲੜੇ, ਜੰਗ ਕਰੇ
ਅਵਸਾਨ, ਔਸਾਨ, ਹੋਸ਼
ਔਸਰ, ਅਵਸਰ, ਮੌਕਾ ਵੇਲਾ
ਅੰਕੁਰ, ਬੀਜ ਅਨੁਸਾਰ ਅਨੁਕੂਲ
ਅੰਚਰ, ਅੰਚਿਲ, ਲੜ, ਪੱਲਾ, ਦਾਮਨ
ਅੰਦੇਸਾ, ਅੰਦੇਸ਼ਾ, ਫ਼ਿਕਰ, ਖਟਕਾ, ਥੜਕਾ

**ਸ**ਉਂਹੇ, ਸਾਮ੍ਹਣੇ
ਸਸਿ, ਚੰਦਰਮਾ
ਸਨਿਕ, ਬ੍ਰਹਮਾ ਦੇ ਚਾਰ ਮਾਨਸਿਕ ਪੁੱਤਰਾਂ ਵਿਚੋਂ ਵੱਡਾ, ਇਕ ਰਿਖੀ
ਸਪਤ ਦੀਪ, ਜ਼ਮੀਨ ਦੇ ਸਤ ਹਿੱਸੇ ਜੋ ਭਾਗਵਤ ਆਦਿ ਪੁਰਾਣਾਂ ਵਿਚ ਚਾਰੇ ਪਾਸਿਆਂ ਤੋਂ ਸਮੁੰਦਰ ਨਾਲ ਘਿਰੇ ਹੋਏ ਮੰਨੇ ਗਏ ਹਨ। ਇਨ੍ਹਾਂ ਦੇ ਨਾਉਂ ਹਨ, ਜੰਬੂ ਪਲਖ, ਸ਼ਾਲਮਲਿ, ਕੁਸ਼, ਕ੍ਰੌਂਚ, ਸ਼ਾਕ ਅਤੇ ਪੁਸ਼ਕਰ

ਸਪੂਰ, ਪੂਰੀ ਤਰਾਂ ਭਰਪੂਰ, ਮੂੰਹੋਂ ਮੂੰਹ ਭਰਿਆ ਹੋਇਆ
ਸਮਤਾ, ਬਰਾਬਰੀ
ਸਰਸ, ਰਸ ਭਰਾ, ਸਜਲ
ਸ੍ਰੋਨ, ਸ੍ਰੋਨਤ, ਰਕਤ, ਲਹੂ
ਸਰਨਾਇ, ਨਫ਼ੀਰੀ, ਤੂਤੀ
ਸਰਬਧਾਰ, ਸਰਬ-ਆਧਾਰ, ਸਾਰਿਆਂ ਦਾ ਆਧਾਰ
ਸਾਇਰ, ਸਾਗਰ, ਸਮੁੰਦਰ, ਨਦੀ
ਸਾਕੇ, ਵਾਕਿਆਤ
ਸਾਤ ਦੀਪ, ਦੇਖੋ ਸਪਤ ਦੀਪ
ਸਾਧਕ, ਸਿੱਧੀਆਂ ਸਾਧਨ ਵਾਲੇ
ਸਬੂਤ, ਸਾਬਤ, ਪੱਕਾ
ਸਾਮਾਕਾਰੀ, ਸਾਮਗ੍ਰੀ, ਸਾਮਾਨ
ਸਾਰ, ਲੋਹਾ, ਫੋਲਾਦ, ਤਲਵਾਰ
ਸਿਆਮ, ਕਾਲੀ
ਸਿਸਟਿ, ਸ੍ਰਿਸਟੀ, ਦੁਨੀਆ, ਸੰਸਾਰ
ਸਿਘ, ਸ਼ੇਰ
ਸਿਘਾਰਿਓ, ਸੰਘਾਰਿਓ, ਮਾਰਿਓ
ਸਿਰਗੁਮਿ, ਕੇਸ ਹੀਨ
ਸੁਆਰ, ਸਵਾਰ, ਘੋੜ-ਚੜ੍ਹੇ
ਸੁਨਹਿਰਾ, ਕੁਨਾਲੀ, ਪਰਾਤ, ਤਸ਼ਤਰੀ, ਥਾਲੀ, ਭਾਂਡਾ, ਬਰਤਨ
ਸੁਨਹਿਰੋ ਭਾਈ, ਇਕੋ ਬਰਤਨ ਵਿਚੋਂ ਰੋਟੀ ਖਾਣ ਵਾਲੇ, ਗੁਰਭਾਈ
ਸੁੰਭ, ਸੋਮਾ
ਸਰਿੰਦ, ਸੁਰਾਂ, ਦੇਵਤਿਆਂ ਦਾ ਇੰਦਰ
ਸੂਅਟਾ, ਤੋਤਾ
ਸੂਬਾ, ਸੂਬੇਦਾਰ, ਹਾਕਮ
ਸੂਰ, ਸੂਰਮਾ, ਸੂਰਬੀਰ
ਸੂਰਨ, ਸੂਰਮੇ, ਬਹਾਦੁਰ
ਸੈਲ, ਸਿਲਾ, ਸਿਲ, ਪੱਥਰ
ਸੋਦ੍ਰੰ, 'ਸੋਦਰ' ਪੜ੍ਹਨ ਵੇਲੇ, ਸ਼ਾਮ ਨੂੰ
ਸੰਕਟ, ਦੁਖ, ਤਕਲੀਫ਼

**ਹ**ਕਾਰ, ਸੱਦਣਾ, ਹੋਕਾ ਦੇ ਕੇ ਬੁਲਾਉਣਾ
ਹਦੀਸ, ਗੱਲਬਾਤ, ਹੁਕਮ, ਗੁਰੂ ਦੀ ਆਗਿਆ
ਹਨਿਓ, ਮਾਰਿਓ
ਹਮਰਾਹੀ, ਇਕ ਰਹੋ ਤੁਰਨ ਵਾਲੇ, ਸਾਥੀ
ਹਰਨ, ਦੂਰ ਕਰਨਾ, ਖੋਹਣਾ, ਨਾਸ ਕਰਨਾ
ਹਾਟ, ਹੱਟੀਆਂ, ਦੁਕਾਨਾਂ
ਹਿਤ, ਭਲਾ, ਪਿਆਰ
ਹੀਅਰਾ, ਹਿਰਦਾ, ਦਿਲ
ਹੈਲਗਾਰ, ਯਲਗਾਰ, ਤੇਜ਼ ਚਾਲ

**ਕ**ਜਰੀਬਨ, ਕਜਲੀ ਬਨ, ਕਦਲੀ ਬਨ, ਕੇਲਿਆਂ ਦਾ ਜੰਗਲ
ਕਰਨਾਇ, ਇਕ ਕਿਸਮ ਦਾ ਬਾਜਾ
ਕਰਵਾਰ, ਖਮਦਾਰ ਤਲਵਾਰ
ਕਰਵਾਰ, ਹਥ ਵਿਚ
ਕਿਤੰਕ, ਕਿਤਨੇ ਹੀ, ਅਨੰਤ, ਬੇਸ਼ੁਮਾਰ, ਅਨਗਿਣਤ
ਕਿਰੀ, ਜਰਾਹ, ਜ਼ਖਮਘਾਉ ਸੀਉਣ ਵਾਲਾ ਜਾਂ ਇਲਾਜ ਕਰਨ ਵਾਲਾ
ਕਿਰੀਆਨ, ਰੇਸ਼ਮੀ ਧਾਗਾ ਜਿਸ ਨਾਲ ਘਾਉ ਸੀਤਾ ਜਾਂਦਾ ਹੈ
ਕਿੰਨਰ, ਭੈੜੀ ਸ਼ਕਲ ਦਾ ਘੋੜ-ਮੂੰਹਾ ਮਨੁਖ-ਧੜ ਮਨੁਖ ਦਾ ਅਤੇ ਸਿਰ ਘੋੜੇ ਦਾ
ਕੀਟ, ਕੀੜਾ, ਤੁਛ, ਨਾਚੀਜ਼, ਗਰੀਬੜਾ
ਕੀਨਾ, ਬੁਗਜ਼, ਮਨ ਵਿਚ ਰਖਿਆ ਹੋਇਆ ਵੈਰ
ਕੀਰ, ਹਕੀਰ, ਛੋਟਾ, ਗਰੀਬ

ਕੁਨਾ, ਮਿੱਟੀ ਦੀ ਹਾਂਡੀ, ਮਿੱਟੀ ਦੀ ਤੌੜੀ, ਮਿੱਟੀ ਦੀ ਦੇਗਚਾ
ਕੁਰੰਗ, ਕੁਰੰਕ, ਮੁਰਦਾ ਸਰੀਰ
ਕੁਰੰਗ, ਕੁਰੰਕ, ਹਰਨ
ਕੁੰਜਰ, ਕੁੰਚਰ, ਹਾਥੀ
ਕੇਤਾਨਿ, ਕਿਤਨੇ ਹੀ
ਕੋਤੇ ਛੋਟੇ
ਕੋਤੇ ਹਥਿਆਰ, ਛੋਟੇ ਹਥਿਆਰ, small arms

**ਖ਼**ਾਨ ਖਆਨੀ, ਖ਼ਾਨਿ-ਖ਼ੁਆਨੀਨ, ਖ਼ਾਨਾ ਦਾ ਖ਼ਾਨ, ਵਡਾ ਖ਼ਾਨ
ਖ਼ਾਨੇ, ਖ਼ਾਨੇ ਨੂੰ, ਘਰੇ, ਘਰ ਨੂੰ
ਖ਼ੁਆਨੀ, ਖ਼ਆਨੀਨ, ਖਾਨ ਦਾ ਬਹੁ-ਵਚਨ
ਖੁਰ, ਪੈਰ (ਜੁੱਤੀ ਦਾ ਛਿੱਤਰ) ਜਿਸ ਨਾਲ ਉਸਤਰਾ ਸਾਫ਼ ਕਰ ਕੇ ਸਿਰ ਮੁੰਨਦੇ ਹਨ। ਕਈ ਵਾਰੀ ਹੋਰ ਵੱਖਰਾ ਚਮੜਾ ਨਾ ਹੋਣ ਕਰਕੇ ਪੁਰਾਣੇ ਨਾਈ ਜੁੱਤੀ ਦਾ ਪੁੱਠਾ ਪਾਸਾ ਹੀ ਵਰਤ ਲੈਂਦੇ ਸਨ

**ਗ**ਜ-ਗਹਿ, ਹਾਥੀਆਂ ਨੂੰ ਫੜ ਲੈਣ ਵਾਲਾ ਜੀਵ, ਤੇਂਦਵਾ
ਗਦਾ, ਮੁਦਗਰ, ਮੁਗਦਰ, ਟੋਹਣੀ, ਆਸਰਾ ਸੋਟੇ ਦੇ ਆਸਰੇ ਜਾਣ ਵਾਲਾ, ਫਕੀਰ, ਮੰਗਤਾ
ਗਦਾਨ, ਗਦਾ ਨਾਲ
ਗਨਪਤ, ਗਣਪਤਿ, ਗਣੇਸ਼, ਸ਼ਿਵ-ਪਾਰਵਤੀ ਦਾ ਪੁੱਤਰ, ਅਤਿ ਤੇਜ਼ ਲਿਖਾਰੀ
ਗਇੰਦ, ਗਜਿੰਦਰ, ਵੱਡਾ ਹਾਥੀ
ਗਤਿ, ਹਾਲਤ, ਛੁਟਕਾਰਾ
ਗਤਿ, ਤੋਰ, ਚਾਲ
ਗੁਨ ਕਮਾਨ ਦਾ ਚਿੱਲਾ, ਰੱਜੀ
ਗੁਨਜਾਤ, ਗੁਜਾਨ, ਗਾੜ੍ਹ, ਬਹੁਤੀ ਗਿਣਤੀ ਵਿਚ, ਛੇਤੀ ਛੇਤੀ
ਗੁਨਜਾਨ, ਗੁੰਜਾਨ, ਸੰਘਣੇ, ਬਹੁਤੇ, ਉਪਰਥਲੀ
ਗੁਨਬਾਨ, ਕਮਾਨ ਤੀਰ
ਗੋਰਸ, ਗਊ-ਰਸ, ਗਊ ਦਾ ਦੁੱਧ
ਗੰਧਰ, ਗੰਧਰਵ

**ਘ**ਨ, ਬੱਦਲ
ਘਨੀ, ਘਣੀ, ਸੰਘਨੀ
ਘਾਮ, ਗਰਮੀ, ਤਪਸ਼

**ਚ**ਉਰਾਸੀ, ਬਿਉਹਾਰ, ਪ੍ਰਾਚੀਨ ਵਿਚਾਰ ਅਨੁਸਾਰ ਚੌਰਾਸੀ ਲੱਖ ਜੂਨਾਂ ਵਿਚ ਆਵਾ ਗੌਣ
ਚਉਰੰਗ, ਤਲਵਾਰ ਦੇ ਇਕੋ ਵਾਰ ਨਾਲ ਜਾਨਵਰ ਦੀਆਂ ਚਾਰੇ ਲੱਤਾਂ ਵੱਢ ਦੇਣੀਆਂ
ਚਤੁਰੰਗ, ਹਾਥੀ, ਰਥ, ਘੋੜੇ ਅਤੇ ਪੈਦਲ, ਚੌਰਾਂ ਅੰਗਾਂ ਵਾਲੀ ਫੌਜ
ਚਵਕੇ, ਚਮਕੇ, ਭੜਕੇ, ਖਿਝੇ, ਗੁੱਸੇ ਹੋਏ
ਚਲਿਨੀ, ਛਾਨਣੀ, ਛੇਕਾਂ ਵਾਲੀ
ਚਿੰਚ, ਚੁੰਜ
ਚਿਲਤ, ਕੁੜਤੇ ਦੀ ਸ਼ਕਲ ਦਾ ਲੋਹੇ ਦਾ ਕਵਚ, ਖਫਤਾਨ
ਚੇਹਨ, ਚਿੰਨ੍ਹ, ਨਿਸ਼ਾਨ
ਚੇਰਾ, ਚੇਲਾ, ਅਨੁਸਾਰੀ
ਚੋਬ, ਲਕੜੀ
ਚੌਕੀ ਪਹਿਰਾ, ਰਾਖੀ ਕਰਨ ਲਈ ਬੰਦੇ

**ਛ**ਉਨਾ, ਇੱਕਠ, ਛੋਣਾ, ਚੋਣਾ, ਇੱਜੜ
ਛਿਨਕ, ਛਿਨ ਕੁ, ਬਿਲਕੁਲ ਥੋੜਾ ਜਿਹਾ ਸਮਾਂ
ਛੋੜਾਂ, ਲੋਕਾਂ ਦਾ ਇੱਕਠ ਜੰਗਲ ਝਾੜੀਆਂ ਵਿਚੋਂ ਸ਼ਿਕਾਰ ਲਈ ਜਾਨਵਰਾਂ ਨੂੰ ਛੇੜ ਕੇ ਬਾਹਰ ਕੱਢਣ ਲਈ
ਜਗਦੀਸਰ, ਜਗਤ-ਈਸ਼ਵਰ, ਸੰਸਾਰ ਦਾ

ਮਾਲਕ, ਰੱਬ, ਪਰਮਾਤਮਾ
ਜਛ, ਯਕਸ਼, ਕੁਬੇਰ ਦੀ ਸੇਵਾ ਵਿਚ ਰਹਿਣ ਵਾਲੇ ਦੇਵਤਿਆਂ ਦੀ ਜ਼ਾਤ
ਜਮ-ਪੰਥ, ਜਮ ਦਾ ਰਾਹ, ਨਰਕ
ਜਮਧਰ, ਜਮਧਰ, ਯਮਦਾੜ੍ਹ
ਜਰਾ, ਜਰਜਰਾ, ਬੁੱਢਾ
ਜਰਾਵ, ਜੜਾਉ
ਜ਼ਰੀ, ਸੁਨਹਿਰੀ
ਜ਼ੀਨ, ਪਾਖਰ, ਕਾਠੀ
ਜੀਵਹੂ, ਦਿਲਦੀ
ਜੁਗਨੀ, ਗਲ ਦਾ ਗਹਿਣਾ ਜੋ ਡੋਰ ਨਾਲ ਬੱਧਾ ਛਾਤੀ ਪਰ ਲਟਕਦਾ ਰਹਿੰਦਾ ਹੈ
ਜੋਗਨ, ਇਕ ਘੋਰ ਦੇਵੀ ਜੋ ਹਿੰਦੂਆਂ ਦੇ ਖਿਆਲ ਅਨੁਸਾਰ ਲੜਾਈ ਵਿਚ ਮੁਰਦਾ ਜੋਧਿਆਂ ਦਾ ਲਹੂ ਪੀਂਦੀ ਹੈ

**ਝ**ਾਗੀ, ਝਰੀ, ਚੀਰ ਕੇ, ਕਟ ਕੇ ਜਾਂ ਖੋਦ ਕੇ ਬਣਾਈ ਡੂੰਘੀ ਲਕੀਰ
ਝੰਤ੍ਰ, ਝੁਕਾਉ, ਝੂਲਨਾ, ਝੁਲਾਓ, ਹਿੱਲਣਾ

**ਟ**ੂਮ, ਟੂੰਬ
ਟੇਰ, ਉੱਚੀ ਆਵਾਜ, ਹੇਕ
ਟੇਵ, ਸੁਭਾਉ, ਆਦਤ, ਚਸਕਾ

**ਡ**ਿੜ੍ਹ, ਦਿੜ੍ਹ, ਪੱਕਾ, ਮਜ਼ਬੂਤ

**ਤ**ਬਰ, ਤਬਲ, ਨਗਾਰਾ, ਢੋਲ
ਤਬਲ, ਧੌਂਸਾ, ਢੋਲ, ਤਬਲਾ
ਤਰਵਾਰ, ਤਲਵਾਰ, ਕਿਰਪਾਨ, ਸ਼ਮਸ਼ੀਰ
ਤੁੰਬਰ, ਇੰਦਰ ਦੇਵਤਾ ਦੀ ਸਭਾ ਦਾ ਇਕ ਗੰਧਰਵ, ਗਵੱਯਾ
ਤੋਸ਼ਕਚੀ, ਤੋਸ਼ਾ-ਖ਼ਾਨੀਆਂ, ਤੋਸ਼ਾਖਾਨੇ ਦਾ ਨਿਗਾਹਬਾਨ, ਬਸਤਰ ਰਖਣ ਸੰਭਾਲਣ ਵਾਲਾ
ਤੋਸੇ, ਤੋਸ਼ੇ, ਸਫ਼ਰ ਵਿਚ ਨਾਲ ਲਈ ਖੁਰਾਕ ਅਤੇ ਖਰਚ

**ਦ**ਰਬਵੰਤ, ਧੰਨਵੰਤ, ਧਨਾਢ, ਧਨੀ, ਅਮੀਰ
ਦਾਧੀ, ਜਲੀ, ਸੜੀ ਹੋਈ
ਦਾਮਨ, ਬਿਜਲੀ
ਦਿਵਸ, ਦਿਨ
ਦੀਪ, ਸਾਤ ਦੇਖੋ ਸਪਤ ਦੀਪ
ਦੀਪਤ, ਦੀਪ, ਦੀਵਾ, ਦੀਵਟ
ਦੂਤਨ, ਵੈਰੀ

**ਧ**ਨਕ, ਧਨੁਖ, ਕਮਾਨ
ਧਰਤੇ, ਧਰਤੀ ਤੋਂ, ਜ਼ਮੀਨ ਤੋਂ
ਧਰਨੀ, ਪਿਰਥਵੀ, ਜ਼ਮੀਨ
ਧਵਲਾਰ, ਜਮੀਨ ਨੂੰ ਚੁਕੀ ਰਖਣ ਵਾਲਾ ਬਲਦ
ਧੀਰ, ਧੀਰਜ, ਧੀਰਜਵਾਨ, ਬਲਵਾਨ

**ਨ**ਉਤਨ, ਨੂਤਨ, ਨਵਾਂ
ਨਚਿੰਤ, ਨਿਜਚਿੰਤ, ਬੇਫਿਕਰ
ਨਵਨਾਥ, ਨੌ ਨਾਥ
ਨਾਇਕ, ਵੱਡਾ, ਮੋਹਰੀ, ਆਗੂ
ਨਾਹਰ, ਸ਼ੇਰ
ਨਾਭ, ਨਾਭੀ, ਧੁੰਨੀ
ਨਾਰਦ, ਇਕ ਪੁਰਾਤਨ ਹਿੰਦੂ ਰਿਖੀ ਜੋ ਲੜਾਈ ਕਰਾ ਕੇ ਅਤੇ ਹੁੰਦੀ ਦੇਖ ਕੇ ਖੁਸ਼ੀ ਵਿਚ ਨੱਚਣ ਲਗ ਪੈਂਦਾ ਸੀ, ਲੜਾਈ ਛੇੜਨ ਛਿੜਾਉਣ ਵਾਲਾ
ਨਿਹਾਰ, ਤਾੜ ਕੇ ਦੇਖ ਕੇ
ਨਿਹਾਲ, ਖੁਸ਼ੀ